ਐਤਵਾਰ, 19 ਅਕਤੂਬਰ, 2025
3 ਕੱਤਕ { ਨਾਨਕਸ਼ਾਹੀ 557
ਬਿਕਰਮੀ 2082
ਜਿਲਦ/VOL. : 74
ਅੰਕ/NO. : 139

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • SUNDAY, 19 OCTOBER, 2025
ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12+6=18

## ਮੋਦੀ ਨੇ ਮੈਨੂੰ ਸੱਚੀਂ ਕਿਹਾ...



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੁੜ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਤੇਲ ਦੀ ਖਰੀਦ ਨੂੰ ਰੋਕਣ ਦਾ ਭਰੋਸਾ ਦਿੱਤਾ ਹੈ। ਟਰੰਪ ਨੇ ਕਿਹਾ ਕਿ ਭਾਰਤ ਨੇ ਰੂਸ ਤੋਂ ਆਪਣੀ ਖਰੀਦ ਨੂੰ ਘੱਟ ਕਰ ਦਿੱਤਾ ਹੈ ਅਤੇ ਲੱਗਭੱਗ ਬੰਦ ਹੀ ਕਰ ਦਿੱਤਾ ਹੈ। ਵ੍ਹਾਈਟ ਹਾਊਸ ਵਿੱਚ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੈਂਸਕੀ ਨਾਲ ਲੰਚ ਨੂੰ ਸੰਬੋਧਨ ਕਰਦੇ ਹੋਏ ਟਰੰਪ ਨੇ ਦਾਅਵਾ ਕੀਤਾ ਕਿ ਭਾਰਤ ਹੁਣ ਰੂਸ ਤੋਂ ਤੇਲ ਨਹੀਂ ਖਰੀਦੇਗਾ। ਇਸੇ ਦੌਰਾਨ ਟਰੰਪ ਨੇ ਯੂਕਰੇਨ ਤੇ ਰੂਸ ਨੂੰ ਜੰਗ ਰੋਕਣ ਦੀ ਅਪੀਲ ਕਰਦਿਆਂ ਕਿਹਾ, "ਉਹ ਜਿੱਥੇ ਹਨ, ਉੱਥੇ ਹੀ ਰੁਕ ਜਾਣ ਅਤੇ ਆਪਣੀ ਭਿਆਨਕ ਜੰਗ ਨੂੰ ਖਤਮ ਕਰਨ...ਦੋਵੇਂ ਜਿੱਤ ਦਾ ਦਾਅਵਾ ਕਰਨ, ਇਤਿਹਾਸ ਨੂੰ ਫੈਸਲਾ ਕਰਨ ਦੇਣ।"

## ਪਾਕਿਸਤਾਨ ਦੀ ਹਰ ਇੰਚ ਧਰਤੀ ਮਾਰ ਹੇਠ : ਰਾਜਨਾਥ



**ਲਖਨਊ** : ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਪਾਕਿਸਤਾਨ ਦੇ ਖੇਤਰ ਦਾ ਹਰ ਇੰਚ ਹੁਣ ਬ੍ਰਹਮੋਸ ਮਿਜ਼ਾਈਲ ਦੀ ਪਹੁੰਚ ਵਿੱਚ ਹੈ। ਉਨ੍ਹਾ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨਾਲ ਲਖਨਊ ਵਿੱਚ ਬਣੀਆਂ ਬ੍ਰਹਮੋਸ ਮਿਜ਼ਾਈਲਾਂ ਦੇ ਪਹਿਲੇ ਬੈਚ ਦਾ ਉਦਘਾਟਨ ਕਰਨ ਵੇਲੇ ਕਿਹਾ, "ਜਿੱਤ ਸਾਡੀ ਆਦਤ ਬਣ ਗਈ ਹੈ। ਅਪ੍ਰੇਸ਼ਨ ਸਿੰਧੂਰ ਵਿੱਚ ਬ੍ਰਹਮੋਸ ਮਿਜ਼ਾਈਲਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਗਿਆ।"

## ਚਿਰਾਗ ਨੂੰ ਵੱਡਾ ਧੱਕਾ



**ਪਟਨਾ** : ਐੱਨ ਡੀ ਏ ਨੂੰ ਵੱਡਾ ਧੱਕਾ ਲੱਗਾ, ਜਦੋਂ ਇਸ ਦੀ ਭਾਈਵਾਲ ਲੋਕ ਜਨਸ਼ਕਤੀ ਪਾਰਟੀ (ਰਾਮਵਿਲਾਸ) ਦੀ ਉਮੀਦਵਾਰ ਸੀਮਾ ਸਿੰਘ ਦੇ ਬਿਹਾਰ ਅਸੈਂਬਲੀ ਦੇ ਹਲਕਾ ਮਧੌਰਾ ਤੋਂ ਨਾਮਜ਼ਦਗੀ ਕਾਗਜ਼ ਸਨਿੱਚਰਵਾਰ ਰੱਦ ਹੋ ਗਏ। ਮਸ਼ਹੂਰ ਭੋਜਪੁਰੀ ਗਾਇਕਾ ਸੀਮਾ ਸਿੰਘ ਨੂੰ ਚਿਰਾਗ ਪਾਸਵਾਨ ਦੀ ਪਾਰਟੀ ਦਾ ਤਕੜਾ ਉਮੀਦਵਾਰ ਮੰਨਿਆ ਜਾ ਰਿਹਾ ਸੀ।

## ਇਜ਼ਰਾਈਲ ਨੇ ਫਲਸਤੀਨੀ ਟੱਬਰ ਦੇ 11 ਜੀਅ ਮਾਰੇ

**ਗਾਜ਼ਾ** : ਗੋਲੀਬੰਦੀ ਦੇ ਬਾਵਜੂਦ ਇਜ਼ਰਾਈਲ ਨੇ ਸ਼ੁੱਕਰਵਾਰ ਟੈਂਕ ਦਾ ਗੋਲਾ ਚਲਾ ਕੇ ਗਾਜ਼ਾ ਸ਼ਹਿਰ ਨੇੜੇ ਇੱਕ ਪਰਵਾਰ ਦੇ 11 ਜੀਅ ਮਾਰ ਦਿੱਤੇ। ਮਰਨ ਵਾਲਿਆਂ ਵਿੱਚ 7 ਬੱਚੇ ਤੇ 3 ਔਰਤਾਂ ਹਨ। ਉਹ ਖੰਡਰ ਹੋ ਚੁੱਕੇ ਆਪਣੇ ਘਰ ਨੂੰ ਦੇਖਣ ਜਾ ਰਹੇ ਸਨ। ਹਮਾਸ ਨੇ ਇਸ ਨੂੰ ਕਤਲੇਆਮ ਦੱਸਦਿਆਂ ਟਰੰਪ ਨੂੰ ਕਿਹਾ ਹੈ ਕਿ ਉਹ ਗੋਲੀਬੰਦੀ ਨੂੰ ਲਾਗੂ ਕਰਾਉਣ ਲਈ ਇਜ਼ਰਾਈਲ 'ਤੇ ਦਬਾਅ ਪਾਏ।

## ਅੰਨ੍ਹਾ ਕਰ ਛੱਡਿਆ



**ਗਾਜ਼ਾ** : 28 ਸਾਲਾ ਮਹਿਮੂਦ ਅਬੂ ਫੋਲ ਨੇ 8 ਮਹੀਨਿਆਂ ਬਾਅਦ ਇਜ਼ਰਾਈਲੀ ਕੈਦ ਵਿੱਚੋਂ ਛੁੱਟਣ ਦੇ ਬਾਅਦ ਮਾਂ ਦੀ ਆਵਾਜ਼ ਤਾਂ ਸੁਣੀ, ਪਰ ਉਸ ਨੂੰ ਦੇਖ ਨਹੀਂ ਸਕਿਆ। ਉਸ ਨੂੰ ਇਜ਼ਰਾਈਲ ਫੌਜ ਨੇ ਪਿਛਲੇ ਦਸੰਬਰ ਵਿੱਚ ਬੀਟ ਲਾਹੀਆ ਦੇ ਕਮਾਲ ਅਦਵਾਨ ਹਸਪਤਾਲ ਤੋਂ ਚੁੱਕਿਆ ਸੀ। ਉਸ ਨੇ ਦੱਸਿਆ ਕਿ ਇਜ਼ਰਾਈਲੀਆਂ ਨੇ ਉਸ 'ਤੇ ਏਨਾ ਜ਼ੁਲਮ ਕੀਤਾ ਕਿ ਅੰਨ੍ਹਾ ਕਰ ਦਿੱਤਾ। ਇੱਕ ਦਿਨ ਇਜ਼ਰਾਈਲੀ ਗਾਰਡ ਨੇ ਉਸ ਦੇ ਸਿਰ ਵਿੱਚ ਏਨੀ ਜ਼ੋਰ ਨਾਲ ਕੁਝ ਮਾਰਿਆ ਕਿ ਉਸ ਨੂੰ ਦਿਸਣੋਂ ਹਟ ਗਿਆ। ਉਹ ਇਲਾਜ ਲਈ ਮਿੰਨਤਾਂ ਕਰਦਾ ਰਿਹਾ, ਪਰ ਉਸ ਨੂੰ ਅੱਖਾਂ ਵਿੱਚ ਪਾਉਣ ਵਾਲੀਆਂ ਬੂੰਦਾਂ ਤੋਂ ਇਲਾਵਾ ਕੁਝ ਨਹੀਂ ਦਿੱਤਾ ਗਿਆ।

## ਸਤੀ ਦੇ ਸਰਾਪ ਦੀ ਦਹਿਸ਼ਤ

**ਹਮੀਰਪੁਰ** : ਹਿਮਾਚਲ ਦੇ ਜ਼ਿਲ੍ਹਾ ਹਮੀਰਪੁਰ ਦੇ ਪਿੰਡ ਸਾਮੂ ਦੇ ਲੋਕ ਐਤਕੀਂ ਵੀ ਦੀਵਾਲੀ 'ਤੇ ਪਟਾਕੇ ਨਹੀਂ ਚਲਾਉਣਗੇ। ਹਮੀਰਪੁਰ ਤੋਂ ਕਰੀਬ 25 ਕਿੱਲੋਮੀਟਰ ਦੂਰ ਪੈਂਦੇ ਪਿੰਡ ਦੇ ਇੱਕ ਬਜ਼ੁਰਗ ਨੇ ਦੱਸਿਆ ਕਿ ਪੁਰਾਣੇ ਵੇਲਿਆਂ 'ਚ ਗਰਭਵਤੀ ਵੀਨਾ ਦੇਵੀ ਦੀਵਾਲੀ ਦੀਆਂ ਤਿਆਰੀਆਂ ਕਰ ਰਹੀ ਸੀ ਕਿ ਸਥਾਨਕ ਰਾਜੇ ਦੀ ਫੌਜ ਵਿੱਚ ਨੌਕਰੀ ਕਰਦੇ ਪਤੀ ਦੀ ਲਾਸ਼ ਘਰ ਆ ਗਈ। ਉਹ ਪਤੀ ਦੀ ਚਿਖਾ 'ਚ ਛਾਲ ਮਾਰ ਕੇ ਸਤੀ ਹੋ ਗਈ ਅਤੇ ਮਰਨ ਤੋਂ ਪਹਿਲਾਂ ਸਰਾਪ ਦੇ ਗਈ ਕਿ ਪਿੰਡ ਦੇ ਲੋਕ ਹੁਣ ਕਦੇ ਵੀ ਦੀਵਾਲੀ ਨਹੀਂ ਮਨਾ ਸਕਣਗੇ। ਲੋਕਾਂ ਨੇ ਜਦੋਂ ਵੀ ਪਟਾਕੇ ਚਲਾਉਣ ਦੀ ਕੋਸ਼ਿਸ਼ ਕੀਤੀ ਤਾਂ ਭਾਣਾ ਵਰਤ ਜਾਂਦਾ ਰਿਹਾ ਜਾਂ ਕੋਈ ਮਰ ਜਾਂਦਾ ਸੀ ਜਾਂ ਹੋਰ ਕੋਈ ਕਹਿਰ ਵਾਪਰ ਜਾਂਦਾ ਸੀ। ਹਵਨ ਵੀ ਕਰਵਾਏ, ਪਰ ਹੱਲ ਨਹੀਂ ਨਿਕਲਿਆ। ਲੋਕ ਦੀਵੇ ਤਾਂ ਜਗਾ ਲੈਂਦੇ ਹਨ, ਪਰ ਪਟਾਕੇ ਨਹੀਂ ਚਲਾਉਂਦੇ। ਹਾਲ ਇਹ ਹੈ ਕਿ ਕਈ ਲੋਕ ਤਾਂ ਦੀਵਾਲੀ ਵਾਲੇ ਦਿਨ ਘਰੋਂ ਹੀ ਨਹੀਂ ਨਿਕਲਦੇ।

# 175 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਟੀਚਾ : ਮਾਨ

### 7472 ਕਰੋੜ ਦੀ ਅਦਾਇਗੀ ਕਰ ਦਿੱਤੀ, 100 ਫ਼ੀਸਦੀ ਲਿਫਟਿੰਗ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**
ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਨਿੱਚਰਵਾਰ ਵੱਖ-ਵੱਖ ਵਿਭਾਗਾਂ ਦੇ ਸੀਨੀਅਰ ਅਧਿਕਾਰੀਆਂ ਤੇ ਪ੍ਰਬੰਧਕੀ ਸਕੱਤਰਾਂ ਨੂੰ ਤਿਉਹਾਰਾਂ ਦੇ ਸੀਜ਼ਨ ਦੌਰਾਨ ਝੋਨੇ ਦੀ ਚੱਲ ਰਹੀ ਖਰੀਦ ਨੂੰ ਸੁਚਾਰੂ ਅਤੇ ਨਿਰਵਿਘਨ ਢੰਗ ਨਾਲ ਯਕੀਨੀ ਬਣਾਉਣ ਦੇ ਹੁਕਮ ਦਿੱਤੇ।

ਅਧਿਕਾਰੀਆਂ ਨਾਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿੱਚ ਹੜ੍ਹਾਂ ਕਾਰਨ ਹੋਈ ਭਾਰੀ ਤਬਾਹੀ ਦੇ ਬਾਵਜੂਦ ਪੰਜਾਬ ਵੱਲੋਂ ਅਜੇ ਵੀ ਕੌਮੀ ਅਨਾਜ ਭੰਡਾਰ ਵਿੱਚ 175 ਲੱਖ ਮੀਟਰਕ ਟਨ ਝੋਨੇ ਦਾ ਯੋਗਦਾਨ ਪਾਉਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸ਼ੁੱਕਰਵਾਰ ਤੱਕ ਸੂਬੇ ਭਰ ਦੀਆਂ ਮੰਡੀਆਂ ਵਿੱਚ 38.65 ਲੱਖ ਮੀਟਰਕ ਟਨ ਝੋਨੇ ਦੀ ਆਮਦ ਹੋਈ, ਜਿਸ ਵਿੱਚੋਂ 37.20 ਲੱਖ ਮੀਟਰਕ ਟਨ ਝੋਨਾ ਪਹਿਲਾਂ ਹੀ ਖਰੀਦਿਆ ਜਾ ਚੁੱਕਾ ਹੈ। ਖਰੀਦ ਦੇ 72 ਘੰਟਿਆਂ ਦੇ ਅੰਦਰ-ਅੰਦਰ ਲਿਫਟਿੰਗ ਨੂੰ ਯਕੀਨੀ ਬਣਾਉਣ ਸੰਬੰਧੀ ਸੂਬਾ ਸਰਕਾਰ ਦੇ ਮਾਪਦੰਡ ਦੀ ਪਾਲਣਾ ਕਰਦਿਆਂ ਸੂਬੇ ਵੱਲੋਂ 100 ਫੀਸਦੀ ਲਿਫਟਿੰਗ ਹੋ ਚੁੱਕੀ ਹੈ। ਖਰੀਦੇ ਗਏ ਅਨਾਜ ਲਈ ਕਿਸਾਨਾਂ ਨੂੰ ਕੁੱਲ 7,472.20 ਕਰੋੜ ਰੁਪਏ ਦੀ ਅਦਾਇਗੀ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ।

# ਮੇਰੀ ਮਾਂ, ਮੇਰੀ ਪਿਆਰੀ, ਮੇਰੀ ਭੈਣ, ਮੇਰੇ ਭਰਾ...



**ਜਲੰਧਰ** : ਯੂਰਪ ਜਾਂਦਿਆਂ ਮੱਧਸਾਗਰ ਪਾਰ ਕਰਦਿਆਂ ਡੁੱਬ ਜਾਣ ਵਾਲੇ ਦਰਜਨਾਂ ਪ੍ਰਵਾਸੀਆਂ ਵਿੱਚੋਂ ਇੱਕ ਸੂਡਾਨੀ ਮੁੰਡੇ ਦੇ ਪੱਤਰ ਨੇ ਝੰਜੋੜ ਕੇ ਰੱਖ ਦਿੱਤਾ ਹੈ। ਪੱਤਰ ਵਿੱਚ ਉਸਨੇ ਆਪਣੀ ਮਾਂ, ਪਿਆਰੀ ਤੇ ਭੈਣ-ਭਰਾ ਤੋਂ ਮੁਆਫੀ ਮੰਗੀ ਹੈ ਕਿ ਉਹ ਉਨ੍ਹਾਂ ਲਈ ਜੋ ਕਰਨਾ ਚਾਹੁੰਦਾ ਸੀ, ਕਰ ਨਹੀਂ ਸਕਿਆ। ਉਹ ਯੂਰਪ ਵੱਲ ਉੱਚੀਆਂ ਸੱਧਰਾਂ ਲੈ ਕੇ ਵੀ ਨਹੀਂ ਠਿੱਲ੍ਹਿਆ ਸੀ, ਬਹੁਤ ਹੀ ਸਧਾਰਨ ਸੱਧਰਾਂ ਸਨ ਉਸ ਦੀਆਂ : ਮਾਂ ਦੀ ਦਵਾਈ ਤੇ ਦੰਦਾਂ ਦੇ ਇਲਾਜ ਜੋਗੇ ਪੈਸੇ, ਭੈਣ ਲਈ ਨਵਾਂ ਫੋਨ ਅਤੇ ਭਰਾ ਲਈ ਕੁਝ ਪੈਸੇ। ਪੱਤਰ, ਜਿਹੜਾ ਕੁਝ ਪੱਤਰਕਾਰਾਂ ਨੇ ਸ਼ੇਅਰ ਕੀਤਾ, ਦੀ ਸ਼ੁਰੂਆਤ ਉਸ ਨੇ ਇਸ ਤਰ੍ਹਾਂ ਕੀਤੀ, "ਮਾਂ, ਮੈਨੂੰ ਮੁਆਫ ਕਰਨਾ, ਸਾਨੂੰ ਲਿਜਾਣ ਵਾਲੀ ਬੋਟ ਡੁੱਬ ਗਈ ਤੇ ਮੈਂ ਬਚ ਨਹੀਂ ਸਕਿਆ। ਮੈਥੋਂ ਹੁਣ ਉਹ ਪੈਸੇ ਵਾਪਸ ਨਹੀਂ ਹੋਣੇ, ਜਿਹੜੇ ਟ੍ਰਿਪ ਲਈ ਉਧਾਰ ਲਏ ਸਨ। ਮਾਂ ਉਦਾਸ ਨਾ ਹੋਈਂ, ਜੇ ਉਨ੍ਹਾਂ ਨੂੰ ਮੇਰੀ ਲਾਸ਼ ਨਾ ਲੱਭੀ; ਤੇਰੇ ਲਈ ਇਸ ਤੋਂ ਚੰਗਾ ਕੀ ਹੋਣਾ ਕਿ ਲਾਸ਼ ਘਰ ਲਿਆਉਣ, ਦਫਨਾਉਣ ਤੇ ਅੰਤਮ ਅਰਦਾਸ ਦੇ ਖਰਚੇ ਬਚ ਜਾਣੇ ਨੇ। ਮੁਆਫ ਕਰਨਾ, ਮਾਂ, ਮੈਨੂੰ ਹੋਰਨਾਂ ਵਾਂਗ ਘਰੋਂ ਨਿਕਲਣਾ ਪਿਆ। ਮੇਰੇ ਸੁਫਨੇ ਹੋਰਨਾਂ ਦੇ ਸੁਫਨਿਆਂ ਵਰਗੇ ਵੱਡੇ ਨਹੀਂ ਸਨ। ਤੈਨੂੰ ਪਤਾ ਹੀ ਹੈ, ਮੇਰੇ ਸੁਫਨੇ ਤਾਂ ਬੱਸ ਤੇਰੇ ਲਈ ਦਵਾਈ ਤੇ ਤੇਰੇ ਦੰਦ ਠੀਕ ਕਰਾਉਣ ਜੋਗੇ ਪੈਸੇ ਹੀ ਸਨ।"

ਉਸ ਨੇ ਆਪਣੀ ਪਿਆਰੀ ਲਈ ਲਿਖਿਆ, "ਮੁਆਫ ਕਰਨਾ ਮੇਰੀ ਪਿਆਰੀ, ਮੈਂ ਤੈਨੂੰ ਬਹੁਤ ਸੁਫਨੇ ਦਿਖਾਏ, ਇੱਕ ਖ਼ੂਬਸੂਰਤ ਘਰ ਬਣਾਉਣ ਦਾ ਸੁਫਨਾ ਦਿਖਾਇਆ, ਜਿਹੜਾ ਆਪਾਂ ਫਿਲਮਾਂ ਵਿੱਚ ਦੇਖਦੇ ਸੀ।"

ਉਸ ਨੇ ਭਰਾ ਤੇ ਭੈਣ ਨੂੰ ਮੁਖ਼ਾਤਬ ਹੁੰਦਿਆਂ ਲਿਖਿਆ, "ਮੁਆਫ ਕਰਨਾ ਮੇਰੇ ਭਰਾ, ਮੈਂ ਤੈਨੂੰ ਪੰਜਾਹ ਯੂਰੋ ਨਹੀਂ ਭੇਜ ਸਕਾਂਗਾ, ਜਿਹੜੇ ਮੈਂ ਤੇਰੀ ਪੜ੍ਹਾਈ ਪੂਰੀ ਹੋਣ ਤੱਕ ਹਰ ਮਹੀਨੇ ਭੇਜਣ ਦਾ ਵਾਅਦਾ ਕੀਤਾ ਸੀ। ਮੁਆਫ ਕਰਨਾ ਭੈਣੇ, ਮੈਂ ਤੈਨੂੰ ਵਾਈ-ਫਾਈ ਵਾਲਾ ਮਾਡਰਨ ਫੋਨ ਨਹੀਂ ਭੇਜ ਸਕਣਾ, ਜਿਹੋ-ਜਿਹੇ ਤੇਰੀਆਂ ਖਾਂਦੇ-ਪੀਂਦੇ ਘਰਾਂ ਵਾਲੀਆਂ ਸਹੇਲੀਆਂ ਕੋਲ ਹਨ।"

ਉਸ ਨੇ ਆਪਣੇ ਘਰ ਬਾਰੇ ਲਿਖਦਿਆਂ ਅਫਸੋਸ ਕੀਤਾ ਕਿ ਉਹ ਹੁਣ ਉਸ ਦੇ ਦਰਵਾਜ਼ੇ ਪਿੱਛੇ ਕੋਟ ਨਹੀਂ ਟੰਗ ਸਕੇਗਾ। ਉਸ ਨੇ ਸ਼ਰਨ ਦਫਤਰ ਨੂੰ ਵੀ ਯਕੀਨ ਦਿਵਾਇਆ ਕਿ ਉਹ ਉਸ 'ਤੇ ਬੋਝ ਨਹੀਂ ਬਣੇਗਾ। ਉਸ ਨੇ ਸਮੁੰਦਰ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਉਸ ਨੇ ਬਿਨਾਂ ਵੀਜ਼ਾ ਉਸ ਦਾ ਸਵਾਗਤ ਕੀਤਾ। ਮੱਛੀਆਂ ਦਾ ਇਸ ਗੱਲੋਂ ਧੰਨਵਾਦ ਕੀਤਾ ਕਿ ਉਹ ਉਸ ਦਾ ਮਾਸ ਖਾਣ ਵੇਲੇ ਉਸ ਦਾ ਧਰਮ ਤੇ ਸਿਆਸੀ ਇਲਹਾਕ ਬਾਰੇ ਨਹੀਂ ਪੁੱਛਣਗੀਆਂ। ਨਿਊਜ਼ ਚੈਨਲਾਂ ਦਾ ਵੀ ਧੰਨਵਾਦ ਕੀਤਾ ਕਿ ਉਹ ਦੋ ਦਿਨ ਹਰ ਘੰਟੇ ਉਨ੍ਹਾਂ ਦੀਆਂ ਮੌਤਾਂ ਦੀ ਪੰਜ ਮਿੰਟ ਖਬਰ ਚਲਾਉਣਗੇ। ਲੋਕਾਂ ਦਾ ਵੀ ਧੰਨਵਾਦ ਕੀਤਾ, ਜਿਹੜੇ ਖਬਰ ਸੁਣ ਕੇ ਦੁੱਖ ਜਤਾਉਣਗੇ। ਜਿਨ੍ਹਾਂ ਪੱਤਰਕਾਰਾਂ ਨੇ ਇਹ ਪੱਤਰ ਸਾਂਝਾ ਕੀਤਾ ਹੈ, ਉਨ੍ਹਾਂ ਲੇਖਕ ਦੀ ਪਛਾਣ ਨਹੀਂ ਦੱਸੀ।

ਪ੍ਰਵਾਸੀਆਂ ਲਈ ਕੌਮਾਂਤਰੀ ਜਥੇਬੰਦੀ ਮੁਤਾਬਕ 74 ਸੂਡਾਨੀਆਂ ਨੂੰ ਲਿਬੀਆ ਦੇ ਤੋਬਰੁਕ ਤੋਂ ਯੂਨਾਨ ਵੱਲ ਲਿਜਾਂਦਿਆਂ ਬੋਟ ਡੁੱਬ ਗਈ ਸੀ। ਇਨ੍ਹਾਂ ਵਿੱਚੋਂ ਘੱਟੋ-ਘੱਟ 52 ਸੂਡਾਨ ਦੀ ਰਾਜਧਾਨੀ ਖਰਤੂਮ ਦੇ ਪੂਰਬ ਵੱਲ ਪੈਂਦੀ ਗੇਜ਼ੀਰਾ ਇਲਾਕੇ ਦੇ ਪਿੰਡਾਂ ਦੇ ਸਨ। 13 ਲੋਕਾਂ ਨੂੰ ਹੀ ਬਚਾਇਆ ਜਾ ਸਕਿਆ।

## ਗਰੀਬ ਰੱਥ ਨੂੰ ਅੱਗ



**ਫਤਿਹਗੜ੍ਹ ਸਾਹਿਬ** : ਅੰਮ੍ਰਿਤਸਰ ਤੋਂ ਬਿਹਾਰ ਦੇ ਸਹਰਸਾ ਜਾ ਰਹੀ ਗਰੀਬ ਰੱਥ ਗੱਡੀ ਦੇ ਏ ਸੀ ਕੋਚ ਨੰਬਰ ਜੀ-19 ਨੂੰ ਸ਼ਨਿੱਚਰਵਾਰ ਸਵੇਰੇ 7.22 ਵਜੇ ਸਰਹਿੰਦ ਰੇਲਵੇ ਸਟੇਸ਼ਨ ਨੇੜੇ ਅਚਾਨਕ ਅੱਗ ਲੱਗ ਗਈ। ਇਸ ਦੌਰਾਨ ਇੱਕ ਔਰਤ ਜ਼ਖਮੀ ਹੋ ਗਈ। ਸਟਾਫ ਤੇ ਲੋਕਾਂ ਵੱਲੋਂ ਯਾਤਰੀਆਂ ਨੂੰ ਤੁਰੰਤ ਦੂਜੇ ਡੱਬਿਆਂ ਵਿੱਚ ਟਰਾਂਸਫਰ ਕਰ ਦੇਣ ਕਰਕੇ ਵੱਡੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਪ੍ਰਭਾਵਤ ਡੱਬੇ ਨੂੰ ਵੱਖ ਕਰਕੇ ਬਾਕੀ ਗੱਡੀ ਰਵਾਨਾ ਕਰ ਦਿੱਤੀ ਗਈ। ਗੱਡੀ ਦਾ ਸਰਹਿੰਦ ਸਟਾਪੇਜ ਨਹੀਂ ਸੀ ਅਤੇ ਇਸ ਨੇ ਅੰਬਾਲਾ ਕੈਂਟ ਰੁਕਣਾ ਸੀ।

## 'ਬਿੱਲ ਲਿਆਓ, ਇਨਾਮ ਪਾਓ' ਯੋਜਨਾ 'ਚ 1 ਲੱਖ ਦਾ ਤਿਮਾਹੀ ਬੰਪਰ



**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**-ਕਰ ਪਾਲਣਾ ਵਿੱਚ ਪਾਰਦਰਸ਼ਤਾ ਅਤੇ ਨਾਗਰਿਕ ਹਿੱਸੇਦਾਰੀ ਨੂੰ ਉਤਸ਼ਾਹਤ ਕਰਨ ਲਈ ਇੱਕ ਵੱਡੇ ਯਤਨ ਵਜੋਂ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਸਨਿੱਚਰਵਾਰ ਇਥੇ ਸੂਬੇ ਦੀ ਪ੍ਰਸਿੱਧ 'ਬਿੱਲ ਲਿਆਓ, ਇਨਾਮ ਪਾਓ' ਸਕੀਮ ਵਿੱਚ ਮਹੱਤਵਪੂਰਨ ਵਾਧੇ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਇਸ ਸਕੀਮ ਵਿੱਚ ਹੁਣ ਇੱਕ ਤਿਮਾਹੀ ਬੰਪਰ ਡਰਾਅ ਸ਼ਾਮਲ ਹੋਵੇਗਾ, ਜਿਸ ਵਿੱਚ ਜਨਤਕ ਸ਼ਮੂਲੀਅਤ ਨੂੰ ਉਤਸ਼ਾਹਤ ਕਰਨ ਲਈ ਵੱਡੇ ਨਕਦ ਇਨਾਮ ਦਿੱਤੇ ਜਾਣਗੇ।

ਚੀਮਾ ਨੇ ਕਿਹਾ ਕਿ ਹਰੇਕ ਤਿਮਾਹੀ ਦੌਰਾਨ ਇਸ ਯੋਜਨਾ ਵਿੱਚ ਹਿੱਸਾ ਲੈਣ ਵਾਲਿਆਂ ਨੂੰ 1,00,000 ਰੁਪਏ ਦਾ ਪਹਿਲਾ ਇਨਾਮ, 50,000 ਰੁਪਏ ਦਾ ਦੂਜਾ ਇਨਾਮ ਅਤੇ 25,000 ਰੁਪਏ ਦਾ ਤੀਜਾ ਇਨਾਮ ਜਿੱਤਣ ਦਾ ਮੌਕਾ • ਬਾਕੀ ਸਫਾ 6 'ਤੇ

# ਢਾਕਾ ਹਵਾਈ ਅੱਡੇ ਦਾ ਕਾਰਗੋ ਏਰੀਆ ਤਬਾਹ



**ਢਾਕਾ** : ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਦੇ ਹਜ਼ਰਤ ਸ਼ਾਹਜਲਾਲ ਕੌਮਾਂਤਰੀ ਹਵਾਈ ਅੱਡੇ ਦੇ ਕਾਰਗੋ ਟਰਮੀਨਲ 'ਤੇ ਸਨਿੱਚਰਵਾਰ ਬਾਅਦ ਦੁਪਹਿਰ ਸਾਢੇ ਤਿੰਨ ਵਜੇ ਦੇ ਕਰੀਬ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਸਾਰੀਆਂ ਉਡਾਣਾਂ ਮੁਅੱਤਲ ਕਰ ਦਿੱਤੀਆਂ ਗਈਆਂ। ਅੱਗ ਲੱਗਣ ਦਾ ਕਾਰਨ ਫੌਰੀ ਤੌਰ 'ਤੇ ਪਤਾ ਨਹੀਂ ਲੱਗਿਆ। ਕਾਰਗੋ ਦਾ ਸਾਰਾ ਖੇਤਰ ਅੱਗ ਨਾਲ ਸੜ ਕੇ ਸੁਆਹ ਹੋ ਗਿਆ। ਹਵਾਈ ਅੱਡੇ 'ਤੇ ਅਫਰਾ-ਤਫਰੀ ਮਚੀ ਰਹੀ। ਅੱਗ ਏਨੀ ਤੇਜ਼ੀ ਨਾਲ ਫੈਲੀ ਕਿ ਹਵਾਈ ਅੱਡੇ ਦਾ ਸਾਰਾ ਖੇਤਰ ਸੰਘਣੇ ਕਾਲੇ ਧੂੰਏਂ ਦੀ ਮਾਰ ਹੇਠ ਆ ਗਿਆ, ਜਿਸ ਕਾਰਨ ਲੋਕਾਂ ਨੂੰ ਸਾਹ ਲੈਣਾ ਔਖਾ ਹੋ ਗਿਆ।

# ਲੇਹ 'ਚ ਖਾਮੋਸ਼ ਮਾਰਚ ਨਹੀਂ ਕਰਨ ਦਿੱਤਾ



ਕਾਰਗਿਲ 'ਚ ਮੁਜ਼ਾਹਰਾ ਕਰਦੇ ਲੱਦਾਖੀ।

**ਸ੍ਰੀਨਗਰ** : ਲੱਦਾਖ ਨੂੰ ਰਾਜ ਦਾ ਰੁਤਬਾ ਦਿਵਾਉਣ ਤੇ ਹੋਰ ਮੰਗਾਂ ਲਈ ਲੇਹ ਅਪੈਕਸ ਬਾਡੀ (ਐੱਲ ਏ ਬੀ) ਤੇ ਕਾਰਗਿਲ ਡੈਮੋਕਰੇਟਿਕ ਅਲਾਇੰਸ (ਕੇ ਡੀ ਏ) ਨੂੰ ਸਨਿੱਚਰਵਾਰ ਸਵੇਰੇ 10 ਵਜੇ ਤੋਂ ਦੋ ਘੰਟਿਆਂ ਲਈ ਲੇਹ ਵਿੱਚ ਖਾਮੋਸ਼ ਮਾਰਚ ਨਹੀਂ ਕਰਨ ਦਿੱਤਾ ਗਿਆ। ਇਸ ਤੋਂ ਇਲਾਵਾ ਲੋਕਾਂ ਨੇ ਸ਼ਾਮ ਛੇ ਵਜੇ ਤੋਂ ਤਿੰਨ ਘੰਟਿਆਂ ਲਈ ਉਨ੍ਹਾਂ ਲੋਕਾਂ ਦੇ ਸਤਿਕਾਰ ਵਿੱਚ ਬਲੈਕਆਊਟ ਕਰਨਾ ਸੀ, ਜਿਹੜੇ 24 ਸਤੰਬਰ ਨੂੰ ਪੁਲਸ ਗੋਲੀ ਨਾਲ ਮਾਰੇ ਗਏ ਜਾਂ ਫੜ ਲਏ ਗਏ। ਪ੍ਰਸ਼ਾਸਨ ਨੇ ਕਾਫੀ ਸਖਤ ਰੋਕਾਂ ਲਾ ਦਿੱਤੀਆਂ ਸਨ ਤੇ ਇੰਟਰਨੈੱਟ ਸੇਵਾ ਬੰਦ ਕਰ ਦਿੱਤੀ ਸੀ, ਤਾਂ ਵੀ ਕਾਰਗਿਲ ਵਿੱਚ ਸੈਂਕੜੇ ਲੋਕਾਂ ਨੇ ਪੁਰਅਮਨ ਮਾਰਚ ਕੀਤਾ।

## ਦੋ ਭੈਣਾਂ ਦੀ ਦਰਦਨਾਕ ਮੌਤ



**ਮਾਨਸਾ** : ਕਸਬਾ ਝੁਨੀਰ ਵਿਖੇ ਸ਼ਨਿੱਚਰਵਾਰ ਸਵੇਰ ਸਮੇਂ ਐਕਟਿਵਾ 'ਤੇ ਆਪਣੇ ਪਿਤਾ ਨਾਲ ਸਕੂਲ ਜਾਂਦੀਆਂ ਦੋ ਸਕੀਆਂ ਭੈਣਾਂ ਦੀ ਪੀ ਆਰ ਟੀ ਸੀ ਬੱਸ ਹੇਠਾਂ ਆ ਕੇ ਮੌਤ ਹੋ ਗਈ, ਜਦੋਂਕਿ ਪਿਓ ਅਤੇ ਭਰਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਪੁਲਸ ਨੇ ਬੱਸ ਕਬਜ਼ੇ 'ਚ ਲੈ ਕੇ ਡਰਾਈਵਰ ਰਣਜੀਤ ਸਿੰਘ ਪੁੱਤਰ ਕੌਰ ਸਿੰਘ ਵਾਸੀ ਉੱਭਾ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ। ਬੱਸ ਲੁਧਿਆਣਾ ਤੋਂ ਸਿਰਸਾ ਜਾ ਰਹੀ ਸੀ। ਝੁਨੀਰ-ਲਾਲਿਆਂਵਾਲੀ ਢਾਣੀ ਬਸਤੀ ਦੀਆਂ ਦੋ ਭੈਣਾਂ ਸੋਨੂੰ ਕੌਰ (12) ਅਤੇ ਮੀਨਾ ਕੌਰ (7) ਪਿਤਾ ਸ਼ਿੰਦਰ ਸਿੰਘ ਨਾਲ ਝੁਨੀਰ ਦੇ ਸਰਕਾਰੀ ਸਕੂਲ ਆ ਰਹੀਆਂ ਸਨ। ਉਹ ਤੀਜੀ ਤੇ ਸੱਤਵੀਂ 'ਚ ਪੜ੍ਹਦੀਆਂ ਸਨ।

# ਕਬਾੜੀਏ ਨੇ ਕਬਾੜਾ ਕਰ'ਤਾ



**ਚੰਡੀਗੜ੍ਹ** : ਪੰਜਾਬ ਦੇ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਹਾਈ-ਪ੍ਰੋਫਾਈਲ ਰਿਸ਼ਵਤਖੋਰੀ ਦੇ ਕੇਸ ਵਿੱਚ ਸੀ ਬੀ ਆਈ ਵੱਲੋਂ ਗ੍ਰਿਫਤਾਰ ਕੀਤੇ ਜਾਣ ਤੋਂ ਬਾਅਦ ਗੰਭੀਰ ਕਾਨੂੰਨੀ ਮੁਸੀਬਤ ਵਿੱਚ ਫਸ ਗਏ ਹਨ। ਇਹ ਕੇਸ ਮੰਡੀ ਗੋਬਿੰਦਗੜ੍ਹ ਦੇ ਸਕਰੈਪ ਡੀਲਰ ਆਕਾਸ਼ ਬੱਤਾ ਦੀ ਸ਼ਿਕਾਇਤ ਤੋਂ ਬਾਅਦ ਸ਼ੁਰੂ ਹੋਇਆ, ਜਿਸ ਨੇ ਅਧਿਕਾਰੀ 'ਤੇ ਪੁਲਸ ਕਾਰਵਾਈ ਤੋਂ ਬਚਾਅ ਬਦਲੇ ਰਿਸ਼ਵਤ ਮੰਗਣ ਦਾ ਦੋਸ਼ ਲਗਾਇਆ ਸੀ।

ਬੱਤਾ ਨੇ ਸੀ ਬੀ ਆਈ ਨੂੰ ਦੱਸਿਆ ਸੀ ਕਿ ਭੁੱਲਰ, ਕ੍ਰਿਸ਼ਨੂੰ ਸ਼ਾਰਦਾ ਨਾਂਅ ਦੇ ਇੱਕ ਵਿਚੋਲੇ ਰਾਹੀਂ ਉਸ ਦੇ ਕਾਰੋਬਾਰ ਨੂੰ ਪੁਲਸ ਦੀ ਦਖਲਅੰਦਾਜ਼ੀ ਤੋਂ ਬਚਾਉਣ ਲਈ ਮਹੀਨਾਵਾਰ ਰਿਸ਼ਵਤ (ਜਿਸ ਨੂੰ 'ਸੇਵਾ-ਪਾਣੀ' ਕਿਹਾ ਜਾਂਦਾ ਸੀ) ਦੀ ਮੰਗ ਕਰ ਰਹੇ ਸਨ। ਬੱਤਾ ਨੇ ਦਾਅਵਾ ਕੀਤਾ ਕਿ 2023 ਵਿੱਚ ਸਰਹਿੰਦ ਵਿਖੇ ਉਸ ਦੇ ਵਿਰੁੱਧ ਇੱਕ ਐੱਫ ਆਈ ਆਰ ਦਰਜ ਕੀਤੀ ਗਈ ਸੀ, ਜਿਸ ਵਿੱਚ ਦੋਸ਼ ਸੀ ਕਿ ਉਸ ਨੇ ਆਪਣੇ ਕਾਰੋਬਾਰ ਵਿੱਚ ਜਾਅਲੀ ਬਿੱਲਾਂ ਦੀ ਵਰਤੋਂ ਕੀਤੀ ਸੀ। ਉਸ ਅਨੁਸਾਰ ਦੋਸ਼ ਝੂਠੇ ਸਨ ਅਤੇ ਪੈਸੇ ਕਢਵਾਉਣ ਲਈ ਦਬਾਅ ਬਣਾਉਣ ਵਾਸਤੇ ਵਰਤੇ ਜਾ ਰਹੇ ਸਨ। ਸ਼ਿਕਾਇਤ ਅਨੁਸਾਰ ਡੀ ਆਈ ਜੀ ਭੁੱਲਰ ਨੇ ਐੱਫ ਆਈ ਆਰ ਦਾ ਨਿਬੇੜਾ ਕਰਨ ਲਈ 8 ਲੱਖ ਰੁਪਏ ਦੀ ਇਕਮੁਸ਼ਤ ਰਿਸ਼ਵਤ ਦੀ ਮੰਗ ਕੀਤੀ ਅਤੇ ਬਿਨਾਂ ਕਿਸੇ ਮੁਸ਼ਕਲ ਤੋਂ ਬੱਤਾ ਨੂੰ ਆਪਣਾ ਕਾਰੋਬਾਰ ਚਲਾਉਣ ਦੇਣ ਲਈ ਮਹੀਨਾਵਾਰ ਭੁਗਤਾਨ 'ਤੇ • ਬਾਕੀ ਸਫਾ 6 'ਤੇ

## ਬੜਾ ਉਸਤਾਦ ਹੈ ਕ੍ਰਿਸ਼ਨੂੰ



**ਨਾਭਾ** : ਡੀ ਆਈ ਜੀ ਹਰਚਰਨ ਸਿੰਘ ਭੁੱਲਰ ਦੇ ਨਾਲ ਰਿਸ਼ਵਤ ਮਾਮਲੇ ਵਿੱਚ ਗ੍ਰਿਫਤਾਰ ਕੀਤਾ ਨਾਭਾ ਦੀ ਹਰੀ ਦਾਸ ਕਾਲੋਨੀ ਦਾ 29 ਸਾਲਾ ਕ੍ਰਿਸ਼ਨੂੰ ਸ਼ਾਰਦਾ ਕੌਮੀ ਪੱਧਰ ਦਾ ਹਾਕੀ ਖਿਡਾਰੀ ਰਹਿ ਚੁੱਕਾ ਹੈ। 2018 ਤੋਂ 2022 ਤੱਕ ਉਸ ਨੇ ਮੰਡੀ ਗੋਬਿੰਦਗੜ੍ਹ ਦੇ ਫਾਇਰ ਬ੍ਰਿਗੇਡ ਵਿਭਾਗ ਵਿੱਚ • ਬਾਕੀ ਸਫਾ 6 'ਤੇ

## ਅੱਜ-ਨਾਮਾ

ਮੌਕਾ ਆਇਆ ਦੀਵਾਲੀ ਦਾ ਖ਼ੁਸ਼ੀ ਵਾਲਾ,
ਮਨਾਉ ਅਕਲ ਦੇ ਨਾਲ ਤਿਉਹਾਰ ਬੇਲੀ।
ਮਿਠਾਈ ਖਾਣ ਤੋਂ ਕਰਿਉ ਪਰਹੇਜ਼ ਥੋੜ੍ਹਾ,
ਮਿਲਾਵਟੀ ਮਾਲ ਆ ਬੜਾ ਬਾਜ਼ਾਰ ਬੇਲੀ।
ਜਾਣ-ਆਉਣ ਜੇ ਕਿਸੇ ਦੇ ਕਰਨ ਵਾਲਾ,
ਰੱਖਿਉ ਕਾਬੂ ਦੇ ਅੰਦਰ ਰਫਤਾਰ ਬੇਲੀ।
ਪਰਗਟ ਚਾਅ ਵੀ ਕਰਨਾ ਤਾਂ ਹੱਦ ਥੋੜ੍ਹੀ,
ਰੱਖ ਕੇ ਕਰਿਉ ਜੀ ਕਾਰ-ਵਿਹਾਰ ਬੇਲੀ।
ਹਾਸਾ ਕਰਦੇ ਮੜਾਸਾ ਨਹੀਂ ਹੋਏ ਕਿਧਰੇ,
ਰੱਖਿਉ ਚਿੱਤ ਦੇ ਵਿੱਚ ਇਹ ਗੱਲ ਬੇਲੀ।
ਰੱਖੀ ਸਮਝ ਬੇਮਜ਼ਗੀ ਤੋਂ ਬਚੇ ਰਹੋ ਤਾਂ,
ਇਹਦੇ ਨਾਲ ਦੀ ਕੋਈ ਨਹੀਂ ਭੱਲ ਬੇਲੀ।

-ਤੀਸ ਮਾਰ ਖਾਂ

# 'ਗ਼ਦਰੀ ਗੁਲਾਬ ਖਿੜਦੇ ਰਹਿਣਗੇ'




**ਜਲੰਧਰ (ਰਾਜੇਸ਼ ਥਾਪਾ)**-ਗ਼ਦਰੀ ਬਾਬਿਆਂ ਦੇ ਮੇਲੇ 'ਚ ਹਰ ਸਾਲ ਨਵਾਂ-ਨਕੋਰ ਹੋਣ ਵਾਲਾ ਸੰਗੀਤ ਨਾਟ ਓਪੇਰਾ 'ਝੰਡੇ ਦਾ ਗੀਤ' ਇਸ ਵਾਰ ਵੀ ਪਹਿਲੀ ਨਵੰਬਰ ਸਵੇਰੇ ਠੀਕ 10 ਵਜੇ ਆਪਣੀ ਚਰਮ ਸੀਮਾ 'ਤੇ ਪਹੁੰਚ ਸਕੇ, ਇਸ ਲਈ ਸਾਹਮਣੇ ਆ ਰਹੀਆਂ ਦਿੱਕਤਾਂ ਨੂੰ ਸਰ ਕਰਨ ਲਈ ਝੰਡੇ ਦੇ ਗੀਤ ਨਾਲ ਦਹਾਕਿਆਂ ਤੋਂ ਜੁੜੀਆਂ ਕੁਝ ਟੀਮਾਂ ਦੇ ਨਿਰਦੇਸ਼ਕ, ਕਲਾਕਾਰ ਸ਼ਨੀਵਾਰ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਸਿਰ ਜੋੜ ਕੇ ਬੈਠੇ।

ਇਸ ਵਿਚਾਰ-ਚਰਚਾ ਵਿੱਚ ਯੂਥ ਫੈਸਟੀਵਲ ਵੀ ਇਸ ਸਮੇਂ 'ਤੇ ਬਰਾਬਰ ਆ ਜਾਣ ਵਿਸ਼ੇਸ਼ ਕਰਕੇ 31 ਅਕਤੂਬਰ, 1 ਤੇ 2 ਨਵੰਬਰ ਨੂੰ ਵੀ ਮੁਕਾਬਲੇ ਹੋਣ ਕਾਰਨ ਝੰਡੇ ਦੇ ਗੀਤ ਦੀ ਵਰਕਸ਼ਾਪ ਵਿੱਚ ਹਾਜ਼ਰੀ ਸੰਬੰਧੀ ਦਰਪੇਸ਼ ਸਮੱਸਿਆਵਾਂ ਦੇ ਹੱਲ ਲਈ ਗੰਭੀਰ ਵਿਚਾਰਾਂ ਹੋਈਆਂ।

ਪੰਜਾਬ ਦੀਆਂ ਸਮੂਹ ਰੰਗਮੰਚ ਟੀਮਾਂ ਅਤੇ ਕਲਾਕਾਰਾਂ ਨੂੰ ਇਸ ਵਰਕਸ਼ਾਪ 'ਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ ਗਿਆ। ਵਰਕਸ਼ਾਪ ਵਿੱਚ ਹਰ ਪਲ ਦੀ ਸੁਯੋਗ ਵਰਤੋਂ ਕਰਨ ਲਈ ਸਮੇਂ ਦੇ ਕਦਰਦਾਨ ਹੋਣ, ਲੜਕੀਆਂ ਅਤੇ ਬਾਲ ਕਲਾਕਾਰਾਂ ਦੀਆਂ ਘੱਟੋ-ਘੱਟ ਲੋੜੀਂਦੀਆਂ ਜ਼ਰੂਰਤਾਂ ਦੀ ਪੂਰਤੀ ਯਕੀਨੀ ਬਣਾਉਣ, ਲੰਗਰ, ਸਫ਼ਾਈ, ਰਿਹਾਇਸ਼ ਅਤੇ ਮੈਡੀਕਲ ਸਹਾਇਤਾ ਦੀ ਜ਼ਾਮਨੀ ਉਪਰ ਵੀ ਜ਼ੋਰ ਦਿੱਤਾ ਗਿਆ। ਇਸ ਵਾਰ 'ਗ਼ਦਰੀ ਗੁਲਾਬ ਖਿੜਦੇ ਰਹਿਣਗੇ' ਸੰਗੀਤ ਨਾਟ ਓਪੇਰਾ ਦੇ ਲੇਖਕ ਅਮੋਲਕ ਸਿੰਘ ਅਤੇ ਨਿਰਦੇਸ਼ਕ ਸਤਪਾਲ ਬੰਗਾ ਨੇ ਦੱਸਿਆ ਕਿ ਗ਼ਦਰੀ ਇਤਿਹਾਸ, ਗੁਲਾਬ ਕੌਰ ਦੀ ਲਾ-ਮਿਸਾਲ ਭੂਮਿਕਾ, ਗ਼ਦਰੀ ਸੁਪਨਿਆਂ ਦੀ ਆਜ਼ਾਦੀ, ਬਰਾਬਰੀ, ਧਰਮ ਨਿਰਪੱਖਤਾ, ਜਾਤ-ਪਾਤ ਦੇ ਕੋਹੜ ਤੋਂ ਮੁਕਤ ਅਤੇ ਸਾਂਝੀਵਾਲਤਾ ਵੱਲ ਜਾਂਦੇ ਮਾਰਗ ਦਾ ਇਹ ਗੀਤ ਪਰਚਮ ਬੁਲੰਦ ਕਰੇਗਾ। ਉਹਨਾਂ ਦੱਸਿਆ ਕਿ ਫ਼ਲਸਤੀਨ, ਜੰਗਲ ਦੇ ਧੁਖ਼ਦੇ ਸੀਨੇ, ਪ੍ਰਦੇਸਾਂ ਦਾ ਅਜੋਕਾ ਦਰਦ, ਪੰਜਾਬ ਅੰਦਰ ਪਰਵਾਸੀਆਂ ਪ੍ਰਤੀ ਨ਼ਫ਼ਰਤ • ਬਾਕੀ ਸਫਾ 6 'ਤੇ



# ਦੀਵਾਲੀ ਦੇ ਸ਼ੁਭ ਅਵਸਰ 'ਤੇ ਵਿਸੇਸ਼ ਸਪਲੀਮੈਂਟ

## ਮੰਡੀ ਘੁਬਾਇਆ/ਜਲਾਲਾਬਾਦ (ਪੱਛਮੀ)

ਬਲਵਿੰਦਰ ਸਿੰਘ
99157-78326

Better Education Future Foundation
Rana Rai
@ranaraiofficial
ਸਾਰੇ ਭਾਰਤੀਆਂ ਅਤੇ ਜਲਾਲਾਬਾਦ ਹਲਕਾ ਨਿਵਾਸੀਆਂ ਨੂੰ
ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ-ਲੱਖ ਵਧਾਈਆਂ॥
Rana Rai
ਬੈਟਰ ਐਜੂਕੇਸ਼ਨ ਫਿਊਚਰ ਫਾਊਂਡੇਸ਼ਨ (ਰਜਿ:)
BETTER EDUCATION FUTURE FOUNDATION (REGD.)

ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਸਮੂਹ ਸੰਗਤਾਂ ਨੂੰ ਲੱਖ-ਲੱਖ ਵਧਾਈਆਂ
ਸ. ਸੁਖਵਿੰਦਰ ਸਿੰਘ ਕਾਕਾ ਕੰਬੋਜ | ਜ਼ਿਲ੍ਹਾ ਪ੍ਰਧਾਨ ਭਾਰਤੀ ਜਨਤਾ ਪਾਰਟੀ, ਫਾਜ਼ਿਲਕਾ

ਆਪ ਸਭ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ
ਦੀਆਂ ਲੱਖ ਲੱਖ ਵਧਾਈਆਂ!
ਰੌਸ਼ਨੀ ਅਤੇ ਖੁਸ਼ੀ ਹਰ ਦਿਲ ਤੱਕ ਪਹੁੰਚੇ!
ਇਹ ਰੌਸ਼ਨੀ ਦਾ ਤਿਉਹਾਰ ਤੁਹਾਡੇ ਜੀਵਨ ਨੂੰ ਖੁਸ਼ੀਆਂ, ਤੰਦਰੁਸਤੀ ਅਤੇ ਖੁਸ਼ਹਾਲੀ ਨਾਲ ਭਰ ਦੇਵੇ।
ਡਾ. ਅੰਕਿਤ ਮਿੱਢਾ
MD Internal Medicine, FID, FICM, MACP (USA)
Consultant Physician & Intensivist
MIDDHA MULTISPECIALITY HOSPITAL
ਡਾ. ਰਿਧਿਮਾ ਮਿੱਢਾ
MD Pathology Consultant
Pathologist
Yuvaan Path Lab & Diagnostics
+91 93280 00008, +91 99969 79809
ਰਾਮ ਲੀਲਾ ਚੌਂਕ, ਜਲਾਲਾਬਾਦ ਵੈਸਟ ਪੰਜਾਬ
24/7 ਲੈਬੋਰਟਰੀ | ਦਵਾਈਆਂ | ਐਮਰਜੈਂਸੀ
24 ਘੰਟੇ ਸੁਵਿਧਾ ਉਪਲੱਬਧ

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਅਸ਼ੋਕ ਅਨੇਜਾ
ਪੰਜਾਬ ਵਾਈਸ ਪ੍ਰਧਾਨ
ਸ਼੍ਰੋਮਣੀ ਅਕਾਲੀ ਦਲ
ਗੌਰਵ ਅਨੇਜਾ
ਅਨਮੋਲ ਅਨੇਜਾ
ਜਲਾਲਾਬਾਦ (ਪੱਛਮੀ)

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਸ਼੍ਰੀ ਮੁਕਤਸਰ ਸਾਹਿਬ ਵਿਖੇ ਖੁੱਲ ਗਿਆ ਹੈ।
ਸੁਖਮਨੀ ਅੱਖਾਂ ਦਾ ਹਸਪਤਾਲ
ਡਾ. ਗੁਰਰਾਜ ਸਿੰਘ ਸੰਧੂ
ਐਮ.ਐਸ. (ਆਈ), ਐਸ. ਐਮ.ਐਸ., ਜੈਪੁਰ ਫੈਕੋ ਅਤੇ ਲੇਸਿਕ ਸਰਜਨ
ਨੇੜੇ ਬੱਸ ਸਟੈਂਡ, ਮੇਨ ਮਲੋਟ ਰੋਡ, ਸਾਹਮਣੇ ਤਾਜ ਪੈਲੇਸ, ਸ਼੍ਰੀ ਮੁਕਤਸਰ ਸਾਹਿਬ।
97791-00448, 98785-28928, 98720-28928
ਨੇੜੇ ਗਰਲਜ਼ ਕਾਲਜ, ਤਹਿਸੀਲ ਰੋਡ, ਜਲਾਲਾਬਾਦ।
98764-07924, 70878-07924, 81645-70300

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਐਡਵੋਕੇਟ ਪਰਮਜੀਤ ਸਿੰਘ ਢਾਬਾਂ
ਕੰਨਸਟਰਕਸ਼ਨ ਵਰਕਰ ਐਂਡ ਲੇਬਰ ਯੂਨੀਅਨ ਰਜ਼ਿ ਏਟਕ ਦੇ ਸੂਬਾ ਮੀਤ ਸਕੱਤਰ
ਐਡਵੋਕੇਟ ਪਰਮਜੀਤ ਸਿੰਘ ਢਾਬਾਂ

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਕੈਪਟਨ ਗੁਰਚਰਨ ਸਿੰਘ ਸ਼ੋਰਿਆ ਚੱਕਰ
ਭਾਰਤੀ ਜਨਤਾ ਪਾਰਟੀ ਕੰਨਵੀਨਰ ਤੇ ਸਾਬਕਾ ਸੈਨਿਕ ਜਲਾਲਾਬਾਦ (ਪੱਛਮੀ)
ਜੰਮੂ ਕਸ਼ਮੀਰ ਦੀਆਂ ਪਹਾੜੀਆਂ 'ਤੇ ਪੰਜ ਅਤਵਾਦੀਆਂ ਦਾ ਸਫਾਇਆ ਕਰਨ 'ਤੇ ਰਾਸ਼ਟਰਪਤੀ ਏਪੀਜੇ ਅਬਦੁਲ ਕਲਾਮ ਵੱਲੋਂ ਸਨਮਾਨਿਤ ਸ਼ੋਰੀਆ ਚੱਕਰ ਪ੍ਰਾਪਤ ਹੋਇਆ 26 ਜਨਵਰੀ 2003

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
MEHROK HOSPITAL
(Paralysis & Piles Care)
Dr. Raj Mehrok B.A.M.S.
94176-77611, 94654-94076
Ram Sharnam, Ferozepur Road, Opp. Sadar Thana, Jalalabad (West), Distt. Fazilka

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਹਰਮੀਤ ਸਿੰਘ ਕਾਦੀਆ, ਪੰਜਾਬ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕਾਦੀਆਂ ਰਜ਼ਿ:
ਅਸ਼ੋਕ ਦਹੂਜਾ ਸ਼ਹਿਰੀ ਪ੍ਰਧਾਨ ਜਲਾਲਾਬਾਦ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਰਜ਼ਿ:
ਮਨਪ੍ਰੀਤ ਸੰਧੂ ਸੂਬਾ ਮੀਤ ਪ੍ਰਧਾਨ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਰਜ਼ਿ:

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਜਗਦੀਸ਼ ਜਸੂਜਾ
ਲਵਿਸ਼ ਜਸੂਜਾ
ਜਸੂਜਾ ਪਲਾਈ ਵੁੱਡ, ਨੇੜੇ ਬਾਹਮਣੀ ਬਜ਼ਾਰ, ਜਲਾਲਾਬਾਦ ਪੱਛਮੀ, 98723-90598

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਏਕਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ
ਸੀ.ਬੀ.ਐਸ.ਈ ਨਵੀਂ ਦਿੱਲੀ ਤੋਂ ਮਾਨਤਾ ਪ੍ਰਾਪਤ
ਸ਼੍ਰੀ ਮੁਕਤਸਰ ਰੋਡ, ਨੇੜੇ ਪਿੰਡ ਚੱਕ ਸੈਦੋਕੇ, ਜਲਾਲਾਬਾਦ (ਪੱਛਮੀ)
ਦੀਵਾਲੀ ਅਤੇ ਬੰਦੀਛੋੜ ਦਿਵਸ ਦੇ ਸ਼ੁਭ ਮੌਕੇ 'ਤੇ, ਮੈਂ ਸਾਰੇ ਵਿਦਿਆਰਥੀਆਂ, ਮਾਪਿਆਂ, ਸਟਾਫ਼ ਅਤੇ ਸ਼ੁਭਚਿੰਤਕਾਂ ਨੂੰ ਦਿਲੋਂ ਸ਼ੁਭਕਾਮਨਾਵਾਂ ਦਿੰਦੀ ਹਾਂ। ਇਸ ਤਿਉਹਾਰ ਦੀ ਬ੍ਰਹਮ ਰੌਸ਼ਨੀ ਸਾਰਿਆਂ ਦੇ ਜੀਵਨ ਵਿੱਚ ਖੁਸ਼ੀ, ਖੁਸ਼ਹਾਲੀ ਅਤੇ ਸ਼ਾਂਤੀ ਲਿਆਵੇ। ਖੁਸ਼ੀ ਅਤੇ ਏਕਤਾ ਦੀ ਭਾਵਨਾ ਨਾਲ ਮਨਾਈਏ।
ਪ੍ਰਿੰਸੀਪਲ ਡਾ. ਅਰੁਣਾ ਮਿੱਡਾ

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
ਜਗਦੀਪ ਕੰਬੋਜ (ਗੋਲਡੀ) ਐਮ.ਐਲ.ਏ. ਜਲਾਲਾਬਾਦ
ਵਿਜੈ ਕਾਲੜਾ ਪੰਜਾਬ ਪ੍ਰਧਾਨ ਆੜਤੀਆ ਐਸੋਸੀਏਸ਼ਨ
ਮਨਜੀਤ ਸਿੰਘ (ਜੱਜ ਦਰਗਨ) ਪ੍ਰਧਾਨ ਆੜਤੀਆ ਐਸੋਸੀਏਸ਼ਨ ਜਲਾਲਾਬਾਦ (ਪੱਛਮੀ)
ਸਚਿਨ ਮਿੱਡਾ ਪੰਜਾਬ ਵਾਈਸ ਪ੍ਰਧਾਨ ਆੜਤੀਆ ਐਸੋਸੀਏਸ਼ਨ
ਬਿੱਟੂ ਅਰੋੜਾ ਸੀਨੀ. (ਮੀਤ ਪ੍ਰਧਾਨ)
ਬੂੜ ਚੰਦ ਕਪੂਰ (ਉੱਪ ਪ੍ਰਧਾਨ)
ਕਾਲਾ ਸਿਡਾਨਾ (ਉੱਪ ਪ੍ਰਧਾਨ)
ਗੋਪਾਲ ਬਜਾਜ (ਜਰਨਲ ਸਕੱਤਰ)
ਸ਼ਹਿਜਾਦ ਦੀਵਾਨ (ਕੈਸ਼ੀਅਰ)
ਵੱਲੋਂ: ਸਮੂਹ ਆੜਤੀਆ ਐਸੋਸੀਏਸ਼ਨ ਜਲਾਲਾਬਾਦ (ਪੱਛਮੀ)

ਦੀਵਾਲੀ ਦੇ ਪਵਿੱਤਰ ਤਿਉਹਾਰ ਦੇ ਮੌਕੇ 'ਤੇ ਇਲਾਕਾ ਨਿਵਾਸੀਆਂ, ਮਿੱਤਰਾਂ ਅਤੇ ਸ਼ੁਭਚਿੰਤਕਾਂ ਨੂੰ
ਲੱਖ-ਲੱਖ ਵਧਾਈਆਂ
Inder di Hatti
BIKANER MISTHAN BHANDAR
Spl. Sweets & Namkeen
M. 86999-36783, 95309-11026
Inder Singh, Balwant Singh
PNB Bank Road, Jalalabad (w)

## ਮਾਲਵਾ ਕਾਲਜ 'ਚ ਰੋਸ਼ਨੀਆਂ ਦੇ ਤਿਉਹਾਰ ਦੀਵਾਲੀ ਸੰਬੰਧੀ ਸਮਾਗਮ



**ਸਰਦੂਲਗੜ੍ਹ (ਅਵਤਾਰ ਜਟਾਣਾ)**-'ਕਿਸੇ ਵੀ ਵਿੱਦਿਅਕ ਸੰਸਥਾ ਵੱਲੋਂ ਸਿਰਫ ਕਿਤਾਬੀ ਸਿਲੇਬਸ ਵਿਦਿਆਰਥੀਆਂ ਨੂੰ ਪੜ੍ਹਾ ਦੇਣਾ ਹੀ ਕਾਫੀ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਸ਼ਖ਼ਸੀਅਤ ਦੇ ਸਰਵਪੱਖੀ ਵਿਕਾਸ ਵਾਸਤੇ ਸਹਿ-ਅਕਾਦਮਿਕ ਗਤੀਵਿਧੀਆਂ ਰਾਹੀਂ ਉਨ੍ਹਾਂ ਦੇ ਹੁਨਰ ਨੂੰ ਸਾਹਮਣੇ ਲਿਆਉਣਾ ਵੀ ਬਹੁਤ ਮਹੱਤਵਪੂਰਨ ਕਾਰਜ ਹੋਣਾ ਚਾਹੀਦਾ ਹੈ, ਜੋ ਹਮੇਸ਼ਾ ਸਾਡੀ ਪਹਿਲ ਰਹੀ ਹੈ।' ਇਹ ਸ਼ਬਦ ਮਾਲਵਾ ਗਰੁੱਪ ਆਫ ਕਾਲਜਿਜ਼ ਸਰਦੂਲੇਵਾਲਾ ਦੇ ਮੈਨੇਜਿੰਗ ਡਾਇਰੈਕਟਰ ਰਾਜ ਸੋਢੀ ਵੱਲੋਂ ਸੰਸਥਾ ਵਿੱਚ ਰੋਸ਼ਨੀਆਂ ਦੇ ਤਿਉਹਾਰ ਦਿਵਾਲੀ ਤੋਂ ਪਹਿਲਾਂ ਕਰਵਾਏ ਗਏ ਇੱਕ ਪ੍ਰਭਾਵਸ਼ਾਲੀ ਸਮਾਗਮ ਦੌਰਾਨ ਕਹੇ।ਇਸ ਸਮਾਗਮ ਵਿੱਚ ਹੋਰ ਗਤੀਵਿਧੀਆਂ ਤੋਂ ਇਲਾਵਾ ਕਾਲਜ ਵਿੱਚ ਆਈਆਂ ਨਵੀਆਂ ਕਲਾਸਾਂ ਦੇ ਫਰੈਸ਼ਰ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ ਗਿਆ ਤੇ ਫਾਈਨਲ ਜਮਾਤ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।ਇਸ ਮੌਕੇ ਕਰਵਾਏ ਗਏ ਰੰਗਾਰੰਗ ਪ੍ਰੋਗਰਾਮ ਦੀ ਸ਼ੁਰੂਆਤ ਮੈਡਮ ਰਾਜ ਸੋਢੀ ਵੱਲੋਂ ਜੋਤੀ ਪ੍ਰਜਲਣ ਕਰਕੇ ਕੀਤੀ ਗਈ।ਉਪਰੰਤ ਲੈਕਚਰਾਰ ਬਲਜੀਤ ਪਾਲ ਸਿੰਘ ਨੇ ਸਾਰਿਆਂ ਦਾ ਸੁਆਗਤ ਕਰਦਿਆਂ ਹੋਇਆਂ ਭਵਿੱਖ ਵਿੱਚ ਅਜਿਹੇ ਹੋਰ ਸਮਾਗਮਾਂ ਦੀ ਰੂਪ ਰੇਖਾ ਬਾਰੇ ਜਾਣਕਾਰੀ ਦਿੱਤੀ ਤੇ ਲੜਕੀਆਂ ਨੂੰ ਕੈਂਪਸ ਵਿੱਚ ਉਸਾਰੂ ਤੇ ਸੁਖਾਵਾਂ ਮਾਹੌਲ ਪ੍ਰਦਾਨ ਕਰਨ ਲਈ ਸੰਸਥਾ ਦੀ ਵਚਨਬੱਧਤਾ ਦਾ ਜ਼ਿਕਰ ਕੀਤਾ।ਇਸ ਸ਼ਾਨਦਾਰ ਸਮਾਰੋਹ ਦੌਰਾਨ ਕਾਲਜ ਦੀਆਂ ਵਿਦਿਆਰਥਣਾਂ ਨੇ ਵੱਖ ਵੱਖ ਤਰ੍ਹਾਂ ਦੀਆਂ ਆਈਟਮਾਂ ਸੱਭਿਆਚਾਰਕ ਢੰਗ ਨਾਲ ਪੇਸ਼ ਕੀਤੀਆਂ।ਸਟੇਜ ਸੰਚਾਲਨ ਦੀ ਭੂਮਿਕਾ ਪ੍ਰਭਜੀਤ, ਸੀਮਾ, ਅਰਸ਼ਪ੍ਰੀਤ ਤੇ ਗਗਨਦੀਪ ਨੇ ਵਧੀਆ ਢੰਗ ਨਾਲ ਨਿਭਾਈ।ਸਪੈਸ਼ਲ ਪ੍ਰਾਪਤੀਆਂ ਵਾਲੀਆਂ ਵਿਦਿਆਰਥਣਾਂ ਨੂੰ ਇਸ ਮੌਕੇ ਸਨਮਾਨਤ ਕੀਤਾ ਗਿਆ।ਸੰਸਥਾ ਦੀ ਮੈਨੇਜਮੈਂਟ ਵੱਲੋਂ ਵਿਦਿਆਰਥਣਾਂ ਦੀ ਰਿਫਰੈਸ਼ਮੈਂਟ ਵਾਸਤੇ ਸਪੈਸ਼ਲ ਤੇ ਵੱਖ ਵੱਖ ਕਿਸਮ ਦੇ ਖਾਣ ਪੀਣ ਵਾਲੇ ਸਨੈਕਸ ਤੇ ਪਕਵਾਨਾਂ ਦੀਆਂ ਵਿਸ਼ੇਸ਼ ਸਟਾਲਾਂ ਲਗਵਾਈਆਂ ਗਈਆਂ ਸਨ।ਕਾਲਜ ਦਾ ਸਾਰਾ ਸਟਾਫ ਇਸ ਮੌਕੇ ਹਾਜ਼ਰ ਸੀ।

## ਵਿਧਾਇਕ ਦੇਵ ਮਾਨ ਨੇ ਆਪ ਸੁਪਰੀਮੋ ਨਾਲ ਕੀਤੀ ਮੁਲਾਕਾਤ

**ਨਾਭਾ (ਵਰਿੰਦਰ ਵਰਮਾ)**

ਪੰਜਾਬ ਵਿੱਚ ਆਉਣ ਵਾਲੇ ਦਿਨਾਂ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਵਿਕਾਸ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ ਤੇ ਪਿੰਡਾਂ ਵਿੱਚ ਖੇਡ ਗਰਾਊਂਡ ਬਣਾਏ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਨ ਸਭਾ ਨਾਭਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਆਪ ਸੁਪਰੀਮੋ ਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਉਨ੍ਹਾਂ ਦੇ ਦਿੱਲੀ ਨਿਵਾਸ ਸਥਾਨ 'ਤੇ ਮੁਲਾਕਾਤ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਇਸ ਮੌਕੇ ਉਨ੍ਹਾਂ ਵੱਲੋਂ ਅਰਵਿੰਦ ਕੇਜਰੀਵਾਲ ਨੂੰ ਦਿਵਾਲੀ ਦੀ ਮੁਬਾਰਕਬਾਦ ਵੀ ਦਿੱਤੀ ਗਈ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਆਪ ਸੁਪਰੀਮੋ



ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਹਰਮਨ ਪਿਆਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ, ਜੋ ਕਿ ਬਹੁਤ ਸ਼ਲਾਘਾਯੋਗ ਹਨ।ਉਨ੍ਹਾਂ ਕਿਹਾ ਕਿ ਤਰਨ ਤਾਰਨ ਜ਼ਿਮਨੀ ਚੋਣ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਸੰਧੂ ਵੱਡੀ ਜਿੱਤ ਪ੍ਰਾਪਤ ਕਰਨਗੇ।

## ਮਾਤਾ ਗੁਜਰੀ ਸਕੂਲ ਵੱਲੋਂ ਦੀਵਾਲੀ ਸਮਾਗਮ ਦਾ ਆਯੋਜਨ

**ਦੇਵੀਗੜ੍ਹ (ਰਾਜਿੰਦਰ ਥਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਵੱਲੋਂ ਰੌਸ਼ਨੀ ਤੇ ਖੁਸ਼ੀਆਂ ਦੇ ਤਿਉਹਾਰ ਦੀਵਾਲੀ ਤੇ ਬੰਦੀ ਛੋੜ ਦਿਵਸ ਨੂੰ ਸਮਰਪਤ ਸਵੇਰ ਦੀ ਸਭਾ ਦਾ ਆਯੋਜਨ ਬੜੇ ਉਤਸ਼ਾਹ ਤੇ ਧਾਰਮਿਕ ਭਾਵਨਾ ਨਾਲ ਕੀਤਾ ਗਿਆ।ਸਮਾਗਮ ਦੀ ਸ਼ੁਰੂਆਤ ਗਾਇਤਰੀ ਮੰਤਰ ਤੇ ਧਾਰਮਿਕ ਸ਼ਬਦ ਨਾਲ ਕੀਤੀ ਗਈ।ਸਕੂਲ ਪ੍ਰਬੰਧਕਾਂ ਤੇ ਸਟਾਫ਼ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਸਮਾਗਮ ਦਾ ਉਦਘਾਟਨ ਕੀਤਾ ਗਿਆ।ਪ੍ਰੀ-ਨਰਸਰੀ ਤੋਂ ਬਾਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਸ੍ਰੀ ਰਾਮ ਚੰਦਰ ਦੇ ਜੀਵਨ ਨਾਲ ਸੰਬੰਧਤ ਝਾਕੀਆਂ, ਗੀਤ, ਕਵਿਤਾਵਾਂ, ਭਜਨ ਤੇ ਭਾਸ਼ਣ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ।ਸਮਾਗਮ ਦੌਰਾਨ ਚਾਰ ਹਾਊਸਾਂ ਵਿਚਕਾਰ ਰੰਗੋਲੀ ਤੇ ਵਾਲੀਬਾਲ ਮੁਕਾਬਲੇ ਵੀ ਕਰਵਾਏ ਗਏ। ਰੰਗੋਲੀ ਮੁਕਾਬਲਿਆਂ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਨੇ ਪਹਿਲਾ ਤੇ ਸਾਹਿਬਜ਼ਾਦਾ ਫਤਿਹ ਸਿੰਘ ਹਾਊਸ ਨੇ ਦੂਜਾ ਸਥਾਨ ਹਾਸਲ ਕੀਤਾ। ਵਾਲੀਬਾਲ ਦੇ ਮੁਕਾਬਲਿਆਂ ਵਿੱਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਹਾਊਸ ਨੇ ਪਹਿਲਾ ਤੇ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਨੇ ਦੂਜਾ ਸਥਾਨ ਪ੍ਰਾਪਤ ਕੀਤਾ।




ਇਸ ਮੌਕੇ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਤੇ ਅਕਾਦਮਿਕ ਡਾਇਰੈਕਟਰ ਤੇਜਿੰਦਰ ਕੌਰ ਵਾਲੀਆ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਸ੍ਰੀ ਗੁਰੂ ਹਰਗੋਬਿੰਦ ਜੀ, ਵਿਸ਼ਵਕਰਮਾ ਦਿਵਸ ਤੇ ਭਾਈ ਦੂਜ ਬਾਰੇ ਜਾਣਕਾਰੀ ਦਿੱਤੀ।ਉਨ੍ਹਾਂ ਵਿਦਿਆਰਥੀਆਂ ਨੂੰ ਇਨ੍ਹਾਂ ਤਿਉਹਾਰਾਂ ਤੋਂ ਪ੍ਰੇਰਨਾ ਲੈਣ ਤੇ ਪ੍ਰਦੂਸ਼ਣ ਰਹਿਤ ਦਿਵਾਲੀ ਮਨਾਉਣ ਦਾ ਸੰਦੇਸ਼ ਦਿੱਤਾ।

## ਰਕਸ਼ਾ ਪਲੇਵੇ ਸਕੂਲ 'ਚ ਮਨਾਇਆ ਦੀਵਾਲੀ ਦਾ ਤਿਉਹਾਰ



**ਸੁਨਾਮ ਊਧਮ ਸਿੰਘ ਵਾਲਾ (ਅਸ਼ੋਕ ਬਾਂਸਲ, ਹਾਕਮ ਭੱਟੀ)**-ਰਕਸ਼ਾ ਪਲੇਵੇ ਸਕੂਲ ਵਿੱਚ ਦੀਵਿਆਂ ਦਾ ਤਿਉਹਾਰ ਦੀਵਾਲੀ ਬੜੇ ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ।ਸਕੂਲ ਦੇ ਪ੍ਰਾਂਗਣ ਨੂੰ ਰੰਗ-ਬਿਰੰਗੀਆਂ ਝਾਲਰਾਂ, ਦੀਵਿਆਂ, ਫੁੱਲਾਂ ਤੇ ਸੁੰਦਰ ਰੰਗੋਲੀ ਨਾਲ ਸਜਾਇਆ ਗਿਆ ਸੀ।ਬੱਚਿਆਂ ਨੇ ਮਿਲ ਕੇ ਬਹੁਤ ਹੀ ਸੁੰਦਰ ਰੰਗੋਲੀਆਂ ਤਿਆਰ ਕੀਤੀਆਂ, ਜਿਨ੍ਹਾਂ ਵਿੱਚ ਦੀਵਿਆਂ ਤੇ ਹੋਰ ਚਿੱਤਰਾਂ ਦੀ ਖੂਬਸੂਰਤ ਝਲਕ ਨਜ਼ਰ ਆ ਰਹੀ ਸੀ।ਇਸ ਮੌਕੇ ਕਿੰਡਰਗਾਰਟਨ ਵਿੰਗ ਦੇ ਨਿੱਕੇ ਮੁੰਨੇ ਬੱਚਿਆਂ ਨੇ ਰੰਗ-ਬਰੰਗੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ, ਜਿਨ੍ਹਾਂ ਵਿੱਚ ਦੇਸ਼ਭਗਤੀ ਗੀਤ ਤੇ ਦੀਵਾਲੀ 'ਤੇ ਆਧਾਰਤ ਨਾਟਕ ਸ਼ਾਮਲ ਸਨ।ਪ੍ਰੋਗਰਾਮ ਦੀ ਸ਼ੁਰੂਆਤ ਸਰਸਵਤੀ ਵੰਦਨਾ ਨਾਲ ਕੀਤੀ ਗਈ, ਜਿਸ ਤੋਂ ਬਾਅਦ ਬੱਚਿਆਂ ਨੇ ਇੱਕ ਤੋਂ ਵਧ ਕੇ ਇੱਕ ਸੁਹਣੀਆਂ ਪੇਸ਼ਕਾਰੀਆਂ ਦੇ ਕੇ ਸਭ ਦਾ ਦਿਲ ਜਿੱਤ ਲਿਆ।ਸਕੂਲ ਦੀ ਪ੍ਰਿੰਸੀਪਲ ਸਵਾਤੀ ਕਾਲੜਾ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਦੀਵਾਲੀ ਦਾ ਤਿਉਹਾਰ ਸਾਨੂੰ ਹਨੇਰੇ ਤੋਂ ਰੌਸ਼ਨੀ ਵੱਲ ਵਧਣ, ਬੁਰਾਈ 'ਤੇ ਚੰਗਿਆਈ ਦੀ ਜਿੱਤ ਤੇ ਸੱਚਾਈ ਦੇ ਰਸਤੇ 'ਤੇ ਤੁਰਨ ਦੀ ਪ੍ਰੇਰਣਾ ਦਿੰਦਾ ਹੈ।ਉਨ੍ਹਾਂ ਬੱਚਿਆਂ ਨੂੰ ਗ੍ਰੀਨ ਦੀਵਾਲੀ ਮਨਾਉਣ ਦਾ ਸੁਨੇਹਾ ਵੀ ਦਿੱਤਾ।ਇਸ ਮੌਕੇ ਕ੍ਰਿਸ਼ਨਾ ਸ਼ਰਮਾ, ਚਾਹਤ ਕੌਸ਼ਲ, ਪਰਨੀਤ ਕੌਰ ਸਮੇਤ ਸਾਰੇ ਅਧਿਆਪਕ ਮੌਜੂਦ ਸਨ।ਸਾਰੇ ਅਧਿਆਪਕਾਂ ਤੇ ਬੱਚਿਆਂ ਨੇ ਮਿਲ ਕੇ ਦੀਵੇ ਜਲਾਏ, ਰੰਗੋਲੀ ਮੁਕਾਬਲੇ ਦਾ ਆਨੰਦ ਲਿਆ ਅਤੇ ਇਕ-ਦੂਜੇ ਨੂੰ ਮਿਠਾਈਆਂ ਵੰਡ ਕੇ ਦੀਵਾਲੀ ਦੀਆਂ ਵਧਾਈਆਂ ਦਿੱਤੀਆਂ।ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਸਵਾਤੀ ਕਾਲੜਾ ਨੇ ਸਭ ਦਾ ਧੰਨਵਾਦ ਕੀਤਾ ਤੇ ਬੱਚਿਆਂ ਦੇ ਚਮਕਦਾਰ ਭਵਿੱਖ ਦੀ ਕਾਮਨਾ ਕੀਤੀ।

## ਝਾੜ ਸਾਹਿਬ ਕਾਲਜ 'ਚ ਗਰੀਨ ਦੀਵਾਲੀ ਮਨਾਈ

**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਲੜਕੀਆਂ ਦੀ ਉੱਚ ਸਿੱਖਿਆ ਲਈ ਇਲਾਕੇ ਦੀ ਇੱਕੋ ਇੱਕ ਸਿਰਮੌਰ ਸਿੱਖਿਆ ਸੰਸਥਾ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫਾਰ ਵਿਮੈਨ ਝਾੜ ਸਹਿਬ ਵਿਖੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਡਾ. ਸੁਨੀਤਾ ਕੌਸ਼ਲ ਇੰਚਾਰਜ ਸੋਸ਼ਲ ਸੈਲਫ ਹੈਲਪ ਗਰੁੱਪ, ਡਾ. ਰਣਜੀਤ ਕੌਰ ਮੁੱਖੀ ਹੋਮ ਸਾਇੰਸ ਵਿਭਾਗ, ਡਾ. ਮਹੀਪਿੰਦਰ ਕੌਰ ਮੁੱਖੀ ਪੰਜਾਬੀ ਵਿਭਾਗ ਤੇ ਇੰਚਾਰਜ ਪੰਜਾਬੀ ਸਾਹਿਤ ਸਭਾ, ਜਸਵੀਰ ਕੌਰ ਇੰਚਾਰਜ ਐੱਨ ਐੱਸ ਐੱਸ ਯੂਨਿਟ, ਮਿਸ ਆਰਤੀ ਮੁਖੀ ਕਾਮਰਸ ਵਿਭਾਗ ਦੀ ਅਗਵਾਈ ਹੇਠ ਕਾਲਜ ਵਿਦਿਆਰਥਣਾਂ ਵੱਲੋਂ ਪਲਾਸਟਿਕ ਫਰੀ ਗ੍ਰੀਨ ਦੀਵਾਲੀ ਮਨਾਈ ਗਈ।ਵਿਦਿਆਰਥਣਾਂ ਨੇ ਗ੍ਰੀਨ ਦੀਵਾਲੀ ਮਨਾਉਣ ਦੇ ਸੰਕਲਪ ਨੂੰ ਲਾਗੂ ਕਰਕੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦਾ ਪ੍ਰਣ ਲਿਆ।ਪੰਜਾਬੀ ਵਿਭਾਗ ਦੀਆਂ ਵਿਦਿਆਰਥਣਾਂ ਵੱਲੋਂ ਫੁੱਲਾਂ ਦੇ ਮੌਸਮੀ ਪੌਦੇ ਲਗਾਏ ਗਏ।ਐੱਨ ਐੱਸ ਐੱਸ ਤੇ ਸੈਲਫ ਹੈਲਪ ਗਰੁੱਪ ਦੀਆਂ ਵਿਦਿਆਰਥਣਾਂ ਵੱਲੋਂ ਮਿੱਟੀ ਦੇ ਦੀਵੇ, ਵਸਤਰ, ਤੇਲ, ਬੱਤੀਆਂ ਆਦਿ ਸਾਮਾਨ ਲੋੜਵੰਦਾਂ ਨੂੰ ਵੰਡਿਆ ਗਿਆ।ਹੋਮ ਸਾਇੰਸ ਵਿਭਾਗ ਵੱਲੋਂ ਹੱਥੀ ਬਣਾਈਆਂ ਮਿਠਾਈਆਂ, ਕੇਕ, ਪੱਖੀਆਂ, ਰੰਗ-ਬਰੰਗੇ ਦੀਵੇ ਤੇ ਕਾਮਰਸ ਵਿਭਾਗ ਨੇ ਪਲਾਸਟਿਕ ਫਰੀ ਸਜਾਵਟੀ ਸਾਮਾਨ ਦੀ ਪ੍ਰਦਰਸ਼ਨੀ ਲਗਾਈ ਗਈ।ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਮੂਹ ਸਟਾਫ ਤੇ ਵਿਦਿਆਰਥਣਾਂ ਨੂੰ ਦੀਵਾਲੀ ਮੌਕੇ ਇਸ ਉਸਾਰੂ ਉਪਰਾਲੇ ਦੀ ਵਧਾਈ ਦਿੱਤੀ।ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਬੰਦੀ ਛੋੜ ਦਿਵਸ ਦੇ ਰੂਪ ਵਿੱਚ ਵੀ ਮਨਾਇਆ ਜਾਂਦਾ ਹੈ।ਗੁਰਮਤਿ ਦੀ ਜੀਵਨ ਜੁਗਤ ਵਿੱਚ ਮਨੁੱਖ ਨੂੰ ਸਮੁੱਚੇ ਰੂਪ ਵਿੱਚ ਇਹ ਸੇਧ ਦਿੱਤੀ ਗਈ ਹੈ ਕਿ ਸਾਨੂੰ ਕੋਈ ਵੀ ਉਤਸਵ ਇਸ ਤਰ੍ਹਾਂ ਨਹੀਂ ਮਨਾਉਣਾ ਚਾਹੀਦਾ, ਜਿਸ ਨਾਲ ਮਨੁਖੀ ਜੀਵਨ ਪ੍ਰਭਾਵਿਤ ਹੋਵੇ।ਇਸ ਲਈ ਵਾਤਾਵਰਨ ਵਿੱਚਲੇ ਪ੍ਰਦੂਸ਼ਣ ਨੂੰ ਦੂਰ ਕਰਨ ਲਈ ਕਾਲਜ ਵਿਦਿਆਰਥਣਾਂ ਵੱਲੋਂ ਪਲਾਸਟਿਕ ਫ੍ਰੀ ਗ੍ਰੀਨ ਦੀਵਾਲੀ ਮਨਾ ਕੇ ਆਪਣਾ ਯੋਗਦਾਨ ਪਾਇਆ ਗਿਆ ਹੈ।ਇਸ ਮੌਕੇ ਮਿਸ ਸਿਮਰਨਪ੍ਰੀਤ ਕੌਰ ਤੇ ਹੋਰ ਕਾਲਜ ਸਟਾਫ ਮੈਂਬਰ ਹਾਜ਼ਰ ਸਨ।



## ਮਹਾਂਕਾਲ ਸਵਰਗ ਧਾਮ ਸੇਵਾ ਸੋਸਾਇਟੀ ਨੇ ਗ੍ਰੀਨ ਦੀਵਾਲੀ ਮਨਾਉਣ ਦਾ ਸਨੇਹਾ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਮਹਾਂਕਾਲ ਸਵਰਗ ਧਾਮ ਸੇਵਾ ਸੋਸਾਇਟੀ ਫਰੀਦਕੋਟ ਨੇ ਸ਼ਨੀਵਾਰ ਤੜਕਸਾਰ ਇੱਕ ਮਿਸਾਲੀ ਪਹਿਲਕਦਮੀ ਕਰਦਿਆਂ ਲੋਕਾਂ ਨੂੰ 'ਗ੍ਰੀਨ ਦੀਵਾਲੀ' ਮਨਾਉਣ ਦਾ ਸੁਨੇਹਾ ਦਿੱਤਾ।ਪ੍ਰਧਾਨ ਡਾਕਟਰ ਬਲਜੀਤ ਸ਼ਰਮਾ ਗੋਲੇਵਾਲਾ ਤੇ ਚੇਅਰਮੈਨ ਅਸ਼ੋਕ ਭਟਨਾਗਰ ਦੀ ਅਗਵਾਈ ਹੇਠ ਸੋਸਾਇਟੀ ਮੈਂਬਰਾਂ ਨੇ ਸਥਾਨਕ ਕਿਲ੍ਹਾ ਮੁਬਾਰਕ ਚੌਂਕ ਵਿਖੇ ਰਾਹਗੀਰਾਂ ਨੂੰ ਮਿੱਟੀ ਦੇ ਦੀਵੇ, ਸਰ੍ਹੋਂ ਦਾ ਤੇਲ ਤੇ ਹੋਰ ਵਰਤੋਂ ਯੋਗ ਸਮੱਗਰੀ ਦੇ ਪੈਕਟ ਵੰਡੇ।ਸੀਨੀਅਰ ਮੀਤ ਪ੍ਰਧਾਨ ਹਰਜਿੰਦਰ ਸਿੰਘ (ਰਿਟਾਇਰਡ ਡੀ.ਐੱਸ.ਪੀ.) ਤੇ ਜਨਰਲ ਸਕੱਤਰ ਪ੍ਰਿੰਸੀਪਲ ਪਰਮਿੰਦਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੀਵਾਲੀ ਤੇ ਬੰਦੀ ਛੋੜ ਦਿਵਸ ਸਾਰੇ ਧਰਮਾਂ ਦਾ ਸਾਂਝਾ ਤਿਉਹਾਰ ਹੈ।ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਸ ਨੂੰ ਪਟਾਕਿਆਂ ਜਾਂ ਮਨਸੂਈ ਲੜੀਆਂ ਦੀ ਬਜਾਏ ਵਾਤਾਵਰਨ ਨੂੰ ਸ਼ੁੱਧ ਰੱਖਣ ਹਿੱਤ ਪੌਦੇ ਲਗਾ ਕੇ ਤੇ ਮਿੱਟੀ ਦੇ ਦੀਵੇ ਬਾਲ ਕੇ ਰੌਸ਼ਨੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।ਉਨ੍ਹਾਂ ਕਿਹਾ ਕਿ ਅਜਿਹਾ ਕਰਨ ਨਾਲ ਸ਼ੋਰ ਤੇ ਧੂੰਏਂ ਤੋਂ ਹੋਣ ਵਾਲੇ ਪ੍ਰਦੂਸ਼ਣ ਤੋਂ ਬਚਾਅ ਹੋਵੇਗਾ ਤੇ ਸਾਡਾ ਵਾਤਾਵਰਣ ਨੂੰ ਸ਼ੁੱਧ ਰੱਖਣ ਵਿੱਚ ਵਡਮੁੱਲਾ ਯੋਗਦਾਨ ਪਵੇਗਾ।ਇਸ ਮੌਕੇ ਮੀਤ ਪ੍ਰਧਾਨ ਗੁਰਮੀਤ ਸਿੰਘ ਬੱਗੂ ਤੇ ਪ੍ਰੈੱਸ ਸਕੱਤਰ ਇੰਦਰਜੀਤ ਸਿੰਘ ਬਰਾੜ ਨੇ ਹੋਰਨਾਂ ਮੈਂਬਰਾਂ ਜੁਆਇੰਟ ਸਕੱਤਰ ਗੁਰਮੀਤ ਸਿੰਘ ਗਿੱਲ, ਖਜ਼ਾਨਚੀ ਪਰਮਜੀਤ ਸਿੰਘ ਪੰਮਾ, ਪੀ.ਆਰ.ਓ. ਡਾਕਟਰ ਪੁਰਸ਼ੋਤਮ ਗੁਪਤਾ, ਸਰਪ੍ਰਸਤ ਸੁਰਿੰਦਰ ਸਿੰਘ ਕੋਹਲੀ, ਕਰਮਜੀਤ ਸਿੰਘ ਕਾਕਾ ਤੇ ਪੰਡਿਤ ਗਗਨ ਮਿਸ਼ਰਾ ਨਾਲ ਮਿਲ ਕੇ ਸਮੂਹ ਸੰਗਤਾਂ ਨੂੰ ਦੀਵਾਲੀ ਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਉਨ੍ਹਾਂ ਨੇ 'ਪਵਨ ਗੁਰੂ, ਪਾਣੀ ਪਿਤਾ, ਮਾਤਾ ਧਰਤ ਮਹੱਤ' ਦੇ ਉਪਦੇਸ਼ ਅਨੁਸਾਰ ਆਪਣੇ ਜੀਵਨ ਨੂੰ ਢਾਲਣ ਦੀ ਸਿੱਖਿਆ ਦਿੱਤੀ, ਜੋ ਕਿ ਵਾਤਾਵਰਣ ਪ੍ਰਤੀ ਜਾਗਰੂਕਤਾ ਦਾ ਇੱਕ ਮਹੱਤਵਪੂਰਨ ਸੰਦੇਸ਼ ਹੈ।



# ਦੀਵਾਲੀ ਅਤੇ ਬੰਦੀ ਛੋੜ ਦਿਵਸ਼ ਮੌਕੇ ਬਰਨਾਲਾ ਵਿਸ਼ੇਸ਼ ਸਪਲੀਮੈਂਟ



















































# ਦੀਵਾਲੀ, ਬੰਦੀਛੋੜ ਅਤੇ ਵਿਸ਼ਵਕਰਮਾ ਦੇ ਪਵਿੱਤਰ ਦਿਹਾੜੇ 'ਤੇ ਨਵਾਂ ਜ਼ਮਾਨਾ ਪੱਤਰਕਾਰ ਓਮ ਪ੍ਰਕਾਸ਼ ਸ਼ੇਖੂ (ਮਲੋਟ) ਵੱਲੋਂ ਵਿਸ਼ੇਸ਼ ਸਪਲੀਮੈਂਟ

ਓਮ ਪ੍ਰਕਾਸ਼ ਸ਼ੇਖੂ ਮੋ: 99881-13888, 62841-55833

ਸ਼ਮਿੰਦਰਪਾਲ ਸਿੰਘ ਸਟਾਫ ਰਿਪੋਰਟਰ ਮੋ: 70090-13100


ਸਮੂਹ ਇਲਾਕਾ ਨਿਵਾਸੀਆਂ ਨੂੰ ਦੀਵਾਲੀ, ਬੰਦੀਛੋੜ ਦਿਵਸ, ਵਿਸ਼ਵਕਰਮਾ ਦਿਵਸ ਅਤੇ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

ਡਾ. ਬਲਜੀਤ ਕੌਰ
ਕੈਬਨਿਟ ਮੰਤਰੀ, ਪੰਜਾਬ
ਐਮ.ਐਲ.ਏ., ਹਲਕਾ ਮਲੋਟ

ਦੀ ਐਡਵਰਡਗੰਜ਼ ਪਬਲਿਕ ਵੈਲਫੇਅਰ ਐਸੋਸੀਏਸ਼ਨ, ਮਲੋਟ

ਸ਼੍ਰੀਮਤੀ ਸਾਰਿਕਾ ਗਰਗ
ਚੇਅਰਪਰਸਨ

ਗੁਰਚਰਨ ਦਾਸ ਗਰੋਵਰ
ਵਾਈਸ ਚੇਅਰਮੈਨ

ਵਿਜੈ ਮਿੱਡਾ
ਜੂ. ਵਾਈਸ ਪ੍ਰਧਾਨ

ਜੀਵਨਜੋਤ ਸਿੰਘ ਬੇਦੀ
ਡਾਇਰੈਕਟਰ

ਜਸਪਾਲ ਸਿੰਘ ਮੱਕੜ
ਡਾਇਰੈਕਟਰ

ਕਰਨ ਚਰਾਇਆ
ਡਾਇਰੈਕਟਰ

ਸੰਜੀਤ ਅਛੜੇਜਾ
ਡਾਇਰੈਕਟਰ

ਸਾਧੂ ਰਾਮ ਭਟੇਜਾ
ਡਾਇਰੈਕਟਰ

ਰਾਜੀਵ ਗਰੋਵਰ ਬੰਟੀ
ਡਾਇਰੈਕਟਰ

ਸੁਮਨ ਰਾਣੀ
ਡਾਇਰੈਕਟਰ

ਨਿਸ਼ੀਥ ਸ਼ਰਮਾ
ਸੈਕਟਰੀ



ਸਮੂਹ ਇਲਾਕਾ ਨਿਵਾਸੀਆਂ ਨੂੰ ਦੀਵਾਲੀ, ਬੰਦੀਛੋੜ ਦਿਵਸ, ਵਿਸ਼ਵਕਰਮਾ ਦਿਵਸ ਅਤੇ ਗੁਰਪੁਰਬ ਦੀਆਂ ਲੱਖ-ਲੱਖ ਵਧਾਈਆਂ

ਸ. ਗੁਰਮੀਤ ਸਿੰਘ ਖੁੱਡੀਆਂ
ਕੈਬਨਿਟ ਮੰਤਰੀ, ਪੰਜਾਬ

ਅਮੀਤ ਸਿੰਘ ਖੁੱਡੀਆਂ

ਪਰਮ ਭਾਗੂ
ਸਰਪੰਚ

ਗੁਰਮੀਤ ਗਿੰਘ ਲੋਹਾਰਾ
ਸਰਪੰਚ

ਜਸਵਿੰਦਰ ਸਿੰਘ
ਪੰਚਾਇਤ ਸੈਕਟਰੀ

ਹਰਮੰਦਰ ਸਿੰਘ (ਬਿੱਟੂ)
ਕੰਦੂ ਖੇੜਾ ਸਰਪੰਚ

ਦਰਸ਼ਨ ਸਿੰਘ ਸਰਪੰਚ
ਕਿੱਲਿਆਂ ਵਾਲੀ

ਦਿਲਬਾਗ ਸਿੰਘ ਸਰਪੰਚ
ਨਸ਼ਾ ਮੁਕਤੀ ਵਾਈ
ਕੋਆਰਡੀਨੇਟਰ ਲੰਬੀ

ਕੁਲਵਿੰਦਰ ਸਿੰਘ ਸਰਪੰਚ
ਫਤਿਹਪੁਰ ਮਨ੍ਹੀਆ

ਬੂਟਾ ਸਿੰਘ ਮੈਂਬਰ
ਪੰਨੀਵਾਲਾ ਫੱਤਾ

ਬਲਕਰਨ ਸਿੰਘ ਮੈਂਬਰ
ਪੰਨੀਵਾਲਾ ਫੱਤਾ

ਦਰਸ਼ਨ ਸਿੰਘ ਸਰਪੰਚ
ਥਰਾਜਵਾਲਾ

ਅਮ੍ਰਿਤਪਾਲ ਸਿੰਘ ਸਰਪੰਚ
ਡੱਬਵਾਲੀ ਢਾਬ

ਹਰਦੀਪ ਸਿੰਘ ਮੈਂਬਰ
ਪੰਨੀਵਾਲਾ ਫੱਤਾ

ਰਮਨਦੀਪ ਕੌਰ ਮੈਂਬਰ
ਪੰਨੀਵਾਲਾ ਫੱਤਾ

ਦੀਪ ਕੌਰ ਮੈਂਬਰ
ਪੰਨੀਵਾਲਾ ਫੱਤਾ



With you Happy Diwali

Parkash General Store

Wholesale General & Glossary Store



Mahipal Garg (Pala) 98724-72531

Karyana Bazar, Malout



ਸਮੂਹ ਇਲਾਕਾ ਨਿਵਾਸੀਆਂ ਨੂੰ ਦੀਵਾਲੀ, ਬੰਦੀਛੋੜ ਦਿਵਸ, ਵਿਸ਼ਵਕਰਮਾ ਦਿਵਸ ਅਤੇ ਗੁਰਪੂਰਬ ਦੀਆਂ ਲੱਖ-ਲੱਖ ਵਧਾਈਆਂ

(ਪੀ.ਏ. ਗੁਰਮੀਤ ਸਿੰਘ ਖੁੱਡੀਆਂ ਮੰਤਰੀ)

(ਪੀ.ਏ. ਡਾ. ਬਲਜੀਤ ਕੌਰ ਮੰਤਰੀ)

ਗੁਰਬਾਜ਼ ਸਿੰਘ ਖੁੱਡੀਆਂ

ਟੋਨੀ ਭੱਟੀ

ਅਰਸ਼ ਬਰਾੜ


# ਜਗਰਾਉਂ ਤੋਂ ਅਮਿਤ ਖੰਨਾ ਵਲੋਂ ਦੀਵਾਲੀ ਦੇ ਤਿਉਹਾਰ ਤੇ ਵਿਸ਼ੇਸ਼ ਸਪਲੀਮੈਂਟ




LAJPAT RAI DAV COLLEGE
Jagraon-142026 (Distt. Ludhiana)
NAAC ACCREDITED
Managed by DAV College Managing Committee, New Delhi
Affiliated to Panjab University Chandigarh
www.lrdavjagraon.com | info@lrdavjagraon.com
lrdavcollege@yahoo.com

- The Oldest Co-educational Institute in the Region.
- Doctorate and Net Qualified Staff.
- Well Equipped State of the Art Science & Computer Labs
- Girls Hostel
- Well Stocked Library with INFLIBNET Facility.
- Gymnasium
- Ac Seminar Hall
- Smart Class Rooms
- NCC Unit for Boys
- NSS Units for Boys and Girls
- Indoor Sports Complex

UG AND PG COURSES
- B.A - Pass Course
- B.Com (Pass Course)
- B.C.A. (Pass Course)
- B.B.A. (Pass Course)
- B.Sc (Non Medical) Pass Course
- B.Sc (Computer Science) Pass Course
- M.Com
- PGDCA

ADD-ON COURSES
- Computer Based Accounting
- Insurance Business
- Fashion Designing
- Cosmetology

CERTIFICATE COURSES
- IT Enabled Services

Admission Helpline: Sh. Jagdeep Singh 98158-25170, Sh. Mandeep Singh 94657-19428
GUIDANCE: Mrs. Mandeep Kaur (Astt. Prof.) 86999-01160
FEE ENQUIRY: Sh. Rakesh Pandey 98786-66155, Sh. Gulshan Kumar 62806-87303

Dr. Anuj Kumar Sharma
Principal



ADMISSION OPEN (2026-27)

SINCE 2005

ENROLL NOW

BLOSSOMS CONVENT SCHOOL

READY TO SHAPE A BRIGHT FUTURE?

Our school is now accepting applications for the upcoming academic year!

- Modern Facilities
- Quality Education
- Experienced Teachers
- Supportive Learning Environment

100% RESULTS

APPLY NOW

Registration Open
PLAY WAY - IX & XI
(ALL STREAMS)

Location:
Leelan Megh Singh (Sidhwan Bet Road), JAGRAON

bcschairman@gmail.com  www.blossomsconventschool.org
8533900077  01624-281050,80



ROOP VATIKA, JAGRAON
(A SEN. SEC. SCHOOL)
AFFILIATED TO CBSE, NEW DELHI

मैनेजमेंट, प्रिंसिपल & स्टाफ की तरफ से महावीर स्वामी जी के निर्वाण दिवस और दीपावली की हार्दिक शुभकामनाये

WISHING YOU AND YOUR FAMILY A VERY HAPPY AND PROSPEROUS DIWALI

OUR FEATURES
- CCTV Cameras in every class & around
- Robotics, ICT and Language lab
- Food Warmer Hot Cases
- Digital Classes.
- Councelling, career guidance & global exchange
- Electricity Backup.
- Modern ICT Lab & Infirmary
- RO Water with Chiller System in Summers
- Newspapers to enhance Reading Habits
- Workshop & Personality Development Classes.
- Inter House Activities. Educational & Recreational Visits
- Internet Facilities
- Fully AC Toy Room with modern Equipments & Classrooms
- Safe, student-focused learning with expert faculty
- Sports excellence at district and national levels
- Advanced Laboratories & best Sports Facilities
- Comprehensive Library with Extensive Learning Resources
- Wellness programs for Physical & Mental Well being
- NEP Based Curriculum

FROM: SCHOOL MANAGEMENT, PRINCIPAL, TEACHERS AND STUDENTS
DISPOSAL ROAD NEAR SHANI MANDIR, JAGRAON, CONTACT(01624-220571)



ਐੱਮ. ਐੱਲ. ਡੀ. ਸੀਨੀ. ਸੈਕੰ. ਸਕੂਲ,
ਤਲਵੰਡੀ ਕਲਾਂ (ਲੁਧਿਆਣਾ) ਸੀ.ਬੀ.ਐੱਸ.ਈ. (ਨਵੀਂ ਦਿੱਲੀ) ਤੋਂ ਮਾਨਤਾ ਪ੍ਰਾਪਤ
ਮੈਡੀਕਲ, ਨਾਨ-ਮੈਡੀਕਲ, ਕਾਮਰਸ ਅਤੇ ਹਿਊਮੈਨਟੀਜ਼ ਗਰੁੱਪ

ਐੱਮ. ਐੱਲ. ਡੀ. ਸੀਨੀ: ਸੈਕੰ: ਸਕੂਲ, ਤਲਵੰਡੀ ਕਲਾਂ (ਲੁਧਿਆਣਾ) ਨੇ ਮੱਧ ਵਰਗ ਦੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਅਤੇ ਸੁਪਨੇ ਸਕਾਰ ਕਰਨ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾਇਆ ਹੈ। ਸਕੂਲ ਤੋਂ ਪੜ੍ਹੇ ਵਿਦਿਆਰਥੀਆਂ ਨੇ ਕੇਵਲ ਦੇਸ਼ ਵਿੱਚ ਹੀ ਚੰਗੇ ਮੁਕਾਮ/ ਅਹੁਦੇ ਹਾਸਿਲ ਨਹੀਂ ਕੀਤੇ ਬਲਕਿ ਵਿਦੇਸ਼ਾਂ ਵਿੱਚ ਵੀ ਆਪਣੀ ਕਾਮਯਾਬੀ ਦੇ ਝੰਡੇ ਗੱਡੇ ਹਨ। ਸਕੂਲ ਹਮੇਸ਼ਾ ਮਿਹਨਤ, ਪੰਜਾਬ, ਪੰਜਾਬੀ, ਪੰਜਾਬੀਅਤ ਅਤੇ ਪੰਜਾਬੀ ਸੱਭਿਆਚਾਰ ਤੇ ਸੰਸਕਾਰਾਂ ਦੀ ਸੇਵਾ ਦਾ ਹਾਮੀ ਰਿਹਾ ਹੈ।

ਤਹਿਸੀਲ ਟੌਪਰ ਤੇਜਵੀਰ ਕੌਰ ਗੁੜੇ
+2 ਕਾਮਰਸ ਵਿੱਚੋਂ 98.2%

ਪੰਜਾਬੀ ਹੋਣ ਦਾ ਫਰਜ਼ ਨਿਭਾਓ, ਬੱਚੇ ਪੰਜਾਬ ਮੂਲ ਦੇ ਮੱਧ ਵਰਗੀ ਸਕੂਲਾਂ ਵਿੱਚ ਦਾਖਲ ਕਰਵਾਉ।
ਪ੍ਰਿੰਸੀਪਲ ਬਲਦੇਵ ਬਾਵਾ (98140-23183)


ਅਸੀਂ ਉਨ੍ਹਾਂ ਪਾਠਕਾਂ ਦਾ ਧੰਨਵਾਦ ਕਰਦਿਆਂ ਜਿਨ੍ਹਾਂ ਨੇ ਸਾਨੂੰ ਦੀਵਾਲੀ ਦਾ ਸਪਲੀਮੈਂਟ ਕੱਢਣ ਲਈ ਵਿਸ਼ੇਸ਼ ਸਹਿਯੋਗ ਦਿੱਤਾ ਸਾਨੂੰ ਆਸ ਹੈ ਕਿ ਅੱਗੇ ਤੋਂ ਵੀ ਸਹਿਯੋਗ ਮਿਲਦਾ ਰਹੇਗਾ

ਪੱਤਰਕਾਰ (ਅਮਿਤ ਖੰਨਾ) ਨਵਾਂ ਜਮਾਨਾ ਜਗਰਾਉਂ।
ਮੋ: 99140-20819 (ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।)


ਦੀਵਾਲੀ, ਬੰਦੀ ਛੋੜ ਦਿਵਸ ਤੇ ਵਧਾਈਆਂ

ਜੀਵਨਜੋਤ ਨਰਸਿੰਗ ਇੰਸਟੀਚਿਊਟ
ਏਕ ਜੋਤ ਨਰਸਿੰਗ ਇੰਸਟੀਚਿਊਟ
ਨਰਸਿੰਗ ਦਾਖਲਾ ਸ਼ੁਰੂ, ਕੁੱਲ ਸੀਟਾਂ ਅਤੇ ਬੱਸ ਸਰਵਿਸ ਉਪਲੱਬਧ
ਪੰਜਾਬ ਸਰਕਾਰ, ਪੀ.ਐਨ.ਆਰ.ਸੀ. ਆਈ.ਐਨ.ਸੀ ਤੋਂ ਮਾਨਤਾ ਪ੍ਰਾਪਤ

ਬੀ.ਐਸ.ਸੀ ਨਰਸਿੰਗ (4 ਸਾਲ) +2 ਮੈਡੀਕਲ
ਜੀ.ਐਨ.ਐਮ (3 ਸਾਲ) ਏ.ਐਨ.ਐਮ (2 ਸਾਲ) +2 ਤੇ ਬਾਅਦ (ਹੋਰ ਵਿਸ਼ੇ)

M: 97810-90777
M: 70095-90587
Ph: 01624-257577

ਡਾ: ਪਰਮਿੰਦਰ ਸਿੰਘ ਚੇਅਰਮੈਨ

ਸਿੱਧਵਾਂ ਬੇਟ ਰੋਡ, ਸਵੱਦੀ ਖ਼ੁਰਦ, ਜਗਰਾਉਂ



ਦਰਸ਼ਨ ਸਿੰਘ ਅਰੋੜਾ-
ਹਰਜੀਤ ਸਿੰਘ (ਸੋਨੂੰ) ਅਰੋੜਾ

ਦਰਸ਼ਨ ਸਿੰਘ ਅਰੋੜਾ 98151-22165

ਹਰਜੀਤ ਸਿੰਘ (ਸੋਨੂੰ) ਅਰੋੜਾ 98881-66084, 98788-26917

ਪ੍ਰਾਪਰਟੀ ਸਲਾਹਾਕਾਰ

ਜਗਰਾਉਂ ਅਤੇ ਲੁਧਿਆਣੇ ਵਿੱਚ ਹਰ ਤਰ੍ਹਾਂ ਦੀ ਜਮੀਨ, ਜਾਇਦਾਦ, ਪਲਾਟ, ਕੋਠੀ, ਮਕਾਨ, ਦੁਕਾਨ ਅਤੇ ਫਲੈਟ ਆਦਿ ਖਰੀਦਣ ਤੇ ਵੇਚਣ ਲਈ ਮਿਲੋ।

ਨੋਟ : ਸਿਰਫ ਕਮੀਸ਼ਨ ਤੇ ਕੰਮ ਕੀਤਾ ਜਾਂਦਾ ਹੈ।

ਪਤਾ:- ਕਪੂਰ ਇਨਕਲੇਵ, ਸੈਂਟਰ ਸਿਟੀ ਜਗਰਾਉਂ।


## ਸੰਦੇਸ਼

ਸਾਲ ਭਰ ਵਿਚ ਇਕ ਦੇ ਬਾਅਦ ਇਕ ਤਿਉਹਾਰ ਆਪਣਾ ਅਮਰ ਸੰਦੇਸ਼ ਸੁਣਾਉਣ ਅਤੇ ਜਨਸਾਧਾਰਣ ਵਿਚ ਨਵਾਂ ਉਤਸ਼ਾਹ ਅਤੇ ਪ੍ਰੇਰਣਾ ਦੇਣ ਆਉਂਦਾ ਹੈ।

ਸੁਭਾਸ਼ ਖੰਨਾ (ਖੰਨਾ ਸਟੂਡੀਓ ਜਗਰਾਉਂ) 98142-97424


ਰਾਹੁਲ ਗਾਂਧੀ

ਮੱਲਿਕਾਰਜੁਨ ਖੜਗੇ

ਡਾ. ਅਨਿਲ ਜੈਹਿੰਦ

ਅਮਰਿੰਦਰ ਸਿੰਘ

Happy Diwali
FESTIVAL OF LIGHT

ਸੰਦੀਪ ਕੁਮਾਰ ਟਿੰਕਾ

ਰਣਜੀਤ ਸਿੰਘ ਰਾਣਾ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ



मैनेजमेंट, प्रिंसिपल & स्टाफ की तरफ से महावीर स्वामी जी के निर्वाण दिवस और दीपावली की हार्दिक शुभकामनाये

SWAMI ROOP CHAND JAIN SR. SEC. PUBLIC SCHOOL, JAGRAON
(Affiliated to P.S.E.B. Mohali, Chandigarh)

ADMISSION OPEN FOR 2025-26

From Pre Nsy. to XII
(streams offered : Medical, Non-Medical, Humanities and Commerce).

- HI-TECH, Wi-Fi CAMPUS
- ABACUS & MENTAL MATHS
- ARTIFICIAL & INTELLIGENCE ROBOTICS LAB
- REASONING & APTITUDE
- NEP BASED CURRICULUM
- EXPERIENTIAL & ACTIVITY BASED LEARNING
- FULLY SMART CLASS CAMPUS
- SELF DEVELOPMENT & SOCIAL SKILLS

Ramesh Kumar Jain, President
Dharampal Jain, Manager
Vijay Kumar Jain, Secretary
Ms. Rajpal Kaur, Principal

FOR ADMISSION ENQUIRIES CONTACT SCHOOL OFFICE
Contact us:- 84273-04487, 98147-00187, 01624-222535
Near Old Sabzi Mandi, JAGRAON (Ludhiana)



GHG ACADEMY JAGRAON

ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ ਆਪ ਸਭ ਨੂੰ ਲੱਖ-ਲੱਖ ਵਧਾਈਆਂ



Session 2026-27 Admission Open

PRE-NURSERY & NURSERY
FIRST COME, FIRST SERVE BOOK YOUR SEAT TODAY

NO ADMISSION FEE FOR FIRST 100 STUDENTS IN NURSERY

+91-98556-12227 | www.ghgacademyjagraon.com

# ਸਿਵਲ ਸੁਸਾਇਟੀ ਮੋਗਾ ਨੇ ਕੱਢੀ ਇਨਸਾਫ ਰੈਲੀ

## ਸੋਨਮ ਵਾਂਗਚੁਕ ਨੂੰ ਬਿਨਾਂ ਸ਼ਰਤ ਰਿਹਾਅ ਕਰਨ ਦੀ ਮੰਗ




ਮੋਗਾ (ਇਕਬਾਲ ਸਿੰਘ ਖਹਿਰਾ)

ਪ੍ਰਸਿੱਧ ਵਿਗਿਆਨੀ, ਵਾਤਾਵਰਣ ਕਾਰਕੁਨ, ਸਮਾਜ ਸੁਧਾਰਕ ਤੇ ਆਪਣੇ ਖਿੱਤੇ ਦੇ ਹਿੱਤਾਂ ਪ੍ਰਤੀ ਫਿਕਰਮੰਦ ਸੋਨਮ ਵਾਂਗਚੁਕ 'ਤੇ ਐੱਨ ਐੱਸ ਏ ਲਗਾ ਕੇ ਜੋਧਪੁਰ ਜੇਲ੍ਹ ਵਿੱਚ ਡੱਕਣ ਵਿਰੁੱਧ ਰੋਸ ਹੁਣ ਵਿਆਪਕ ਰੂਪ ਧਾਰਨ ਕਰਦਾ ਜਾ ਰਿਹਾ ਹੈ, ਜੋ ਕੇਂਦਰ ਸਰਕਾਰ ਲਈ ਸਿਰਦਰਦੀ ਬਣ ਸਕਦਾ ਹੈ।

ਇਸ ਸਬੰਧੀ ਅੱਜ ਸਿਵਲ ਸੁਸਾਇਟੀ ਮੋਗਾ ਵੱਲੋਂ ਇਨਸਾਫ ਪਸੰਦ ਜਥੇਬੰਦੀਆਂ ਦੇ ਸਹਿਯੋਗ ਨਾਲ ਸ਼ਹਿਰ ਵਿੱਚ ਇਨਸਾਫ ਰੈਲੀ ਕੱਢੀ ਗਈ ਤੇ ਸ਼ਹਿਰ ਦੇ ਵੱਖ ਵੱਖ ਚੌਂਕਾਂ ਵਿੱਚ ਖੜ੍ਹ ਕੇ ਲੋਕਾਂ ਨੂੰ ਇਸ ਪ੍ਰਤੀ ਲਾਮਬੰਦ ਕੀਤਾ।ਇਸ ਮੌਕੇ ਆਪਣੇ ਸੰਬੋਧਨ ਦੌਰਾਨ ਐਡਵਾਈਜ਼ਰੀ ਕਮੇਟੀ ਮੈਂਬਰ ਡਾ ਕੁਲਦੀਪ ਸਿੰਘ ਗਿੱਲ, ਅਜੇ ਗੋਰਾ ਸੂਦ, ਪ੍ਰਜੀਡੀਅਮ ਮੈਂਬਰ ਮਹਿੰਦਰ ਪਾਲ ਲੂੰਬਾ, ਅਮਰਜੀਤ ਸਿੰਘ ਜੱਸਲ, ਬਲਵਿੰਦਰ ਸਿੰਘ ਰੋਡੇ, ਮਨਿੰਦਰ ਸਿੰਘ ਬੇਦੀ ਤੇ ਮਲਵਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਜੋ ਇਨਸਾਨ ਦੇਸ਼ ਦੀ ਸ਼ਾਨ ਸਮਝਿਆ ਜਾਂਦਾ ਹੈ, ਉਸ 'ਤੇ ਐੱਨ ਐੱਸ ਏ ਲਗਾ ਜੇਲ੍ਹ ਵਿੱਚ ਸੁੱਟਣਾ ਕੇਂਦਰ ਸਰਕਾਰ ਦੀ ਬੁਖਲਾਹਟ ਦਾ ਨਤੀਜਾ ਹੈ।ਉਨ੍ਹਾਂ ਕਿਹਾ ਕਿ ਸੋਨਮ ਨੇ ਲੱਦਾਖ ਨੂੰ ਕੇਂਦਰ ਸਾਸ਼ਿਤ ਪ੍ਰਦੇਸ਼ ਬਣਾਉਣ ਦਾ ਸਵਾਗਤ ਕੀਤਾ ਸੀ, ਪਰ ਉਹ ਆਪਣੇ ਖਿੱਤੇ ਦੇ ਲੋਕਾਂ ਦੇ ਹੱਕਾਂ ਨੂੰ ਲੈ ਕੇ ਚਿੰਤਿਤ ਸਨ ਤੇ ਪੂਰਨ ਰਾਜ ਦੀ ਮੰਗ ਕਰਦੇ ਹੋਏ ਲੱਦਾਖ ਦੇ ਵਾਤਾਵਰਨ ਤੇ ਕੁਦਰਤ ਨੂੰ ਬਚਾਉਣ ਲਈ ਪਿਛਲੇ ਲੰਬੇ ਸਮੇਂ ਤੋਂ ਸ਼ਾਂਤਮਈ ਸੰਘਰਸ਼ ਕਰ ਰਹੇ ਸਨ, ਪਰ ਪਿਛਲੇ ਮਹੀਨੇ ਗੰਦੀ ਰਾਜਨੀਤੀ ਦੇ ਚਲਦਿਆਂ ਉਨ੍ਹਾਂ ਦੇ ਅੰਦੋਲਨ ਨੂੰ ਬਦਨਾਮ ਕਰਨ ਲਈ ਹਿੰਸਾ ਕਰਵਾਈ ਗਈ ਤੇ ਉਨ੍ਹਾਂ ਨੂੰ ਇਸ ਹਿੰਸਾ ਦਾ ਦੋਸ਼ੀ ਗਰਦਾਨਦਿਆਂ ਐੱਨ ਐੱਸ ਏ ਲਗਾ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ।ਉਨ੍ਹਾਂ ਕਿਹਾ ਕਿ ਇਸ ਨਾਲ ਜਿੱਥੇ ਦੁਨੀਆ ਭਰ ਵਿੱਚ ਕੇਂਦਰ ਸਰਕਾਰ ਦੀ ਛਵੀ ਖਰਾਬ ਹੋਈ ਹੈ, ਉੱਥੇ ਸੋਨਮ ਵਾਂਗਚੁਕ ਦੇ ਹੱਕ ਵਿੱਚ ਵੀ ਲਹਿਰ ਖੜੀ ਹੋਣੀ ਸ਼ੁਰੂ ਹੋ ਗਈ ਹੈ ਤੇ ਬਹੁਤ ਜਲਦ ਕੇਂਦਰ ਸਰਕਾਰ ਨੂੰ ਝੁਕਣ ਲਈ ਮਜਬੂਰ ਹੋਣਾ ਪਵੇਗਾ।ਉਨ੍ਹਾਂ ਆਮ ਲੋਕਾਂ ਨੂੰ ਸੋਨਮ ਵਾਂਗਚੁਕ ਬਾਰੇ ਜਾਣਕਾਰੀ ਹਾਸਲ ਕਰਨ ਤੇ ਉਨ੍ਹਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਉਕਤ ਤੋਂ ਇਲਾਵਾ ਜਨਰਲ ਸਕੱਤਰ ਪ੍ਰਿਤਪਾਲ ਸਿੰਘ ਗਿੱਲ, ਦਫਤਰ ਇੰਚਾਰਜ ਵੀ ਪੀ ਸੇਠੀ, ਦਫਤਰ ਸਕੱਤਰ ਸ਼ਿਵਸ਼ਰਨ ਸਿੰਘ, ਦਵਿੰਦਰ ਸਿੰਘ ਗਿੱਲ, ਸਾਥੀ ਵਿਜੇ ਕੁਮਾਰ, ਮਾ ਸੁਰਿੰਦਰ ਰਾਮ ਕੁੱਸਾ, ਕ੍ਰਿਸ਼ਨ ਪ੍ਰਤਾਪ, ਬੂਟਾ ਸਿੰਘ ਔਲਖ, ਗੁਰਪ੍ਰੀਤ ਸਿੰਘ ਮਾਨ, ਕੰਵਲਜੀਤ ਸਿੰਘ ਮਹੇਸਰੀ, ਤੇਜਾ ਸਿੰਘ ਬਰਾੜ, ਦਿਆਲ ਸਿੰਘ, ਪੱਤਰਕਾਰ ਗੁਰਜੰਟ ਸਿੰਘ, ਪ੍ਰਸ਼ੋਤਮ ਲਾਲ, ਕਿੱਕਰ ਸਿੰਘ, ਗੁਰਲਾਲ ਸਿੰਘ, ਗੁਰਸ਼ਰਨ ਸਿੰਘ ਡੀ ਟੀ ਐੱਫ ਮੋਗਾ, ਹਰਭਜਨ ਸਿੰਘ ਬਹੋਨਾ, ਕਾਮਰੇਡ ਪੋਹਲਾ ਸਿੰਘ, ਜਗਸੀਰ ਸਿੰਘ ਖੋਸਾ ਪ੍ਰਧਾਨ ਨਰੇਗਾ ਰੁਜ਼ਗਾਰ ਪ੍ਰਾਪਤ ਯੂਨੀਅਨ ਮੋਗਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਲੋਕ ਹਾਜ਼ਰ ਸਨ।

# ਹਲਕਾ ਫਿਰੋਜ਼ਪੁਰ ਦਿਹਾਤੀ 'ਚ ਕਾਂਗਰਸ ਪੂਰੀ ਤਰ੍ਹਾਂ ਇਕਜੁੱਟ : ਗੁਰਬਚਨ ਟਿੱਬਾ

## ਵਿਰੋਧੀਆਂ ਨੇ ਕਾਂਗਰਸ ਖਿਲਾਫ ਝੂਠੀਆਂ ਅਫਵਾਹਾਂ ਫੈਲਾ ਕੇ ਆਪਣੀ ਬੁਖਲਾਹਟ ਜ਼ਾਹਰ ਕੀਤੀ

ਮਮਦੋਟ (ਜਸਬੀਰ ਸਿੰਘ ਕੰਬੋਜ)-ਹਲਕਾ ਫਿਰੋਜ਼ਪੁਰ ਦਿਹਾਤੀ 'ਚ ਹਲਕਾ ਇੰਚਾਰਜ ਅਮਰਦੀਪ ਸਿੰਘ (ਆਸ਼ੂ ) ਬੰਗੜ ਦੀ ਯੋਗ ਅਗਵਾਈ ਵਿੱਚ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਇਕਜੁੱਟ ਹੈ ਤੇ ਵਿਰੋਧੀ ਪਾਰਟੀਆਂ ਵੱਲੋਂ ਫੈਲਾਈਆਂ ਜਾਂ ਰਹੀਆਂ ਅਫਵਾਹਾਂ ਬਿਲਕੁਲ ਬੇ-ਬੁਨਿਆਦ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਗੁਰਬਚਨ ਸਿੰਘ ਕਾਲਾ ਟਿੱਬਾ ਸਾਬਕਾ ਵਾਈਸ ਚੇਅਰਮੈਨ ਮਾਰਕੀਟ ਕਮੇਟੀ ਮਮਦੋਟ ਨੇ ਗੱਲਬਾਤ ਦੌਰਾਨ ਕੀਤਾ। ਉਨ੍ਹਾ ਕਿਹਾ ਕਿ ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਪਾਰਟੀ ਦੀ ਅਗਵਾਈ ਕਰ ਰਹੇ ਆਸ਼ੂ ਬੰਗੜ ਖਿਲਾਫ ਵਿਰੋਧੀਆਂ ਨੇ ਝੂਠੀਆਂ ਅਫਵਾਹਾਂ ਫੈਲਾਅ ਕੇ ਆਪਣੀ ਬੁਖਲਾਹਟ ਜੱਗ ਜ਼ਾਹਰ ਕੀਤੀ ਹੈ, ਜਦਕਿ ਉਨ੍ਹਾਂ ਦੀ ਅਗਵਾਈ ਵਿੱਚ ਹਲਕੇ ਦੀ ਸਮੁੱਚੀ ਟੀਮ ਇਕਜੁੱਟ ਹੈ, ਜਿਸ ਕਾਰਨ ਵਿਰੋਧੀ ਬੁਖਲਾਹਟ ਵਿੱਚ ਹਨ।

ਉਨ੍ਹਾਂ ਕਿਹਾ ਕਿ ਆਸ਼ੂ ਬੰਗੜ ਤੇ ਉਨ੍ਹਾਂ ਦੀ ਫਿਰੋਜ਼ਪੁਰ ਦਿਹਾਤੀ ਦੀ ਕਾਂਗਰਸ ਪਾਰਟੀ ਦੀ ਸਮੁੱਚੀ ਟੀਮ ਇਲਾਕੇ ਦੇ ਲੋਕਾਂ ਵਿੱਚ ਆਪਣੀ ਪ੍ਰੀਵਾਰਕ ਭਾਵਨਾ ਤੇ ਵਿਸ਼ਵਾਸ ਭਰੇ ਸਲੀਕੇ ਨਾਲ ਜਨਤਾ ਦੀ ਸੇਵਾ ਵਿੱਚ ਨਿਰੰਤਰ ਹਾਜ਼ਰ ਹੈ ਅਤੇ ਇਸ ਤੋਂ ਪਹਿਲੇ ਲੀਡਰਾਂ ਨਾਲੋਂ ਆਸ਼ੂ ਬੰਗੜ ਨੇ ਹਲਕਾ ਫਿਰੋਜ਼ਪੁਰ ਦਿਹਾਤੀ ਵਿੱਚ ਕਾਂਗਰਸ ਨੂੰ ਮਜ਼ਬੂਤ ਕਰਨ ਵਿੱਚ ਆਪਣੀ ਪੂਰੀ ਮਿਹਨਤ ਤੇ ਲਗਨ ਨਾਲ ਕੰਮ ਕੀਤਾ ਹੈ ਅਤੇ ਅੱਗੇ ਵੀ ਲਗਾਤਾਰ ਮਿਹਨਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀਆਂ ਦਾ ਕੰਮ ਹੈ ਝੂਠੀਆਂ ਅਫਵਾਹਾਂ ਫੈਲਾਉਣਾ ਤੇ ਲੋਕਾਂ ਨੂੰ ਗੁੰਮਰਾਹ ਕਰਨਾ ਹੈ। ਉਨ੍ਹਾਂ ਕਿਹਾ ਕਿ ਆਸ਼ੂ ਬੰਗੜ ਤੇ ਕਾਂਗਰਸ ਪਾਰਟੀ ਫਿਰੋਜ਼ਪੁਰ ਦਿਹਾਤੀ ਦੇ ਹਰੇਕ ਆਗੂ ਤੇ ਵਰਕਰ ਇਕਜੁੱਟਤਾ ਨਾਲ ਕੰਮ ਕਰ ਰਹੇ ਹਨ। ਉਨ੍ਹਾ ਹਲਕਾ ਫਿਰੋਜ਼ਪੁਰ ਦਿਹਾਤੀ ਦੀ ਜਨਤਾ ਨੂੰ ਅਪੀਲ ਕੀਤੀ ਹੈ ਕਿ ਵਿਰੋਧੀਆਂ ਵੱਲੋਂ ਫੈਲਾਏ ਜਾ ਰਹੇ ਕੂੜ ਪ੍ਰਚਾਰ ਵੱਲ ਬਹੁਤਾ ਧਿਆਨ ਦੇਣ ਦੀ ਲੋੜ ਨਹੀਂ, ਕਿਉਂਕਿ ਵਿਰੋਧੀਆਂ ਦਾ ਕੰਮ ਬਿਨਾਂ ਗੱਲੋਂ ਚਿੱਕੜ ਸੁੱਟਣਾ ਤੇ ਆਪਣੇ ਨਿੱਜੀ ਫਾਇਦੇ ਹਾਸਲ ਕਰਨਾ ਹੀ ਹੁੰਦਾ ਹੈ।ਇਸ ਮੌਕੇ ਹਰਪਾਲ ਸੋਢੀ ਤੇ ਗੁਰਭੇਜ ਖਾਰਾ ਵੀ ਉਨ੍ਹਾ ਨਾਲ ਸਨ।

# ਪੰਜਾਬ ਕੋ-ਐਜੂਕੇਸ਼ਨ ਸਕੂਲ 'ਚ ਗਰੀਨ ਦੀਵਾਲੀ ਤੇ ਬੰਦੀ ਛੋੜ ਦਿਵਸ ਮਨਾਇਆ



ਬਾਘਾ ਪੁਰਾਣਾ (ਮਨੀ ਸਿੰਗਲਾ)

ਬਾਘਾ ਪੁਰਾਣਾ ਇਲਾਕੇ ਨਾਮਵਰ ਵਿੱਦਿਅਕ ਸੰਸਥਾ ਪੰਜਾਬ ਕੋ ਐਜੂਕੇਸ਼ਨ ਸੀਨੀਅਰ ਸੈਕੰਡਰੀ ਸਕੂਲ ਜੋ ਸੰਸਥਾਪਕ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ ਦੀ ਰਹਿਨੁਮਾਈ ਵਿੱਚ ਵਿਦਿਆਰਥੀਆਂ ਦੇ ਵਿੱਦਿਅਕ, ਸਮਾਜਿਕ, ਸੱਭਿਆਚਾਰਕ ਤੇ ਨੈਤਿਕ ਵਿਕਾਸ ਲਈ ਵਚਨਬੱਧ ਹੈ, ਵਿਖੇ ਦੀਵਾਲੀ ਤੇ ਬੰਦੀ ਛੋੜ ਦਿਵਸ ਮਨਾਇਆ ਗਿਆ।ਇਸ ਸੰਬੰਧੀ ਵਿਦਿਆਰਥੀਆਂ ਨੂੰ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਤੇ ਇਤਿਹਾਸ ਨਾਲ ਸਬੰਧਤ ਬੰਦੀ ਛੋੜ ਦਿਵਸ ਬਾਰੇ ਜਾਗੂਰਕ ਕੀਤਾ ਗਿਆ।ਇਸ ਤਿਉਹਾਰ ਦੇ ਪਿਛੋਕੜ ਬਾਰੇ ਲੈਕਚਰਾਰ ਸ੍ਰ. ਹਰਜਿੰਦਰਪਾਲ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਵਧਾਈ ਦਿੱਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਸ਼ਬਦ 'ਦੀਵਾਲੀ ਦੀ ਰਾਤ ਦੀਵੇ ਬਾਲੀਅਨ' ਗਾਇਨ ਨਾਲ ਕੀਤੀ ਗਈ, ਸ਼੍ਰੀ ਰਾਮ ਚੰਦਰ ਜੀ ਦੇ ਅਯੁੱਧਿਆ ਵਾਪਸ ਆਉਣ ਦੀ ਖੁਸ਼ੀ ਵਿੱਚ ਰਾਮ ਆਏ ਹੈ ਗੀਤ, ਛੇਵੀਂ ਤੇ ਸੱਤਵੀਂ ਸ਼੍ਰੇਣੀ ਦੀਆਂ ਵਿਦਿਆਰਥਣਾ ਵੱਲੋਂ ਡਾਂਸ, ਮਹਿਵਸ਼ ਵੱਲੋਂ ਬੰਦੀਛੋੜ ਦਿਵਸ ਦਾ ਇਤਿਹਾਸ, ਅੱਠਵੀ ਤੇ ਨੌਵੀ ਸ਼੍ਰੇਣੀ ਦੀਆਂ ਵਿਦਿਆਰਥਣਾ ਵੱਲੋਂ ਪ੍ਰਦੂਸ਼ਣ ਰਹਿਤ ਅਤੇ ਗਰੀਨ ਦੀਵਾਲੀ ਮਨਾਉਣ ਸੰਬੰਧੀ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਬੰਦੀ ਛੋੜ ਦਿਵਸ ਦੀ ਮਹਾਨਤਾ ਤੇ ਇਤਿਹਾਸ ਸੰਬੰਧੀ ਜਾਣਕਾਰੀ ਨਾਲ ਸੰਬੰਧਤ ਸਪੀਚ, ਪੰਜਾਬੀ ਗੀਤ, ਹੇਜਲ ਹੈਮੀ ਤੇ ਜੈਸਮੀਨ ਵੱਲੋਂ ਅਤੇ ਅਭੀਜੋਤ ਤੇ ਸਿਮਰਨ ਵੱਲੋਂ ਬੰਦੀਛੋੜ ਦਿਵਸ 'ਤੇ ਕਵਿਤਾ ਪੇਸ਼ ਕੀਤੀ ਗਈ ਅਤੇ ਬਾਰਵੀਂ ਸ਼੍ਰੇਣੀ ਦੀਆਂ ਵਿਦਿਆਰਥਣਾਂ ਵੱਲੋਂ ਇਸ ਮੌਕੇ ਰੰਗੋਲੀ ਬਣਾਈ ਗਈ।ਇਸ ਮੌਕੇ ਨੰਨ੍ਹੇ ਮੁੰਨੇ ਬੱਚਿਆਂ ਵੱਲੋਂ ਸੁੰਦਰ ਝਾਕੀਆਂ ਪੇਸ਼ ਕੀਤੀਆਂ ਗਈਆਂ।ਪ੍ਰਾਇਮਰੀ ਵਿੰਗ ਦੇ ਵਿਦਿਆਰਥੀਆਂ ਵੱਲੋਂ ਰੰਗੋਲੀ ਕੰਪੀਟੀਸ਼ਨ, ਬੋਰਡ ਡੈਕੋਰੇਸ਼ਨ, ਹੈਗੀਂਗ, ਕਲਰਸ ਡੈਕੋਰੇਸ਼ਨ, ਦੀਯਾ ਹੋਲਡਰ, ਤੋਰਨ ਵਿਦ ਫਲਾਵਰਸ, ਟੇਕ ਅਵੇ ਹੈਗੀਂਗ, ਕੋਲਡ ਕੁਕਿੰਗ (ਸਵੀਟ ਡੀਸ਼ਜ਼) ਮੁਕਾਬਲੇ ਕਰਵਾਏ ਗਏ।ਇਸ ਮੌਕੇ ਪ੍ਰਿੰਸੀਪਲ ਤੇ ਡਾਇਰੈਕਟਰ ਸ਼੍ਰੀ ਸੰਦੀਪ ਮਹਿਤਾ ਨੇ ਵਿਦਿਆਰਥੀਆਂ ਨੂੰ ਦੀਵਾਲੀ ਤੇ ਬੰਦੀਛੋੜ ਦਿਵਸ ਦੀਆਂ ਵਧਾਈਆਂ ਦਿੰਦੇ ਹੋਏ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਬੱਚਿਆਂ ਨੂੰ ਸ਼ੋਰ ਰਹਿਤ ਤੇ ਸ਼ਾਂਤਮਈ ਢੰਗ ਨਾਲ ਦੀਵਾਲੀ ਮਨਾਉਣ ਦੀ ਪ੍ਰੇਰਣਾ ਦਿੱਤੀ। ਕੋਆਰਡੀਨੇਟਰ ਸ਼੍ਰੀ ਮੁਕੇਸ਼ ਅਰੋੜਾ ਨੇ ਵਿਦਿਆਰਥੀਆਂ ਨੂੰ ਦੀਵਾਲੀ ਮੌਕੇ ਪਟਾਕੇ ਤੇ ਮੋਬਾਈਲ ਦੀ ਵਰਤੋਂ ਘੱਟ ਕਰਕੇ ਆਪਣੇ ਮਾਤਾ-ਪਿਤਾ ਨਾਲ ਸਮਾਂ ਬਿਤਾਉਣ ਦੀ ਪ੍ਰੇਰਣਾ ਵੀ ਦਿੱਤੀ।

ਇਸ ਮੌਕੇ ਸੰਸਥਾ ਦੇ ਬਾਨੀ ਪ੍ਰਿੰਸੀਪਲ ਸ੍ਰ. ਗੁਰਦੇਵ ਸਿੰਘ, ਡਾਇਰੈਕਟਰ ਤੇ ਪ੍ਰਿੰਸੀਪਲ ਸੰਦੀਪ ਮਹਿਤਾ, ਪ੍ਰਿੰਸੀਪਲ ਮੈਡਮ ਪ੍ਰਮਿੰਦਰ ਕੌਰ, ਮੈਡਮ ਖੁਸ਼ਪ੍ਰੀਤ ਕੌਰ, ਕੋ-ਆਰਡੀਨੇਟਰ ਮੁਕੇਸ਼ ਅਰੋੜਾ, (ਮਿਡਲ) ਕੋਆਰਡੀਨੇਟਰ ਮੈਡਮ ਦੀਪੀਕਾ ਮਨਚੰਦਾ, (ਪ੍ਰਾਇਮਰੀ) ਕੋਆਰਡੀਨੇਟਰ ਮੈਡਮ ਰਿਚਾ ਤੇ ਸਮੂਹ ਸਟਾਫ ਹਾਜ਼ਰ ਸੀ।

## ਕਾਤਰਾਂ

### ਗੁਰਪੁਰਬ ਸੰਬੰਧੀ ਪ੍ਰਭਾਤ ਫੇਰੀਆਂ 23 ਤੋਂ

ਲੌਂਗੋਵਾਲ (ਪ੍ਰਦੀਪ ਸੱਪਲ)-ਸਥਾਨਕ ਗੁਰਦੁਆਰਾ ਸਾਹਿਬ ਯਾਦਗਾਰ ਦੁੱਲਟ ਪੱਤੀ ਤੇ ਸੰਗਤਾਂ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਦਿਹਾੜਾ ਮਨਾਉਣ ਦੀਆਂ ਤਿਆਰੀਆਂ ਪੂਰੇ ਜੋਰਾਂ 'ਤੇ ਚੱਲ ਰਹੀਆਂ ਹਨ।ਜਾਣਕਾਰੀ ਦਿੰਦਿਆਂ ਪ੍ਰਧਾਨ ਗੁਰਜੰਟ ਸਿੰਘ ਦੁੱਲਟ ਤੇ ਜਨਰਲ ਸਕੱਤਰ ਸੁਰਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਹਾੜੇ ਦੇ ਸਬੰਧ ਵਿੱਚ 23 ਅਕਤੂਬਰ ਤੋਂ ਪ੍ਰਭਾਤ ਫੇਰੀਆਂ ਆਰੰਭ ਕੀਤੀਆਂ ਜਾਣਗੀਆਂ।ਇਹ ਪ੍ਰਭਾਤ ਫੇਰੀਆਂ ਗੁਰਦੁਆਰਾ ਯਾਦਗਾਰ ਪੱਤੀ ਦੁੱਲਟ ਤੋਂ ਸਵੇਰੇ 4 ਵਜੇ ਆਰੰਭ ਹੋਇਆ ਕਰਨਗੀਆਂ।

### ਤਿਉਹਾਰਾਂ ਦੇ ਮੱਦੇਨਜ਼ਰ ਦੁਕਾਨਾਂ ਦੀ ਚੈਕਿੰਗ



ਮਾਛੀਵਾੜਾ ਸਾਹਿਬ (ਡ਼ਿੰਕੀ ਸ਼ਰਮਾ, ਜਗਦੀਸ਼ ਰਾਏ)-ਸਿਵਲ ਸਰਜਨ ਲੁਧਿਆਣਾ ਡਾ. ਰਮਨਦੀਪ ਕੌਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤੇ ਸੀਨੀਅਰ ਮੈਡੀਕਲ ਅਫ਼ਸਰ ਡਾ. ਜਸਦੇਵ ਸਿੰਘ ਦੀ ਅਗਵਾਈ ਹੇਠ ਸੀ.ਐੱਚ.ਸੀ. ਮਾਛੀਵਾੜਾ ਸਾਹਿਬ ਦੀ ਟੀਮ ਵੱਲੋਂ ਤਿਉਹਾਰਾਂ ਦੇ ਮੱਦੇਨਜ਼ਰ ਮਠਿਆਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ। ਐੱਸ.ਐੱਮ.ਓ. ਡਾ. ਜਸਦੇਵ ਸਿੰਘ ਨੇ ਦੱਸਿਆ ਕਿ ਡਾ. ਹਿਤੇਸ਼ ਦੀ ਅਗਵਾਈ ਵਾਲੀ ਟੀਮ ਨੇ ਮਠਿਆਈਆਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ ਤੇ ਦੁਕਾਨਦਾਰਾਂ ਨੂੰ ਹਦਾਇਤ ਕੀਤੀ ਕਿ ਮਿਆਰੀ ਅਤੇ ਸਾਫ਼-ਸਫ਼ਾਈ ਨਾਲ ਬਣਾਈਆਂ ਮਠਿਆਈਆਂ ਹੀ ਵੇਚੀਆਂ ਜਾਣ। ਇਸ ਮੌਕੇ ਪਰਮਵੀਰ ਸਿੰਘ ਤੇ ਸੁਖਬੀਰ ਸਿੰਘ ਹਾਜ਼ਰ ਸਨ।

### ਦਸਮੇਸ਼ ਮਿਸ਼ਨ ਦਾ ਪ੍ਰਾਇਮਰੀ ਸਕੂਲ ਖੇਡਾਂ 'ਚ ਸ਼ਾਨਦਾਰ ਪ੍ਰਦਰਸ਼ਨ

ਕੋਟਕਪੂਰਾ (ਰਛਪਾਲ ਭੁੱਲਰ)-ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌਂ ਵਿਖੇ ਹੋਈਆਂ ਪ੍ਰਾਇਮਰੀ ਖੇਡਾਂ ਵਿੱਚ ਦਸਮੇਸ਼ ਮਿਸ਼ਨ ਸਕੂਲ ਦੇ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ, ਜਿਸ ਵਿੱਚ ਲੜਕਿਆਂ ਵਿੱਚ ਸਰਕਲ ਕਬੱਡੀ ਵਿੱਚ ਪਹਿਲਾ ਸਥਾਨ, ਖੋ-ਖੋ ਵਿੱਚ ਦੂਜਾ ਸਥਾਨ, ਨੈਸ਼ਨਲ ਸਟਾਈਲ ਕਬੱਡੀ ਵਿੱਚ ਦੂਜਾ ਸਥਾਨ, ਅਜ਼ਿਜ਼ਤ ਸਿੰਘ ਵੱਲੋਂ 400 ਮੀਟਰ ਰੇਸ ਤੇ ਸ਼ਾਟਪੁੱਟ ਵਿੱਚ ਕ੍ਰਮਵਾਰ ਦੂਜਾ ਤੇ ਤੀਜਾ ਸਥਾਨ ਤੇ ਨਵਰੀਤ ਕੌਰ ਵੱਲੋਂ 400 ਮੀਟਰ ਰੇਸ ਵਿੱਚ ਦੂਜਾ ਸਥਾਨ ਹਾਸਲ ਕੀਤਾ ਗਿਆ।ਇਸੇ ਤਰ੍ਹਾਂ ਸਕੂਲ ਦੇ ਬਾਕੀ ਬੱਚਿਆਂ ਵੱਲੋਂ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰ. ਬਲਜੀਤ ਸਿੰਘ ਤੇ ਸਕੂਲ ਪ੍ਰਿੰਸੀਪਲ ਡਾਇਰੈਕਟਰ ਸ਼੍ਰੀਮਤੀ ਸੁਰਿੰਦਰ ਕੌਰ ਵੱਲੋਂ ਬੱਚਿਆ ਦੀ ਹੌਂਸਲਾ ਅਫਜ਼ਾਈ ਕੀਤੀ ਗਈ ਅਤੇ ਸਕੂਲ ਵਿੱਚ ਪਹੁੰਚੇ ਹੋਏ ਸਾਰੇ ਅਧਿਆਪਕਾਂ ਨੂੰ ਟੂਰਨਾਮੈਂਟ ਦੀ ਹੋਈ ਸ਼ਾਨਦਾਰ ਸਮਾਪਤੀ 'ਤੇ ਵਧਾਈ ਦਿੱਤੀ ਅਤੇ ਸਕੂਲ ਵਿੱਚ ਪਹੁੰਚਣ 'ਤੇ ਜੀ ਆਇਆਂ ਆਖਿਆ।

# ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦੇ ਕੰਪਿਊਟਰ ਅਧਿਆਪਕਾਂ 'ਤੇ ਲਾਠੀਚਾਰਜ ਦੀ ਕਰੜੀ ਨਿੰਦਾ




ਫਿਰੋਜ਼ਪੁਰ (ਅਸ਼ੋਕ ਸ਼ਰਮਾ)

ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਦੀ ਇਕਾਈ ਜ਼ਿਲ੍ਹਾ ਫਿਰੋਜ਼ਪੁਰ ਦੇ ਪ੍ਰਧਾਨ ਦਵਿੰਦਰ ਸਿੰਘ ਸੰਧੂ ਤੇ ਹਰਜੀਤ ਸਿੰਘ ਸੰਧੂ ਸੀਨੀਅਰ ਮੀਤ ਪ੍ਰਧਾਨ ਪੰਜਾਬ ਨੇ ਆਪਣੇ ਸਾਥੀਆਂ ਸਮੇਤ ਗੁਰਵਿੰਦਰ ਸਿੰਘ ਤਰਨਤਾਰਨ ਸੂਬਾ ਪ੍ਰਧਾਨ ਦੀ ਅਗਵਾਈ ਹੇਠ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੀ ਚੋਣ ਰੈਲੀ ਦੌਰਾਨ ਤਰਨਤਾਰਨ ਵਿਖੇ ਸ਼ਾਂਤਮਈ ਰੋਸ ਪ੍ਰਦਰਸ਼ਨ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਪੰਜਾਬ ਸਰਕਾਰ ਦੇ ਇਸ਼ਾਰੇ 'ਤੇ ਗਾਲੀ ਗਲੋਚ ਤੇ ਕੰਪਿਊਟਰ ਅਧਿਆਪਕਾਂ 'ਤੇ ਲਾਠੀਚਾਰਜ ਦੀ ਕਰੜੀ ਨਿੰਦਾ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਦੀ ਬਜਾਏ ਪੁਲਸ ਤੇ ਲਾਠੀ ਦੇ ਜ਼ੋਰ 'ਤੇ ਜਮਹੂਰੀ ਤੇ ਲੋਕਤੰਤਰ ਦਾ ਘਾਣ ਕਰਕੇ ਅਵਾਜ਼ ਦਿਵਾਉਣਾ ਚਾਹੁੰਦੀ ਹੈ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਪੰਜਾਬ ਅੰਦਰ ਆਮ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਆਪਣੇ ਚੋਣ ਮੈਨੀਫੈਸਟੋ ਵਿੱਚ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਦੁਆਰਾ ਕੰਪਿਊਟਰ ਅਧਿਆਪਕਾਂ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਸਰਕਾਰ ਬਣਦੇ ਸਾਰ ਹੀ ਪੂਰੇ ਕਰਨ ਸਬੰਧੀ ਵਾਅਦਾ ਕੀਤਾ ਗਿਆ ਸੀ ਅਤੇ ਨਾਲ ਦੀ ਨਾਲ ਹੀ 2022 ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੁਆਰਾ ਕੰਪਿਊਟਰ ਅਧਿਆਪਕਾਂ ਨੂੰ ਦੀਵਾਲੀ ਦੇ ਗਿਫਟ ਦੇ ਤੌਰ 'ਤੇ ਛੇਵਾਂ ਪੇ ਕਮਿਸ਼ਨ ਤੇ ਸੀਐੱਸਆਰ ਰੂਲ ਲਾਗੂ ਕਰਨ ਦਾ ਐਲਾਨ ਕੀਤਾ ਗਿਆ ਸੀ, ਪਰ ਸਾਢੇ ਤਿੰਨ ਸਾਲ ਤੋਂ ਜ਼ਿਆਦਾ ਦਾ ਸਮਾਂ ਬੀਤ ਜਾਣ ਤੋਂ ਬਾਅਦ ਵੀ ਕੰਪਿਊਟਰ ਅਧਿਆਪਕਾਂ ਨਾਲ ਇਕ ਵੀ ਵਾਅਦਾ ਪੂਰਾ ਨਹੀਂ ਕੀਤਾ ਗਿਆ ਤੇ ਕੰਪਿਊਟਰ ਅਧਿਆਪਕਾਂ ਦੇ ਹਾਲਾਤ ਅੱਜ ਵੀ ਪੁਰਾਣੀਆਂ ਸਰਕਾਰਾਂ ਦੇ ਸਮੇਂ ਵਾਲੇ ਹੀ ਹਨ। ਸੀਨਅਰ ਆਗੂਆਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਸਰਕਾਰ ਦੇ ਸਮੇਂ ਵਿਚ ਕੰਪਿਊਟਰ ਅਧਿਆਪਕ ਵੱਡੇ ਤੌਰ 'ਤੇ ਆਰਥਿਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋਏ ਹਨ। ਲਗਭਗ 100 ਦੇ ਕਰੀਬ ਕੰਪਿਊਟਰ ਅਧਿਆਪਕ ਇਸ ਸੰਸਾਰ ਨੂੰ ਛੱਡ ਗਏ ਹਨ, ਜਿਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਨਾ ਤਾਂ ਸਰਕਾਰ ਵੱਲੋਂ ਕੋਈ ਆਰਥਿਕ ਸਹਾਇਤਾ ਦਿੱਤੀ ਗਈ ਹੈ ਅਤੇ ਨਾ ਹੀ ਕਿਸੇ ਪਰਿਵਾਰ ਦੇ ਜੀਅ ਨੂੰ ਕੋਈ ਨੌਕਰੀ ਮਿਲੀ ਹੈ। ਭਾਵੇਂ ਜਥੇਬੰਦੀ ਦੀਆਂ ਸਰਕਾਰ ਦੇ ਨਾਲ 70 ਤੋਂ ਵੱਧ ਮੀਟਿੰਗਾਂ ਹੋ ਚੁੱਕੀਆ ਹਨ, ਪਰ ਪੰਜਾਬ ਸਰਕਾਰ ਹੱਲ ਕਰਨ ਦੀ ਬਜਾਏ ਦਮਨਕਾਰੀ ਨੀਤੀ ਅਪਨਾ ਕੇ ਅਵਾਜ਼ ਦਬਾ ਰਹੀ ਹੈ। ਜ਼ਿਕਰਯੋਗ ਹੈ ਕਿ ਮਾਨਯੋਗ ਹਾਈਕੋਰਟ ਪੰਜਾਬ ਨੇ ਕੰਪਿਊਟਰ ਅਧਿਆਪਕਾਂ ਦੇ ਬਣਦੇ ਹੱਕ ਜਾਰੀ ਕਰਨ ਦਾ ਫੈਸਲਾ ਦਿੱਤਾ ਸੀ, ਜਿਸ ਦੇ ਵਿਰੋਧ ਵਿੱਚ ਪੰਜਾਬ ਸਰਕਾਰ ਮਾਨਯੋਗ ਸੁਪਰੀਮ ਕੋਰਟ ਭਾਰਤ ਵਿਖੇ ਕੰਪਿਊਟਰ ਅਧਿਆਪਕਾਂ ਦੇ ਹੱਕ ਦੇਣ ਦੀ ਬਜਾਏ ਜਾਚਿਕਾ ਦਾਇਰ ਕਰ ਦਿੱਤੀ ਹੈ। ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਭਾਵੇਂ 24 ਅਕਤੂਬਰ 2025 ਨੂੰ ਸਿੱਖਿਆ ਮੰਤਰੀ ਪੰਜਾਬ ਤੇ 4 ਨਵੰਬਰ ਨੂੰ ਪੈਨਲ ਮੀਟਿੰਗ ਕੰਪਿਊਟਰ ਅਧਿਆਪਕ ਯੂਨੀਅਨ ਪੰਜਾਬ ਤਹਿ ਕਰਵਾਈ ਗਈ ਹੈ। ਜੇਕਰ ਇਸ ਵਾਰ ਪੰਜਾਬ ਸਰਕਾਰ ਮੀਟਿੰਗ ਤੋਂ ਭੱਜੀ ਤਾਂ 5 ਨਵੰਬਰ ਨੂੰ ਤਰਨਤਾਰਨ ਵਿਖੇ ਜ਼ਿਮਨੀ ਚੋਣ ਖੇਤਰ 'ਚ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਅਰਿਆਂ ਨਾਲ ਝੰਡਾ ਮਾਰਚ ਕੀਤੀ ਜਾਵੇਗਾ। ਇਸ ਮੌਕੇ ਕੰਪਿਊਟਰ ਅਧਿਆਪਕ ਹਾਜ਼ਰ ਸਨ।

# ਤਰਨ ਤਾਰਨ ਜ਼ਿਮਨੀ ਚੋਣ 'ਚ ਮੰਗਾਂ ਸੰਬੰਧੀ ਉਮੀਦਵਾਰਾਂ ਨੂੰ ਕੀਤੇ ਜਾਣਗੇ ਸਵਾਲ : ਗੋਇਲ



ਮੋਗਾ (ਇਕਬਾਲ ਸਿੰਘ ਖਹਿਰਾ)-ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿ. 295 ਦੀ ਸੂਬਾਈ ਮੀਟਿਗ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਹਾਲ ਮੋਗਾ ਵਿਖੇ ਸੂਬਾਈ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿੱਚ ਵੱਖ ਵੱਖ ਜ਼ਿਲ੍ਹਿਆਂ ਤੋਂ ਸੂਬਾ ਕਮੇਟੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਮੀਟਿੰਗ ਦੀ ਸ਼ੁਰੂਆਤ ਕਰਦਿਆਂ ਜਥੇਬੰਦਕ ਪਰਵਾਰ ਵਿੱਚੋਂ ਵਿੱਛੜਿਆਂ ਨੂੰ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ ਤੇ ਮੀਟਿੰਗ ਵਿੱਚ ਪਹੁੰਚੇ ਆਗੂ ਸਾਥੀਆਂ ਦਾ ਸਵਾਗਤ ਕੀਤਾ ਗਿਆ। ਆਗੂਆਂ ਵੱਲੋਂ ਹੜ੍ਹਾਂ ਸਬੰਧੀ ਰਾਹਤ ਕਾਰਜਾਂ ਵਿੱਚ ਸੂਬੇ ਭਰ ਵਿੱਚੋਂ ਪਾਏ ਜਾ ਰਹੇ ਵਡਮੁੱਲੇ ਯੋਗਦਾਨ 'ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਧੰਨਵਾਦ ਕੀਤਾ ਗਿਆ। ਮੌਜੂਦਾ ਹਾਲਤਾਂ ਸਬੰਧੀ ਸੂਬਾ ਪ੍ਰਧਾਨ ਵੈਦ ਧੰਨਾ ਮੱਲ ਗੋਇਲ ਤੇ ਸਕੱਤਰ ਡਾ. ਗੁਰਮੇਲ ਸਿੰਘ ਮਾਛੀਕੇ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸੂਬਾਈ ਫੈਸਲੇ ਅਨੁਸਾਰ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਕਨਵੈਨਸ਼ਨਾਂ ਦਾ ਸਿਲਸਿਲਾ ਜਾਰੀ ਹੈ ਅਤੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਸੂਬਾਈ ਫੈਸਲੇ ਅਨੁਸਾਰ ਚੋਣਾਂ ਲੜਨ ਵਾਲੇ ਉਮੀਦਵਾਰਾਂ ਨੂੰ ਜਾਬਤੇ ਵਿੱਚ ਰਹਿੰਦਿਆਂ ਮੰਗਾਂ ਸਬੰਧੀ ਸਵਾਲਾਂ ਦਾ ਸਿਲਸਿਲਾ ਜਾਰੀ ਰਹੇਗਾ ਤੇ ਬਿਹਾਰ ਵਿੱਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਸਬੰਧੀ ਵੀ ਇੰਡੀਅਨ ਮੈਡੀਕਲ ਪ੍ਰੈਕਟੀਸ਼ਨਰਜ਼ ਫੈਡਰੇਸ਼ਨ ਦੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ।ਸੂਬਾ ਕਮੇਟੀ ਵੱਲੋਂ ਧਨਵੰਤਰੀ ਦਿਵਸ਼, ਦਿਵਾਲੀ ਤੇ ਬੰਦੀ ਛੋੜ ਦਿਵਸ਼ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੰਦੇ ਹੋਏ ਪ੍ਰਦੂਸ਼ਣ ਰਹਿਤ ਗਰੀਨ ਦਿਵਾਲੀ ਮਨਾਉਣ ਦਾ ਸੱਦਾ ਦਿੱਤਾ।

ਮੀਟਿੰਗ ਵਿੱਚ ਸ਼ਾਮਲ ਸੂਬਾ ਆਗੂਆਂ ਵਿੱਤ ਸਕੱਤਰ ਡਾ. ਰਾਕੇਸ ਮਹਿਤਾ, ਚੇਅਰਮੈਨ ਡਾ. ਐੱਚ ਐੱਸ ਰਾਣੂ, ਸਰਪ੍ਰਸਤ ਡਾ. ਸੁਰਜੀਤ ਸਿੰਘ ਲੁਧਿਆਣਾ, ਸੀਨੀਅਰ ਵਾਇਸ ਪ੍ਰਧਾਨ ਡਾ. ਅਵਤਾਰ ਸਿੰਘ ਬਟਾਲਾ ਤੇ ਡਾ. ਜਸਵਿੰਦਰ ਸਿੰਘ ਖੀਵਾ, ਪ੍ਰੈੱਸ ਸਕੱਤਰ ਡਾ. ਚਮਕੌਰ ਸਿੰਘ, ਲੀਗਲ ਅਡਵਾਈਜ਼ਰ ਡਾ. ਜਸਵਿੰਦਰ ਸਿੰਘ ਭੋਗਲ, ਵਾਇਸ ਪ੍ਰਧਾਨ ਡਾ. ਗੁਰਦੀਪ ਸਿੰਘ ਘੁੱਦਾ, ਸਹਾਇਕ ਸਕੱਤਰ ਡਾ.ਸੁਖਚੈਨ ਸਿੰਘ ਬੋਪਾਰਾਏ ਤੇ ਡਾ. ਰਣਜੀਤ ਸਿੰਘ ਸੋਹੀ, ਡਾ. ਸਵਰਨ ਸਿੰਘ ਮੋਗਾ, ਡਾ. ਅਵਤਾਰ ਸਿੰਘ ਸ਼ਾਹਪੁਰ, ਡਾ. ਤਿਲਕ ਰਾਜ ਕੰਬੋਜ, ਡਾ. ਹਰਪ੍ਰੀਤ ਸਿੰਘ ਬਸੀ, ਡਾ. ਦਰਸ਼ਨ ਲਾਲ ਆਦਿ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕਰਦਿਆਂ ਕਿਹਾ ਕਿ 26 ਨਵੰਬਰ 2024 ਨੂੰ ਸੂਬਾ ਕਮੇਟੀ ਨਾਲ ਕੀਤੀ ਵਿਸ਼ੇਸ਼ ਮੀਟਿੰਗ ਵਿੱਚ ਟ੍ਰੇਨਿੰਗ ਕਰਵਾਉਣ ਦਾ ਕੀਤਾ ਵਾਅਦਾ ਤਰੁੰਤ ਲਾਗੂ ਕੀਤਾ ਜਾਵੇ।

# ਸਰਕਾਰ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਸਾਬਿਤ ਹੋਈ : ਅਰੋੜਾ, ਜੱਸੀ

## ਪੈਨਸ਼ਨਰਾਂ ਵੱਲੋਂ ਸਰਕਾਰ ਵਿਰੁੱਧ ਵਿਸ਼ਾਲ ਰੋਸ਼ ਰੈਲੀ ਤੇ ਮਾਰਚ




ਸੰਗਰੂਰ (ਪ੍ਰਵੀਨ ਸਿੰਘ)-ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਖਿਲਾਫ਼ ਗੌਰਮਿੰਟ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਸੰਗਰੂਰ ਯੂਨਿਟ ਦੇ ਪ੍ਰਧਾਨ ਸ੍ਰੀ ਭੁਪਿੰਦਰ ਸਿੰਘ ਜੱਸੀ ਦੀ ਅਗਵਾਈ ਹੇਠ ਇੱਕ ਵਿਸ਼ਾਲ ਰੋਸ ਰੈਲੀ ਕੀਤੀ ਗਈ, ਜਿਸ ਵਿੱਚ ਵੱਡੀ ਗਿਣਤੀ ਪੈਨਸ਼ਨਰਾਂ ਨੇ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਸ਼ਮੂਲੀਅਤ ਕੀਤੀ।ਪ੍ਰਿੰਸੀਪਲ ਹਰਵਿੰਦਰ ਭੱਠਲ ਤੇ ਸਤਪਾਲ ਸਿੰਗਲਾ ਵੱਲੋਂ ਕੀਤੇ ਗਏ ਮੰਚ ਸੰਚਾਲਨ ਦੌਰਾਨ ਪ੍ਰਧਾਨ ਭੁਪਿੰਦਰ ਸਿੰਘ ਜੱਸੀ ਨੇ ਕਿਹਾ ਕਿ ਇਸ ਸਰਕਾਰ ਨੂੰ ਹੋਂਦ ਵਿੱਚ ਆਇਆਂ ਸਾਢੇ ਤਿੰਨ ਸਾਲ ਦਾ ਸਮਾਂ ਹੋ ਗਿਆ ਹੈ, ਪ੍ਰੰਤੂ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ, ਜਿਸ ਕਾਰਨ ਪੰਜਾਬ ਦੇ ਸੈਂਕੜੇ ਮੁਲਾਜ਼ਮਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਤੇ ਬਜ਼ੁਰਗ ਪੈਨਸ਼ਨਰਾਂ ਨੂੰ ਆਪਣੀਆਂ ਮੰਗਾਂ ਮਨਾਉਣ ਲਈ ਸੜਕਾਂ 'ਤੇ ਉਤਰਨ ਲਈ ਮਜਬੂਰ ਹੋਣਾ ਪਿਆ ਹੈ।

ਪੰਜਾਬ ਸਟੇਟ ਪੈਨਸ਼ਨਰਜ਼ ਕੰਨਫਡੈਰੇਸ਼ਨ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਤੇ ਮੁੱਖ ਬੁਲਾਰੇ ਸ੍ਰੀ ਰਾਜ ਕੁਮਾਰ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਟਾਲ ਮਟੋਲ ਦੀ ਨੀਤੀ ਅਪਣਾਈ ਹੋਈ ਹੈ।ਉਨ੍ਹਾ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ 16 ਪ੍ਰਤੀਸ਼ਤ ਮਹਿੰਗਾਈ ਭੱਤੇ ਤੇ ਭੱਤੇ ਦੀਆਂ ਪੰਜ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ।ਛੇਵੇਂ ਤਨਖਾਹ ਕਮਿਸ਼ਨ ਨੂੰ ਪੂਰਨ ਰੂਪ ਵਿੱਚ ਲਾਗੂ ਕੀਤਾ ਜਾਵੇ।ਪੇਅ ਕਮਿਸ਼ਨਰ ਦੀਆਂ ਸਿਫ਼ਾਰਸ਼ਾਂ ਅਨੁਸਾਰ 2.59 ਦਾ ਗੁਣਾਂਕ ਲਾਗੂ ਕੀਤਾ ਜਾਵੇ।ਮੈਡੀਕਲ ਭੱਤਾ ਦੋ ਹਜ਼ਾਰ ਰੁਪਏ ਪ੍ਰਤੀ ਮਹੀਨਾ ਕੀਤਾ ਜਾਵੇ।ਇਸ ਰੈਲੀ ਨੂੰ ਜੰਟ ਸਿੰਘ ਸੋਹੀਆਂ, ਨੰਦ ਲਾਲ ਮਲਹੋਤਰਾ, ਵਿੱਤ ਸਕੱਤਰ ਲਾਭ ਸਿੰਘ, ਕਰਨੈਲ ਸਿੰਘ ਸੇਖੋਂ (ਜ਼ਿਲ੍ਹਾ ਵਿੱਤ ਸਕੱਤਰ), ਹਰਪਾਲ ਸਿੰਘ ਸੰਗਰੂਰੀਆ, ਨਰਾਤਾ ਰਾਮ ਸਿੰਗਲਾ, ਕਿਸ਼ੋਰੀ ਲਾਲ, ਗੁਰਦੇਵ ਸਿੰਘ ਲੂੰਬਾ, ਸੁਰਿੰਦਰ ਪਾਲ ਗਰਗ, ਕੰਵਲਜੀਤ ਸਿੰਘ, ਬਲਦੇਵ ਰਾਜ ਮਦਾਨ, ਜਨਕ ਰਾਜ ਜੋਸ਼ੀ, ਗੁਰਦੇਵ ਸਿੰਘ ਭੂਲਰ, ਜਰਨੈਲ ਸਿੰਘ ਲੁਬਾਣਾ, ਨਰੇਸ਼ ਭੱਲਾ ਆਦਿ ਨੇ ਸੰਬੋਧਨ ਕਰਦਿਆਂ ਪੰਜਾਬ ਸਰਕਾਰ ਦੀ ਮੁਲਾਜ਼ਮ ਤੇ ਪੈਨਸ਼ਨਰ ਮਾਰੂ ਨੀਤੀ ਦੀ ਨਿਖੇਧੀ।ਰੈਲੀ ਉਪਰੰਤ ਰੋਸ ਮਾਰਚ ਵੀ ਕੱਢਿਆ ਗਿਆ ਅਤੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕਰਦੇ ਹੋਏ ਕਿਹਾ ਕਿ ਜੇਕਰ ਦੀਵਾਲੀ ਤੋਂ ਪਹਿਲਾਂ ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਬਕਾਇਆ ਨਕਦ ਨਾ ਦਿੱਤਾ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਸੂਬਾ ਪੱਧਰ 'ਤੇ ਵਿਸ਼ਾਲ ਸੰਘਰਸ਼ ਕੀਤੇ ਜਾਣਗੇ।ਇਸ ਮੌਕੇ ਭਰਪੂਰ ਸਿੰਘ, ਹਸਨ ਸਿੰਘ, ਰਘੂਨਾਥ, ਦਰਬਾਰਾ ਸਿੰਘ, ਵਿਜੈ ਕੁਮਾਰ, ਸੋਹਨ ਲਾਲ, ਅਸ਼ੋਕ ਕੁਮਾਰ, ਪ੍ਰਿਤਪਾਲ ਸਿੰਘ, ਹਰਦਿਆਲ ਸਿੰਘ, ਪਵਨ ਕੁਮਾਰ ਆਦਿ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਵੱਡੇ ਗਿਣਤੀ ਵਿੱਚ ਪੈਨਸ਼ਨਰ ਮੌਜੂਦ ਸਨ।

# ਟਰਾਈਡੈਂਟ ਗਰੁੱਪ ਵੱਲੋਂ ਪਰਾਲੀ ਪ੍ਰਬੰਧਨ ਲਈ 5 ਲੱਖ ਦਾ ਯੋਗਦਾਨ

## ਡਿਪਟੀ ਕਮਿਸ਼ਨਰ ਟੀ. ਬੈਨਿਥ ਨੇ ਕੀਤਾ ਧੰਨਵਾਦ



ਬਰਨਾਲਾ (ਰਾਜਿੰਦਰ ਬਰਾੜ)-ਬਰਨਾਲਾ ਜ਼ਿਲ੍ਹੇ ਵਿੱਚ ਪਰਾਲੀ ਸਾੜਨ ਦੀ ਸਮੱਸਿਆ ਨਾਲ ਨਿਪਟਣ ਤੇ ਵਾਤਾਵਰਣ ਪ੍ਰਦੂਸ਼ਣ ਘਟਾਉਣ ਵਾਸਤੇ ਟਰਾਈਡੈਂਟ ਗਰੁੱਪ ਨੇ ਇੱਕ ਮਹੱਤਵਪੂਰਨ ਪਹੁੰਚ ਕੀਤੀ ਹੈ। ਟਰਾਈਡੈਂਟ ਗਰੁੱਪ ਦੇ ਸੰਸਥਾਪਕ ਤੇ ਮੈਂਬਰ ਰਾਜ ਸਭਾ ਪਦਮਸ਼੍ਰੀ ਰਾਜਿੰਦਰ ਗੁਪਤਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੰਪਨੀ ਦੇ ਐਡਮਿਨ ਹੈੱਡ ਰੁਪਿੰਦਰ ਗੁਪਤਾ ਨੇ ਸੀ ਐੱਸ ਆਰ ਫੰਡ ਵਿੱਚੋਂ 5 ਲੱਖ ਰੁਪਏ ਦਾ ਚੈੱਕ ਡਿਪਟੀ ਕਮਿਸ਼ਨਰ ਟੀ. ਬੈਨਿਥ ਨੂੰ ਸੌਂਪਿਆ।ਇਹ ਰਕਮ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਨ-ਸਿਟੂ ਤੇ ਐਕਸ-ਸਿਟੂ ਪਰਾਲੀ ਪ੍ਰਬੰਧਨ ਪ੍ਰੋਜੈਕਟਾਂ ਲਈ ਵਰਤੀ ਜਾਵੇਗੀ, ਜਿਸ ਨਾਲ ਕਿਸਾਨਾਂ ਨੂੰ ਮਸ਼ੀਨਰੀ ਦੀ ਉਪਲਬਧਤਾ ਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕੀਤਾ ਜਾਵੇਗਾ।ਡਿਪਟੀ ਕਮਿਸ਼ਨਰ ਟੀ. ਬੈਨਿਥ ਨੇ ਚੈੱਕ ਪ੍ਰਾਪਤ ਕਰਦੇ ਸਮੇਂ ਟਰਾਈਡੈਂਟ ਗਰੁੱਪ ਤੇ ਖ਼ਾਸ ਤੌਰ 'ਤੇ ਮੈਂਬਰ ਰਾਜ ਸਭਾ ਪਦਮਸ਼੍ਰੀ ਰਾਜਿੰਦਰ ਗੁਪਤਾ ਦਾ ਧੰਨਵਾਦ ਕੀਤਾ।ਕੰਪਨੀ ਦੇ ਐਡਮਿਨ ਹੈੱਡ ਰੁਪਿੰਦਰ ਗੁਪਤਾ ਨੇ ਕਿਹਾ ਕਿ ਟਰਾਈਡੈਂਟ ਗਰੁੱਪ ਸਮਾਜਿਕ ਤੇ ਵਾਤਾਵਰਣਕ ਜ਼ਿੰਮੇਵਾਰੀਆਂ ਨੂੰ ਹਮੇਸ਼ਾ ਗੰਭੀਰਤਾ ਨਾਲ ਨਿਭਾਉਂਦਾ ਆ ਰਿਹਾ ਹੈ।ਉਨ੍ਹਾਂ ਦੱਸਿਆ ਕਿ ਰਾਜਿੰਦਰ ਗੁਪਤਾ ਦੀ ਰਹਿਨੁਮਾਈ ਹੇਠ ਕੰਪਨੀ ਵੱਲੋਂ ਸਿੱਖਿਆ, ਸਿਹਤ, ਪਾਣੀ ਸੰਭਾਲ ਤੇ ਹਰੇਲੀ ਮੁਹਿੰਮਾਂ 'ਚ ਵੀ ਯੋਗਦਾਨ ਦਿੱਤਾ ਜਾ ਰਿਹਾ ਹੈ।ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਹੋਰ ਉਦਯੋਗਿਕ ਇਕਾਈਆਂ ਵੀ ਇਸੇ ਤਰ੍ਹਾਂ ਯੋਗਦਾਨ ਦੇਣ, ਤਾਂ ਜ਼ਿਲ੍ਹੇ 'ਚ ਪਰਾਲੀ ਸਾੜਨ ਦੀ ਪ੍ਰਵਿਰਤੀ 'ਤੇ ਪ੍ਰਭਾਵਸ਼ਾਲੀ ਰੋਕ ਲਾਈ ਜਾ ਸਕਦੀ ਹੈ।

# ਮੈਡੀਕਲ ਪ੍ਰੈਕੀਸ਼ਨਰਜ਼ ਐਸੋਸੀਏਸਨ ਬਲਾਕ ਫਰੀਦਕੋਟ ਦਾ ਚੋਣ ਅਜਲਾਸ

## ਡਾ. ਅੰਮ੍ਰਿਤਪਾਲ ਸਿੰਘ ਲਗਾਤਾਰ ਤੀਜੀ ਵਾਰ ਪ੍ਰਧਾਨ ਬਣੇ



ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਬਲਾਕ ਫਰੀਦਕੋਟ ਦਾ 2 ਸਾਲਾ ਅਜਲਾਸ ਕਰਵਾਇਆ।ਸਟੇਜ ਸਕੱਤਰ ਡਾਕਟਰ ਸੇਵਕ ਸਿੰਘ ਬਰਾੜ ਨੇ ਅਜਲਾਸ ਵਿੱਚ ਆਏ ਹੋਏ ਜ਼ਿਲ੍ਹਾ ਤੇ ਸਟੇਟ ਵੱਲੋਂ ਆਏ ਆਬਜ਼ਰਵਰ, ਡਾਕਟਰ ਸਾਥੀਆਂ ਨੂੰ ਜੀ ਆਇਆਂ ਕਿਹਾ ਅਤੇ ਅਜਲਾਸ ਸ਼ੁਰੂ ਕੀਤਾ।ਡਾਕਟਰ ਕੁਲਵੰਤ ਸਿੰਘ ਚਹਿਲ ਬਲਾਕ ਸੈਕਟਰੀ ਨੇ ਰਿਪੋਰਟ ਪੜ੍ਹੀ, ਕੈਸ਼ੀਅਰ ਡਾਕਟਰ ਗੁਰਮੀਤ ਸਿੰਘ ਨੇ ਸਾਰੇ ਡਾਕਟਰ ਸਾਥੀਆਂ ਨਾਲ ਦੋ ਸਾਲਾਂ ਦਾ ਲੇਖਾ ਜੋਖਾ ਸਾਂਝਾ ਕੀਤਾ।ਸਟੇਟ ਵੱਲੋਂ ਆਏ ਪ੍ਰਮਾਣ ਪੱਤਰ, ਫਲੈਕਸ ਬੋਰਡ ਤੇ ਆਈ ਕਾਰਡ ਡਾਕਟਰ ਸਾਥੀਆਂ ਨੂੰ ਵੰਡੇ।ਡਾਕਟਰ ਅੰਮ੍ਰਿਤਪਾਲ ਸਿੰਘ ਟਹਿਣਾ ਨੇ ਮੀਡੀਆ ਵੱਲੋਂ ਆਏ ਪੱਤਰਕਾਰ ਸਾਥੀਆ ਨੂੰ ਸਨਮਾਨਤ ਕੀਤਾ ਤੇ ਹੜ੍ਹ ਵਾਲੀ ਥਾਂ 'ਤੇ ਲੱਗਿਆ ਫ੍ਰੀ ਮੈਡੀਕਲ ਕੈਂਪ ਵਿੱਚ ਹਿੱਸਾ ਲੈਣ ਵਾਲੀ ਡਾਕਟਰ ਸਾਥੀਆਂ ਦੀ ਟੀਮ ਨੂੰ ਸਨਮਾਨਤ ਕੀਤਾ। ਉਪਰੰਤ ਬਲਾਕ ਫ਼ਰੀਦਕੋਟ ਦੀ ਪੁਰਾਣੀ ਕਮੇਟੀ ਨੂੰ ਭੰਗ ਕੀਤਾ ਤੇ ਅਗਲੀ ਕਾਰਵਾਈ ਚੋਣ ਪ੍ਰਕਿਰਿਆ ਜ਼ਿਲ੍ਹੇ ਤੇ ਸਟੇਟ ਵੱਲੋਂ ਆਏ ਆਬਜ਼ਰਵਰ ਡਾਕਟਰ ਗੁਰਤੇਜ ਸਿੰਘ ਮਚਾਕੀ ਜ਼ਿਲ੍ਹਾ ਸਕੱਤਰ ਪੰਜਾਬ, ਜਗਦੇਵ ਸਿੰਘ ਚਹਿਲ ਲੀਗਲ ਅਡਵਾਈਜ਼ਰ ਪੰਜਾਬ, ਗੁਰਜੰਟ ਸਿੰਘ ਝੱਖੜ ਵਾਲਾ ਜ਼ਿਲ੍ਹਾ ਡੈਲੀਕੇਟ ਤੇ ਜ਼ਿਲ੍ਹਾ ਪ੍ਰਧਾਨ ਰਸ਼ਪਾਲ ਸਿੰਘ ਸੰਧੂ ਨੂੰ ਸ਼ੁਰੂ ਕਰਨ ਦੀ ਤਾਕੀਦ ਕੀਤੀ, ਜਿਸ ਵਿੱਚ ਬਲਾਕ ਪ੍ਰਧਾਨ ਡਾਕਟਰ ਅੰਮ੍ਰਿਤਪਾਲ ਟਹਿਣਾ, ਵਾਈਸ ਪ੍ਰਧਾਨ ਡਾਕਟਰ ਸੇਵਕ ਸਿੰਘ ਬਰਾੜ, ਡਾਕਟਰ ਕੁਲਵੰਤ ਸਿੰਘ ਚਹਿਲ, ਕੈਸ਼ੀਅਰ ਡਾਕਟਰ ਗੁਰਮੀਤ ਸਿੰਘ ਢੁੱਡੀ, ਸਹਾਇਕ ਕੈਸ਼ੀਅਰ ਡਾਕਟਰ ਗੁਰਵਿੰਦਰ ਸਿੰਘ, ਪ੍ਰੈੱਸ ਸਕੱਤਰ ਡਾਕਟਰ ਯਸ਼ ਪਾਲ ਗੁਲਾਟੀ ਤੇ ਸਹਾਇਕ ਜਰਨਲ ਸਕੱਤਰ ਡਾਕਟਰ ਸੰਦੀਪ ਸੁੱਖਣ ਵਾਲਾ, ਸਹਾਇਕ ਜਰਨਲ ਸਕੱਤਰ ਡਾਕਟਰ ਰਜਿੰਦਰ ਅਰੋੜਾ, ਸਹਾਇਕ ਜਨਰਲ ਸਕੱਤਰ ਡਾਕਟਰ ਜਗਦੀਸ਼ ਦੂਆ, ਮੀਤ ਪ੍ਰਧਾਨ ਡਾਕਟਰ ਬੂਟਾ ਸਿੰਘ, ਮੀਤ ਪ੍ਰਧਾਨ ਡਾਕਟਰ ਪਰਮਜੀਤ ਕੌਰ, ਮੀਤ ਪ੍ਰਧਾਨ ਡਾਕਟਰ ਸ਼ਰਨਜੀਤ ਕੌਰ, ਸਲਾਹਕਾਰ ਡਾਕਟਰ ਹਰਭਜਨ ਸਿੰਘ, ਜ਼ਿਲ੍ਹਾ ਡੈਲੀਗੇਟ ਡਾਕਟਰ ਰਸ਼ਪਾਲ ਸਿੰਘ, ਡਾਕਟਰ ਨਰੇਸ਼ ਭਾਣਾ, ਡਾਕਟਰ ਗੁਰਤੇਜ ਦਾਨਾ ਰਮਾਣਾ, ਵਿਜੇ ਕੁਮਾਰ, ਸੁਖਦੇਵ ਸਿੰਘ ਆਰਾਈਆਂ ਵਾਲਾ, ਸਿਕੰਦਰ ਸਿੰਘ ਪੱਕਾ, ਪ੍ਰੇਮ ਨਾਥ ਢੁੱਡੀ ਨੂੰ ਅਹੁਦੇ ਦੇ ਕੇ ਸਨਮਾਨ ਦਿੱਤਾ।ਪ੍ਰੈੱਸ ਸਕੱਤਰ ਡਾਕਟਰ ਯਸ਼ਪਾਲ ਗਲਾਟੀ ਨੇ ਮੀਟਿੰਗ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਇਸ ਮੌਕੇ ਡਾਕਟਰ ਬਲਦੇਵ ਸਿੰਘ ਸਰਪੰਚ ਜੰਡ ਵਾਲਾ, ਡਾਕਟਰ ਜਗਮੇਲ ਸਿੰਘ ਪਿੰਡ ਚੰਦਬਾਜ਼ਾ, ਡਾਕਟਰ ਸੁਭਾਸ਼ ਚੰਦਰ ਮੰਡਵਾਲਾ, ਡਾਕਟਰ ਜਸਪਾਲ ਸਿੰਘ, ਡਾਕਟਰ ਰਜਿੰਦਰ ਅਰੋੜਾ, ਡਾਕਟਰ ਧਰਮ ਪਰਵਾਨਾ, ਡਾਕਟਰ ਰਾਜਵਿੰਦਰ ਸਿੰਘ, ਡਾਕਟਰ ਗੁਰਪ੍ਰੀਤ ਸਿੰਘ ਤੇ ਵੱਡੀ ਗਿਣਤੀ ਵਿੱਚ ਡਾਕਟਰ ਸਾਥੀ ਸ਼ਾਮਲ ਹੋਏ।

# ਬੀ ਕੇ ਯੂ ਏਕਤਾ ਉਗਰਾਹਾਂ ਨੇ ਕੀਤਾ ਬੈਂਕ ਦਾ ਘਿਰਾਓ



ਤਲਵੰਡੀ ਸਾਬੋ (ਜਗਦੀਪ ਗਿੱਲ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਤਲਵੰਡੀ ਸਾਬੋ ਵੱਲੋਂ ਦਿ ਬਠਿੰਡਾ ਸੈਂਟਰਲ ਕੋਆਪ੍ਰੇਟਿਵ ਲਿਮਿਟਿਡ ਬ੍ਰਾਂਚ ਮਲਕਾਣਾ ਦਾ ਘਿਰਾਓ ਜ਼ਿਲ੍ਹਾ ਆਗੂ ਜਗਦੇਵ ਸਿੰਘ ਜੋਗੇਵਾਲਾ ਤੇ ਜਸਵੀਰ ਸਿੰਘ ਸੇਮਾ ਦੀ ਅਗਵਾਈ ਹੇਠ ਕੀਤਾ ਗਿਆ।ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਬਠਿੰਡਾ ਦੇ ਆਗੂ ਜਗਦੇਵ ਸਿੰਘ ਜੋਗੇਵਾਲਾ ਨੇ ਸੰਬੋਧਨ ਕਰਦਿਆਂ ਦੱਸਿਆ ਕਿ 2019 ਵਿਚ ਪੀ ਐੱਨ ਬੀ ਲੁਧਿਆਣਾ ਧਰਨੇ ਦੌਰਾਨ ਫੈਸਲਾ ਹੋਇਆ ਸੀ ਕਿ 5 ਏਕੜ ਤੱਕ ਜ਼ਮੀਨ ਮਾਲਕੀ ਵਾਲੇ 10 ਲੱਖ ਰੁਪਏ ਤੱਕ ਕਰਜ਼ਦਾਰੀ ਵਾਲੇ ਕਿਸਾਨਾਂ ਤੋਂ ਕਰਜ਼ਾ ਵਸੂਲੀ ਲਈ ਕੋਈ ਵੀ ਦਬਾਅ ਪਾਉ ਕਦਮ ਨਹੀਂ ਉਠਾਏ ਜਾਣਗੇ ਅਤੇ ਉਨ੍ਹਾਂ ਤੋਂ ਲਏ ਚੈੱਕ ਵੀ ਵਾਪਸ ਕੀਤੇ ਜਾਣਗੇ।ਇਸ ਤੋਂ ਬਾਅਦ ਵੱਡੀ ਗਿਣਤੀ ਵਿੱਚ ਕਿਸਾਨਾਂ ਦੇ ਚੱਕ ਵਾਪਸ ਕੀਤੇ ਗਏ ਸਨ, ਪਰ ਕੁਝ ਬੈਂਕਾਂ ਵੱਲੋਂ ਕਿਸਾਨਾਂ ਦੇ ਚੈੱਕ ਵਾਪਸ ਨਹੀਂ ਕੀਤੇ ਗਏ।ਇਸ ਲਈ ਜੋ ਕਿਸਾਨ ਕਰਜ਼ਾ ਵਾਪਸ ਨਹੀਂ ਕਰ ਪਾਉਂਦੇ, ਬੈਂਕ ਉਨ੍ਹਾਂ ਦੇ ਚੈੱਕ ਅਦਾਲਤ ਵਿੱਚ ਲਾ ਦਿੰਦੀ ਹੈ, ਸਿੱਟੇ ਵਜੋਂ ਜੇਲ੍ਹ ਭੇਜ ਦਿੱਤਾ ਜਾਂਦਾ ਹੈ ਤੇ ਦੂਸਰੇ ਪਾਸੇ ਕਿਸਾਨ ਦੀ ਜ਼ਮੀਨ ਕੁਰਕ ਕਰ ਦਿੱਤੀ ਜਾਂਦੀ ਹੈ, ਜੋ ਸਰਾਸਰ ਗਲਤ ਹੈ।ਇਸ ਲਈ ਅੱਜ ਕੋਆਪ੍ਰੇਟਿਵ ਬੈਂਕ ਬਰਾਂਚ ਮਲਕਾਨਾ ਦੇ ਅੱਗੇ ਧਰਨਾ ਲਾ ਕੇ ਮੰਗ ਕਰਦੇ ਹਾਂ ਕਿ ਬੈਂਕ ਕਿਸਾਨਾਂ ਦੇ ਚੈੱਕ ਵਾਪਸ ਦੇਵੇ, ਜੋ ਉਸ ਸਮੇਂ ਰਹਿ ਗਏ ਸਨ।ਜੇ ਇਹ ਵਾਪਸ ਨਹੀਂ ਕੀਤੇ ਜਾਂਦੇ ਤਾਂ ਸੰਘਰਸ਼ ਵੱਡੇ ਪੱਧਰ 'ਤੇ ਕੀਤਾ ਜਾਵੇਗਾ।ਧਰਨੇ ਦੌਰਾਨ ਬਲਾਕ ਤਲਵੰਡੀ ਸਾਬੋ ਦੇ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਗਿਆਨਾ ਨੇ ਕਿਹਾ ਕਿ ਸਰਕਾਰ ਲੋਕਾਂ ਨੂੰ ਧੋਖਾ ਦੇ ਰਹੀ ਹੈ ਕਿਸਾਨ ਮਜ਼ਦੂਰਾਂ ਦੇ ਕਰਜ਼ ਮਾਫ਼ ਕਰਨ ਦੀ ਬਜਾਏ ਲੋਕ ਵਿਰੋਧੀ ਨੀਤੀਆਂ ਲਾਗੂ ਕਰ ਰਹੀ ਹੈ, ਜਿਸ ਦੀ ਬਦੌਲਤ ਕਿਸਾਨ ਮਜ਼ਦੂਰਾਂ ਦੀ ਹਾਲਤ ਪਹਿਲਾਂ ਨਾਲੋਂ ਹੋਰ ਤਰਸਯੋਗ ਹੋ ਰਹੀ ਹੈ।ਇਸ ਲਈ ਲੋਕਾਂ ਨੂੰ ਇਕੱਠੇ ਹੋ ਕੇ ਹੱਕਾਂ ਦੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਬਲਾਕ ਮੌੜ ਦੇ ਆਗੂ ਗੁਰਜੀਤ ਸਿੰਘ ਨੇ ਕਿਹਾ ਕਿ ਕਿਸਾਨਾਂ ਨੂੰ ਡੀਏਪੀ, ਯੂਰੀਆ ਖਾਦ ਤਾਂ ਮਿਲ ਨਹੀਂ ਰਹੀ, ਸਗੋਂ ਨੈਨੋ ਯੂਰੀਆ ਧੱਕੇ ਨਾਲ ਦਿੱਤੀ ਜਾ ਰਹੀ ਹੈ, ਹੜ੍ਹ ਪੀੜਤਾਂ ਨੂੰ ਬਣਦਾ ਮੁਆਵਜ਼ਾ ਵੀ ਅਜੇ ਨਹੀਂ ਮਿਲਿਆ।ਇਸ ਤੋਂ ਬਾਅਦ ਡੀਐੱਸਪੀ ਤਲਵੰਡੀ ਸਾਬੋ ਵੱਲੋਂ ਧਰਨੇ ਵਿੱਚ ਪਹੁੰਚ ਕੇ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਜਲਦ ਹੀ ਕੋਆਪਰੇਟਿਵ ਬੈਂਕ ਪ੍ਰਸ਼ਾਸਨ ਨਾਲ ਮੀਟਿੰਗ ਕਰਕੇ ਮਸਲੇ ਦਾ ਹੱਲ ਲਈ ਕੱਢਿਆ ਜਾਵੇਗਾ।ਧਰਨੇ ਦੌਰਾਨ ਲੱਖਾ ਜੋਗੇਵਾਲਾ ਭੋਲਾ ਸਿੰਘ ਮਾੜੀ, ਬੱਗਾ ਸਿੰਘ ਲਾਲੇਆਣਾ, ਭੋਲਾ ਸਿੰਘ ਜੋਗੇਵਾਲਾ, ਅਮਨਦੀਪ ਮਲਕਾਣਾ ਨੇ ਵੀ ਸੰਬੋਧਨ ਕੀਤਾ।

# ਪੀ ਐੱਸ ਈ ਬੀ ਪੈਨਸ਼ਨਰ ਤੇ ਇੰਪਲਾਈਜ਼ ਫੈਡਰੇਸ਼ਨ ਵੱਲੋਂ ਸਨਮਾਨ ਸਮਾਰੋਹ



ਰਾਜਪੁਰਾ (ਰਮੇਸ਼ ਕਟਾਰੀਆ)-ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਪੰਜਾਬ (ਏਟਕ) ਨਾਲ ਸਬੰਧਤ ਜਥੇਬੰਦੀ ਵਿੱਚੋਂ ਸੇਵਾ ਮੁਕਤ ਹੋਏ ਸਾਥੀਆਂ ਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗਿਆਰਵਾਂ ਸਨਮਾਨ ਸਮਾਰੋਹ ਸਮਾਜ ਭਲਾਈ ਵਿਚਾਰ ਪਾਰਕ ਰਾਜਪੁਰਾ ਵਿਖੇ ਪ੍ਰਧਾਨ ਰਾਮ ਰਤਨ ਦੀ ਪ੍ਰਧਾਨਗੀ ਹੇਠ ਬੜੀ ਸ਼ਾਨੋ ਸ਼ੌਕਤ ਨਾਲ ਕੀਤਾ ਗਿਆ। ਸਮਾਰੋਹ ਸ਼ੁਰੂ ਹੋਣ ਤੋਂ ਪਹਿਲਾਂ ਸਾਡੇ ਤੋਂ ਸਾਰੇ ਵਿੱਛੜੇ ਆਗੂਆਂ ਨੂੰ 2 ਮਿੰਟ ਦਾ ਮੌਨ ਰੱਖ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਦੇ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਧੀਮਾਨ, ਜ਼ੋਨ ਕਨਵੀਨਰ ਸਰਕਲ ਪ੍ਰਧਾਨ ਗੁਰਦਿਆਲ ਸਿੰਘ ਬੱਬੂ ਸ਼ਾਮਲ ਹੋਏ। ਇਸ ਸਨਮਾਨ ਸਮਾਰੋਹ ਵਿੱਚ ਸੈਂਕੜਿਆਂ ਦੇ ਕਰੀਬ ਪੈਨਸ਼ਨਰਾਂ ਨੇ ਆਪਣੇ ਨਾਲ ਛੋਟੇ ਛੋਟੇ ਦੋਹਤੇ-ਪੋਤਿਆਂ ਨਾਲ ਹਿੱਸਾ ਲਿਆ।

ਉਪਰੋਕਤ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਦੱਸਿਆ ਕਿ ਇਨ੍ਹਾਂ ਵੱਡੀਆਂ ਉਮਰਾਂ ਵਾਲੇ ਪੈਨਸ਼ਨਰਾਂ ਨੇ ਪਿੰਡਾਂ ਵਿੱਚ ਬਿਜਲੀ ਪਹੁੰਚਾਉਣ ਲਈ ਮੋਡਿਆਂ ਤੇ ਪੋਲ ਚੱਕ ਕੇ ਸਾਈਕਲਾਂ ਤੇ ਕੰਡਕਟਰ ਲਿਜਾ ਕੇ ਗਰੀਬਾਂ ਦੇ ਘਰ-ਘਰ ਬਿਜਲੀ ਪਹੁੰਚਾਉਣ ਦਾ ਕੰਮ ਬੜੀ ਇਮਾਨਦਾਰੀ ਤੇ ਮਿਹਨਤ ਨਾਲ ਕੀਤਾ, ਪਰ ਅੱਜਕੱਲ੍ਹ ਸਰਕਾਰਾਂ ਨੇ ਉਨ੍ਹਾਂ ਦੀ ਪੂਰੀ ਕੀਮਤ ਨਹੀਂ ਅਦਾ ਕੀਤੀ। ਉਨ੍ਹਾਂ ਨੂੰ 2.45 ਦੇ ਗੁਣਾਂਕ ਨਾਲ ਪੈਨਸ਼ਨ ਦੇ ਰਹੀ ਹੈ, ਪਰ ਸਰਕਾਰ ਦੇ ਅਪਣੇ ਕਮਿਸ਼ਨ ਨੇ 2.59 ਦਾ ਫਾਰਮੂਲਾ ਲਾਗੂ ਕੀਤਾ ਹੋਇਆ ਹੈ, ਪਰ ਇਹ ਬੇਈਮਾਨ ਸਰਕਾਰ 200 ਰੁਪਏ ਦਾ ਜਜੀਆ ਟੈਕਸ ਲਗਾ ਕੇ ਵੱਡਾ ਧਰੋਹ ਕਮਾ ਰਹੀ ਹੈ। ਉਨ੍ਹਾਂ ਅਪਣੇ ਹੱਕ ਲੈਣ ਲਈ ਸੰਘਰਸ਼ ਕਰਨ ਲਈ ਤਿਆਰ ਰਹਿਣ ਲਈ ਕਿਹਾ। ਇਸ ਮੌਕੇ ਸਮੂਹ ਪੈਨਸ਼ਨਰਾਂ ਤੇ ਉਨ੍ਹਾਂ ਦੇ ਪਾਰਿਵਾਰਕ ਮੈਂਬਰਾਂ ਦਾ ਸਨਮਾਨ ਤੇ ਮਿਠਾਈਆਂ ਦੇ ਕੇ ਸਨਮਾਨ ਕੀਤਾ ਗਿਆ। ਇਸ ਸਨਮਾਨ ਸਮਾਰੋਹ ਵਿੱਚ ਸਾਥੀ ਗੁਰਨਾਮ ਸਿੰਘ, ਉਨ੍ਹਾਂ ਸਾਥੀ ਸੁਖਦੇਵ ਸਿੰਘ, ਸਾਥੀ ਕੁਲਦੀਪ ਸਿੰਘ, ਸਾਥੀ ਜਗਜੀਤ ਸਿੰਘ, ਸਾਥੀ ਸ਼ਾਮ ਸੁੰਦਰ, ਸਾਥੀ ਜਗਤਾਰ ਸਿੰਘ ਮੋਹਾਲੀ, ਸਾਥੀ ਰਘਬੀਰ ਸਿੰਘ ਰੋਪੜ, ਸਾਥੀ ਸਤਨਾਮ ਸਿੰਘ, ਸਾਥੀ ਸੁੱਚਾ ਸਿੰਘ ਜੰਡੌਲੀ ਤੇ ਰਾਜਪੁਰਾ ਡਵੀਜ਼ਨ ਅਧੀਨ ਆਉਂਦੀਆਂ ਸਬ ਡਵੀਜ਼ਨਾਂ ਦੀ ਲੀਡਰਸ਼ਿਪ ਨੇ ਹਿੱਸਾ ਲਿਆ। ਇਸ ਸਨਮਾਨ ਸਮਾਰੋਹ ਵਿੱਚ ਖਾਣ-ਪੀਣ ਲਈ ਚਾਹ, ਕੋਲਡ ਡਰਿੰਕ, ਪਕੌੜੇ, ਮਿਠਾਈਆਂ ਦਾ ਖੁੱਲ੍ਹੇ ਤੌਰ 'ਤੇ ਖਾਸ ਪ੍ਰਬੰਧ ਕੀਤਾ ਗਿਆ ਸੀ। ਇਹ ਸਨਮਾਨ ਸਮਾਰੋਹ ਯਾਦਗਾਰੀ ਹੋ ਨਿੱਬੜਿਆ। ਅੰਤ ਵਿੱਚ ਪਹੁੰਚਣ ਵਾਲੇ ਸਾਥੀਆਂ ਦਾ ਪ੍ਰਧਾਨ ਰਾਮ ਰਤਨ ਨੇ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਸਰਕਾਰ ਦੀਵਾਲੀ ਤੋਂ ਪਹਿਲਾਂ ਮਹਿੰਗਾਈ ਭੱਤੇ ਦੀਆਂ ਬਕਾਇਆ ਕਿਸ਼ਤਾਂ ਜਾਰੀ ਕਰੇ : ਆਗੂ



ਫਿਰੋਜ਼ਪੁਰ (ਗੁਰਬਚਨ ਸਿੰਘ)-ਸਿਹਤ ਵਿਭਾਗ ਦੀ ਪ੍ਰਮੁੱਖ ਜਥੇਬੰਦੀ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਯੂਨੀਅਨ ਪੰਜਾਬ, ਮਲਟੀਪਰਪਜ਼ ਹੈਲਥ ਇੰਪਲਾਈਜ਼ ਮੇਲ ਫੀਮੇਲ ਯੂਨੀਅਨ ਪੰਜਾਬ, ਏ ਐੱਮ ਓ ਯੂਨੀਅਨ ਪੰਜਾਬ, ਏ ਐੱਨ ਐੱਮਜ਼ ਐੱਲ ਐੱਚ ਵੀ, ਯੂਨੀਅਨ ਪੰਜਾਬ ਪੈਰਾ ਮੈਡੀਕਲ ਸਿਹਤ ਕਰਮਚਾਰੀ ਯੂਨੀਅਨ ਪੰਜਾਬ ਦੇ ਆਗੂ ਨਰਿੰਦਰ ਸ਼ਰਮਾ ਗੁਰਪ੍ਰੀਤ ਸਿੰਘ ਮੰਗਵਾਲ, ਜਨਰਲ ਸਕੱਤਰ ਸੁਖਜਿੰਦਰ ਸਿੰਘ ਫਾਜ਼ਿਲਕਾ, ਕਨਵੀਨਰ ਮਨਜੀਤ ਕੌਰ ਬਾਜਵਾ, ਹਰਵਿੰਦਰ ਸਿੰਘ ਛੀਨਾ, ਪ੍ਰਧਾਨ ਗੁਰਦੇਵ ਸਿੰਘ ਢਿੱਲੋਂ ਵਿਰਸਾ ਸਿੰਘ ਪੰਨੂੰ, ਸੁਸਮਾ ਅਰੋੜਾ, ਜਸਬੀਰ ਕੌਰ ਮੂਨਕ ਜਥੇਬਦੀ ਦੇ ਸੂਬਾਈ ਆਗੂ, ਰਣਦੀਪ ਸਿੰਘ ਫਤਿਹਗੜ੍ਹ ਸਾਹਿਬ, ਸੁਖਜੀਤ ਸੇਖੋਂ, ਅਵਤਾਰ ਗੰਢੂਆ, ਬਲਜਿੰਦਰ ਬਰਨਾਲਾ ਹਰਜੀਤ ਪੋਹਵਿੰਡ, ਸਰਬਜੀਤ ਸਿੰਘ ਤਰਨਤਾਰਨ, ਜਸਵਿੰਦਰ ਪੰਧੇਰ, ਨਿਗਾਹੀ ਰਾਮ ਮਲੇਰਕੋਟਲਾ, ਦਲਜੀਤ ਢਿੱਲੋਂ, ਸੋਨੀ ਲੁਧਿਆਣਾ, ਬਿਕਰਮ ਗੁਰਦਾਸਪੁਰ, ਮੈਡਮ ਕਵਿਤਾ ਗੁਰਦਾਸਪੁਰ, ਰਣਜੀਤ ਕੌਰ ਪਟਿਆਲਾ, ਸਰਬਜੀਤ ਕੌਰ ਨਵਾਂ ਸ਼ਹਿਰ ਪ੍ਰੈੱਸ ਸਕੱਤਰ ਰਾਵਿੰਦਰ ਸ਼ਰਮਾ, ਸਤਨਾਮ ਸਿੰਘ ਫਿਰੋਜ਼ਪੁਰ, ਰਮੇਸ਼ ਕੁਮਾਰ, ਮਨਜੀਤ ਸਿੰਘ, ਇੰਦਰਜੀਤ ਕੌਰ, ਕਿਰਨਪਾਲ ਕੌਰ, ਸੋਮਾ ਰਾਣੀ, ਗੁਰਮੀਤ ਕੌਰ, ਬਲਜੀਤ ਕੌਰ, ਬਲਵਿੰਦਰ ਕੌਰ, ਅਮਨ ਸ਼ਰਮਾ, ਗੁਰਦੇਵ ਸਿੰਘ ਸਮੇਤ ਹੋਰ ਆਗੂਆਂ ਨੇ ਸਰਕਾਰ ਕੋਲ ਜ਼ੋਰਦਾਰ ਮੰਗ ਉਠਾਉਂਦੇ ਹੋਏ ਮੰਗ ਕੀਤੀ ਕਿ ਸੂਬੇ ਦੇ ਲੱਖਾਂ ਸਰਕਾਰੀ ਮੁਲਾਜ਼ਮਾਂ ਨੂੰ ਦੀਵਾਲੀ ਤੋਂ ਪਹਿਲਾਂ ਪੈਂਡਿੰਗ ਡੀ.ਏ. ਦੀ ਘੱਟੋ-ਘੱਟ ਇੱਕ ਕਿਸ਼ਤ ਜ਼ਰੂਰ ਜਾਰੀ ਕੀਤੀ ਜਾਵੇ।ਆਗੂਆਂ ਨੇ ਕਿਹਾ ਕਿ ਜੁਲਾਈ 2023 ਤੋਂ ਹੁਣ ਤੱਕ ਡੀ ਏ ਦੀਆਂ ਸਰਕਾਰ ਵੱਲ ਕੁੱਲ ਪੰਜ ਡੀ ਏ ਦੀਆਂ ਕਿਸ਼ਤਾਂ ਰੁਕੀਆਂ ਹੋਈਆਂ ਹਨ, ਜਿਸ ਕਾਰਨ ਮੁਲਾਜ਼ਮ ਆਰਥਿਕ ਤੰਗੀ ਦਾ ਸ਼ਿਕਾਰ ਹਨ।

ਉਨ੍ਹਾਂ ਕਿਹਾ ਕਿ ਸਰਕਾਰੀ ਮੁਲਾਜ਼ਮ ਪਹਿਲਾਂ ਹੀ ਮਹਿੰਗਾਈ ਦੀ ਮਾਰ ਹੇਠ ਆ ਚੁੱਕੇ ਹਨ ਤੇ ਅਜੇ ਤੱਕ ਉਨ੍ਹਾਂ ਨੂੰ ਆਪਣੇ ਹੱਕ ਦਾ ਡੀ ਏ ਨਹੀਂ ਮਿਲਿਆ। ਸਰਕਾਰ ਨੇ ਪਿਛਲੇ ਸਾਲ ਦੀਵਾਲੀ 'ਤੇ ਇੱਕ ਕਿਸ਼ਤ ਜਾਰੀ ਕੀਤੀ ਸੀ, ਇਸ ਵਾਰ ਵੀ ਤਿਉਹਾਰੀ ਸੀਜ਼ਨ 'ਤੇ ਮੁਲਾਜ਼ਮਾਂ ਨੂੰ ਕੋਈ ਰਾਹਤ ਦੇਣ। ਆਗੂਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਸਰਕਾਰ ਨੇ ਇਹ ਮੰਗ ਤੁਰੰਤ ਨਾ ਮੰਨੀ, ਤਾਂ ਮੁਲਾਜ਼ਮਾਂ ਵਿੱਚ ਘੋਰ ਨਾਰਾਜ਼ਗੀ ਫੈਲੇਗੀ ਅਤੇ ਮੁੱਖ ਮੰਤਰੀ ਦੇ ਹਲਕਾ ਸੰਗਰੂਰ ਵਿੱਚ ਸਾਂਝੇ ਫਰੰਟ ਦੀ ਵੱਡੀ ਰੈਲੀ 16 ਨਵੰਬਰ ਵਿੱਚ ਸਰਕਾਰ ਖਿਲਾਫ ਰੋਹ ਦਿਖਾਇਆ ਜਾਵੇਗਾ।

## ਸ਼ਿਆਮ ਬਾਬਾ ਦੇ ਛੇਵੇਂ ਜਾਗਰਣ ਸੰਬੰਧੀ ਕਾਰਡ ਜਾਰੀ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਕਨ੍ਹੱਈਆ ਜੀ ਮਿੱਤਰ ਮੰਡਲ ਬਾਘਾ ਪੁਰਾਣਾ ਵੱਲੋਂ ਚੁੰਨੂ ਵਾਲਾ ਰੋਡ 'ਤੇ ਖੁੱਲ੍ਹੀ ਗਊਸ਼ਾਲਾ ਸਾਹਮਣੇ ਮੰਦਰ ਵਾਲੀ ਜਗ੍ਹਾ ਵਿੱਚ ਸ੍ਰੀ ਸ਼ਿਆਮ ਖਾਟੂ ਵਾਲੇ ਦੇ ਛੇਵੇਂ ਵਿਸ਼ਾਲ ਜਾਗਰਣ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸਬੰਧੀ ਮੰਡਲ ਮੈਂਬਰਾਂ ਨੇ ਸ਼ਹਿਰ ਨਿਵਾਸੀਆਂ ਨੂੰ ਵੱਡੇ ਸ਼ਾਨ ਵਾਲੇ ਕਾਰਡ ਜਾਰੀ ਕੀਤੇ। ਮੰਡਲ ਪ੍ਰਧਾਨ ਮੋਹਿਤ ਸਿੰਗਲਾ ਤੇ ਜਨਰਲ ਸਕੱਤਰ ਪੰਕਜ ਗੁਪਤਾ ਨੇ ਦੱਸਿਆ ਕਿ ਬਾਬਾ ਜੀ ਦੇ ਜਾਗਰਣ 'ਚ ਜੈਪੁਰ ਤੋਂ ਆ ਰਹੀ ਭਜਨ ਗਾਇਕਾ ਸਾਕਸ਼ੀ ਅਗਰਵਾਲ ਤੇ ਜਲੰਧਰ ਤੋਂ ਭਜਨ ਗਾਇਕ ਆਸ਼ਿਸ਼ ਅਰੋੜਾ ਬਾਬਾ ਜੀ ਦਾ ਗੁਣਗਾਨ ਕਰਨਗੇ, ਜਦੋਂਕਿ ਇੰਟਰਨੈਸ਼ਨਲ ਜ਼ਿਲਿਆ ਮਿਊਜ਼ੀਕਲ ਗਰੁੱਪ ਸੰਗੀਤ ਪ੍ਰਦਾਨ ਕਰੇਗਾ। ਉਨ੍ਹਾਂ ਦੱਸਿਆ ਕਿ ਜਾਗਰਣ ਤੋਂ ਪਹਿਲਾਂ 30 ਅਕਤੂਬਰ ਨੂੰ ਬਾਘਾ ਪੁਰਾਣਾ ਵਿੱਚ ਇੱਕ ਨਿਸ਼ਾਨ ਯਾਤਰਾ ਕੱਢੀ ਜਾਵੇਗੀ, ਜਿਸ ਵਿੱਚ 101 ਸ਼ਿਆਮ ਭਗਤ ਨਿਸ਼ਾਨ ਨੂੰ ਆਪਣੇ ਮੋਢਿਆਂ 'ਤੇ ਚੁੱਕ ਕੇ ਪੂਰੇ ਸ਼ਹਿਰ ਦੀ ਪਰਿਕਰਮਾ ਕਰਨਗੇ। ਉਨ੍ਹਾਂ ਇਲਾਕੇ ਦੇ ਸਾਰੇ ਨਿਵਾਸੀਆਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਸ਼ਿਆਮ ਬਾਬਾ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੀ ਬੇਨਤੀ ਕੀਤੀ। ਇਸ ਮੌਕੇ ਮੰਡਲ ਦੇ ਉਪ ਪ੍ਰਧਾਨ ਸਾਹਿਲ ਠੁਕਰਾਲ, ਕੈਸ਼ੀਅਰ ਪੰਕਜ ਲੂਥਰਾ, ਸਲਾਹਕਾਰ ਸੰਦੀਪ ਮਹਿਤਾ, ਸ਼ੁਭਮ ਜੈਦਕਾ, ਕੁਨਾਲ ਗਰਗ, ਅੰਸ਼ ਗਰਗ, ਦੀਕਸ਼ਿਤ ਗਰਗ, ਗੌਤਮ ਗਰਗ, ਰਮਨ ਗਰਗ, ਅਜੇ ਕੁਮਾਰ, ਰੋਹਿਤ ਠੁਕਰਾਲ, ਪ੍ਰਿੰਸ ਸੁਖੀਜਾ, ਰਜਨੀਸ਼, ਮਾਧਵ ਗਰਗ, ਭਾਂਸ਼ੀ, ਰਾਹੁਲ, ਅਸ਼ੀ, ਵਿਸ਼ਾਲ ਆਦਿ ਮੌਜੂਦ ਸਨ।

## ਸ਼ਿਵਾਲਿਕ ਕਿਡਜ਼ ਸਕੂਲ ਦਾ ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਸਨਮਾਨ

### ਅਧਿਆਪਕ ਦੀਕਸ਼ਾ, ਵਿਦਿਆਰਥੀ ਪਰਨਿਧੀ ਤੇ ਗਰਵਿਤ ਪ੍ਰੇਰਨਾਸਰੋਤ ਬਣੇ



**ਜੈਤੋ (ਸਤੀਸ਼ ਕੁਮਾਰ ਭੀਰੀ)**-ਸ਼ਿਵਾਲਿਕ ਕਿਡਜ਼ ਸਕੂਲ ਨੇ ਇੱਕ ਮਾਣਮੱਤਾ ਪਲ ਅਨੁਭਵ ਕੀਤਾ, ਜਦੋਂ ਭਾਰਤ ਵਿਕਾਸ ਪ੍ਰੀਸ਼ਦ ਦੁਆਰਾ ਇੱਕ ਪੁਰਸਕਾਰ ਸਮਾਰੋਹ ਵਿੱਚ ਅਧਿਆਪਕ ਦੀਕਸ਼ਾ ਨੂੰ ਸਰਵੋਤਮ ਅਧਿਆਪਕ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ ਅਤੇ ਪਰਨਿਧੀ ਤੇ ਗਰਵਿਤ ਨੂੰ ਸਰਵੋਤਮ ਵਿਦਿਆਰਥੀ ਪੁਰਸਕਾਰ ਨਾਲ ਸਨਮਾਨਤ ਕੀਤਾ ਗਿਆ। ਸਮਾਰੋਹ ਵਿੱਚ ਸ਼ਾਨਦਾਰ ਸਮਾਗਮ ਸੀ, ਜਿਸ ਵਿੱਚ ਖੇਤਰ ਦੇ ਕਈ ਸਕੂਲਾਂ ਨੇ ਸ਼ਿਰਕਤ ਕੀਤੀ। ਚੋਣ ਕਮੇਟੀ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਪ੍ਰਦਰਸ਼ਨ, ਅਨੁਸ਼ਾਸਨ, ਵਿਵਹਾਰ ਤੇ ਰਚਨਾਤਮਕਤਾ ਦੇ ਆਧਾਰ 'ਤੇ ਇਹ ਸਨਮਾਨ ਪ੍ਰਦਾਨ ਕੀਤੇ। ਅਧਿਆਪਕ ਦੀਕਸ਼ਾ ਨੂੰ ਉਨ੍ਹਾਂ ਦੇ ਸ਼ਾਨਦਾਰ ਵਿਦਿਅਕ ਯਤਨਾਂ, ਨਵੀਨਤਾਕਾਰੀ ਅਧਿਆਪਨ ਵਿਧੀਆਂ ਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਸਮਰਪਣ ਲਈ ਸਨਮਾਨਤ ਕੀਤਾ ਗਿਆ। ਪਰਨਿਧੀ ਤੇ ਗਰਵਿਤ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ, ਸਕੂਲ ਗਤੀਵਿਧੀਆਂ ਵਿੱਚ ਸਰਗਰਮ ਭਾਗੀਦਾਰੀ ਤੇ ਮਿਸਾਲੀ ਵਿਵਹਾਰ ਲਈ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਮੈਡਮ ਸੁਖਵਿੰਦਰ ਕੌਰ ਗਿੱਲ ਤੇ ਸਕੂਲ ਪ੍ਰਬੰਧਨ ਨੇ ਜੇਤੂਆਂ ਨੂੰ ਵਧਾਈ ਦਿੱਤੀ।

## ਐੱਸ ਆਰ ਐੱਸ ਵਿੱਦਿਆਪੀਠ ਦੀ ਅਵਨੀਤ ਨੇ ਸੁਕੈਅਸ਼ 'ਚ ਸੋਨ ਤਮਗਾ ਜਿੱਤਿਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਬੀਤੇ ਦਿਨੀਂ ਲੁਧਿਆਣਾ ਵਿਖੇ 69ਵੀਆਂ ਰਾਜ ਅੰਤਰ ਸਕੂਲ ਖੇਡਾਂ ਵਿੱਚ ਸੁਕੈਅਸ਼ ਟੂਰਨਾਮੈਂਟ ਅੰਡਰ-19 ਕੁੜੀਆਂ ਕਰਵਾਇਆ ਗਿਆ। ਇਸ ਟੂਰਨਾਮੈਂਟ ਵਿੱਚ 10 ਜ਼ਿਲ੍ਹਿਆਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਪਟਿਆਲਾ ਜ਼ਿਲ੍ਹੇ ਦੇ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੀ ਹੋਣਹਾਰ ਵਿਦਿਆਰਥਣ ਅਵਨੀਤ ਕੌਰ ਨੇ ਵੀ ਇਸ ਮੁਕਾਬਲੇ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਸੋਨ ਤਮਗਾ ਜਿੱਤਿਆ ਅਤੇ ਆਪਣੇ ਸਕੂਲ ਤੇ ਮਾਤਾ-ਪਿਤਾ ਦਾ ਨਾਮ ਰੌਸ਼ਨ ਕੀਤਾ। ਇਸ ਪ੍ਰਾਪਤੀ ਲਈ ਅਵਨੀਤ ਕੌਰ ਨੂੰ ਨੈਸ਼ਨਲ ਲਈ ਚੁਣਿਆ ਗਿਆ। ਹੁਣ ਸਮਾਣਾ ਸ਼ਹਿਰ ਵਿੱਚੋਂ ਅਵਨੀਤ ਪੰਜਾਬ ਵੱਲੋਂ ਨੈਸ਼ਨਲ ਖੇਡਣ ਲਈ ਜਾਵੇਗੀ। ਅਵਨੀਤ ਦਾ ਨੈਸ਼ਨਲ ਲਈ ਚੁਣਿਆ ਜਾਣਾ ਸਮਾਣਾ ਨਿਵਾਸੀਆਂ ਲਈ ਬੜੇ ਮਾਣ ਵਾਲੀ ਗੱਲ ਹੈ। ਇਸ ਖੁਸ਼ੀ ਦੇ ਮੌਕੇ 'ਤੇ ਸਕੂਲ ਵੱਲੋਂ ਅਵਨੀਤ ਤੇ ਉਸ ਦੇ ਮਾਤਾ-ਪਿਤਾ ਨੂੰ ਸਕੂਲ ਵਿੱਚ ਬੁਲਾ ਕੇ ਸਨਮਾਨਤ ਕੀਤਾ ਗਿਆ ਅਤੇ ਅਵਨੀਤ ਨੂੰ ਵਜ਼ੀਫਾ ਵੀ ਦਿੱਤਾ ਗਿਆ। ਅਵਨੀਤ ਦੀ ਇਸ ਸ਼ਾਨਦਾਰ ਜਿੱਤ 'ਤੇ ਸਕੂਲ ਚੇਅਰਮੈਨ ਅਮਿਤ ਸਿੰਗਲਾ, ਸੈਕਟਰੀ ਲਲਿਤ ਸਿੰਗਲਾ, ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਅਵਨੀਤ ਤੇ ਉਸ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ ਅਤੇ ਅਵਨੀਤ ਨੂੰ ਭਵਿੱਖ ਵਿੱਚ ਵੀ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

## ਸ੍ਰੀ ਚੈਤਨਯਾ ਟੈਕਨੋ ਸਕੂਲ ਦੀ ਕੈਟ ਓਲੰਪਿਆਡ 'ਚ ਸ਼ਾਨਦਾਰ ਕਾਰਗੁਜ਼ਾਰੀ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸੱਗੂ)**-ਸਥਾਨਕ ਸ੍ਰੀ ਚੈਤਨਯਾ ਟੈਕਨੋ ਸਕੂਲ ਨੇ ਨੌਲੇਜ ਐਸੈਸਮੈਂਟ ਟੈਸਟ ਓਲੰਪਿਆਡ ਵਿੱਚ ਸ਼ਾਨਦਾਰ ਸਫਲਤਾ ਹਾਸਲ ਕੀਤੀ ਹੈ, ਜਿਸ ਵਿੱਚ 70 ਵਿਦਿਆਰਥੀਆਂ ਨੇ ਲੈਵਲ 1 ਦੀ ਪ੍ਰੀਖਿਆ ਪਾਸ ਕੀਤੀ ਹੈ, ਜੋ ਕਿ ਕਾਬਲੇ-ਤਾਰੀਫ਼ ਪ੍ਰਾਪਤੀ ਹੈ। ਵਿਦਿਆਰਥੀਆਂ ਦੀ ਵਿਸ਼ੇਸ਼ ਬੌਧਿਕ ਯੋਗਤਾ, ਮਿਹਨਤ ਤੇ ਸਮਰਪਣ ਦਾ ਪ੍ਰਮਾਣ ਹੈ। ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਗਣਿਤ ਵਿੱਚ 25 ਵਿਦਿਆਰਥੀ ਚੁਣੇ ਗਏ, ਭੌਤਿਕ ਵਿਗਿਆਨ (ਫਿਜ਼ਿਕਸ) ਵਿੱਚ 21 ਤੇ ਰਸਾਇਣ ਵਿਗਿਆਨ (ਕੈਮਿਸਟਰੀ) ਵਿੱਚ 24 ਵਿਦਿਆਰਥੀ ਚੁਣੇ ਗਏ। ਇਹ ਸਫਲਤਾ ਵਿਦਿਆਰਥੀਆਂ ਦੀ ਪਾਰਖੂ ਸਮਝ, ਦ੍ਰਿੜ੍ਹ ਇਰਾਦੇ ਤੇ ਅਣਥੱਕ ਮਿਹਨਤ ਦਾ ਨਤੀਜਾ ਹੈ। ਇਹ ਪ੍ਰਾਪਤੀ ਸਿਰਫ ਵਿਦਿਆਰਥੀਆਂ ਦੀ ਵਿਅਕਤੀਗਤ ਕਾਬਲੀਅਤ ਦਾ ਪ੍ਰਤੀਕ ਨਹੀਂ ਹੈ, ਸਗੋਂ ਸਕੂਲ ਦੇ ਅਧਿਆਪਕਾਂ ਦੀ ਅਣਥੱਕ ਮਿਹਨਤ ਤੇ ਮਾਰਗਦਰਸ਼ਨ ਦਾ ਨਤੀਜਾ ਵੀ ਹੈ, ਜਿਨ੍ਹਾਂ ਨੇ ਗੁਣਵੱਤਾ ਵਾਲੀ ਸਿੱਖਿਆ ਦੇਣ ਲਈ ਦਿਨ-ਰਾਤ ਇੱਕ ਕੀਤਾ। ਸਕੂਲ ਮੈਨੇਜਮੈਂਟ ਵਿਕਰਮ ਰੈੱਡੀ ਗਾਰੂ (ਐਗਜ਼ੈਕਟਿਵ ਏਜੀਐੱਮ), ਚੈਤਨਯਾ ਗਾਰੂ ਸ਼ਿਵਾ ਕੁਮਾਰ ਗਾਰੂ (ਐਗਜ਼ੈਕਟੀਵ ਡੀਨ), ਕੁਲਬਿੰਦਰ ਗਾਰੂ, ਸੁਨੀਤਾ ਪਾਲ ਗਾਰੂ ਪ੍ਰਿੰਸੀਪਲ, ਸ਼੍ਰੀ ਇਮੈਨਿਯਲ ਬੀ. ਗਾਰੂ (ਅਕੈਡਮਿਕ ਡੀਨ) ਅਤੇ ਇੰਚਾਰਜਜ਼ ਨੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸ਼ਾਨਦਾਰ ਸਫਲਤਾ ਸਭ ਦੀ ਸਾਂਝੀ ਮਿਹਨਤ ਨਾਲ ਸੰਭਵ ਹੋਈ। ਉਨ੍ਹਾਂ ਸਾਰੇ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਇਹ ਸਫਲਤਾ ਭਵਿੱਖ ਦੀਆਂ ਉਪਲਬਧੀਆਂ ਲਈ ਪ੍ਰੇਰਨਾ ਦਾ ਸਰੋਤ ਬਣੇ ਅਤੇ ਸਕੂਲ ਅਕੈਡਮਿਕ ਤੇ ਹੋਰ ਖੇਤਰਾਂ ਵਿੱਚ ਅਜਿਹੀਆਂ ਹੀ ਕਾਮਯਾਬੀਆਂ ਹਾਸਲ ਕਰਦਾ ਰਹੇ।

## ਮਾਊਂਟ ਲਿਟਰਾ ਜ਼ੀ ਦੇ ਮੁੰਡਿਆਂ ਸ਼ਤਰੰਜ 'ਚ ਸੋਨ ਤਮਗਾ ਜਿੱਤਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਦੇ ਅੰਡਰ-11 ਮੁੰਡਿਆਂ ਨੇ ਬਲਾਕ-ਪੱਧਰੀ ਸ਼ਤਰੰਜ ਮੁਕਾਬਲੇ ਵਿੱਚ ਭਾਗ ਲਿਆ ਤੇ ਸੋਨ ਤਮਗਾ ਜਿੱਤ ਕੇ ਸਕੂਲ ਦਾ ਮਾਣ ਵਧਾਇਆ। ਇਸ ਮੌਕੇ ਸਕੂਲ ਦੇ ਪ੍ਰਧਾਨ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਖੁਸ਼ੀ ਪ੍ਰਗਟ ਕੀਤੀ ਅਤੇ ਸ਼ਤਰੰਜ ਖਿਡਾਰੀਆਂ, ਉਨ੍ਹਾਂ ਦੇ ਮਾਪਿਆਂ ਤੇ ਸਕੂਲ ਦੇ ਸਾਰੇ ਸਟਾਫ ਨੂੰ ਵਧਾਈ ਦਿੱਤੀ। ਇਸ ਮੌਕੇ ਬੋਲਦੇ ਹੋਏ ਉਨ੍ਹਾਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਵਿਸ਼ਵਾਸ ਤੇ ਇਕਾਗਰਤਾ ਨੂੰ ਵਧਾਉਣ ਵਿੱਚ ਸਹਾਇਤਾ ਕਰਦੇ ਹਨ ਤੇ ਉਹ ਯੋਗ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਨਿਖਾਰਨ ਲਈ ਹਰ ਸੰਭਵ ਕੋਸ਼ਿਸ਼ ਕਰਨਗੇ।

## ਹਰਸ਼ਿਤਾ ਨੇ ਸੂਬਾ ਪੱਧਰੀ ਖੇਡਾਂ 'ਚ ਜਿੱਤਿਆ ਸੋਨ ਤਮਗਾ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਮੀਰੀ ਪੀਰੀ ਖਾਲਸਾ ਅਕੈਡਮੀ ਦੀ ਵਿਦਿਆਰਥਣ ਹਰਸ਼ਿਤਾ ਨੇ ਸੂਬਾ ਪੱਧਰੀ ਖੇਡਾਂ ਦੌਰਾਨ ਅੰਡਰ-14 ਸ਼੍ਰੇਣੀ ਦੇ ਤਾਇਕਵਾਂਡੋ ਮੁਕਾਬਲੇ ਵਿੱਚ ਗੋਲਡ ਮੈਡਲ ਜਿੱਤ ਕੇ ਇੱਕ ਬੇਮਿਸਾਲ ਪ੍ਰਦਰਸ਼ਨ ਕੀਤਾ। ਇਸ ਉਪਲਬਧੀ ਨਾਲ ਉਸ ਨੇ ਸਿਰਫ ਆਪਣੇ ਸਕੂਲ ਹੀ ਨਹੀਂ, ਸਗੋਂ ਪੂਰੇ ਪੰਜਾਬ ਨੂੰ ਗਰਵ ਮਹਿਸੂਸ ਕਰਵਾਇਆ ਹੈ। ਹੁਣ ਹਰਸ਼ਿਤਾ ਰਾਸ਼ਟਰੀ ਮੈਚ 'ਚ ਭਾਗ ਲੈਣ ਲਈ ਚੁਣੀ ਗਈ। ਸਕੂਲ ਦੇ ਪ੍ਰਿੰਸੀਪਲ ਪ੍ਰਦੀਪ ਸੋਨੀ ਤੇ ਚੇਅਰਮੈਨ ਇੰਦਰਜੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰਸ਼ਿਤਾ ਨੇ ਲੰਬੀ ਮਿਹਨਤ ਤੇ ਨਿਸ਼ਚਿਤ ਟ੍ਰੇਨਿੰਗ ਤੋਂ ਬਾਅਦ ਇਹ ਉਪਲਬਧੀ ਹਾਸਲ ਕੀਤੀ ਅਤੇ ਇਸ ਦੀ ਸਫਲਤਾ ਵਿੱਚ ਉਨ੍ਹਾਂ ਦੇ ਕੋਚ ਸੰਦੀਪ ਕੁਮਾਰ ਦਾ ਬਹੁਤ ਯੋਗਦਾਨ ਰਿਹਾ ਹੈ।

# ਫਾਇਰ ਬ੍ਰਿਗੇਡ ਨੂੰ ਮਿਲੀਆਂ ਦੋ ਨਵੀਆਂ ਗੱਡੀਆਂ, ਵਿਧਾਇਕਾ ਨੇ ਦਿੱਤੀ ਹਰੀ ਝੰਡੀ

### 19, 20, 21 ਨੂੰ 35-40 ਕਰਮਚਾਰੀ 24 ਘੰਟੇ ਤਾਇਨਾਤ ਰਹਿਣਗੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਸਰਕਾਰ ਨੇ ਦੀਵਾਲੀ ਦੇ ਤਿਉਹਾਰ ਲਈ ਮੋਗਾ ਨਗਰ ਨਿਗਮ ਵਿੱਚ ਫਾਇਰ ਬ੍ਰਿਗੇਡ ਨੂੰ ਦੋ ਨਵੀਆਂ ਗੱਡੀਆਂ ਦਿੱਤੀਆਂ ਹਨ, ਜਿਨ੍ਹਾਂ ਨੂੰ ਅੱਜ ਨਗਰ ਨਿਗਮ ਤੋਂ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਇਸ ਮੌਕੇ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਥਾਨਕ ਸਰਕਾਰਾਂ ਮੰਤਰੀ ਡਾ. ਰਵਜੋਤ ਸਿੰਘ ਸਮੇਤ ਸਮੁੱਚੀ ਲੀਡਰਸ਼ਿਪ ਦਾ ਪੰਜਾਬ ਸਰਕਾਰ ਵੱਲੋਂ ਮੋਗਾ ਨਗਰ ਨਿਗਮ ਨੂੰ ਤਿੰਨ ਫਾਇਰ ਬ੍ਰਿਗੇਡ ਗੱਡੀਆਂ, ਜਿਨ੍ਹਾਂ ਵਿੱਚ ਇੱਕ ਵੱਡੀ ਤੇ ਇੱਕ ਛੋਟਾ ਵਾਹਨ ਸ਼ਾਮਲ ਹੈ, ਪ੍ਰਦਾਨ ਕਰਨ ਲਈ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸੁਵਿਧਿਆ ਕਿੰਨੀਂ ਵੀ ਪ੍ਰਦਾਨ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਕੋਲ ਪਹਿਲਾਂ ਹੀ ਪੰਜ ਵਾਹਨ ਸਨ ਤੇ ਹੁਣ ਇਹ ਗਿਣਤੀ ਵਧਾ ਕੇ ਸੱਤ ਕਰ ਦਿੱਤੀ ਗਈ ਹੈ। ਉਨ੍ਹਾਂ ਨੇ ਕਿਹਾ ਕਿ ਮੋਗਾ ਨਗਰ ਨਿਗਮ ਦੇ ਦੋ ਫਾਇਰ ਸਟੇਸ਼ਨ ਹਨ, ਇੱਕ ਨਗਰ ਨਿਗਮ ਮੋਗਾ ਵਿਖੇ ਤੇ ਦੂਜਾ ਬੱਸ ਸਟੈਂਡ ਤੇ ਫੋਕਲ ਪੁਆਇੰਟ ਦੇ ਨੇੜੇ, ਜੋ ਕਿਸੇ ਵੀ ਤਰ੍ਹਾਂ ਦੀ ਅੱਗ ਦਾ ਜਵਾਬ ਦੇਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਛੋਟੇ ਵਾਹਨ ਵੀ ਉਪਲਬਧ ਹਨ, ਜੋ ਤੰਗ-ਭੀੜੇ ਵਾਲੀਆਂ ਤੇ ਤੰਗ ਗਲੀਆਂ ਨਾਲ ਨਜਿੱਠਣ ਲਈ ਤਿਆਰ ਹਨ। ਉਨ੍ਹਾਂ ਕਿਹਾ ਕਿ ਦੀਵਾਲੀ ਅਤੇ ਝੋਨੇ ਦੀ ਵਾਢੀ ਦੇ ਸੀਜ਼ਨ ਦੇ ਮੱਦੇਨਜ਼ਰ, ਅੱਗ ਦੀਆਂ ਘਟਨਾਵਾਂ ਨੂੰ ਕਾਬੂ ਕਰਨ ਲਈ ਮੋਗਾ ਵਿੱਚ ਚਾਰ ਫਾਇਰ ਸਟੇਸ਼ਨ ਸਥਾਪਤ ਕੀਤੇ ਗਏ ਹਨ। ਇਸ ਮੌਕੇ ਫਾਇਰ ਬ੍ਰਿਗੇਡ ਅਧਿਕਾਰੀ ਨੇ ਕਿਹਾ ਕਿ 19, 20 ਅਤੇ 21 ਅਕਤੂਬਰ ਨੂੰ ਵੀ 35-40 ਕਰਮਚਾਰੀ ਡਿਊਟੀ 'ਤੇ ਹੋਣਗੇ। ਇਸ ਮੌਕੇ ਨਗਰ ਨਿਗਮ ਦੇ ਮੇਅਰ ਬਲਜੀਤ ਸਿੰਘ ਚਾਨੀ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸ਼ਰਮਾ, ਡਿਪਟੀ ਮੇਅਰ ਅਸ਼ੋਕ ਧਮੀਜਾ, ਨਗਰ ਨਿਗਮ ਦੇ ਕੌਂਸਲਰ, ਫਾਇਰ ਬ੍ਰਿਗੇਡ ਅਧਿਕਾਰੀ, ਆਮ ਆਦਮੀ ਪਾਰਟੀ ਦੇ ਵਲੰਟੀਅਰ ਮੌਜੂਦ ਸਨ।

## 5 ਲੱਖ ਦੀ ਠੱਗੀ ਮਾਰਨ ਦੇ ਦੋਸ਼ 'ਚ ਦੋ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਮਦੋਟ ਵਿਖੇ ਇੱਕ ਵਿਅਕਤੀ ਨਾਲ 5 ਲੱਖ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਮਮਦੋਟ ਪੁਲਸ ਨੇ ਦੋ ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਗਹਿਣਾ ਰਾਮ ਨੇ ਦੱਸਿਆ ਕਿ ਇੱਕ ਦਰਖ਼ਾਸਤ ਯੂਆਈਡੀ ਨੰਬਰ 656853 ਮਿਤੀ 8 ਸਤੰਬਰ 2025 ਵੱਲੋਂ ਗੁਰਵਿੰਦਰ ਸਿੰਘ ਚਿੱਲੋਂ ਪੁੱਤਰ ਸੁਖਦੇਵ ਸਿੰਘ ਵਾਸੀ ਭੂਰੇ ਖੁਰਦ ਜ਼ਿਲ੍ਹਾ ਫਿਰੋਜ਼ਪੁਰ ਬਾਅਦ ਪੜਤਾਲ ਉਪ ਕਪਤਾਨ ਪੁਲਸ (ਪੀਬੀਆਈ) ਸਪੈਸ਼ਲ ਕਰਾਇਮ ਫਿਰੋਜ਼ਪੁਰ ਤੇ ਬਾਅਦ ਪ੍ਰਵਾਨਗੀ ਸੀਨੀਅਰ ਪੁਲਸ ਕਪਤਾਨ ਫਿਰੋਜ਼ਪੁਰ ਮੌਸੂਲ ਥਾਣਾ ਹੋਈ ਹੈ, ਜੋ ਪ੍ਰਾਰਥੀ ਗੁਰਵਿੰਦਰ ਸਿੰਘ ਨਾਲ ਉਤਰਾਵਾਦੀ ਬਲਵੰਤ ਸਿੰਘ ਪੁੱਤਰ ਜਗਿੰਦਰ ਸਿੰਘ ਤੇ ਸ਼ਿੰਦਰ ਕੌਰ ਪਤਨੀ ਜਗਿੰਦਰ ਸਿੰਘ ਵਾਸੀਆਨ ਪਿੰਡ ਮਹਿਲ ਸਿੰਘ ਵਾਲਾ ਨੇ ਮਿਲੀਭੁਗਤ ਕਰਕੇ 5 ਲੱਖ ਰੁਪਏ ਦੀ ਠੱਗੀ ਮਾਰੀ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਗਹਿਣਾ ਰਾਮ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਸਰਹੱਦੀ ਪਿੰਡ ਟੇਂਡੀਵਾਲਾ ਤੇ ਭਾਣੇਵਾਲਾ 'ਚੋਂ ਹੈਰੋਇਨ ਬਰਾਮਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਹੱਦੀ ਪਿੰਡ ਟੇਂਡੀਵਾਲਾ ਤੇ ਭਾਣੇਵਾਲਾ ਦੇ ਵਿਚਕਾਰੋਂ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਕ ਪੈਕੇਟ ਹੈਰੋਇਨ, ਜਿਸ ਦਾ ਵਜ਼ਨ 510 ਗ੍ਰਾਮ ਬਰਾਮਦ ਕੀਤਾ। ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਇਸ ਮਾਮਲੇ ਵਿੱਚ ਅਣਪਛਾਤੇ ਵਿਅਕਤੀਆਂ ਖਿਲਾਫ ਕੇਸ ਦਰਜ ਕਰ ਲਿਆ ਹੈ। ਜਾਣਕਾਰੀ ਦਿੰਦੇ ਹੋਏ ਐੱਸਆਈ ਮੇਜਰ ਸਿੰਘ ਨੇ ਦੱਸਿਆ ਕਿ ਜਦ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਕਰਦੀ ਹੋਈ ਇਲਾਕੇ ਵਿੱਚ ਮੌਜੂਦ ਸੀ ਤਾਂ ਇਸ ਦੌਰਾਨ ਇਕ ਟੈਲੀਫੋਨ ਵੱਲੋਂ ਕੰਪਨੀ ਕਮਾਂਡਰ ਚੌਕੀ ਸ਼ਾਮੇ ਕੇ ਰਾਹੀਂ ਸੂਚਨਾ ਮਿਲੀ ਕਿ ਪਿੰਡ ਟੇਂਡੀਵਾਲਾ ਤੇ ਭਾਣੇਵਾਲਾ ਦੇ ਵਿਚਕਾਰ ਇਕ ਹੈਰੋਇਨ ਦਾ ਪੈਕੇਟ ਬਰਾਮਦ ਹੋਇਆ, ਜਿਸ ਦਾ ਵਜ਼ਨ 510 ਗ੍ਰਾਮ ਹੈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕਰ ਰਹੀ ਹੈ।

## 'ਰੰਗ-ਤਰੰਗ' ਮੁਕਾਬਲਿਆਂ 'ਚ ਸਵਾਮੀ ਰੂਪ ਚੰਦ ਜੈਨ ਸਕੂਲ ਨੇ ਓਵਰਆਲ ਰਨਰਅੱਪ ਟਰਾਫੀ ਜਿੱਤੀ



**ਜਗਰਾਉਂ (ਅਮਿਤ ਖੰਨਾ)**-ਜੀ.ਐੱਚ.ਜੀ. ਖਾਲਸਾ ਕਾਲਜ ਸੁਧਾਰ ਵਿਖੇ 'ਰੰਗ-ਤਰੰਗ 2025' ਪ੍ਰੋਗਰਾਮ ਤਹਿਤ ਹੋਏ ਮੁਕਾਬਲਿਆਂ ਦੌਰਾਨ ਸਵਾਮੀ ਰੂਪ ਚੰਦ ਜੈਨ ਸਕੂਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਓਵਰਆਲ ਰਨਰਅੱਪ ਟਰਾਫੀ ਜਿੱਤੀ। ਪ੍ਰਿੰਸੀਪਲ ਰਾਜਪਾਲ ਕੌਰ ਦੀ ਯੋਗ ਅਗਵਾਈ ਤੇ ਸਮੂਹ ਮੈਨੇਜਮੈਂਟ ਦੇ ਸਹਿਯੋਗ ਸਦਕਾ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਬੱਚਿਆਂ ਨੇ ਸੁੰਦਰ ਲਿਖਾਈ ਮੁਕਾਬਲੇ, ਨਿਬੰਧ ਲੇਖਨ, ਮਹਿੰਦੀ, ਵਰਕਿੰਗ ਮਾਡਲ, ਵੇਸਟ ਇਜ਼ ਨਥਿੰਗ, ਰੰਗੋਲੀ, ਕਾਰਟੂਨਿੰਗ, ਭੰਗੜਾ, ਸੋਲੋ ਡਾਂਸ, ਲੋਕ ਗੀਤ ਮੁਕਾਬਲਿਆਂ ਤਹਿਤ ਆਪਣੀ ਕਲਾ ਤੇ ਚੰਗੀ ਕਾਰਗੁਜ਼ਾਰੀ ਤਹਿਤ ਪ੍ਰਦਰਸ਼ਨਾਂ ਨਾਲ ਸਭ ਦਾ ਮਨ ਮੋਹ ਕੇ ਚੰਗੀਆਂ ਪੁਜ਼ੀਸ਼ਨਾਂ ਹਾਸਲ ਕੀਤੀਆਂ। ਕਾਲਜ ਵੱਲੋਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਤੇ ਸਨਮਾਨ ਪੱਤਰਾਂ ਨਾਲ ਸਨਮਾਨਤ ਕੀਤਾ ਗਿਆ। ਸਕੂਲ ਪਹੁੰਚਣ 'ਤੇ ਇਨ੍ਹਾਂ ਵਿਦਿਆਰਥੀਆਂ ਦੀ ਚੰਗੀ ਕਾਰਗੁਜ਼ਾਰੀ 'ਤੇ ਖੂਬ ਤਾੜੀਆਂ ਨਾਲ ਹੌਸਲਾ ਅਫ਼ਜ਼ਾਈ ਕੀਤੀ ਗਈ। ਪ੍ਰਿੰਸੀਪਲ ਰਾਜਪਾਲ ਕੌਰ ਤੇ ਸਕੂਲ ਮੈਨੇਜਮੈਂਟ ਵੱਲੋਂ ਇਨ੍ਹਾਂ ਵਿਦਿਆਰਥੀਆਂ ਦੀ ਮਿਹਨਤ, ਕਲਾ ਤੇ ਚੰਗੀ ਕਾਰਗੁਜ਼ਾਰੀ ਦੀ ਪ੍ਰਸੰਸਾ ਕਰਦਿਆਂ ਹੌਸਲਾ ਅਫ਼ਜ਼ਾਈ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਨੇ ਸਮੂਹ ਮੈਨੇਜਮੈਂਟ ਦਾ ਧੰਨਵਾਦ ਕੀਤਾ, ਜੋ ਸਮੇਂ ਸਮੇਂ 'ਤੇ ਵਿਦਿਆਰਥੀਆਂ ਨੂੰ ਯੋਗ ਟ੍ਰੇਨਿੰਗ ਦੇ ਵਾਸਤੇ ਪੁਖਤਾ ਪ੍ਰਬੰਧ ਕਰਦੇ ਰਹਿੰਦੇ ਹਨ। ਅੰਤ ਵਿੱਚ ਉਨ੍ਹਾਂ ਨੇ ਪੁਜ਼ੀਸ਼ਨਾਂ ਪ੍ਰਾਪਤ ਕਰਕੇ ਆਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰਨ ਦੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਕੈਬਨਿਟ ਮੰਤਰੀ ਡਾ. ਬਲਬੀਰ ਦੇ ਘਰ ਵੱਲ ਰੋਸ ਮਾਰਚ 26 ਨੂੰ

**ਪਟਿਆਲਾ (ਰਾਜਿੰਦਰ ਥਿੰਦ)**-ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਵੱਲੋਂ ਸੂਬਾਈ ਸੱਦੇ ਤਹਿਤ ਜ਼ਿਲ੍ਹਾ ਕਮੇਟੀ ਦੀ ਮੀਟਿੰਗ ਸਥਾਨਕ ਡਿਪਟੀ ਕਮਿਸ਼ਨਰ ਪਟਿਆਲਾ ਦਫਤਰ ਵਿਖੇ ਕੀਤੀ ਗਈ, ਜਿਸ ਵਿੱਚ ਫਰੰਟ ਵੱਲੋਂ 26 ਅਕਤੂਬਰ ਨੂੰ ਜ਼ਿਲ੍ਹਾ ਪਟਿਆਲਾ ਦੀ ਕਨਵੈਨਸ਼ਨ ਕਰਕੇ ਪੰਜਾਬ ਸਰਕਾਰ ਖਿਲਾਫ ਸ਼ਹਿਰ ਵਿੱਚ ਰੋਸ ਮਾਰਚ ਕਰਨ ਦਾ ਫੈਸਲਾ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੂਬਾ ਆਗੂ ਅਤਿੰਦਰ ਪਾਲ ਸਿੰਘ ਤੇ ਸਤਪਾਲ ਸਮਾਣਵੀ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਆਪਣੀਆਂ ਜਾਇਜ਼ ਮੰਗਾਂ ਦੇ ਹੱਲ ਲਈ ਵੱਡੀਆਂ ਉਮੀਦਾਂ ਨਾਲ ਆਪ ਸਰਕਾਰ ਨੂੰ ਸੂਬੇ ਦੀ ਹਕੂਮਤ ਸੌਂਪੀ ਸੀ। ਸੂਬੇ ਦੇ ਹੱਕਾਂ ਦੀ ਰਾਖੀ ਕਰਨ ਵਿੱਚ ਨਕਾਮ ਰਹੀ ਭਗਵੰਤ ਸਰਕਾਰ ਖਿਲਾਫ ਪੁਰਾਣੀ ਪੈਨਸ਼ਨ ਦੇ ਮਾਮਲੇ ਨੂੰ ਲੈ ਕੇ ਸੂਬੇ ਦੇ ਮੁਲਾਜ਼ਮਾਂ ਵਿੱਚ ਤਿੱਖੀ ਨਰਾਜ਼ਗੀ ਹੈ। ਜ਼ਿਕਰਯੋਗ ਹੈ ਕਿ 18 ਨਵੰਬਰ 2022 ਨੂੰ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਕੀਤੇ ਜਾਣ ਦੇ ਬਾਵਜੂਦ ਤਿੰਨ ਸਾਲ ਬੀਤਣ ਮਗਰੋਂ ਵੀ ਇੱਕ ਵੀ ਐੱਨ ਪੀ ਐੱਸ ਮੁਲਾਜ਼ਮ ਨੂੰ ਪੁਰਾਣੀ ਪੈਨਸ਼ਨ ਦਾ ਲਾਭ ਨਹੀਂ ਮਿਲਿਆ ਹੈ। ਇਸ 'ਤੇ ਵੀ ਅੱਗੇ ਵਧਾਉਂਦਿਆਂ ਹੁਣ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਤੇ ਮੁਲਾਜ਼ਮ ਮਾਮਲਿਆਂ ਨੂੰ ਲੈ ਕੇ ਗਠਿਤ ਕੈਬਨਿਟ ਸਬ-ਕਮੇਟੀ ਸੂਬੇ ਦੀ ਮਾੜੀ ਵਿੱਤੀ ਹਾਲਤ ਨੂੰ ਬਹਾਨਾ ਬਣਾ ਕੇ ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਬਜਾਏ ਕੇਂਦਰੀ ਯੂਪੀਐੱਸ ਸਕੀਮ ਨੂੰ ਥੋਪਣ ਦੀ ਤਿਆਰੀ ਵਿੱਚ ਹਨ, ਜਿਸ ਨੂੰ ਐੱਨਪੀਐੱਸ ਮੁਲਾਜ਼ਮਾਂ ਨੇ ਧੁਰੋਂ ਨਕਾਰ ਦਿੱਤਾ ਹੈ। ਆਗੂਆਂ ਭਰਤ ਕੁਮਾਰ, ਜੀਨੀਅਸ ਤੇ ਜਗਤਾਰ ਰਾਮ ਨੇ ਕਿਹਾ ਕਿ ਆਪ ਸਰਕਾਰ ਦੀ ਪੈਨਸ਼ਨ ਲਾਗੂ ਕਰਨ ਦੀ ਨਕਾਮੀ ਖ਼ਿਲਾਫ਼ ਫਰੰਟ ਵੱਲੋਂ 26 ਅਕਤੂਬਰ 2025 ਨੂੰ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕਰਕੇ ਐੱਨ.ਪੀ.ਐੱਸ ਮੁਲਾਜ਼ਮਾਂ ਨੂੰ ਤਿੱਖੇ ਸੰਘਰਸ਼ ਲਈ ਲਾਮਬੰਦ ਕੀਤਾ ਜਾਵੇਗਾ ਅਤੇ ਇਸ ਉਪਰੰਤ ਆਪ ਸਰਕਾਰ ਦੇ ਪਟਿਆਲਾ ਤੋਂ ਵਿਧਾਇਕ ਡਾਕਟਰ ਬਲਬੀਰ ਸਿੰਘ ਦੇ ਘਰ ਵੱਲ ਰੋਸ ਮਾਰਚ ਕੀਤਾ ਜਾਵੇਗਾ।

## ਦੇਸ਼ ਭਗਤ ਕਾਲਜ 'ਚ ਨਸ਼ਿਆਂ ਵਿਰੁੱਧ ਸੈਮੀਨਾਰ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ, ਮਨੋਹਰ ਸੱਗੂ)**-ਸਥਾਨਕ ਦੇਸ਼ ਭਗਤ ਕਾਲਜ ਬਰੜਵਾਲ ਦੇ ਈਕੋ ਕਲੱਬ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਵਿਸ਼ੇ 'ਤੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੇ ਮੁੱਖ ਬੁਲਾਰੇ ਡਾ. ਅਮਿਤ ਕਾਂਸਲ, ਐਸੋਸੀਏਟ ਪ੍ਰੋਫੈਸਰ, ਸਰਕਾਰੀ ਕਾਲਜ, ਸੁਨਾਮ ਨੇ ਸੰਬੋਧਨ ਕਰਦਿਆਂ ਸਮਾਜ ਵਿੱਚ ਨਸ਼ਿਆ ਦੇ ਵਧ ਰਹੇ ਖ਼ਤਰੇ 'ਤੇ ਭਾਸ਼ਣ ਦਿੱਤਾ। ਉਨ੍ਹਾਂ ਜਾਗਰੂਕਤਾ, ਅਨੁਸ਼ਾਸਨ ਤੇ ਰਚਨਾਤਮਕ ਗਤੀਵਿਧੀਆਂ ਵਿੱਚ ਸਕਾਰਾਤਮਕ ਸ਼ਮੂਲੀਅਤ ਰਾਹੀਂ। ਇਸ ਸਮਾਜਿਕ ਬੁਰਾਈ ਦਾ ਮੁਕਾਬਲਾ ਕਰਨ ਲਈ ਨੌਜਵਾਨਾਂ, ਸਿੱਖਿਅਕਾਂ ਤੇ ਭਾਈਚਾਰੇ ਦੀ ਸਮੂਹਕ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਪ੍ਰੋਗਰਾਮ ਦੀ ਸ਼ੁਰੂਆਤ ਵਿੱਚ, ਡਾ. ਮਨਜੀਤ ਸਿੰਘ ਨੇ ਇੱਕ ਪ੍ਰਗਤੀਸ਼ੀਲ ਸਮਾਜ ਦੇ ਨਿਰਮਾਣ ਵਿੱਚ ਵਾਤਾਵਰਣ ਤੇ ਸਮਾਜਿਕ ਤੰਦਰੁਸਤੀ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਸਮਾਗਮ ਦੀ ਰੂਪ-ਰੇਖਾ ਤੇ ਉਦੇਸ਼ਾਂ 'ਤੇ ਚਰਚਾ ਕੀਤੀ। ਦੇਸ਼ ਭਗਤ ਕਾਲਜ ਦੇ ਪ੍ਰਿੰਸੀਪਲ ਡਾ. ਬਲਬੀਰ ਸਿੰਘ ਨੇ ਮਹਿਮਾਨ ਬੁਲਾਰੇ ਦਾ ਨਿੱਘਾ ਸਵਾਗਤ ਕੀਤਾ ਤੇ ਅਜਿਹੇ ਸਮਾਜਿਕ ਤੌਰ 'ਤੇ ਢੁੱਕਵੇਂ ਪ੍ਰੋਗਰਾਮ ਲਈ ਈਕੋ ਕਲੱਬ ਦੇ ਯਤਨਾਂ ਦੀ ਪ੍ਰਸ਼ੰਸਾ ਕੀਤੀ। ਕਾਲਜ ਸਕੱਤਰ ਬਲਵੰਤ ਸਿੰਘ ਮੀਮਸਾ ਨੇ ਵਿਭਾਗ ਨੂੰ ਵਧਾਈ ਦਿੱਤੀ ਤੇ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਤ ਕੀਤਾ। ਸੈਮੀਨਾਰ ਡਾ. ਲਖਵੀਰ ਸਿੰਘ ਦੁਆਰਾ ਦਿੱਤੇ ਗਏ ਰਸਮੀ ਧੰਨਵਾਦ ਮਤੇ ਨਾਲ ਸਮਾਪਤ ਹੋਇਆ, ਜਿਨ੍ਹਾਂ ਸਰੋਤ ਵਿਅਕਤੀ, ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਦਾ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਤੇ ਉਤਸ਼ਾਹ ਲਈ ਧੰਨਵਾਦ ਕੀਤਾ।

## ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਡੀ ਸੀ ਨੂੰ ਹੜ੍ਹ ਪ੍ਰਭਾਵਿਤਾਂ ਲਈ 51 ਹਜ਼ਾਰ ਰੁਪਏ ਭੇਟ



**ਮੋਗਾ (ਇਕਬਾਲ ਸਿੰਘ ਖਹਿਰਾ)**-ਰੈੱਡ ਕਰਾਸ ਡੇ ਕੇਅਰ ਸੈਂਟਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜਨਰਲ ਬਾਡੀ ਦੀ ਮੀਟਿੰਗ ਦੌਰਾਨ ਹੋਏ ਫੈਸਲੇ ਅਨੁਸਾਰ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ 'ਮੁੱਖ ਮੰਤਰੀ ਹੜ੍ਹ ਪੀੜਤ ਫੰਡ' ਵਿੱਚ ਸੀਨੀਅਰ ਸਿਟੀਜ਼ਨ ਕੌਂਸਲ (ਰਿਟਾਇਰਡ ਗੌਰਮਿੰਟ ਕਰਮਚਾਰੀ) ਮੋਗਾ ਵੱਲੋਂ ਯੋਗਦਾਨ ਪਾਉਣ ਲਈ ਸਮੂਹ ਕੌਂਸਲ ਮੈਂਬਰਾਂ ਵੱਲੋਂ ਵਧ ਚੜ੍ਹਕੇ ਹਿਸਾ ਪਾਉਣ ਦੀ ਮੁਹਿੰਮ ਨੂੰ ਜਾਰੀ ਰੱਖਦਿਆਂ ਪੰਜਾਬ ਫੈਡਸਨ ਦੇ ਸੀਨੀਅਰ ਉਪ ਪ੍ਰਧਾਨ ਤੇ ਕੌਂਸਲ ਪ੍ਰਧਾਨ ਸਰਦਾਰੀ ਲਾਲ ਕਾਮਰਾ ਦੀ ਅਗਵਾਈ ਹੇਠ ਮੈਂਬਰਾਂ ਵੱਲੋਂ ਇਕੱਠੀ ਕੀਤੀ ਗਈ ਰਾਸ਼ੀ ਦਾ 51,000/- (ਇਕਵੰਜਾ ਹਜ਼ਾਰ) ਰੁਪਏ ਦਾ ਡਰਾਫਟ ਜ਼ਿਲ੍ਹਾ ਡਿਪਟੀ ਕਮਿਸ਼ਨਰ ਮੋਗਾ ਸਾਗਰ ਸੇਤਿਆ ਨੂੰ ਭੇਟ ਕੀਤਾ ਗਿਆ ਅਤੇ ਕਿਹਾ ਕਿ ਕੌਂਸਲ ਮੈਂਬਰਾਂ ਵੱਲੋਂ ਹੜ੍ਹ ਪ੍ਰਭਾਵਤ ਲੋਕਾਂ ਦੇ ਦਰਦ ਨੂੰ ਅਪਣਾ ਦਰਦ ਮਹਿਸੂਸ ਕਰ ਕੇ ਫੰਡ ਵਿੱਚ ਆਪੋ ਅਪਣੀ ਹੈਸੀਅਤ ਮੁਤਾਬਕ ਹਿੱਸਾ ਪਾਇਆ ਗਿਆ ਹੈ। ਪ੍ਰਧਾਨ ਨੇ ਦੱਸਿਆ ਕਿ ਕੌਂਸਲ ਗੈਰ- ਰਾਜਨੀਤਕ, ਗੈਰ-ਧਾਰਮਿਕ ਤੇ ਪ੍ਰਸ਼ਾਸਨਕ ਪੱਖੀ ਹੈ ਤੇ ਬਜ਼ੁਰਗ ਭਲਾਈ ਐਕਟ 2007 ਨੂੰ ਸਖ਼ਤੀ ਨਾਲ ਲਾਗੂ ਕਰਵਾਉਣ ਲਈ ਵਚਨਬੱਧ ਹੈ। ਮਾਨਯੋਗ ਡਿਪਟੀ ਕਮਿਸ਼ਨਰ ਨੇ ਕੌਂਸਲ ਪ੍ਰਧਾਨ ਤੋਂ ਡਰਾਫਟ ਪ੍ਰਾਪਤ ਕਰਦਿਆਂ ਸਮੂਹ ਕੌਂਸਲ ਮੈਂਬਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਅਜਿਹੇ ਉਪਰਾਲੇ ਹਰ ਸੰਸਥਾ ਨੂੰ ਕਰਨੇ ਚਾਹੀਦੇ ਹਨ ਤਾਂ ਜੋ ਹਰ ਹੜ੍ਹ ਪੀੜਤ ਪਰਵਾਰ ਅਪਣੇ ਆਪ ਨੂੰ ਕੁਦਰਤੀ ਸੰਕਟ ਤੋਂ ਉਭਾਰ ਸਕੇ। ਅੰਤ ਵਿੱਚ ਦਰਬਾਰ ਸਿੰਘ ਗਿੱਲ ਉਪ ਪ੍ਰਧਾਨ ਨੇ ਆਏ ਹੋਏ ਕੌਂਸਲ ਮੈਂਬਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਇਸ ਮਿਲਣੀ ਵਿੱਚ ਵਿਜੈ ਸ਼ਰਮਾ ਜਨਰਲ ਸਕੱਤਰ, ਇਕਬਾਲ ਸਿੰਘ ਲੋਹਾਮ, ਲਾਲ ਚੰਦ ਅਰੋੜਾ ਅਡੀਟਰ, ਗੁਰਚਰਨ ਸਿੰਘ ਰਿਟਾਇਰਡ ਸੁਪਰਡੈਂਟ ਬਿਜਲੀ ਬੋਰਡ, ਗੁਰਦੀਪ ਸਿੰਘ ਬਰਾੜ ਸਾਬਕਾ ਐਕਸੀਅਨ, ਅਮਰ ਸਿੰਘ ਵਿਰਦੀ, ਵਿਜੈ ਕੁਮਾਰ ਬਾਂਸਲ ਸਾਬਕਾ ਮੁੱਖ ਅਧਿਆਪਕ, ਜੋਗਿੰਦਰ ਸਿੰਘ ਲੋਹਾਮ ਸਟੇਟ ਅਵਾਰਡੀ, ਗੁਰਬੀਰ ਸਿੰਘ ਜਸਲ, ਜਗਦੀਪ ਸਿੰਘ ਕੈਂਥ, ਸੁਖਚੈਨ ਸਿੰਘ ਹੀਰਾ (ਸਾਬਕਾ ਡਾਇਟ ਪਿੰਸੀਪਲ), ਸਵਤੰਤਰ ਕੁਮਾਰ ਗੁਪਤਾ, ਸੁਰਿੰਦਰ ਕੁਮਾਰ ਸਾਬਕਾ ਮੁੱਖ ਅਧਿਆਪਕ ਤੋਂ ਇਲਾਵਾ ਹੋਰ ਵੀ ਹਾਜ਼ਰ ਸਨ।

## ਸਮੁੱਚੀ ਕਿਸਾਨੀ ਨਿਰਾਸ਼ਾ ਦੇ ਆਲਮ 'ਚ : ਗਰਗ, ਬਰਾੜ



**ਨਿਹਾਲ ਸਿੰਘ ਵਾਲਾ (ਲਵਲੀ ਕੁਮਾਰ)**-ਇਸ ਵੇਰ ਜਿੱਥੇ ਕੁਦਰਤੀ ਮਾਰ ਦਾ ਸ਼ਿਕਾਰ ਪੰਜਾਬ ਦੇ ਕਿਸਾਨ ਹੋਏ ਹਨ, ਉਥੇ ਹੀ ਕਿਸਾਨਾਂ ਨੇ ਹਾਈਬ੍ਰਿਡ ਕਿਸਮਾਂ ਲਾਉਣ ਤੋਂ ਕਿਨਾਰਾ ਕਰਕੇ ਮਨਜ਼ੂਰ ਸ਼ੁਦਾ ਕਿਸਮਾਂ ਲਾਉਣ ਨੂੰ ਤਰਜੀਹ ਦਿੱਤੀ। ਇਸ ਵੇਰ ਝੋਨੇ ਦੇ ਝਾੜ ਵਿੱਚ ਵੱਡੀ ਕਮੀ ਵੇਖਣ ਵਿੱਚ ਆ ਰਹੀ ਹੈ, ਜਦੋਂ ਹਲਕੇ ਦੀ ਮੁੱਖ ਮੰਡੀ ਨਿਹਾਲ ਸਿੰਘ ਵਾਲਾ ਦਾ ਦੌਰਾ ਕੀਤਾ ਗਿਆ ਤਾਂ ਵੱਖ ਵੱਖ ਆੜ੍ਹਤੀਆਂ ਪਰਦੀਪ ਕੁਮਾਰ, ਪਰਵੀਨ ਕੁਮਾਰ, ਪ੍ਰੀਤਮ ਸਿੰਘ ਕੁੱਸਾ, ਹਰਨੇਕ ਸਿੰਘ ਬਰਾੜ, ਗੁਰਚਰਨ ਸਿੰਘ ਤੇ ਸੁਖਦੇਵ ਸਿੰਘ ਪੱਤੋ ਨੇ ਆਪਣੇ ਤੌਰ 'ਤੇ ਦੱਸਿਆ ਕਿ ਇਸ ਵੇਰ ਝੋਨੇ ਦਾ ਔਸਤਨ ਝਾੜ ਸੱਠ ਤੋਂ ਪੈਂਹਟ ਮਣ ਪਰ ਏਕੜ ਤੱਕ ਆ ਰਿਹਾ ਹੈ, ਜਦੋਂ ਕਿ ਪਿਛਲੇ ਸਾਲ ਪੰਜੱਤਰ ਤੋਂ ਪਚਾਸੀ ਮਣ, ਪਰ ਏਕੜ ਤੱਕ ਸੀ ਜੋ ਕਿ ਇਸ ਵੇਰ ਦਸ ਤੋਂ ਪੰਦਰਾਂ ਮਣ, ਪਰ ਏਕੜ ਤੱਕ ਕਮੀ ਵੇਖਣ ਵਿੱਚ ਆ ਰਹੀ ਹੈ। ਕਿਸਾਨਾਂ ਨੇ ਮਹਿੰਗੇ ਭਾਅ ਜ਼ਮੀਨਾਂ (ਅੱਸੀ ਹਜ਼ਾਰ ਪਰ ਏਕੜ ਤੱਕ) ਠੇਕੇ ਉੱਪਰ ਲਈਆਂ ਹਨ। ਇਸ ਹਿਸਾਬ ਕਿਸਾਨਾਂ ਪੱਲੇ ਕੁੱਝ ਵੀ ਪੈਂਦਾ ਨਜ਼ਰ ਨਹੀਂ ਆ ਰਿਹਾ, ਕਿਉਂਕਿ ਝੋਨਾ ਹੀ ਇਕੋ ਇਕ ਅਜਿਹੀ ਫਸਲ ਹੈ, ਜਿਸ ਵਿੱਚੋਂ ਕਿਸਾਨਾਂ ਨੂੰ ਉਮੀਦ ਹੁੰਦੀ ਹੈ, ਉਧਰੋਂ ਹਰ ਪਾਸਿਉਂ ਕਿਸਾਨਾਂ ਦੀ ਸੰਘੀ ਘੁੱਟੀ ਜਾ ਰਹੀ ਹੈ ਪਰ ਸਹੂਲਤ ਕੋਈ ਨਹੀਂ, ਨਾ ਹੀ ਕਿਸਾਨ ਨੂੰ ਆਪਣਾ ਭਵਿੱਖ ਹੀ ਸੁਰੱਖਿਅਤ ਦਿਸ ਰਿਹਾ ਹੈ। ਸੋ ਸੂਬਾ ਸਰਕਾਰ ਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਸਮੇਂ ਤੁਰੰਤ ਝੋਨੇ ਦੀ ਫਸਲ ਉੱਪਰ ਦੋ ਸੌ ਰੁਪਏ ਤੱਕ ਪ੍ਰਤੀ ਕੁਇੰਟਲ ਬੋਨਸ ਦੇਵੇ, ਕਿਉਂਕਿ ਸਮੁੱਚੀ ਕਿਸਾਨੀ ਨਿਰਾਸ਼ਾ ਦੇ ਆਲਮ ਵਿੱਚ ਜੀਓ ਰਹੀ ਹੈ।

## ਜ਼ੋਨ ਪੱਧਰੀ ਖੇਤਰੀ ਯੁਵਕ ਮੇਲੇ 'ਚ ਫਤਿਹ ਗਰੁੱਪ ਨੇ ਓਵਰਆਲ ਟਰਾਫੀ ਜਿੱਤੀ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**
ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਬਠਿੰਡਾ-ਫਰੀਦਕੋਟ ਜ਼ੋਨ ਪੱਧਰੀ ਖੇਤਰੀ ਯੁਵਕ ਮੇਲੇ-2025 ਵਿੱਚ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰੰਗਮੰਚ (ਥੀਏਟਰ) ਸ਼੍ਰੇਣੀ ਵਿੱਚ ਓਵਰਆਲ ਟਰਾਫੀ ਜਿੱਤ ਕੇ ਇਤਿਹਾਸਕ ਉਪਲਬਧੀ ਦਰਜ ਕਰਵਾਈ ਹੈ। ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਹੋਏ ਇਸ ਮੇਲੇ ਵਿੱਚ ਸੰਸਥਾ ਦੇ ਵਿਦਿਆਰਥੀਆਂ ਨੇ ਕਲਾ, ਸੱਭਿਆਚਾਰ ਤੇ ਰੰਗਮੰਚੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।

ਫਤਿਹ ਗਰੁੱਪ ਨੇ ਰੰਗਮੰਚ ਸ਼੍ਰੇਣੀ ਵਿੱਚ ਨੁੱਕੜ ਨਾਟਕ, ਮਿਮਕਰੀ ਤੇ ਭੰਡ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਸਕਿੱਟ ਤੇ ਮਾਈਮ ਵਿੱਚ ਦੂਜਾ, ਜਦਕਿ ਨਾਟਕ ਵਿੱਚ ਤੀਜਾ ਸਥਾਨ ਹਾਸਲ ਕੀਤਾ। ਲੋਕ ਗੀਤ ਤੇ ਲੋਕ ਸਾਜ਼ ਵਿੱਚ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਵਿਦਿਆਰਥੀਆਂ ਨੇ ਲੋਕਧਾਰਾ ਦੀ ਮਹਿਕ ਬਖੇਰੀ। ਇਸ ਤੋਂ ਇਲਾਵਾ ਗ਼ਜ਼ਲ, ਗਰੁੱਪ ਸ਼ਬਦ, ਇੰਡੀਅਨ ਗਰੁੱਪ ਸੌਂਗ ਤੇ ਫੋਕ ਆਰਕੈਸਟਰਾ ਵਿੱਚ ਦੂਜਾ ਸਥਾਨ, ਜਦਕਿ ਗੁੱਡੀਆਂ-ਪਟੋਲੇ ਤੇ ਈਨੂੰ ਬਣਾਉਣ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਕਰੋਸ਼ੀਆ ਬੁਣਨ ਤੇ ਪੀੜ੍ਹੀ ਬੁਣਨ ਵਰਗੇ ਹੁਨਰਮੰਦ ਮੁਕਾਬਲਿਆਂ ਵਿੱਚ ਵੀ ਪਹਿਲਾ ਤੇ ਦੂਜਾ ਸਥਾਨ ਜਿੱਤ ਕੇ ਸੰਸਥਾ ਨੇ ਕੁੱਲ 16 ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ।

ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਤੇ ਯੂਥ ਕੋਆਰਡੀਨੇਟਰ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਰਾਜਿੰਦਰਾ ਕਾਲਜ ਵਿੱਚ ਪੇਸ਼ ਕੀਤਾ ਗਿਆ ਫਤਿਹ ਗਰੁੱਪ ਦਾ ਨਾਟਕ ਇੰਨਾ ਪ੍ਰਭਾਵਸ਼ਾਲੀ ਸੀ ਕਿ ਦਰਸ਼ਕਾਂ ਦੀਆਂ ਅੱਖਾਂ ਨਮੀ ਨਾਲ ਭਰ ਗਈਆਂ। ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਇਸ ਜਿੱਤ ਨੂੰ ਇਤਿਹਾਸਕ ਘੋਸ਼ਿਤ ਕਰਦਿਆਂ ਸਾਰੇ ਵਿਦਿਆਰਥੀਆਂ, ਕੋਚਾਂ ਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਯੂਨੀਵਰਸਿਟੀ ਪੱਧਰ 'ਤੇ ਵੀ ਜਿੱਤ ਦੀ ਉਮੀਦ ਜਤਾਈ।

ਐੱਮ. ਡੀ. ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ, ਪ੍ਰਿੰਸੀਪਲ ਬਘੇਲ ਸਿੰਘ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਪ੍ਰੋ. ਸੰਦੀਪ ਕੌਰ, ਕਰਮਜੀਤ ਕੌਰ, ਅਨੀਤਾ ਗਰਗ, ਰੋਬਿਨ ਮੰਗਲਾ, ਮਨਦੀਪ ਕੌਰ, ਜਸਪ੍ਰੀਤ ਕੌਰ, ਡਾ. ਗੁਰਵਿੰਦਰ ਸਿੰਘ, ਪੂਜਾ ਰਾਣੀ, ਜੋਨੀ ਰਾਣੀ, ਦੀਪਤੀ, ਅਨੀਕਾ, ਸੋਨੀਆ, ਖੇਡ ਵਿਭਾਗ ਮੁਖੀ ਕੁਲਦੀਪ ਸਿੰਘ ਤੇ ਵਰਿੰਦਰ ਕੌਰ ਸਮੇਤ ਸਮੂਹ ਸਟਾਫ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦੀ ਪ੍ਰਸੰਸਾ ਕੀਤੀ।

## ਸਾਈਬਰ ਠੱਗਾਂ ਵੱਲੋਂ ਡਾਕਟਰ ਨੂੰ 3.30 ਲੱਖ ਦਾ ਚੂਨਾ

**ਸਿਰਸਾ (ਸੁਰਿੰਦਰ ਪਾਲ ਸਿੰਘ)**
ਸਿਰਸਾ ਦੇ ਇੱਕ ਡਾਕਟਰ ਪੰਕਜ ਗੁਪਤਾ ਨਾਲ ਪ੍ਰੀ-ਆਈਪੀਓ ਸਕੀਮ ਦੇ ਨਾਮ 'ਤੇ ਸਾਈਬਰ ਦੁਆਰਾ 3.30 ਲੱਖ ਰੁਪਏ ਦੀ ਠੱਗੀ ਮਾਰੀ ਗਈ ਹੈ। ਠੱਗਾਂ ਨੇ ਡਾਕਟਰ ਨੂੰ ਪਹਿਲਾਂ ਵਟਸਐਪ ਗਰੁੱਪ ਵਿੱਚ ਜੋੜਿਆ ਤੇ ਫਿਰ ਪ੍ਰੀ-ਆਈਪੀਓ ਸਕੀਮ ਦੇ ਨਾਮ 'ਤੇ ਵੱਡੀ ਰਕਮ ਦਾ ਵਾਅਦਾ ਕਰਕੇ ਲਾਲਚ ਦਿੱਤਾ ਗਿਆ। ਇਸ ਧੋਖੇ ਵਿੱਚ ਫਸਕੇ ਡਾ. ਗੁਪਤਾ ਨੇ ਨਿਵੇਸ਼ ਕੀਤਾ। ਪੁਲਸ ਜਾਂਚ ਵਿੱਚ ਹੁਣ ਖੁਲਾਸਾ ਹੋਇਆ ਹੈ ਕਿ ਮੁਲਜ਼ਮਾਂ ਨੇ ਵਿੱਦਿਅਕ ਸੰਸਥਾ ਦੀ ਆੜ ਵਿੱਚ ਇੱਕ ਸੁਸਾਇਟੀ ਬਣਾਈ ਸੀ, ਜਿਸ ਰਾਹੀਂ ਉਹ ਔਨਲਾਈਨ ਧੋਖਾਧੜੀ ਵਿੱਚ ਸ਼ਾਮਲ ਹੋਇਆ। ਸਾਈਬਰ ਕ੍ਰਾਈਮ ਇੰਚਾਰਜ ਸੁਭਾਸ਼ ਚੰਦਰ ਨੇ ਦੱਸਿਆ ਕਿ ਸਾਂਗਵਾਨ ਚੌਕ ਦੇ ਡਾ. ਪੰਕਜ ਗੁਪਤਾ ਨੇ ਸ਼ਿਕਾਇਤ ਵਿਚ ਦੱਸਿਆ ਕਿ ਉਸ ਨੂੰ ਵੈਲਥ ਕ੍ਰਿਏਸ਼ਨ ਫੋਰਮ 35 ਨਾਮਕ ਇੱਕ ਵਟਸਐਪ ਗਰੁੱਪ ਵਿੱਚ ਜੋੜਿਆ ਗਿਆ ਸੀ ਅਤੇ ਫਿਰ ਐਪ ਰਾਹੀਂ ਨਿਵੇਸ਼ ਕਰਨ ਲਈ ਪ੍ਰੇਰਿਤ ਕੀਤਾ ਗਿਆ ਸੀ। ਗਰੁੱਪ ਦੇ ਸੰਚਾਲਕਾਂ ਨੇ ਪ੍ਰੀ-ਆਈਪੀਓ ਨਿਵੇਸ਼ ਵਿੱਚ ਲਗਭਗ 3.30 ਲੱਖ ਰੁਪਏ ਦੀ ਠੱਗੀ ਮਾਰੀ। ਪੁਲਸ ਅਨੁਸਾਰ ਮਾਮਲਾ ਦਰਜ ਕਰ ਲਿਆ ਗਿਆ ਹੈ ਤੇ ਪੀਐੱਸਆਈ ਸੁਰਿੰਦਰ ਕੁਮਾਰ ਅਨੁਸਾਰ ਮੁਲਜ਼ਮ ਸ਼੍ਰੀਕਾਂਤ ਮੁੱਖ ਖਾਤਾ ਧਾਰਕ ਸੀ ਜੋ ਵਰਤਮਾਨ ਵਿੱਚ ਦੱਖਣ-ਪੱਛਮੀ ਦਿੱਲੀ ਦੇ ਨਾਨਕਪੁਰਾ ਹਰੀ ਨਗਰ ਵਿੱਚ ਰਹਿੰਦਾ ਹੈ ਅਤੇ ਉਹ ਮੂਲ ਰੂਪ ਵਿੱਚ ਉੜੀਸਾ ਦੇ ਗੰਜਮ ਜ਼ਿਲ੍ਹੇ ਵਿੱਚ ਹਨੂੰਮਾਨ ਮੰਦਰ ਨੇੜੇ ਨਿਧੀਪਾਲ ਪਿੰਡ ਦਾ ਰਹਿਣ ਵਾਲਾ ਹੈ।

## ਮਾਨ ਸਰਕਾਰ ਨੇ ਮੁਆਵਜ਼ਾ ਰਾਸ਼ੀ ਜਾਰੀ ਕਰਕੇ ਸ਼ਲਾਘਾਯੋਗ ਕੰਮ ਕੀਤਾ : ਆਪ ਆਗੂ



**ਕੋਟ ਈਸੇ ਖਾਂ (ਅਰੋੜਾ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਦੀਵਾਲੀ ਤੋਂ ਪਹਿਲਾਂ ਹੜ੍ਹ ਪੀੜਤਾਂ ਲਈ ਜੋ ਮੁਆਵਜ਼ੇ ਦੀ ਰਾਸ਼ੀ ਦੇ ਚੈੱਕ ਵੰਡੇ ਜਾਣ ਦੀ ਪ੍ਰਕੀਰਿਆ ਸ਼ੁਰੂ ਕੀਤੀ ਹੈ, ਬਹੁਤ ਵਧੀਆ ਸ਼ਲਾਘਾਯੋਗ ਫੈਸਲਾ ਹੈ ਅਤੇ ਇਸ ਨਾਲ ਹੜ੍ਹ ਪੀੜਤਾਂ ਲਈ ਕੁੱਝ ਰਾਹਤ ਜ਼ਰੂਰ ਹੋਵੇਗੀ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਲਾਕ ਪ੍ਰਧਾਨ ਤੇ ਸਰਪੰਚ ਰਾਜਵੀਰ ਸਿੰਘ ਕਿੱਲੀਗਾਂਧਰਾ, ਹਲਕਾ ਧਰਮਕੋਟ ਤੋਂ ਸੋਸ਼ਲ ਮੀਡੀਆ ਦੇ ਕੋਆਰਡੀਨੇਟਰ, ਦਲੇਰ ਸਿੰਘ ਵਾਈਸ ਕੋਆਰਡੀਨੇਟਰ, ਗੋਪੀ ਮਾਨ ਦਾਤੇਵਾਲ ਯੂਥ ਆਗੂ ਆਦਿ ਆਪ ਆਗੂਆਂ ਨੇ ਪ੍ਰੈੱਸ ਕੋਲ ਸਾਂਝਾ ਕੀਤਾ। ਆਪ ਆਗੂਆਂ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਨੇ ਹੜ੍ਹ ਪੀੜਤਾਂ ਨਾਲ ਜੋ ਵਾਅਦਾ ਕੀਤਾ ਸੀ, ਉਹ ਪੂਰਾ ਕੀਤਾ ਹੈ ਤੇ ਪਹਿਲੀ ਵਾਰ ਕਿਸੇ ਸਰਕਾਰ ਨੇ ਇੰਨ ਘੱਟ ਸਮੇਂ ਦੇ ਵਿੱਚ ਸਭ ਤੋਂ ਵੱਧ ਮੁਆਵਜ਼ਾ ਦਿੱਤਾ ਹੈ। ਉਨ੍ਹਾ ਕਿਹਾ ਕਿ ਹਲਕਾ ਧਰਮਕੋਟ ਵਿੱਚ ਵੀ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੇ ਯਤਨਾਂ ਸਦਕਾ ਹੜ੍ਹ ਪੀੜਤਾਂ ਨੂੰ ਚੈੱਕ ਵੰਡੇ ਜਾ ਰਹੇ ਹਨ ਅਤੇ ਹੜ੍ਹਾਂ ਦੌਰਾਨ ਵੀ ਵਿਧਾਇਕ ਲਾਡੀ ਢੋਸ ਤੇ ਉਨ੍ਹਾ ਦੀ ਟੀਮ ਵੱਲੋਂ ਨਿਰੰਤਰ ਸੇਵਾ ਕੀਤੀ ਗਈ ਹੈ ਅਤੇ ਹੜ੍ਹ ਪੀੜਤਾਂ ਦੀ ਦੁੱਖ ਦੀ ਘੜੀ ਵਿੱਚ ਆਮ ਆਦਮੀ ਪਾਰਟੀ ਨੇ ਆਪਣਾ ਫਰਜ਼ ਸਮਝਦਿਆਂ ਉਹਨਾਂ ਦੀ ਬਾਂਹ ਫੜੀ ਹੈ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਹਮੇਸ਼ਾ ਲੋਕਾਂ ਦੇ ਹਿੱਤਾਂ ਬਾਰੇ ਪਹਿਲਾ ਸੋਚਿਆਂ ਜਾਂਦਾ ਹੈ ਤੇ ਉਨ੍ਹਾਂ ਦੀ ਮਦਦ ਕੀਤੀ ਜਾਂਦੀ ਹੈ ਅਤੇ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕੀਤੇ ਜਾ ਰਹੇ ਹਨ।

## …ਸ.ਫਾ 1 ਦੇ ਬਾਕੀ

### ਬੜਾ ਉਸਤਾਦ ਹੈ …

ਆਊਟਸੋਰਸ ਮੁਲਾਜ਼ਮ ਵਜੋਂ ਕੰਮ ਕੀਤਾ। ਇਸੇ ਦੌਰਾਨ ਸਾਬਕਾ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਨਵਜੋਤ ਸਿੰਘ ਸਿੱਧੂ ਨਾਲ ਉਸ ਦੀ ਨੇੜਤਾ ਹੋ ਗਈ। ਪੁਲਸ ਸੂਤਰਾਂ ਅਨੁਸਾਰ ਉਹ ਕੁਝ ਸਮਾਂ ਸਿੱਧੂ ਦਾ ਸੋਸ਼ਲ ਮੀਡੀਆ ਇੰਚਾਰਜ ਵੀ ਰਿਹਾ।

ਉਸ ਦੀ ਫੇਸਬੁੱਕ ਪ੍ਰੋਫਾਈਲ 'ਤੇ ਸੀਨੀਅਰ ਆਈ ਏ ਐੱਸ ਤੇ ਆਈ ਪੀ ਐੱਸ ਅਧਿਕਾਰੀਆਂ ਨਾਲ ਤਸਵੀਰਾਂ ਆਮ ਦੇਖੀਆਂ ਜਾ ਸਕਦੀਆਂ ਹਨ। ਕ੍ਰਿਸ਼ਨੂੰ ਦੇ ਦੋਸਤਾਂ ਦਾ ਕਹਿਣਾ ਹੈ ਕਿ ਉਹ ਲੋਕਾਂ ਨਾਲ ਸੰਪਰਕ ਬਣਾਉਣ ਵਿੱਚ ਮਾਹਰ ਹੈ। ਉਹ ਉੱਚ-ਪੱਧਰੀ ਸੰਬੰਧਾਂ ਦਾ ਖੁੱਲ੍ਹ ਕੇ ਦਿਖਾਵਾ ਕਰਦਾ ਸੀ।

ਨਾਭਾ ਦੇ ਮਸ਼ਹੂਰ ਲਿਬਰਲ ਹਾਕੀ ਟੂਰਨਾਮੈਂਟ ਦੌਰਾਨ ਵੀ ਉਹ ਖਿਡਾਰੀਆਂ ਨੂੰ ਨਗਦ ਇਨਾਮ ਦੇਣ ਦੇ ਐਲਾਨ ਕਰਕੇ ਚਰਚਾ ਵਿੱਚ ਰਹਿੰਦਾ ਸੀ। ਪੁਲਸ ਸੂਤਰਾਂ ਮੁਤਾਬਕ ਉਸ ਦਾ ਰਸੂਖ ਇੰਨਾ ਵਧ ਗਿਆ ਸੀ ਕਿ ਕਈ ਸਿਵਲ ਅਤੇ ਪੁਲਸ ਅਧਿਕਾਰੀ ਆਪਣੀਆਂ ਬਦਲੀਆਂ ਕਰਵਾਉਣ ਜਾਂ ਬਦਲੀਆਂ ਦੀਆਂ ਲਿਸਟਾਂ ਦੀ ਅਗਾਊਂ ਜਾਣਕਾਰੀ ਲੈਣ ਲਈ ਉਸ ਨਾਲ ਸੰਪਰਕ ਕਰਦੇ ਸਨ।

### 'ਬਿੱਲ ਲਿਆਓ, ਇਨਾਮ ਪਾਓ' …

ਮਿਲੇਗਾ। ਉਨ੍ਹਾ ਕਿਹਾ ਕਿ ਕਰ ਪਾਲਣਾ ਨੂੰ ਹੋਰ ਸੁਚਾਰੂ ਬਣਾਉਣ ਲਈ 'ਮੇਰਾ ਬਿੱਲ' ਐਪ ਰਾਹੀਂ ਸੇਵਾ ਖੇਤਰ, ਜਿਵੇਂ ਕਿ ਰੈਸਟੋਰੈਂਟ, ਸੈਲੂਨ ਅਤੇ ਬੁਟੀਕ ਨਾਲ ਸੰਬੰਧਤ ਬਿੱਲਾਂ ਲਈ ਇੱਕ ਸਮਰਪਿਤ ਬਿੱਲ ਅਪਲੋਡ ਕਰਨ ਦੀ ਸਹੂਲਤ ਅਤੇ ਇਨਾਮ ਵੰਡ ਵਿਧੀ ਵੀ ਪੇਸ਼ ਕੀਤੀ ਜਾਵੇਗੀ। ਵਿੱਤ ਮੰਤਰੀ ਨੇ ਕਿਹਾ ਕਿ ਇਸ ਤੋਂ ਇਲਾਵਾ ਖਪਤਕਾਰਾਂ ਦੇ ਸਵਾਲਾਂ ਦੇ ਜਵਾਬ ਲਈ ਇੱਕ ਰੀਅਲ-ਟਾਈਮ ਚੈਟਬੋਟ ਵੀ ਲਾਂਚ ਕੀਤਾ ਜਾਵੇਗਾ ਅਤੇ ਐਪ ਹੁਣ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਅਤੇ ਹਿੰਦੀ ਭਾਸ਼ਾ ਵਿੱਚ ਵੀ ਹੋਵੇਗੀ, ਤਾਂ ਜੋ ਆਮ ਲੋਕਾਂ ਲਈ ਵਿਆਪਕ ਪਹੁੰਚਯੋਗਤਾ ਨੂੰ ਯਕੀਨੀ ਬਣਾਇਆ ਜਾ ਸਕੇ।

### ਕਬਾੜੀਏ ਨੇ ਕਬਾੜਾ…

ਵੀ ਜ਼ੋਰ ਦਿੱਤਾ ਸੀ। ਸੀ ਬੀ ਆਈ ਨੇ ਕਥਿਤ ਵਿਚੋਲਾ ਭੁੱਲਰ ਲਈ ਪੈਸੇ ਲੈਂਦਾ ਫੜ ਲਿਆ। ਸਬੂਤਾਂ ਦੇ ਆਧਾਰ 'ਤੇ ਸੀ ਬੀ ਆਈ ਨੇ ਡੀ ਆਈ ਜੀ ਭੁੱਲਰ ਨੂੰ ਵੀ ਉਸ ਦੇ ਮੁਹਾਲੀ ਦਫਤਰ ਤੋਂ ਗ੍ਰਿਫਤਾਰ ਕਰ ਲਿਆ।

ਸੀ ਬੀ ਆਈ ਨੇ ਕਾਰਵਾਈ ਦੌਰਾਨ ਡੀ ਆਈ ਜੀ ਭੁੱਲਰ ਦੇ ਚੰਡੀਗੜ੍ਹ ਸਥਿਤ ਘਰੋਂ 7.50 ਕਰੋੜ ਰੁਪਏ ਨਕਦ ਬਰਾਮਦ ਕੀਤੇ। ਇਸ ਤੋਂ ਇਲਾਵਾ 2.5 ਕਿੱਲੋ ਸੋਨੇ ਦੇ ਗਹਿਣੇ, ਰੋਲੈਕਸ ਅਤੇ ਰਾਡੋ ਸਮੇਤ 26 ਮਹਿੰਗੀਆਂ ਘੜੀਆਂ, 50 ਤੋਂ ਵੱਧ ਜਾਇਦਾਦਾਂ ਨਾਲ ਸੰਬੰਧਤ ਦਸਤਾਵੇਜ਼, ਅਸਲਾ, ਆਲੀਸ਼ਾਨ ਵਾਹਨਾਂ ਦੀਆਂ ਚਾਬੀਆਂ, ਵਿਦੇਸ਼ੀ ਸ਼ਰਾਬ, ਅਤੇ ਲਾਕਰ ਦੀਆਂ ਚਾਬੀਆਂ ਵੀ ਬਰਾਮਦ ਕੀਤੀਆਂ। ਭੁੱਲਰ ਦੇ ਸਮਰਾਲਾ ਫਾਰਮ ਹਾਊਸ ਤੋਂ ਹੋਰ ਨਕਦੀ, ਸ਼ਰਾਬ ਤੋਂ ਇਲਾਵਾ ਵਿਚੋਲੇ ਕ੍ਰਿਸ਼ਨੂੰ ਤੋਂ 21 ਲੱਖ ਰੁਪਏ ਜ਼ਬਤ ਕੀਤੇ ਗਏ।

### 'ਗ਼ਦਰੀ ਗੁਲਾਬ…

ਦੀ ਹਨੇਰ ਅਤੇ ਸਾਂਝ ਦਾ ਸੁਨੇਹਾ, ਲੋਕਾਂ ਉਪਰ ਕਾਰਪੋਰੇਟ ਅਤੇ ਫਾਸ਼ੀ ਹੱਲੇ, ਬਿਨਾਂ ਮੁਕੱਦਮਾ ਸ਼ੁਰੂ ਕੀਤੇ ਵਰ੍ਹਿਆਂ ਤੋਂ ਜੇਲ੍ਹੀਂ ਡੱਕੇ ਨੌਜਵਾਨ ਲੜਕੇ-ਲੜਕੀਆਂ ਦੀ ਵੰਗਾਰਮਈ ਦਾਸਤਾਂ ਝੰਡੇ ਦੇ ਗੀਤ 'ਚ ਪਰੋਈ ਮਿਲੇਗੀ।

27 ਅਕਤੂਬਰ ਸ਼ਾਮ 3:30 ਤੋਂ 4 ਵਜੇ ਦੇ ਦਰਮਿਆਨ ਵਰਕਸ਼ਾਪ 'ਚ ਭਾਗ ਲੈਣ ਵਾਲੇ ਸਮੂਹ ਕਲਾਕਾਰ ਹਰ ਹਾਲਤ ਦੇਸ਼ ਭਗਤ ਯਾਦਗਾਰ ਹਾਲ ਯਕੀਨਨ ਪੁੱਜ ਜਾਣਗੇ। ਇਹ ਵਰਕਸ਼ਾਪ ਦਿਨ-ਰਾਤ ਚੱਲੇਗੀ ਅਤੇ ਪਹਿਲੀ ਨਵੰਬਰ ਸਵੇਰੇ 10 ਵਜੇ ਝੰਡੇ ਦੇ ਗੀਤ ਦੀ ਪੇਸ਼ਕਾਰੀ ਹੋਏਗੀ। ਮੀਟਿੰਗ 'ਚ ਗੀਤ ਦੇ ਲੇਖਕ ਅਮੋਲਕ ਸਿੰਘ, ਨਿਰਦੇਸ਼ਕ ਸੱਤਪਾਲ ਬੰਗਾ ਪਟਿਆਲਾ, ਡਾ. ਮੰਗਤ ਰਾਏ, ਡਾ. ਸੈਲੇਸ਼, ਸੁਰਿੰਦਰ ਕੁਮਾਰੀ ਕੋਛੜ, ਵਿਜੈ ਬੰਬੇਲੀ, ਹਰਵਿੰਦਰ ਭੰਡਾਲ, ਜਗਤਾਰ ਬਾਹੋਵਾਲ, ਐੱਸ ਪੀ ਸਿੰਘ, ਕਮਲਜੀਤ ਕੌਰ ਬਰਨਾਲਾ, ਗੁਰਜਿੰਦਰ ਸਿੰਘ ਆਰ ਸੀ ਐੱਫ, ਫੁਲਵਿੰਦਰ ਸਿੰਘ, ਸੁਖਦੇਵ ਸਿੰਘ ਅੰਮ੍ਰਿਤਸਰ, ਗੁਰਮੀਤ ਤੇ ਬਲਜੀਤ ਕੌਰ ਬੱਲ ਵੀ ਹਾਜ਼ਰ ਸਨ।

## ਸਰਕਾਰ ਸਫਾਈ ਸੇਵਕਾਂ ਦੀ ਤਨਖਾਹ ਤੁਰੰਤ ਜਾਰੀ ਕਰੇ : ਡੀ ਟੀ ਐੱਫ

**ਮਾਨਸਾ (ਆਤਮਾ ਸਿੰਘ ਪਮਾਰ)**-ਸਿੱਖਿਆ ਵਿਭਾਗ ਦੇ ਵਿੱਤੀ ਕੰਮਾਂ ਦਾ ਤਾਣਾ ਬਾਣਾ ਬੁਰੀ ਤਰ੍ਹਾਂ ਉਲਝ ਗਿਆ ਹੈ। ਸਰਕਾਰ ਇਸ ਵੱਲ ਬਿਲਕੁੱਲ ਵੀ ਧਿਆਨ ਨਹੀਂ ਦੇ ਰਹੀ। ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਸੂਬਾਈ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਜਨਰਲ ਸਕੱਤਰ ਰੇਸ਼ਮ ਸਿੰਘ ਬਠਿੰਡਾ ਦੀ ਅਗਵਾਈ ਵਿੱਚ ਡੀ ਟੀ ਐੱਫ਼ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਕਰਮਜੀਤ ਤਾਮਕੋਟ ਤੇ ਹਰਜਿੰਦਰ ਅਨੂਪਗੜ੍ਹ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਐੱਸ ਐੱਮ ਸੀ ਰਾਹੀਂ ਮਹਿਜ ਤਿੰਨ ਹਜ਼ਾਰ ਦੀ ਨਿਗੂਣੀ ਤਨਖਾਹ 'ਤੇ ਰੱਖੇ ਸਫਾਈ ਸੇਵਕ ਪਿਛਲੇ ਛੇ-ਛੇ ਮਹੀਨਿਆਂ ਤੋਂ ਤਨਖਾਹ ਲਈ ਤਰਸ ਰਹੇ ਹਨ, ਪਰ ਵਿਭਾਗ ਵੱਲੋਂ ਕੋਈ ਹੱਥ-ਪੱਲਾ ਨਹੀਂ ਫੜਾਇਆ ਜਾ ਰਿਹਾ। ਡੀ ਟੀ ਐੱਫ਼ ਦੇ ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਬੈਹਣੀਵਾਲ, ਗੁਰਬਚਨ ਹੀਰੇਵਾਲਾ, ਗੁਰਪ੍ਰੀਤ ਭੀਖੀ ਨੇ ਕਿਹਾ ਕਿ ਅਧਿਆਪਕਾਂ ਨੇ ਸਕੂਲਾਂ ਦੇ ਵੱਖ-ਵੱਖ ਕੰਮ ਜਿਵੇਂ ਕਮਰੇ, ਚਾਰਦੀਵਾਰੀਆਂ ਤੇ ਬਾਥਰੂਮ ਦੀ ਉਸਾਰੀ ਦੁਕਾਨਦਾਰਾਂ ਤੋਂ ਉਧਾਰ ਸਾਮਾਨ ਚੁੱਕ ਕੇ ਕਰ ਲਈ, ਪਰ ਇਨ੍ਹਾਂ ਗ੍ਰਾਂਟਾਂ ਦਾ ਵੱਡਾ ਹਿੱਸਾ ਸਰਕਾਰ ਵੱਲੋਂ ਸਕੂਲਾਂ ਨੂੰ ਨਹੀਂ ਭੇਜਿਆ ਗਿਆ। ਅਧਿਆਪਕ ਪਿਛਲੇ ਸਾਲ ਤੋਂ ਇਹ ਗ੍ਰਾਂਟਾਂ ਉਡੀਕ ਰਹੇ ਹਨ ਤੇ ਦੁਕਾਨਦਾਰ ਆਪਣੀਆਂ ਪੇਮੈਂਟਾਂ ਲੈਣ ਲਈ ਸਕੂਲਾਂ ਦੇ ਚੱਕਰ ਕੱਟ ਰਹੇ ਹਨ। ਜਥੇਬੰਦੀ ਦੇ ਆਗੂਆਂ ਨਿਧਾਨ ਸਿੰਘ, ਸ਼ਿੰਗਾਰਾ ਸਿੰਘ, ਤਰਸੇਮ ਬੋੜਾਵਾਲ, ਹਰਫੂਲ ਸਿੰਘ, ਰਾਜਿੰਦਰ ਸਿੰਘ ਨੇ ਮੰਗ ਕੀਤੀ ਕਿ ਵਿਭਾਗ ਦੇ ਸਭ ਤੋਂ ਵੱਧ ਸੋਸ਼ਿਤ ਕਾਮੇ ਸਫਾਈ ਸੇਵਕਾਂ ਦੀ ਤਨਖਾਹ ਤੁਰੰਤ ਪਾਈ ਜਾਵੇ ਤਾਂ ਜੋ ਉਹ ਤਿਉਹਾਰਾਂ ਦੇ ਦਿਨਾਂ 'ਚ ਆਵਦਾ ਗੁਜ਼ਾਰਾ ਕਰ ਸਕਣ। ਇਸ ਮੌਕੇ ਦਮਨਜੀਤ ਸਿੰਘ, ਮਨਦੀਪ ਕੋਟਲੀ, ਸਿਕੰਦਰ ਕੋਟਲੀ, ਨਵੀਨ ਬੋਹਾ, ਕੁਲਦੀਪ ਅੱਕਾਂਵਾਲੀ, ਅਮਰੀਕ ਬੋਹਾ, ਰਾਜ ਸਿੰਘ, ਗੁਰਦੀਪ ਬਰਨਾਲਾ, ਚਰਨਪਾਲ ਸਿੰਘ, ਜਸਵਿੰਦਰ ਹਾਕਮਵਾਲਾ, ਬਲਕਾਰ ਸਿੰਘ, ਰਾਜਿੰਦਰ ਸਿੰਘ ਐਚ ਟੀ, ਗੁਰਦੀਪ ਝੰਡੂਕੇ, ਸੁਖਚੈਨ ਸੇਖੋਂ, ਮੱਘਰ ਸਿੰਘ, ਜਗਪਾਲ ਸਿੰਘ, ਅਰਵਿੰਦਰ ਸਿੰਘ, ਅਮਨਦੀਪ ਕੌਰ, ਬੇਅੰਤ ਕੌਰ, ਖੁਸ਼ਵਿੰਦਰ ਕੌਰ, ਅਮਰਪ੍ਰੀਤ ਕੌਰ, ਨਿਰਲੇਪ ਕੌਰ, ਮਨਵੀਰ ਕੌਰ, ਗੁਰਜੀਤ ਮਾਨਸਾ ਆਦਿ ਅਧਿਆਪਕ ਆਗੂ ਹਾਜ਼ਰ ਸਨ।

## ਸੈਂਟਰ ਲਹਿਰਾ ਮੁਹੱਬਤ ਦੀਆਂ ਦੋ ਰੋਜ਼ਾ ਪ੍ਰਾਇਮਰੀ ਖੇਡਾਂ ਸਮਾਪਤ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਸੈਂਟਰ ਲਹਿਰਾ ਮੁਹੱਬਤ ਦੀਆਂ ਦੋ ਦਿਨਾ ਸੈਂਟਰ ਪੱਧਰੀ ਪ੍ਰਾਇਮਰੀ ਖੇਡਾਂ, ਜੋ ਸੈਂਟਰ ਹੈੱਡ ਟੀਚਰ ਗੁਰਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਈਆਂ ਗਈਆਂ, ਵਿੱਚ ਸੈਂਟਰ ਅਧੀਨ ਪੈਂਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਜਿਵੇਂ ਕਿ ਸਿਲਵਰ ਓਕਸ, ਮਾਊਂਟ ਲਿਟਰਾ ਜੀ ਸਕੂਲ, ਗੁਰੂ ਰਾਮਦਾਸ ਪਬਲਿਕ ਸਕੂਲ, ਹੋਲੀ ਹਰਟ ਸਕੂਲ ਦੇ ਬੱਚਿਆਂ ਨੇ ਭਾਗ ਲਿਆ। ਇਸ ਮੌਕੇ ਕਰਵਾਏ ਗਏ ਵੱਖ ਵੱਖ ਖੇਡ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਬੱਚਿਆਂ ਨੂੰ ਸਮੂਹ ਅਧਿਆਪਕਾਂ ਤੇ ਮਹਿਮਾਨਾਂ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸਰਕਾਰੀ ਸਕੂਲਾਂ ਦੇ ਮੁੱਖ ਅਧਿਆਪਕਾਂ ਗੁਰਜੀਤ ਸਿੰਘ, ਕਿਰਪਾਲ ਸਿੰਘ, ਰਾਜਵਿੰਦਰ ਸਿੰਘ ਤੇ ਰਾਜਵਿੰਦਰ ਕੌਰ ਤੋਂ ਇਲਾਵਾ ਈਟੀਟੀ ਅਧਿਆਪਕ ਵੀਰਪਾਲ ਕੌਰ, ਹਰਵਿੰਦਰ ਸਿੰਘ ਬਾਠ, ਰਵਿੰਦਰ ਸਿੰਘ, ਅਰਜਨ ਸਿੰਘ, ਵਿਕਾਸ, ਮਨਜੀਤ ਕੌਰ, ਕਿਰਨਜੀਤ ਕੌਰ, ਵਰਿੰਦਰਪਾਲ ਕੌਰ, ਜਸਵੀਰ ਕੌਰ, ਸੰਦੀਪ ਕੌਰ, ਜਸਵਿੰਦਰ ਕੌਰ, ਕੁਲਵਿੰਦਰ ਕੌਰ, ਰਾਣੀ ਕੌਰ, ਇੰਦਰਜੀਤ ਕੌਰ, ਪੂਨਮ ਰਾਣੀ, ਜੋਤੀ ਜਿੰਦਲ, ਮਿੱਡ ਮੀਲ ਕੁੱਕ ਤੇ ਹੈਲਪਰ ਹਰਦੀਪ ਕੌਰ ਆਦਿ ਹਾਜ਼ਰ ਸਨ।

## ਸਮਰੀਤ ਨੇ ਯੋਗਾ ਮੁਕਾਬਲੇ 'ਚ ਚਾਂਦੀ ਦਾ ਤਮਗਾ ਜਿੱਤਿਆ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀਬੀਐੱਸਈ ਦਿੱਲੀ ਨਾਲ ਸੰਬੰਧਤ ਮਾਊਂਟ ਲਿਟਰਾ ਜ਼ੀ ਸਕੂਲ ਰਾਮਪੁਰਾ ਦੀ ਵਿਦਿਆਰਥਣ ਸਮਰੀਤ ਕੌਰ ਸਿੱਧੂ ਨੇ ਬਲਾਕ ਪੱਧਰੀ ਪ੍ਰਾਇਮਰੀ ਸਕੂਲ ਖੇਡਾਂ ਵਿੱਚ ਰਿਦਮਿਕ ਯੋਗਾ ਮੁਕਾਬਲੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਚਾਂਦੀ ਦਾ ਤਮਗਾ ਜਿੱਤਿਆ। ਇਸ ਮੌਕੇ ਸਕੂਲ ਦੇ ਪ੍ਰਧਾਨ ਸ੍ਰੀ ਗਗਨ ਬਾਂਸਲ, ਜਨਰਲ ਸਕੱਤਰ ਸ੍ਰੀਮਤੀ ਨਮਿਤਾ ਬਾਂਸਲ ਤੇ ਪ੍ਰਿੰਸੀਪਲ ਸ੍ਰੀਮਤੀ ਗੀਤਾ ਪਿੱਲੇ ਨੇ ਸਮਰੀਤ ਕੌਰ ਦੀ ਸਫਲਤਾ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦੇ ਹੋਏ ਉਸ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਉਸ ਦੀ ਹੋਰ ਸਫਲਤਾ ਦੀ ਕਾਮਨਾ ਕੀਤੀ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134
Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

# ਜ਼ੋਨ ਪੱਧਰੀ ਖੇਤਰੀ ਯੁਵਕ ਮੇਲੇ 'ਚ ਫਤਿਹ ਗਰੁੱਪ ਨੇ ਓਵਰਆਲ ਟਰਾਫੀ ਜਿੱਤੀ



ਰਾਮਪੁਰਾ ਫੂਲ (ਦਰਸ਼ਨ ਜਿੰਦਲ)- ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕਰਵਾਏ ਬਠਿੰਡਾ-ਫਰੀਦਕੋਟ ਜ਼ੋਨ ਪੱਧਰੀ ਖੇਤਰੀ ਯੁਵਕ ਮੇਲੇ-2025 ਵਿੱਚ ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਰਾਮਪੁਰਾ ਫੂਲ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰੰਗਮੰਚ (ਥੀਏਟਰ) ਸ਼੍ਰੇਣੀ ਵਿੱਚ ਓਵਰਆਲ ਟਰਾਫੀ ਜਿੱਤ ਕੇ ਇਤਿਹਾਸਕ ਉਪਲਬਧੀ ਦਰਜ ਕਰਵਾਈ ਹੈ।ਸਰਕਾਰੀ ਰਾਜਿੰਦਰਾ ਕਾਲਜ ਬਠਿੰਡਾ ਵਿਖੇ ਹੋਏ ਇਸ ਮੇਲੇ ਵਿੱਚ ਸੰਸਥਾ ਦੇ ਵਿਦਿਆਰਥੀਆਂ ਨੇ ਕਲਾ, ਸੱਭਿਆਚਾਰ ਤੇ ਰੰਗਮੰਚੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਫਤਿਹ ਗਰੁੱਪ ਨੇ ਰੰਗਮੰਚ ਸ਼੍ਰੇਣੀ ਵਿੱਚ ਨੁੱਕੜ ਨਾਟਕ, ਮਿਮਕਰੀ ਤੇ ਡੰਡ ਮੁਕਾਬਲਿਆਂ ਵਿੱਚ ਪਹਿਲਾ ਸਥਾਨ, ਸਕਿੱਟ ਤੇ ਮਾਈਮ ਵਿੱਚ ਦੂਜਾ, ਜਦਕਿ ਨਾਟਕ ਵਿੱਚ ਤੀਜਾ ਸਥਾਨ ਹਾਸਲ ਕੀਤਾ। ਲੋਕ ਗੀਤ ਤੇ ਲੋਕ ਸਾਜ਼ ਵਿੱਚ ਵੀ ਪਹਿਲਾ ਸਥਾਨ ਪ੍ਰਾਪਤ ਕਰਕੇ ਵਿਦਿਆਰਥੀਆਂ ਨੇ ਲੋਕਧਾਰਾ ਦੀ ਮਹਿਕ ਬਖੇਰੀ।ਇਸ ਤੋਂ ਇਲਾਵਾ ਗ਼ਜ਼ਲ, ਗਰੁੱਪ ਸ਼ਬਦ, ਇੰਡੀਅਨ ਗਰੁੱਪ ਸੌਂਗ ਤੇ ਫੋਕ ਆਰਕੈਸਟਰਾ ਵਿੱਚ ਦੂਜਾ ਸਥਾਨ, ਜਦਕਿ ਗੁੱਡੀਆਂ-ਪਟੋਲੇ ਤੇ ਦੀਨੂੰ ਬਣਾਉਣ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਕਰੋਸ਼ੀਆ ਬੁਣਨ ਤੇ ਪੀੜ੍ਹੀ ਬੁਣਨ ਵਰਗੇ ਹੁਨਰਮੰਦ ਮੁਕਾਬਲਿਆਂ ਵਿੱਚ ਵੀ ਪਹਿਲਾ ਤੇ ਦੂਜਾ ਸਥਾਨ ਜਿੱਤ ਕੇ ਸੰਸਥਾ ਨੇ ਕੁੱਲ 16 ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ।

ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਤੇ ਯੂਥ ਕੋਆਰਡੀਨੇਟਰ ਰਮਨਪ੍ਰੀਤ ਕੌਰ ਨੇ ਦੱਸਿਆ ਕਿ ਰਾਜਿੰਦਰਾ ਕਾਲਜ ਵਿੱਚ ਪੇਸ਼ ਕੀਤਾ ਗਿਆ ਫਤਿਹ ਗਰੁੱਪ ਦਾ ਨਾਟਕ ਇੰਨਾ ਪ੍ਰਭਾਵਸ਼ਾਲੀ ਸੀ ਕਿ ਦਰਸ਼ਕਾਂ ਦੀਆਂ ਅੱਖਾਂ ਨਮੀ ਨਾਲ ਭਰ ਗਈਆਂ।ਸੰਸਥਾ ਦੇ ਚੇਅਰਮੈਨ ਐੱਸ. ਐੱਸ. ਚੱਠਾ ਨੇ ਇਸ ਜਿੱਤ ਨੂੰ ਇਤਿਹਾਸਕ ਘੋਸ਼ਿਤ ਕਰਦਿਆਂ ਸਾਰੇ ਵਿਦਿਆਰਥੀਆਂ, ਕੋਚਾਂ ਤੇ ਸਟਾਫ ਮੈਂਬਰਾਂ ਨੂੰ ਵਧਾਈ ਦਿੱਤੀ ਤੇ ਯੂਨੀਵਰਸਿਟੀ ਪੱਧਰ 'ਤੇ ਵੀ ਜਿੱਤ ਦੀ ਉਮੀਦ ਜਤਾਈ।ਐੱਮ. ਡੀ. ਮਨਜੀਤ ਕੌਰ ਚੱਠਾ, ਡੀਨ ਅਕਾਦਮਿਕ ਡਾ. ਜਸਵਿੰਦਰ ਸਿੰਘ, ਪ੍ਰਿੰਸੀਪਲ ਬਘੇਲ ਸਿੰਘ, ਸਹਾਇਕ ਡਾਇਰੈਕਟਰ ਜਸਵਿੰਦਰ ਸਿੰਘ, ਪ੍ਰੋ. ਸੰਦੀਪ ਕੌਰ, ਕਰਮਜੀਤ ਕੌਰ, ਅਨੀਤਾ ਗਰਗ, ਰੌਬਿਨ ਮੰਗਲਾ, ਮਨਦੀਪ ਕੌਰ, ਜਸਪ੍ਰੀਤ ਕੌਰ, ਡਾ. ਗੁਰਵਿੰਦਰ ਸਿੰਘ, ਪੂਜਾ ਰਾਣੀ, ਜੋਨੀ ਰਾਣੀ, ਦੀਪਤੀ, ਅਨੀਕਾ, ਸੋਨੀਆ, ਖੇਡ ਵਿਭਾਗ ਮੁਖੀ ਕੁਲਦੀਪ ਸਿੰਘ ਤੇ ਵਰਿੰਦਰ ਕੌਰ ਸਮੇਤ ਸਮੂਹ ਸਟਾਫ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ ਦੀ ਪ੍ਰਸੰਸਾ ਕੀਤੀ।

# ਰਿਹਾਇਸ਼ੀ ਖੇਤਰ 'ਚ ਪਟਾਕੇ ਰੱਖਣ ਵਾਲਿਆਂ 'ਤੇ ਹੋਵੇਗੀ ਕਾਰਵਾਈ : ਸਰਪੰਚ ਲੱਡੂ



ਬਿਆਸ (ਪਰਮਜੀਤ ਸਿੰਘ ਰੱਖੜਾ)- ਤਿਉਹਾਰਾਂ ਦੇ ਮੱਦੇਨਜ਼ਰ ਜਿੱਥੇ ਪੁਲਸ ਪ੍ਰਸ਼ਾਸਨ ਵੱਲੋਂ ਵੱਖ-ਵੱਖ ਜਗ੍ਹਾ ਉੱਤੇ ਚੈਕਿੰਗ ਅਭਿਆਨ ਚਲਾਏ ਜਾ ਰਹੇ ਹਨ, ਉੱਥੇ ਹੀ ਸਰਪੰਚਾਂ ਵੱਲੋਂ ਵੀ ਇਲਾਕੇ ਦੇ ਬਾਜ਼ਾਰਾਂ ਸਮੇਤ ਸਥਾਨਕ ਲੋਕਾਂ ਦੇ ਨਾਲ ਸੁਰੱਖਿਆ ਨੂੰ ਧਿਆਨ 'ਚ ਰੱਖਦਿਆਂ ਖਾਸ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਡੀਸੀ ਸਾਕਸ਼ੀ ਸਾਹਨੀ ਅਤੇ ਐੱਸਡੀਐੱਮ ਅਮਨਪ੍ਰੀਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਰਪੰਚ ਬਿਆਸ ਸੁਰਿੰਦਰਪਾਲ ਸਿੰਘ ਲੱਡੂ ਵੱਲੋਂ ਬਿਆਸ ਵਿਖੇ ਸਮੂਹ ਦੁਕਾਨਦਾਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਦੁਕਾਨਦਾਰਾਂ ਨੂੰ ਸੰਬੋਧਨ ਕਰਦੇ ਹੋਏ ਸਰਪੰਚ ਲੱਡੂ ਨੇ ਕਿਹਾ ਕਿ ਕੋਈ ਵੀ ਵਿਅਕਤੀ ਬਾਜ਼ਾਰ ਦੀਆਂ ਦੁਕਾਨਾਂ ਜਾਂ ਘਰਾਂ ਦੇ ਅੰਦਰ ਪਟਾਕੇ ਸਟੋਰ ਨਾ ਕਰੇ ਅਤੇ ਨਾ ਹੀ ਕੋਈ ਉਥੇ ਪਟਾਕਿਆਂ ਦਾ ਸਟਾਲ ਲਗਾਵੇ। ਉਨ੍ਹਾਂ ਦੁਕਾਨਦਾਰਾਂ ਨੂੰ ਇਹ ਵੀ ਅਪੀਲ ਕੀਤੀ ਕਿ ਦੁਕਾਨਾਂ ਲਗਾਉਣ ਵਾਲੇ ਇਹ ਜ਼ਰੂਰ ਧਿਆਨ ਰੱਖਣ ਕਿ ਕੋਈ ਵੀ ਵਿਅਕਤੀ ਉਨ੍ਹਾਂ ਦੀ ਦੁਕਾਨ ਦੇ ਨੇੜੇ ਜਾਂ ਅੰਦਰ ਕਿਸੇ ਤਰ੍ਹਾਂ ਦੀ ਕੋਈ ਸ਼ੱਕੀ ਵਸਤੂ ਨਾ ਰੱਖੇ। ਜੇਕਰ ਕੋਈ ਸ਼ੱਕੀ ਵਿਅਕਤੀ ਦੁਕਾਨਦਾਰ ਨੂੰ ਸਾਮਾਨ ਦੇ ਤਾਂ ਉਹ ਤੁਰੰਤ ਸਥਾਨਕ ਪੁਲਸ ਨੂੰ ਜਾਂ ਫਿਰ ਗ੍ਰਾਮ ਪੰਚਾਇਤ ਬਿਆਸ ਨੂੰ ਸੂਚਿਤ ਕਰੇ।ਬਾਜ਼ਾਰ ਵਿੱਚ ਸੁਰੱਖਿਆ ਦੇ ਮੱਦੇਨਜ਼ਰ ਸੀਸੀ ਟੀਵੀ ਕੈਮਰੇ ਜ਼ਰੂਰ ਹੋਣ ਅਤੇ ਸਾਫ ਸਫ਼ਾਈ ਵੀ ਯਕੀਨੀ ਬਣਾਈ ਜਾਵੇ।ਇਸ ਮੌਕੇ ਸੰਦੀਪ ਕੁਮਾਰ ਸਹਿਗਲ, ਰਾਮ ਸਰੂਪ ਗਰਗ, ਰਾਜੀਵ ਕੁਮਾਰ ਬੱਬਲੂ, ਰਣਜੀਤ ਸਿੰਘ, ਕਾਜਲ, ਤਿਲਕ ਰਾਜ, ਰਾਜ ਕੁਮਾਰ ਅਰੋੜਾ, ਅਮਰਜੀਤ ਸਿੰਘ, ਗੁਰਬਚਨ ਸਿੰਘ, ਪੱਪੀ ਪਹਿਲਵਾਨ, ਓਂਕਾਰ ਨਾਥ ਸ਼ਰਮਾ, ਸੁੱਖਾ ਹੈਂਡਲੂਮ, ਵਰਿੰਦਰ ਸਿੰਘ ਨਿੱਕੂ, ਲੱਕੀ, ਹਰੀਸ਼ ਕਰਿਆਨਾ ਸਟੋਰ, ਹੈਪੀ ਨਾਗਪਾਲ, ਸ਼ਰਮਾ ਘੜੀਆਂ ਵਾਲੇ ਆਦਿ ਹਾਜ਼ਰ ਸਨ।

# 108 ਸੰਤ ਬਾਬਾ ਹਰੀ ਸਿੰਘ ਕਹਾਰਪੁਰੀ ਵਾਲਿਆਂ ਦੇ ਜੀਵਨ 'ਤੇ ਝਾਤ

ਸ੍ਰੀਮਾਨ 108 ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਦਾ ਜਨਮ 1877 ਈ. 'ਚ ਪਿਤਾ ਮਤਾਬ ਸਿੰਘ ਅਤੇ ਮਾਤਾ ਅਤਰ ਕੌਰ ਦੀ ਕੁੱਖੋਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਜਿਆਣ 'ਚ ਹੋਇਆ।ਆਪ ਬਚਪਨ ਤੋਂ ਹੀ ਧਾਰਮਿਕ ਰੁਚੀਆਂ ਦੇ ਮਾਲਕ ਸਨ ਅਤੇ ਪਰਮਾਤਮਾ ਦੀ ਬੰਦਗੀ ਵਿੱਚ ਲੀਨ ਰਹਿੰਦੇ ਸਨ।ਜਵਾਨੀ ਉਮਰੇ ਹੀ ਆਪ ਜੀ ਪੰਜਾਬ ਵਿੱਚ ਸਿੱਖ ਧਰਮ ਦੀ ਪੁਨਰ ਸੁਰਜੀਤੀ ਲਈ ਉੱਠੀ ਸਿੰਘ ਸਭਾ ਲਹਿਰ ਦੇ ਪ੍ਰਚਾਰ ਵਿੱਚ ਜੁਟ ਗਏ।ਆਜ਼ਾਦੀ ਸੰਗਰਾਮ ਦੌਰਾਨ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ, ਸ਼ਹਾਦਤ ਦੀ ਪਰੰਪਰਾ ਅਤੇ ਸਿੱਖ ਵਿਰਸੇ ਦੀ ਸਾਂਭ-ਸੰਭਾਲ ਦੇ ਯਤਨਾਂ ਵਿੱਚ ਆਪਣਾ ਯੋਗਦਾਨ ਪਾਇਆ।ਆਪ ਜੀ ਨੇ ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਹਰਨਾਮ ਸਿੰਘ ਦੀ ਚਰਨ ਛੋਹ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕਰਕੇ ਪਿੰਡ ਜਿਆਣ ਦੀ ਧਰਤੀ 'ਤੇ ਪ੍ਰਭੂ ਸਿਮਰਨ ਅਤੇ ਸੰਗਤ ਦੀ ਸੇਵਾ ਵਿੱਚ ਜੁਟ ਗਏ।ਪਿੰਡ ਜਿਆਣ ਵਿੱਚ ਕਰੀਬ ਚਾਰ ਸਾਲ ਦੀ ਸੇਵਾ ਉਪਰੰਤ ਸੰਤ ਬਾਬਾ ਹਰਨਾਮ ਸਿੰਘ ਦੀ ਪ੍ਰੇਰਨਾ ਤੇ ਹੁਕਮਾਂ ਅਨੁਸਾਰ ਕਹਾਰਪੁਰ ਵਿਖੇ ਆ ਗਏ ਅਤੇ ਇੱਥੇ ਪ੍ਰਭੂ ਦੇ ਸਿੱਖ ਧਰਮ ਪ੍ਰਤੀ ਅਤੇ ਸਮਾਜ ਦੀ ਸੇਵਾ ਲਈ ਨਿਸ਼ਕਾਮ ਸੇਵਾਵਾਂ ਦੇਣੀਆਂ ਆਰੰਭ ਕਰ ਦਿੱਤੀਆਂ।1925 ਈ. ਤੱਕ ਆਪ ਨੇ ਜਪ, ਤਪ, ਭਜਨ ਸਿਮਰਨ ਅਤੇ ਸੰਗਤ ਦੀ ਸੇਵਾ ਲਈ ਲਗਾਤਾਰ ਘਾਲਣਾ ਘਾਲੀ ਅਤੇ ਕੰਢੀ ਦੇ ਇਸ ਇਲਾਕੇ ਦੇ ਲੋਕਾਂ ਵਿੱਚ ਆਪਣੀ ਧਾਰਮਿਕ ਸ਼ਖ਼ਸੀਅਤ ਤੇ ਸਮਾਜ ਸੇਵੀ ਸ਼ਖ਼ਸੀਅਤ ਦੀ ਵੱਡੀ ਛਾਪ ਛੱਡੀ।ਆਪ ਜੀ ਨੇ ਸਿੱਖੀ ਦੇ ਪ੍ਰਚਾਰ ਹਿੱਤ ਪਿੰਡ ਜਿਆਣ ਵਿੱਚ ਸੰਤ ਬਾਬਾ ਹਰਨਾਮ ਸਿੰਘ ਦੀ ਪਵਿੱਤਰ ਯਾਦ ਵਿੱਚ 1929 ਈ. ਨੂੰ ਗੁਰਦੁਆਰਾ ਅੰਗੀਠਾ ਸਾਹਿਬ ਦਾ ਨਿਰਮਾਣ ਕਰਵਾਇਆ।ਪਿੰਡ ਕੋਠੀ, ਮਹਿੰਗਰੋਵਾਲ ਵਿੱਚ ਵੀ ਗੁਰਦੁਆਰਾ ਸਾਹਿਬਾਨ ਦੇ ਨਿਰਮਾਣ ਕਾਰਜ ਸੰਪੰਨ ਕਰਵਾਏ।1923 ਈ. ਵਿੱਚ ਆਪ ਜੀ ਨੇ ਖਾਲਸੇ ਦੀ ਧਰਤੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੀ ਸੇਵਾ ਹਿੱਤ ਅਨੇਕਾਂ ਕਾਰਜ ਕਰਵਾਏ।1936 ਈ. ਵਿੱਚ ਗੁਰਦੁਆਰਾ ਦਮਾਲਗੜ੍ਹ ਸਾਹਿਬ ਦੀ ਸੇਵਾ ਅਤੇ ਕਲਗੀਧਰ ਸਰੋਵਰ, ਸ੍ਰੀ ਆਨੰਦਪੁਰ ਸਾਹਿਬ ਦੀ ਸੇਵਾ ਕਰਵਾਈ। ਆਪ ਜੀ ਨੇ ਆਪਣੇ ਜਨਮ ਅਸਥਾਨ ਪਿੰਡ ਜਿਆਣ ਵਿਖੇ ਕੰਨਿਆ ਪਾਠਸ਼ਾਲਾ ਸ਼ੁਰੂ ਕਰਕੇ ਸਿੱਖਿਆ ਦੇ ਖੇਤਰ ਵਿੱਚ ਵੱਡਾ ਪਰਉਪਕਾਰ ਕੀਤਾ। ਇਸ ਉਪਰੰਤ ਖਾਲਸਾ ਹਾਈ ਸਕੂਲ ਸ੍ਰੀ ਆਨੰਦਪੁਰ ਸਾਹਿਬ, ਖਾਲਸਾ ਹਾਈ ਸਕੂਲ ਪੱਖੋਵਾਲ, ਨੈਸ਼ਨਲ ਹਾਈ ਸਕੂਲ, ਨਸਰਾਲਾ, ਖਾਲਸਾ ਹਾਈ ਸਕੂਲ ਗੁਰੂਸਰ (ਜ਼ਿਲ੍ਹਾ ਸਰਗੋਧਾ, ਮੌਜੂਦਾ ਪਾਕਿਸਤਾਨ) ਅਤੇ ਸੰਤ ਹਰੀ ਸਿੰਘ ਖਾਲਸਾ ਹਾਈ ਸਕੂਲ ਜਿਆਣ (ਚੱਬੇਵਾਲ) ਦੀ ਸਥਾਪਨਾ ਕਰਵਾਈ। ਕੰਢੀ ਇਲਾਕੇ ਦੀ ਚੋਆਂ, ਖੱਡਾਂ ਵਾਲੀ ਧਰਤੀ ਵਿੱਚ ਆਪ ਜੀ ਨੇ 1946 ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਅ 'ਤੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਦੀ ਸਥਾਪਨਾ ਵਿੱਚ ਮੋਹਰੀ ਭੂਮਿਕਾ ਨਿਭਾਈ।ਆਪ ਜੀ ਇਸ ਕਾਲਜ ਦੀ ਸੰਚਾਲਕ ਸੰਸਥਾ ਸਿੱਖ ਐਜੂਕੇਸ਼ਨਲ ਕੌਂਸਲ, ਮਾਹਿਲਪੁਰ ਦੇ ਜੀਵਨ ਭਰ ਪ੍ਰਧਾਨ ਵਜੋਂ ਕਾਰਜਸ਼ੀਲ ਰਹੇ।ਦੁਆਬੇ ਦੀ ਧਰਤੀ 'ਤੇ ਇਸ ਕਾਲਜ ਦੀ ਸਥਾਪਨਾ ਨਾਲ ਸਿੱਖਿਆ ਅਤੇ ਖੇਡਾਂ ਦੇ ਖੇਤਰ 'ਚ ਉਨ੍ਹਾਂ ਵੱਲੋਂ ਲਾਏ ਇਸ ਬੂਟੇ ਨੇ ਸ਼ਾਨਦਾਰ ਵਿਰਖ ਦਾ ਰੂਪ ਧਾਰਿਆ ਹੈ, ਜਿੱਥੇ ਪੜ੍ਹ ਕੇ ਦੇਸ਼-ਵਿਦੇਸ਼ਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਸਥਾਪਤ ਹੋਏ ਹਜ਼ਾਰਾਂ ਵਿਦਿਆਰਥੀ ਕਾਲਜ ਦੇ ਮਾਣ ਵਿੱਚ ਵਾਧਾ ਕਰ ਰਹੇ ਹਨ।ਇਸੇ ਕਾਲਜ ਦੇ ਕੈਂਪਸ ਵਿੱਚ ਸੰਤ ਬਾਬਾ ਹਰੀ ਸਿੰਘ ਮੈਮੋਰੀਅਲ ਖਾਲਸਾ ਕਾਲਜ ਆਫ ਐਜੂਕੇਸ਼ਨ ਅਤੇ ਸੰਤ ਬਾਬਾ ਹਰੀ ਸਿੰਘ ਮਾਡਲ ਸਕੂਲ, ਮਾਹਿਲਪੁਰ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਕਾਨਵੈਂਟ ਸਕੂਲ, ਮਾਹਿਲਪੁਰ ਸਫਲਤਾ-ਪੂਰਵਕ ਚੱਲ ਰਹੇ ਹਨ।ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਜੀ ਦੇ ਆਸ਼ੀਰਵਾਦ ਸਦਕਾ ਇਹ ਸੰਸਥਾਵਾਂ ਸਿੱਖਿਆ ਦੇ ਖੇਤਰ ਵਿੱਚ ਮੋਹਰੀ ਸੰਸਥਾਵਾਂ ਵਜੋਂ ਕਾਰਜਸ਼ੀਲ ਹਨ।



ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਆਪ ਜੀ ਨੇ 1909 ਤੋਂ 1973 ਤੱਕ ਭਾਰਤ ਦੇ ਵੱਖ-ਵੱਖ ਸੂਬਿਆਂ ਦਾ ਦੌਰਾ ਕੀਤਾ ਅਤੇ ਅਨੇਕਾਂ ਪਰਉਪਕਾਰੀ ਕਾਰਜ ਕੀਤੇ।21 ਅਕਤੂਬਰ 1973 ਨੂੰ ਆਪ ਜੀ ਕੁਟੀਆ ਕਹਾਰਪੁਰ ਵਿਖੇ ਗੁਰਪੁਰੀ ਸਿਧਾਰ ਗਏ।ਉਨ੍ਹਾਂ ਦੇ ਪਵਿੱਤਰ ਅਸਥਾਨ ਕੁਟੀਆ ਕਹਾਰਪੁਰ ਵਿਖੇ ਸ੍ਰੀਮਾਨ ਸੰਤ ਬਾਬਾ ਸਾਧੂ ਸਿੰਘ ਜੀ ਕਹਾਰਪੁਰੀ ਸੇਵਾ ਨਿਭਾ ਰਹੇ ਹਨ, ਜਿਨ੍ਹਾਂ ਦੀ ਰਹਿਨੁਮਾਈ ਅਧੀਨ ਸ੍ਰੀਮਾਨ ਸੰਤ ਬਾਬਾ ਹਰੀ ਸਿੰਘ ਜੀ ਕਹਾਰਪੁਰੀ ਅਤੇ ਉਨ੍ਹਾਂ ਦੇ ਅਨੁਯਾਈ ਗਿਆਨੀ ਸੰਤ ਬਾਬਾ ਸਿੰਘ ਜੀ ਦੀ ਸਾਲਾਨਾ ਬਰਸੀ ਮਿਤੀ 22 ਅਕਤੂਬਰ 2025 ਨੂੰ ਕੁਟੀਆ ਕਹਾਰਪੁਰ ਵਿਖੇ ਪੂਰੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ।ਇਸ ਮੌਕੇ ਪੰਥ ਦੇ ਮਹਾਨ ਕੀਰਤਨੀਏ, ਢਾਡੀ ਜਥੇ ਅਤੇ ਕਥਾ ਵਾਚਕ ਹਾਜ਼ਰ ਸੰਗਤਾਂ ਨੂੰ ਗੁਰਬਾਣੀ, ਸ਼ਬਦ ਕੀਰਤਨ ਅਤੇ ਸਿੱਖ ਇਤਿਹਾਸ ਦੀ ਸ਼ਾਨਾਮੱਤੀ ਪਰੰਪਰਾ ਨਾਲ ਨਿਹਾਲ ਕਰਨਗੇ।



ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ
ਖਾਲਸਾ ਕਾਲਜ, ਮਾਹਿਲਪੁਰ
ਫੋਨ 94636-75767

# ਗੁਰਦੇਵ ਸਿੰਘ ਸਿੱਖ ਐਜੂਕੇਸ਼ਨਲ ਸੁਸਾਇਟੀ ਦੇ ਸਰਬਸੰਮਤੀ ਨਾਲ ਮੁੜ ਪ੍ਰਧਾਨ ਬਣੇ

ਚੰਡੀਗੜ੍ਹ, (ਗੁਰਜੀਤ ਬਿੱਲਾ)-ਸੇਵਾ ਮੁਕਤ ਆਈ ਏ ਐੱਸ ਅਧਿਕਾਰੀ ਗੁਰਦੇਵ ਸਿੰਘ ਨੂੰ 18 ਅਕਤੂਬਰ ਨੂੰ ਚੰਡੀਗੜ੍ਹ ਦੀ ਨਾਮਵਰ ਸੰਸਥਾ ਸਿੱਖ ਐਜੂਕੇਸ਼ਨਲ ਸੁਸਾਇਟੀ ਦਾ ਅਗਲੀ ਪੰਜ ਸਾਲਾ ਮਿਆਦ ਲਈ ਸਰਬ ਸੰਮਤੀ ਨਾਲ ਮੁੜ ਪ੍ਰਧਾਨ ਚੁਣ ਲਿਆ ਗਿਆ ਹੈ। ਉਹ 2004 ਤੋਂ ਲਗਾਤਾਰ ਇਸ ਸੁਸਾਇਟੀ ਦੇ ਸਰਬਸੰਮਤੀ ਨਾਲ ਪ੍ਰਧਾਨ ਚੁਣੇ ਜਾਂਦੇ ਆ ਰਹੇ ਹਨ ਜਿਹੜੀ ਚੰਡੀਗੜ੍ਹ ਤੇ ਪੰਜਾਬ ਵਿੱਚ ਅੱਠ ਵਿਦਿਅਕ ਸੰਸਥਾਵਾਂ ਰਾਹੀਂ ਸਿੱਖਿਆ ਦੇ ਨਾਲ ਨਾਲ ਧਾਰਮਿਕ, ਸੱਭਿਆਚਾਰਕ, ਸਾਹਿਤਕ ਅਤੇ ਖੇਡਾਂ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ।ਗੁਰਦੇਵ ਸਿੰਘ ਨੇ ਇਸ ਮੌਕੇ ਉਨ੍ਹਾਂ ਨੂੰ ਮੁੜ ਪ੍ਰਧਾਨ ਚੁਣਨ ਲਈ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਹਿਲਾਂ ਦੀ ਤਰ੍ਹਾਂ ਹੀ ਮੈਂਬਰਾਂ ਦੀ ਚਾਹਤ ਅਨੁਸਾਰ ਸੁਸਾਇਟੀ ਨੂੰ ਹੋਰ ਬੁਲੰਦੀਆਂ ਉਤੇ ਲੈ ਕੇ ਜਾਣ ਲਈ ਜੀਅ-ਜਾਨ ਨਾਲ ਕੰਮ ਕਰਦੇ ਰਹਿਣਗੇ। ਡਾ ਬਰਿੰਦਰਾ ਕੌਰ ਨੂੰ ਉਪ ਪ੍ਰਧਾਨ ਅਤੇ ਐਡਵੋਕੇਟ ਕਰਨਦੀਪ ਸਿੰਘ ਚੀਮਾ ਨੂੰ ਮੁੜ ਤੋਂ ਜਾਇੰਟ ਸਕੱਤਰ ਨਾਮਜ਼ਦ ਕੀਤਾ ਗਿਆ।

# ਕਾਂਗਰਸ ਦੀ 'ਵੋਟ ਚੋਰ ਗੱਦੀ ਛੋੜ' ਮੁਹਿੰਮ ਦੀ ਸਫ਼ਲਤਾ ਤੋਂ ਭਾਜਪਾ 'ਚ ਬੁਖਲਾਹਟ : ਗੋਲਡੀ



**ਮੁਹਿੰਮ ਤਹਿਤ 21 ਹਜ਼ਾਰ 333 ਦਸਤਖਤੀ ਫਾਰਮ ਜਮ੍ਹਾਂ ਕਰਵਾਏ**

ਧੂਰੀ, (ਮਨੋਹਰ ਸੱਗੂ, ਬਿੰਨੀ ਗਰਗ, ਮਹਿੰਦਰ ਗਰਗ)-ਸਾਬਕਾ ਹਲਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਨੇ ਲੋਕ ਸਭਾ 'ਚ ਵਿਰੋਧੀ ਧਿਰ ਦੇ ਆਗੂ ਤੇ ਕਾਂਗਰਸ ਦੇ ਕੌਮੀ ਨੇਤਾ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਦੇਸ਼ ਵਿਆਪੀ 'ਵੋਟ ਚੋਰ ਗੱਦੀ ਛੋੜ' ਮੁਹਿੰਮ ਤਹਿਤ ਸ਼ੁਰੂ ਕੀਤੀ ਗਈ ਦਸਖ਼ਤੀ ਮੁਹਿੰਮ ਦੌਰਾਨ ਧੂਰੀ ਹਲਕੇ ਦੇ ਲੋਕਾਂ ਵੱਲੋਂ ਭਰੇ 21 ਹਜ਼ਾਰ 333 ਫਾਰਮ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਜਮ੍ਹਾਂ ਕਰਵਾਏ। ਦਲਬੀਰ ਸਿੰਘ ਗੋਲਡੀ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ 'ਵੋਟ ਚੋਰ ਗੱਦੀ ਛੋੜ' ਮੁਹਿੰਮ ਪ੍ਰਤੀ ਦੇਸ਼ ਭਰ 'ਚ ਲੋਕਾਂ ਅੰਦਰ ਭਾਰੀ ਉਤਸ਼ਾਹ ਰਿਹਾ ਤੇ ਮੁਹਿੰਮ ਦੀ ਸਫ਼ਲਤਾ ਨੂੰ ਦੇਖਦਿਆਂ ਵੋਟ ਚੋਰੀ ਨਾਲ ਸੱਤਾ 'ਚ ਆਈ ਭਾਜਪਾ ਪੂਰੀ ਤਰ੍ਹਾਂ ਬੁਖਲਾਹਟ 'ਚ ਦਿਖਾਈ ਦੇ ਰਹੀ ਹੈ ਤੇ ਆਪਣੀ ਸੱਤਾ ਨੂੰ ਬਰਕਰਾਰ ਰੱਖਣ ਲਈ ਸਾਜ਼ਿਸ਼ਾਂ ਰਚਣ ਲਈ ਮਜਬੂਰ ਹੋ ਰਹੀ ਹੈ।ਸ੍ਰ: ਗੋਲਡੀ ਨੇ ਕਿਹਾ ਕਿ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਇਸ ਮੁਹਿੰਮ 'ਚ ਹਲਕਾ ਧੂਰੀ ਦੇ ਲੋਕਾਂ ਨੇ ਭਾਰੀ ਉਤਸ਼ਾਹ ਨਾਲ ਹਿੱਸਾ ਲਿਆ ਤੇ ਵੱਡੀ ਗਿਣਤੀ ਵਿੱਚ ਲੋਕਾਂ ਵੱਲੋਂ ਦਸਖਤ ਕੀਤੇ ਗਏ ਫਾਰਮ ਇਸ ਗੱਲ ਦਾ ਸਬੂਤ ਹੈ ਕਿ ਕਥਿਤ ਬਿਆਨਬਾਜ਼ੀ ਵਾਲੀ ਸਿਆਸਤ ਤੋਂ ਲੋਕ ਉਕਤਾ ਚੁੱਕੇ ਹਨ ਤੇ ਅਗਲੀਆਂ ਲੋਕ ਸਭਾ ਚੋਣਾਂ 'ਚ ਲੋਕ ਦੇਸ਼ ਦੀ ਵਾਗਡੋਰ ਕਾਂਗਰਸ ਨੂੰ ਸੌਂਪਣ ਲਈ ਤਿਆਰ ਹਨ।

## ਜਨਮ ਦਿਨ ਮੁਬਾਰਕ



ਨਵਸਹਿਜ ਸਿੰਘ ਬਟਾਲਾ

## ਸੂਚਨਾ

ਅਸੀਂ ਬਲਵਿੰਦਰ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਮੁਹੱਲਾ ਚੀਮਾ ਕਲੋਨੀ ਵਾਰਡ ਨੰ. 9 ਬੱਸੀ ਪਠਾਣਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਜਸਵਿੰਦਰ ਕੌਰ ਪੁੱਤਰੀ ਸਵਰਨ ਸਿੰਘ ਪਤਨੀ ਬਲਵਿੰਦਰ ਸਿੰਘ ਵਿਰਕ ਵਾਸੀ ਰਾਜਲਾ ਤਹਿਸੀਲ ਸਮਾਣਾ ਜ਼ਿਲ੍ਹਾ ਪਟਿਆਲਾ, ਇੰਦਰਜੀਤ ਸਿੰਘ ਪੁੱਤਰ ਸ. ਸਵਰਨ ਸਿੰਘ ਵਾਸੀ ਕੋਟਲਾ ਰੋਡ ਨੇੜੇ ਸ਼ਿਵਾ ਸਟੂਡਿਓ, ਗੁਰੂ ਕੀ ਨਗਰੀ ਮੰਡੀ ਗੋਬਿੰਦਗੜ੍ਹ ਤਹਿਸੀਲ ਅਮਲੋਹ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਦਲਜੀਤ ਕੌਰ ਪੁੱਤਰੀ ਸਵਰਨ ਸਿੰਘ ਪਤਨੀ ਸੁਪਿੰਦਰਜੀਤ ਸਿੰਘ ਵਾਸੀ ਆਸ਼ਕਪੁਰ ਤਹਿਸੀਲ ਵਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ, ਗੁਰਲਾਭ ਸਿੰਘ ਪੁੱਤਰ ਸਵਰਨ ਸਿੰਘ ਵਾਸੀ ਚੀਮਾ ਕਲੋਨੀ ਵਾਰਡ ਨੰ. 9 ਬੱਸੀ ਪਠਾਣਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਸੂਚਿਤ ਕਰਦੇ ਹਾਂ ਕਿ ਸਾਡਾ ਭਰਾ ਗੁਰਵਿੰਦਰ ਸਿੰਘ (ਜੁਗਨੀ) ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਨਾਲ ਲੜਾਈ ਝਗੜਾ, ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## COURT NOTICE

(U/o 5 Rule 20 CPC)
In the Court of Garima Gupta
Civil Judge (Junior Division), Amritsar
CS/1271/2025 POSS PINJ
CNR No. PBAS02-002088-2025
Next Date:- 07-11-2025
Navjot Singh S/O Jagtar Singh S/O Teja Singh R/o 31, White Avenue, Amritsar & Others
Vs.
Gurdev Singh & Others
Publication Issued To:
3. Narinder Kaur W/o Santokh Singh
4. Maninder Singh S/o Santokh Singh Residents of 105, Race Course Road, Park Avenue, Amritsar

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 07-11-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 17-10-2025

## COURT NOTICE

(U/o 5 Rule 20 CPC)
In the Court of Ms. Ekta Sahota
Additional Civil Judge Senior Division - 1, Patiala
CNR No. PBPT02-002944-2023
Next Date:- 13-11-2025
IDBI BANK LTD
Vs.
Sandeep Singh
Publication Issued To:
Sandeep Singh S/o Kulwant Singh R/o Village Sawai Singh Wala, Tehsil Dudhan Saidan and District Patiala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 13-11-2025 at 10:00 a.m.

For details logon to https://highcourtchd.gov.in/?mod=district_notice&district=patiala

Additional Civil Judge Senior Division - 1
Dated, this day of 16-10-2025

## PUBLIC NOTICE

Under the instructions of HDFC Bank Ltd I Deepak Arora S/o Gulshan Rai R/o 71, Majitha House, Albert Road, Asr Co- Owner of sale deed having document no. 2024-25/168/1/44 dated: 04.04.2024 had lost previous original sale deed doc no. 779 dated: 18.05.2006 favouring Raghav Setia, Munish Setia, Shivam Setia S/o Yashpal executed by Gurmukh Singh S/o Gurdit Singh having Khasra no. 18//18(8-0),18//19(8-0) 18//20(8-0) total area 18 canal situted at village Balachak, Tehsil and district Tarn Taran. If these documents are misused by anyone, I shall be responsible for the same. Having DDR being registered vide LR N. 633103/2025, Dated:25-09-2025. If anybody have objection kindly contact

Adv. Vikas Verma
Mb. 98151-56302

## ਉੱਤਰ ਰੇਲਵੇ

### ਈ-ਟੈਂਡਰ ਨੋਟਿਸ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਕੰਮ ਕਰਦੇ ਸੀਨੀਅਰ ਮੰਡਲ ਇੰਜੀਨੀਅਰ/ਜੰਮੂ-ਕਸ਼ਮੀਰ ਹੇਠਾਂ ਸੂਚੀਬਧ ਕੰਮਾਂ/ਸੇਵਾਵਾਂ ਦੇ ਲਈ ਈ-ਟੈਂਡਰਾਂ ਦੀ ਮੰਗ ਕਰਦੇ ਹਨ। ਬੋਲੀਦਾਤਾ ਆਪਣੀ ਮੂਲ/ਸੰਸ਼ੋਧਿਤ ਬੋਲੀਆਂ ਕੇਵਲ ਸਮਾਪਤੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਣਗੇ। ਇਨ੍ਹਾਂ ਨਿਵਿਦਾਵਾਂ ਵਿਰੁਧ ਮੈਨੂੰਅਲ ਆਫਰ ਦੀ ਇਜਾਜਤ ਨਹੀਂ ਹੈ, ਅਤੇ ਪ੍ਰਾਪਤ ਹੋਣ ਵਾਲੇ ਐਸੇ ਕਿਸੇ ਵੀ ਮੈਨੂੰਅਲ ਆਫਰ ਨੂੰ ਅਣਦੇਖਾ ਕਰ ਦਿਤਾ ਜਾਵੇਗਾ। ਠੇਕੇਦਾਰ ਨੂੰ ਇਨ੍ਹਾਂ ਨਿਵਿਦਾਵਾਂ ਦੇ ਵਿਰੁਧ ਆਨਲਾਈਨ ਭੁਗਤਾਨ ਕਰਨ ਦੀ ਇਜਾਜਤ ਨਹੀਂ ਹੈ। ਦਸਤਾਵੇਜ ਲਾਗਤ ਅਤੇ ਬਿਆਨਾ ਰਾਸ਼ੀ ਕੇਵਲ www.ireps.gov.in ਪੋਰਟਲ ਤੇ ਉਪਲਬਧ ਆਨਲਾਈਨ ਭੁਗਤਾਨ ਵਿਧੀਆਂ ਜਿਵੇਂ ਨੇਟ ਬੈਂਕਿੰਗ, ਡੇਬਿਟ ਕਾਰਡ, ਕਰੇਡਿਟ ਕਾਰਡ ਆਦਿ ਦੇ ਮਾਧਿਅਮ ਨਾਲ ਹੀ ਜਮ੍ਹਾ ਕਰਨ। ਡਿਮਾਂਡ ਡ੍ਰਾਫਟ, ਬੈਂਕਰ ਚੈਕ, ਜਮ੍ਹਾਂ ਰਸੀਦਾਂ, ਐਫਡੀਆਰ ਆਦਿ ਦੇ ਮਾਧਿਅਮ ਨਾਲ ਮੈਨੂੰਅਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਬੋਲੀ ਪ੍ਰਣਾਲੀ | ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸਮਾਪਨ ਮਿਤੀ / ਸਮਾਂ | ਈ-ਨਿਵਿਦਾ ਖੋਹਲਣ ਦੀ ਮਿਤੀ ਅਤੇ ਸਮਾਂ |
|---|---|---|---|---|
| ਖੁਲ੍ਹਾ | ਏਕਲ ਪੈਕੇਟ ਪ੍ਰਣਾਲੀ | 17.10.2025 | 10.11.2025 at 15:00 Hrs. | 10.11.2025 at 15:30 Hrs. |

| ਲ. ਨੰ. | ਨਿਵਿਦਾ ਕ੍ਰਮਾਂਕ | ਨਿਵਿਦਾ ਦਾ ਵੇਰਵਾ | | |
|---|---|---|---|---|
| 1 | 02-2025-Laundry-JAT-R | ਲੌਨਡ੍ਰੀ-ਜੇਏਟੀ ਜੇਏਟੀ ਕੋਚਿੰਗ ਡਿਪੋ ਵਿਚ ਲਿਨਲ ਪ੍ਰਬੰਧਨ ਸਹੂਲਤਾਂ ਦੇ ਲਈ ਬੁਨਿਆਦੀ ਢਾਂਚੇ ਦੀ ਸਥਾਪਨਾ। | | |
| | ਵਿਗਿਆਪਨ ਮੂਲ | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | Rs. 2,29,98,167.27/- | Rs 2,65,000/- | 45 Days | 180 days |

ਵਧੇਰੇ ਜਾਣਕਾਰੀ ਦੇ ਲਈ ਕਿਰਪਾ www.ireps.gov.in ਤੇ ਲਾਗ ਆਨ ਕਰੋ।

3242/25

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਦੀ ਦੜੋਲੀ ਬਹੁਮੰਤਵੀ ਸਹਿਕਾਰੀ ਖੇਤਰੀ ਸਹਿਕਾਰੀ ਸਭਾ ਲਿਮਟਿਡ, ਦੜੋਲੀ

### ਨੋਟਿਸ

ਦੜੋਲੀ ਬਹੁਮੰਤਵੀ ਸਹਿਕਾਰੀ ਖੇਤੀ ਬਾੜੀ ਸੇਵਾ ਸਭਾ ਲਿਮ. ਦੜੋਲੀ ਵਿੱਚ ਸੇਲਜ਼ਮੈਨ-ਕਮ ਕੈਸ਼ਿਅਰ ਦੀ ਆਸਾਮੀ ਲਈ ਡੀ ਸੀ ਰੇਟ ਕੰਟਰੈਕਟ ਵੇਸ 'ਤੇ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਇਸ ਅਸਾਮੀ ਲਈ ਹੇਠ ਲਿਖੀਆਂ ਸ਼ਰਤਾਂ ਹੋਣਗੀਆਂ:

(1) ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਸ਼ਨ, (2) ਦਸਵੀਂ ਤੱਕ ਪੰਜਾਬੀ, (3) ਸਰਕਾਰ ਵੱਲੋਂ ਪ੍ਰਮਾਣਿਤ ਆਈ ਐਸ ਓ 9001, ਤੋਂ 120 ਘੰਟੇ ਦਾ ਕੰਪਿਊਟਰ ਕੋਰਸ ਕੀਤਾ ਹੋਵੇ, (4) ਪੇਂਡੂ ਪਿਛੋਕੜ, (5) ਭਰਤੀ ਲਈ ਉਮਰ 18 ਤੋਂ 37 ਸਾਲ ਤੱਕ, (6) ਉਮੀਦਵਾਰ ਸਭਾ ਦੇ ਕਾਰੋਬਾਰ ਦੜੋਲੀ (ਅੱਪਰ) ਅਤੇ ਦੜੋਲੀ (ਲੋਅਰ), ਦੋਨਾਲ ਦਾ ਨਿਵਾਸੀ ਹੋਵੇ।

ਇਸ ਤੋਂ ਇਲਾਵਾ ਹੋਰ ਸ਼ਰਤਾਂ ਮੌਕੇ ਤੇ ਹੀ ਦੱਸੀਆਂ ਜਾਣਗੀਆਂ।ਸਿਲੈਕਸ਼ਨ ਕਮੇਟੀ ਵੱਲੋਂ ਮਿਤੀ 17/11/2025 ਤੱਕ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ। ਅਰਜ਼ੀਆਂ ਮਿਤੀ 17/11/25 ਸ਼ਾਮ ਪੰਜ ਵਜੇ ਤੱਕ ਪ੍ਰਧਾਨ ਸਭਾ ਕੋਲ ਪਹੁੰਚ ਜਾਣੀਆਂ ਚਾਹੀਦੀਆਂ ਹਨ। ਅਰਜ਼ੀਆਂ ਦੀ ਘੋਖ ਕਰਨ ਤੋਂ ਬਾਅਦ ਸਿਲੈਕਸ਼ਨ ਕਮੇਟੀ ਵੱਲੋਂ ਉਮੀਦਵਾਰਾਂ ਦੀ ਇੰਟਰਵਿਊ ਮਿਤੀ 21/11/25 ਸਵੇਰੇ 11 ਵਜੇ ਦਿਨ ਸ਼ੁੱਕਰਵਾਰ ਸਭਾ ਦੇ ਦਫਤਰ ਵਿਖੇ ਹੋਵੇਗੀ।

ਸਹੀ/- ਪ੍ਰਧਾਨ ਰਘਬੀਰ ਸਿੰਘ

## ਉੱਤਰ ਰੇਲਵੇ

### ਈ. ਨਿਵਿਦਾ ਸੂਚਨਾ

ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉਤਰ ਰੇਲਵੇ, ਫਿਰੋਜਪੁਰ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਟੈਂਡਰ ਨੰ. 433-ਸਿਗ/ਟੀ-43/25-26 ਈ. ਟੈਂਡਰਿੰਗ ਦੇ ਮਾਧਿਅਮ ਨਾਲ ਮਿਤੀ 10.11.2025 ਨੂੰ 12:30 ਵਜੇ ਤਕ ਵੈਬਸਾਈਟ https://www.ireps.gov.in'ਤੇ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਆਪਣੇ ਟੈਂਡਰ ਅਸਲੀ/ਸੰਸ਼ੋਧਿਤ ਤੈਅ ਕੀਤੇ ਗਏ ਸਮੇਂ ਅਤੇ ਮਿਤੀ ਤਕ ਜਰੂਰ ਜਮ੍ਹਾ ਕਰਾਉਣ ਇਸ ਟੈਂਡਰ ਦੇ ਤਹਿਤ ਮੈਨੂੰਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂੰਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ।

ਠੇਕੇਦਾਰਾਂ ਦੁਆਰਾ ਟੈਂਡਰ ਡਾਕੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋ ਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਵੇਂ ਕਿ ਨੈਟ ਬੈਕਿੰਗ, ਡੈਬਿਟ ਕਾਰਡ, ਕਰੈਡਿਟ ਕਾਰਡ ਆਦਿ ਦੁਆਰਾ ਸਵੀਕ੍ਰਿਤ ਕੀਤੀ ਜਾਵੇਗੀ ਇਸ ਦੇ ਇਲਾਵਾ ਡਿਮਾਂਡ ਡ੍ਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਮਾਧਿਅਮ ਦੁਆਰਾ ਜਮ੍ਹਾ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

ਐਨ । ਆਈ । ਟੀ

| | | | |
|---|---|---|---|
| ਕੰਮ ਦਾ ਨਾਮ | (i) ਡੀਐਸਟੀਈ/ਫਿਰੋਜਪੁਰ ਦੇ ਅਨੁਭਾਗਾਂ ਦੇ ਲਈ ਇਕ ਸਾਲ ਦੇ ਲਈ ਅਨੁਭਾਗੀ ਸਿਗਨਲ ਰਖਰਖਾਅ (ਐਸਐਸਐਮਸੀ) ਕਾਂਟਰੈਕਟ। (ii) (i) ਨਗਰ ਨਿਗਮ ਅੰਮ੍ਰਿਤਸਰ ਦੁਆਰਾ ਏਡੀਈਐਨ-II/ ਏਐਸਆਰ ਦੇ ਅਧਿਕਾਰ ਖੇਤਰ ਵਿਚ ਜੇਯੂਸੀ-ਏਐਸਆਰ ਸੈਕਸ਼ਨ ਉਤੇ ਕਿਮੀ 505/4-6 ਤੇ ਅਤੇ ਏਐਆਰ-ਪੀਟੀਕੇ ਸੈਕਸ਼ਨ ਤੇ ਓਐਚਈ 6/9-11 ਉਤੇ 3.00 ਮੀਟਰ X 2.50 ਮੀਟਰ ਆਕਾਰ ਦੇ ਦੋ ਆਰਸੀਸੀ ਬਾਕਸ ਪੁਲਾਂ ਦੀ ਉਸਾਰੀ (ਪਾਣੀ ਦੀ ਪਾਈਪ ਨੂੰ ਪਾਰ ਕਰਨ ਦੇ ਲਈ ਪੁਸ਼ਿੰਗ ਵਿਧੀ)। (2) ਆਰਸੀਸੀ ਸੀਮਾ ਦੀਵਾਰ (ਐਨਆਰ ਪ੍ਰਕਾਰ ਐਫ-71 ਦੇ ਅਨੁਸਾਰ) ਅਤੇ ਹੋਰ ਵਖ-ਵਖ ਕੰਮ ਰੇਲਵੇ ਸੀਮਾਵਾਂ ਉਤੇ ਪਰਿਯੋਜਨਾ ਦੇ ਜੇਯੂਸੀ-ਐਫਜੇਡਆਰ ਸੈਕਸ਼ਨ ਉਤੇ ਆਰਸੀਐਫ ਹਾਲਟ ਅਤੇ ਸੁਲਤਾਨਪੁਰ ਲੋਧੀ ਰੇਲਵੇ ਸਟੇਸ਼ਨ ਦੇ ਵਿਚ ਕਿਮੀ 43/8-9 ਤੇ ਆਰਓਬੀ ਦੀ ਉਸਾਰੀ ਦੇ ਨਾਲ ਦੇ ਸਬੰਧ ਵਿਚ ਸਿਗਨਲ ਅਤੇ ਟੇਲੀਕਾਮ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | 10.11.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 16.10.2025 18:18 |
| ਅੰਦਾਜਨ ਕੀਮਤ | (i) 14984554.68 (ii) 6908493.70 | ਬਿਡਿੰਗ ਸ਼ੁਰੂ ਦੀ ਮਿਤੀ (ਆਈਆਰਈਪੀਐਸ) | 27.10.2025 |
| ਬਿਆਨਾ ਰਾਸ਼ੀ (ਰੁ) | (i) 224900.00 (ii) 138200.00 | ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ (ii) 6 ਮਹੀਨੇ |
| ਨੋਟ | ਨਿਵਿਦਾਕਰਤਾ ਰੈਗੂਲਰ ਤੌਰ ਤੇ ਵੈਬਸਾਈਟ ਦੇ ਸੰਪਰਕ ਵਿਚ ਰਹਿ ਕੇ ਨਿਵਿਦਾ ਸੰਸ਼ੋਧਨਾਂ, ਸ਼ੁਧੀਪੱਤਰ ਆਦਿ ਦੇ ਬਾਰੇ ਵਿਚ ਖੁਦ ਨੂੰ ਅਪਡੇਟ ਰਖਣ। | | |

ਨਿਵਿਦਾ ਸੂਚਨਾ ਨੰ. 433-ਸਿਗ- ਟੀ-43-25-26 ਮਿਤੀ 17.10.2025 ਬੰਦ ਹੋਣ ਦੀ ਮਿਤੀ/ਸਮਾਂ: ਨੂੰ 10.11.2025 ਨੂੰ 15:00 ਵਜੇ

3226/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਪਠਾਨਕੋਟ

### ਚੋਣ ਨੋਟਿਸ

ਆਪ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਦੀ ਘਿਆਲਾ ਨੰਗਲ ਬਹੁਮੰਤਵੀ ਸਹਿਕਾਰੀ ਸਭਾ ਲਿਮ: ਤਹਿ. ਤੇ ਜ਼ਿਲ੍ਹਾ ਪਠਾਨਕੋਟ ਦੀ ਪ੍ਰਬੰਧਕ ਕਮੇਟੀ ਦੀ ਚੋਣ ਕਰਵਾਉਣ ਲਈ ਚੋਣ ਪ੍ਰੋਗਰਾਮ ਇਸ ਦਫਤਰ ਵਿਚ ਪ੍ਰਾਪਤ ਹੋਇਆ ਹੈ। ਚੋਣ ਸੰਬਧੀ ਸਭਾ ਵੱਲੋਂ ਚੋਣ ਮਿਤੀ 10-11-2025 ਅਤੇ 11-11-2025 ਨੂੰ ਹੋਣੀ ਨਿਸ਼ਚਿਤ ਹੋਈ ਹੈ। ਸਭਾ ਦਾ ਕੋਈ ਵੀ ਯੋਗ ਮੈਂਬਰ ਚੋਣ ਸੰਬਧੀ ਇਤਰਾਜ਼ ਲਿਖਤੀ ਰੂਪ ਵਿੱਚ ਮਿਤੀ 27 -10-2025 ਤੱਕ ਜਾਂ ਇਸ ਤੋਂ ਪਹਿਲਾਂ ਦਫਤਰ ਸਹਾਇਕ ਰਜਿਸਟਰਾਰ ਸਹਿਕਾਰੀ ਸਭਾਵਾਂ ਪਠਾਨਕੋਟ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਮਰਾ ਨੰ 214 ਪਹਿਲੀ ਮੰਜ਼ਲ ਮਲਕਪੁਰ ਪਠਾਨਕੋਟ ਵਿਖੇ ਹਾਜ਼ਰ ਆ ਕੇ ਦੇ ਸਕਦਾ ਹੈ ਅਤੇ ਸਭਾ ਦੇ ਚੋਣ ਪ੍ਰੋਗਰਾਮ ਸੰਬਧੀ ਜਾਣਕਾਰੀ ਕਿਸੇ ਵੀ ਕੰਮ ਵਾਲੇ ਦਿਨ ਇਸ ਦਫਤਰ ਅਤੇ ਸਭਾ ਦੇ ਦਫਤਰ ਵਿਖੇ ਆ ਕੇ ਲੈ ਸਕਦਾ ਹੈ ।ਇਤਰਾਜ਼ ਪ੍ਰਾਪਤ ਨਾ ਹੋਣ ਦੀ ਸੂਰਤ ਵਿਚ ਚੋਣ ਪ੍ਰੋਗਰਾਮ ਮਿਤੀ 27 -10-2025 ਨੂੰ ਪ੍ਰਵਾਨ ਕਰ ਦਿੱਤਾ ਜਾਵੇਗਾ ।

ਸਹਾਇਕ ਰਜਿਸਟਰਾਰ
ਸਹਿਕਾਰੀ ਸਭਾਵਾਂ ਪਠਾਨਕੋਟ

## AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

**ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ**

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉੱਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗੀ। ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ/ ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|---|---|---|
| 1. | 1. ਰਾਜੂ ਮਸੀਹ ਪੁੱਤਰ ਸ੍ਰੀ ਨਿਸ਼ਾਨ ਮਸੀਹ (ਕਰਜ਼ਦਾਰ) ਅਤੇ 2. ਸ੍ਰੀਮਤੀ ਰਾਜ ਪਤਨੀ ਰਾਜੂ ਮਸੀਹ (ਸਹਿ-ਕਰਜ਼ਦਾਰ/ ਰਹਿਣਕਾਰ) | 8 ਜੂਨ 2025 | 12 ਜੂਨ 2025 | 17 ਅਕਤੂਬਰ 2025 | ਰੁਪਏ 18,39,504.05 (ਅਠਾਰਾਂ ਲੱਖ ਉਨਤਾਲੀ ਹਜ਼ਾਰ ਪੰਜ ਸੌ ਚਾਰ ਰੁਪਏ ਅਤੇ ਪੰਜ ਪੈਸੇ ਕੇਵਲ) |

**ਰਹਿਣ ਕੀਤੀ ਜਾਇਦਾਦ ਦਾ ਵੇਰਵਾ**

ਬੈਨਾਮਾ ਵਸੀਕਾ ਨੰ: 2012-22/93/1/6401 ਮਿਤੀ 05.08.2021 ਅਨੁਸਾਰ ਸ੍ਰੀਮਤੀ ਰਾਜ ਪਤਨੀ ਰਾਜੂ ਮਸੀਹ ਦੇ ਨਾਂਅ ਰਜਿਸਟਰਡ ਜਾਇਦਾਦ/ਪਲਾਟ ਪ੍ਰਾਈਵੇਟ ਨੰ: 3, ਰਕਬਾ 138.66 ਵਰਗ ਗਜ਼, ਖਸਰਾ ਨੰ: 55//6, 4/1, 4/2, 43//11/2, 12, 19, 68//5/1, 55//24, 68//4, 42//16, 54//11/1, 12, 2, 9, 55//13, 55/14, 54//8, 43//22, 55//7, 14, 15, 13, 43//20/1, 54//1, 10, 43//21/2, 42//25/2, 42//15, 43//21/1, 20/2 ਮਿਨ ਪਿੰਡ ਨੰਗਲੀ ਅਬਾਦੀ ਬਾਬਾ ਦੀਪ ਸਿੰਘ ਕਾਲੋਨੀ, ਫਤਹਿਗੜ੍ਹ ਚੂੜੀਆਂ ਰੋਡ, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ ਬੈਨਾਮੇ ਅਨੁਸਾਰ : ਪੂਰਬ : ਪਲਾਟ ਨੰ: 4, ਪੱਛਮ : ਪਲਾਟ ਨੰ: 1, 2, ਉੱਤਰ : ਸੜਕ 30 ਫੁੱਟ ਚੌੜੀ, ਦੱਖਣ : ਮਾਲਕ ਰਾਜ ਕੌਰ

ਮਿਤੀ : 19.10.2025 ਸਹੀ/- (ਅਧਿਕਾਰਤ ਅਫ਼ਸਰ),
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ

## AXIS BANK

Retail Assets Center : AXIS Bank Ltd., "2nd and 3rd Floor, Property No. 7-E, Malhar Road, Saraabha Nagar, Ludhiana -141001., Retail Assets Center : AXIS Bank Ltd., 3rd Floor, SCO 367-368, Above Akash Institute, Sector 34A, Chandigarh -160022.
Corporate Office : 3rd Floor, Block-B, Bombay Dyeing Mills Compound, Pandurang Budhakar Marg, Worli, Mumbai-400 025., Registered Office : 'Trishul', 3rd floor, Opposite Samartheswar Temple, Law Garden, Ellisbridge, Ahmedabad-380006.

**ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਦੇ ਸੈਕਸ਼ਨ 13 (2) ਅਧੀਨ ਡਿਮਾਂਡ ਨੋਟਿਸ**

ਜਦੋਂ ਕਿ ਹੇਠਾਂ ਦਰਸਾਏ ਕਰਜ਼ਦਾਰਾਂ/ਸਹਿ-ਕਰਜ਼ਦਾਰਾਂ/ਗਰੰਟਰਾਂ/ ਰਹਿਣਕਾਰਾਂ ਨੇ ਐਕਸਿਸ ਬੈਂਕ ਲਿਮਟਿਡ ਤੋਂ ਵਿੱਤੀ ਸਹਾਇਤਾ ਪ੍ਰਾਪਤ ਕੀਤੀ ਸੀ। ਅਸੀਂ ਦੱਸਦੇ ਹਾਂ ਕਿ ਵਿੱਤੀ ਸਹਾਇਤਾ ਹਾਸਲ ਕਰਨ ਦੇ ਬਾਵਜੂਦ, ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੇ ਨਿਰਧਾਰਤ ਮਿਤੀਆਂ 'ਤੇ ਮੂਲ ਅਤੇ ਵਿਆਜ ਰਕਮਾਂ ਦੀ ਮੁੜ ਅਦਾਇਗੀ 'ਚ ਅਨੇਕਾਂ ਭੁੱਲਾਂ ਕੀਤੀਆਂ ਹਨ। ਭਾਰਤੀ ਰਿਜ਼ਰਵ ਬੈਂਕ ਵੱਲੋਂ ਜਾਰੀ ਨਿਰਦੇਸ਼ਾਂ/ਗਾਈਡ ਲਾਈਨਾਂ ਅਨੁਸਾਰ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ 'ਤੇ ਖਾਤੇ ਨੂੰ ਨਾਨ-ਪ੍ਰਫਾਰਮਿੰਗ ਐੱਸਟ ਵਰਗੀਕ੍ਰਿਤ ਕਰ ਦਿੱਤਾ ਗਿਆ ਹੈ, ਨਤੀਜੇ ਵਜੋਂ ਐਕਸਿਸ ਬੈਂਕ ਦੇ ਅਧਿਕਾਰਤ ਅਫਸਰ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ, ਸਰਫੇਸੀ ਐਕਟ, 2002 ਦੇ ਸੈਕਸ਼ਨ 13 (2) ਤਹਿਤ ਹੇਠਾਂ ਦਰਸਾਈਆਂ ਸੰਬੰਧਤ ਮਿਤੀਆਂ ਨੂੰ ਕਰਜ਼ਦਾਰਾਂ/ਗਰੰਟਰਾਂ/ਰਹਿਣਕਾਰਾਂ ਨੂੰ ਨੋਟਿਸ 'ਚ ਦਰਸਾਈ ਰਕਮ ਸਮੇਤ ਇਸ ਉੱਪਰ ਇਕਰਾਰਨਾਮੇ ਅਨੁਸਾਰ ਭਵਿੱਖੀ ਵਿਆਜ ਅਤੇ ਅਚਨਚੇਤੀ ਖਰਚੇ, ਲਾਗਤ ਚਾਰਜਿਜ਼ ਆਦਿ ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਅਦਾ ਕਰਨ ਲਈ ਡਿਮਾਂਡ ਨੋਟਿਸ ਜਾਰੀ ਕੀਤੇ ਸਨ। ਉਨ੍ਹਾਂ ਦੇ ਆਖਰੀ ਜਾਣਕਾਰੀ ਵਾਲੇ ਪਤਿਆਂ 'ਤੇ ਉਨ੍ਹਾਂ ਨੂੰ ਜਾਰੀ ਕੀਤੇ ਗਏ ਨੋਟਿਸ ਬਿਨਾਂ ਤਾਮੀਲ ਦੇ ਵਾਪਸ ਆ ਗਏ ਹਨ, ਇਸ ਲਈ ਉਨ੍ਹਾਂ ਨੂੰ ਉਹੀ ਜਾਣਕਾਰੀ ਹਿਤ ਇਸ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

| ਕਰਜ਼ਦਾਰ ਦਾ ਨਾਂਅ/ਪਤਾ | ਸਹਿ-ਕਰਜ਼ਦਾਰ ਅਤੇ ਗਰੰਟਰ ਦਾ ਨਾਂਅ/ਕਾਨੂੰਨੀ ਵਾਰਸਾਂ ਦਾ ਪਤਾ | ਐੱਨ ਪੀ ਏ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਬਕਾਇਆ ਰਕਮ | ਕਰਜ਼ਾ ਰਕਮ |
|---|---|---|---|---|---|
| (1) ਜਿਊਲੇ ਰਿਟੇਲ ਪ੍ਰਾਈਵੇਟ ਲਿਮਟਿਡ ਰਾਹੀਂ ਇਸ ਦੇ ਨਿਰਦੇਸ਼ਕਾਂ ਬੀ-15, ਲੁਧਿਆਣਾ, ਇੰਟਗਰੇਟਿਡ ਟੈਕਸਟਾਈਲ ਪਾਰਕ, ਜੀ ਟੀ ਰੋਡ, ਦੋਰਾਹਾ, ਲੁਧਿਆਣਾ, ਪੰਜਾਬ-141010, ਨਾਲ ਹੀ : ਰਜਿਸਟਰਡ ਦਫਤਰ ਵਿਖੇ (2) ਜਿਊਲੇ ਰਿਟੇਲ ਪ੍ਰਾਈਵੇਟ ਲਿਮਟਿਡ ਰਾਹੀਂ ਇਸ ਦੇ ਨਿਰਦੇਸ਼ਕਾਂ B-XXIII 2891, ਲਿੰਕ ਰੋਡ, ਸਮਰਾਲਾ ਚੌਕ, ਲੁਧਿਆਣਾ-141010 | (3) ਸ੍ਰੀ ਗੁਨੀਤ ਸਿੰਘ ਚਾਵਲਾ, ਮਕਾਨ ਨੰ. 86-ਬੀ ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141001, ਨਾਲ ਹੀ : ਸ੍ਰੀ ਗੁਨੀਤ ਸਿੰਘ ਚਾਵਲਾ 30 ਜੇ, ਬਲਾਕ ਜੇ, ਸਰਾਭਾ ਨਗਰ, ਲੁਧਿਆਣਾ-141001 (4) ਸ੍ਰੀਮਤੀ ਪੁਨੀਤ ਕੌਰ ਚਾਵਲਾ, ਮਕਾਨ ਨੰ. 86-ਬੀ, ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ-141001, ਨਾਲ ਹੀ : ਸ੍ਰੀਮਤੀ ਪੁਨੀਤ ਕੌਰ ਚਾਵਲਾ 30 ਜੇ, ਬਲਾਕ ਜੇ, ਸਰਾਭਾ ਨਗਰ, ਲੁਧਿਆਣਾ, ਪੰਜਾਬ-141001 | 01 ਜੁਲਾਈ 2025 | 20 ਸਤੰਬਰ 2025 | ਰੁਪਏ 24,23,19,291.20 (ਚੌਵੀ ਕਰੋੜ ਤੇਈ ਲੱਖ ਉੱਨੀ ਹਜ਼ਾਰ ਦੋ ਸੌ ਇਕਾਨਵੇਂ ਰੁਪਏ ਅਤੇ ਵੀਹ ਪੈਸੇ ਕੇਵਲ) | ਰੁਪਏ 19,00,00,000 (ਉੱਨੀ ਕਰੋੜ ਰੁਪਏ ਕੇਵਲ) ਰੁਪਏ 2,00,00,000 (ਦੋ ਕਰੋੜ ਰੁਪਏ ਕੇਵਲ) ਰੁਪਏ 3,00,00,000 (ਤਿੰਨ ਕਰੋੜ ਰੁਪਏ ਕੇਵਲ) |

**ਸਕਿਉਰਡ ਐੱਸਟਸ ਦਾ ਜਾਇਦਾਦੀ ਪਤਾ**

1 ਜ਼ਮੀਨ, ਜਿਸ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ 'ਚ ਸਾਰੀਆਂ ਇਮਾਰਤਾਂ ਅਤੇ ਇਸ 'ਤੇ ਉਸਰਿਆ ਢਾਂਚਾ, ਫਿਕਸਰ ਫਿਟਿੰਗਜ਼ ਅਤੇ ਸਾਰਾ ਪਲਾਂਟ ਅਤੇ ਮਸ਼ੀਨਰੀ, ਜੋ ਜ਼ਮੀਨ ਨਾਲ ਲਗਦੀ ਹੈ ਜਾਂ ਮੌਜੂਦਾ ਅਤੇ ਭਵਿੱਖ 'ਚ ਦੋਵੇਂ ਤੌਰ 'ਤੇ ਪੱਕੇ ਤੌਰ 'ਤੇ ਜ਼ਮੀਨ ਨਾਲ ਜੁੜੀ ਕੋਈ ਚੀਜ਼ ਨਾਲ ਸੰਬੰਧਤ ਸਭ ਕੁਝ।

ਇੰਡਸਟਰੀਅਲ ਜਾਇਦਾਦ ਪਲਾਟ ਨੰ. ਬੀ-15, ਰਕਬਾ 2545.07 ਵਰਗ ਗਜ਼ (2 ਬਿੱਘਾ-10 ਵਿਸਵਾ 18 ਬਿਸਵਾਸੀ) ਜ਼ਮੀਨ 10 ਬਿਘਾ 17 ਬਿਸਵਾ 'ਚੋਂ, ਖਸਰਾ ਨੰ. 11 (6-5), 15/1 (2-15), 15/2 (1-17) ਕਿੱਤੇ 3 ਖੱਤਾ ਨੰ. 405/459, 404/458, ਜਮ੍ਹਾਂਬੰਦੀ ਸਾਲ 2006-07 ਪਿੰਡ ਦੋਰਾਹਾ ਵਿਖੇ ਸਥਿਤ, ਹੱਦਬਸਤ ਨੰ. 244, ਇੰਟਗਰੇਟਿਡ ਪਾਰਕ ਵਜੋਂ ਜਾਣਿਆ ਜਾਂਦਾ, ਜੀ ਟੀ ਰੋਡ ਦੋਰਾਹਾ, ਤਹਿਸੀਲ ਪਾਇਲ, ਜ਼ਿਲ੍ਹਾ ਲੁਧਿਆਣਾ ਮੈਸਰਜ਼ ਜਿਊਲੇ ਰਿਟੇਲ ਪ੍ਰਾਈਵੇਟ ਲਿਮਟਿਡ (ਪਹਿਲਾਂ ਟਰਬੋ ਰਿਟੇਲ ਪ੍ਰਾਈਵੇਟ ਲਿਮਟਿਡ) ਨਾਲ ਜਾਣੀ ਜਾਂਦੀ 03-11-2012 ਨੂੰ ਲਾਗੂ ਹੋਈ ਅਤੇ ਰਜਿਸਟਰਡ ਵਸੀਕਾ ਨੰ. 2712 ਮਿਤੀ 03-12-2012 ਅਨੁਸਾਰ ਹੱਦਾਂ : ਪੂਰਬ : ਸੜਕ 15 ਮੀਟਰ ਚੌੜੀ, ਪੱਛਮ : ਸੜਕ 15 ਮੀਟਰ ਚੌੜੀ, ਉਤਰ : ਪਲਾਟ ਨੰ. ਬੀ-14, ਦੱਖਣ : ਸੜਕ 30 ਮੀਟਰ ਚੌੜੀ

ਉਪਰੋਕਤ ਦਰਸਾਏ ਹਾਲਤਾਂ 'ਚ ਉਕਤ ਕਰਜ਼ਦਾਰਾਂ, ਸਹਿ-ਕਰਜ਼ਦਾਰਾਂ ਅਤੇ /ਜਾਂ ਉਨ੍ਹਾਂ ਦੇ ਗਰੰਟਰਾਂ (ਜਿੱਥੇ ਲਾਗੂ ਹੋਣ) ਨੂੰ ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 60 ਦਿਨਾਂ ਦੇ ਅੰਦਰ ਉਪਰੋਕਤ ਦਰਸਾਏ ਬਕਾਇਆਂ ਸਮੇਤ ਭਵਿੱਖੀ ਵਿਆਜ ਅਤੇ ਲਾਗੂ ਚਾਰਜਿਜ਼ ਅਦਾ ਕਰਨ ਲਈ ਨੋਟਿਸ ਦਿੱਤਾ ਜਾਂਦਾ ਹੈ। ਅਸਫਲ ਰਹਿਣ 'ਤੇ ਇਸ ਨੋਟਿਸ ਦੇ 60 ਦਿਨ ਗੁਜ਼ਰਨ ਤੋਂ ਬਾਅਦ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ 2002 ਦੇ ਸੈਕਸ਼ਨ 13 (4) ਅਤੇ ਇਸ ਤਹਿਤ ਲਾਗੂ ਨਿਯਮਾਂ ਤਹਿਤ ਕਰਜ਼ਦਾਰਾਂ ਅਤੇ ਗਰੰਟਰਾਂ ਦੇ ਸਕਿਉਰਡ ਐੱਸਟਸ ਵਿਰੁੱਧ ਸਮੇਤ ਕਬਜ਼ਾ ਹਾਸਲ ਕਰਨ ਜਿਹੇ ਅਗਲੇ ਕਦਮ ਉਠਾਏ ਜਾਣਗੇ।

ਕਿਰਪਾ ਕਰਕੇ ਧਿਆਨ ਦਿੱਤਾ ਜਾਵੇ ਕਿ ਉਕਤ ਐਕਟ ਦੇ ਸੈਕਸ਼ਨ 13 (13) ਤਹਿਤ ਕਰਜ਼ਦਾਰ ਸਕਿਉਰਡ ਕ੍ਰੈਡਿਟਸ ਤੋਂ ਅਗਾਊਂ ਲਿਖਤੀ ਮਨਜ਼ੂਰੀ ਤੋਂ ਬਿਨਾਂ ਇਸ ਨੋਟਿਸ 'ਚ ਹਵਾਲੇ ਵਾਲੇ ਕਿਸੇ ਸਕਿਉਰਡ ਐੱਸਟਸ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਤਬਦੀਲ ਨਹੀਂ ਕਰ ਸਕਦਾ।

ਮਿਤੀ : 19.10.2025 ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

# ਸਰਕਾਰ ਇਲਾਕੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਾਉਣ ਲਈ ਵਚਨਬੱਧ-ਚੀਮਾ



ਲਹਿਰਾਗਾਗਾ (ਪਵਨ ਸ਼ਰਮਾ) ਪਿੰਡ ਖੋਖਰ ਕਲਾਂ, ਖੋਖਰ ਖੁਰਦ ਸਮੇਤ ਇਸ ਦੇ ਇਰਦ-ਗਿਰਦ ਇਲਾਕੇ ਦੀਆਂ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਾਉਣ ਲਈ ਮੈਂ ਵਚਨਬੱਧ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਡਾ. ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ, ਖਾਈ/ ਲਹਿਰਾਗਾਗਾ ਦੇ ਮੈਨੇਜਿੰਗ ਡਾਇਰੈਕਟਰ ਪ੍ਰਵੀਨ ਖੋਖਰ ਤੇ ਐਡਵੋਕੇਟ ਅਨਿਰੁੱਧ ਕੌਸ਼ਲ (ਪੰਜਾਬ ਐਂਡ ਹਰਿਆਣਾ ਹਾਈਕੋਰਟ) ਨਾਲ ਚੰਡੀਗੜ੍ਹ ਵਿਖੇ ਉਨ੍ਹਾਂ ਦੀ ਰਿਹਾਇਸ਼ 'ਤੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਮੈਂ ਇਸ ਖੇਤਰ ਦੀ ਹੀ ਨਹੀਂ ਸਗੋਂ ਸਮੁੱਚੇ ਦਿੜ੍ਹਬਾ ਹਲਕੇ ਦੀ ਕਾਇਆ-ਕਲਪ ਕਰਨ ਲਈ ਦਿਨ-ਰਾਤ ਕੰਮ ਕਰਨ ਲਈ ਯਤਨਸ਼ੀਲ ਹਾਂ, ਸਿੱਟੇ ਵਜੋਂ ਬਹੁਤੀ ਹੱਦ ਤੱਕ ਇਸ ਕੰਮ ਵਿੱਚ ਮੈਨੂੰ ਸਫਲਤਾ ਵੀ ਮਿਲੀ ਹੈ, ਜਦੋਂਕਿ ਰਹਿੰਦੇ ਅਧੂਰੇ ਕੰਮਾਂ ਨੂੰ ਛੇਤੀ ਹੀ ਪਹਿਲ ਦੇ ਆਧਾਰ ਤੇ ਮੁਕੰਮਲ ਕਰਾ ਦਿੱਤੇ ਜਾਣਗੇ।ਮੁਲਾਕਾਤ ਦੌਰਾਨ ਵਿੱਤ ਮੰਤਰੀ ਨੂੰ ਇਹ ਵੀ ਦੱਸਿਆ ਕਿ ਖੋਖਰ ਕਲਾਂ ਤੋਂ ਛਾਜਲਾ ਵਾਇਆ ਖੋਖਰ ਖੁਰਦ ਗੋਬਿੰਦਗੜ੍ਹ ਸੜਕ ਸਿੰਗਲ ਹੋਣ ਕਰਕੇ ਤੇ ਇਸ ਦੀ ਹਾਲਤ ਤਰਸਯੋਗ ਹੋਣ ਕਰਕੇ ਲੋਕਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇਕਰ ਇਸ ਸੜਕ ਨੂੰ ਅਪਗ੍ਰੇਡ ਕੀਤਾ ਜਾਂਦਾ ਹੈ ਤਾਂ ਜਿੱਥੇ ਇਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਹੱਲ ਹੋਣਗੀਆਂ, ਉੱਥੇ ਹੀ ਇਸ ਰੋਡ ਤੇ ਲਹਿਰਾ-ਸੁਨਾਮ ਬੱਸ ਸਰਵਿਸ ਵੀ ਚਲਾਈ ਜਾ ਸਕਦੀ ਹੈ, ਜਿਸ ਤੋਂ ਪੰਜਾਬ ਸਰਕਾਰ ਨੂੰ ਆਮਦਨ ਵੀ ਹੋਵੇਗੀ। ਸ੍ਰੀ ਖੋਖਰ ਨੇ ਵਿੱਤ ਮੰਤਰੀ ਤੋਂ ਖੋਖਰ ਤੋਂ ਖਾਈ ਵਾਇਆ ਅੜਕਵਾਸ ਸੜਕ ਨੂੰ ਅਪਗ੍ਰੇਡ ਕਰਨ, ਖੋਖਰ ਤੋਂ ਨੰਗਲਾ ਨਵੀਂ ਸੜਕ ਬਣਾਉਣ ਦੇ ਨਾਲ-ਨਾਲ, ਗੋਬਿੰਦਗੜ੍ਹ ਖੋਖਰ ਦੇ ਰੇਲਵੇ ਸਟੇਸ਼ਨ ਨੂੰ ਰੇਲ ਵਿਭਾਗ ਤੋਂ ਅਪਗ੍ਰੇਡ ਕਰਵਾਉਣ ਬਾਰੇ ਵੀ ਵਿਚਾਰ-ਚਰਚਾ ਕੀਤੀ।ਉਨ੍ਹਾਂ ਕੋਲੋਂ ਪਿੰਡ ਵਿੱਚ ਮਨਜ਼ੂਰ ਹੋਏ ਬਿਜਲੀ ਗਰਿੱਡ ਦਾ ਕੰਮ ਵੀ ਜਲਦੀ ਸ਼ੁਰੂ ਕਰਾਉਣ ਦੀ ਮੰਗ ਕੀਤੀ, ਜਿਸ 'ਤੇ ਚੀਮਾ ਨੇ ਯਕੀਨ ਦਿਵਾਇਆ ਕਿ ਉਹ ਛੇਤੀ ਹੀ ਇਹ ਸਮੱਸਿਆਵਾਂ ਨੂੰ ਦੂਰ ਕਰਾਉਣਗੇ।ਵਿੱਤ ਮੰਤਰੀ ਚੀਮਾ ਨੇ ਇਸ ਗੱਲ ਦਾ ਵੀ ਵਿਸ਼ੇਸ਼ ਜਿਕਰ ਕੀਤਾ, ਕਿਉਂਕਿ ਖੋਖਰ ਪਿੰਡ ਨਾਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਵਿਸ਼ੇਸ਼ ਸਾਂਝ ਹੈ, ਜਿਸ ਕਰਕੇ ਉਹ ਵੀ ਨਿੱਜੀ ਤੌਰ 'ਤੇ ਇਸ ਖੇਤਰ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਬਾਰੇ ਸਮੇਂ-ਸਮੇਂ ਵਿਚਾਰ-ਚਰਚਾ ਕਰਦੇ ਰਹਿੰਦੇ ਹਨ।

# ਡਾ. ਏ ਪੀ ਜੇ ਅਬਦੁਲ ਕਲਾਮ ਦਾ ਜਨਮ ਦਿਵਸ ਮਨਾਇਆ



ਕੋਟ ਈਸੇ ਖਾਂ (ਅਰੋੜਾ) ਕੈਂਬਰਿਜ ਕਾਨਵੈਂਟ ਸਕੂਲ 'ਚ ਭਾਰਤ ਦੇ ਸਾਬਕਾ ਰਾਸ਼ਟਰਪਤੀ ਡਾ. ਏ.ਪੀ.ਜੇ. ਅਬਦੁਲ ਕਲਾਮ ਦਾ ਜਨਮ ਦਿਵਸ ਬੜੇ ਉਤਸ਼ਾਹ ਤੇ ਸ਼ਰਧਾ ਨਾਲ ਮਨਾਇਆ ਗਿਆ।ਸਕੂਲ ਪ੍ਰਿੰਸੀਪਲ ਤੇ ਅਧਿਆਪਕਾਂ ਨੇ ਵਿਦਿਆਰਥੀਆਂ ਨੂੰ ਡਾ. ਕਲਾਮ ਦੀ ਜੀਵਨੀ ਨਾਲ ਜਾਣੂ ਕਰਾਇਆ ਤੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈਣ ਲਈ ਉਤਸ਼ਾਹਤ ਕੀਤਾ। ਕਾਰਜਕ੍ਰਮ ਦੀ ਸ਼ੁਰੂਆਤ ਪ੍ਰਾਰਥਨਾ ਨਾਲ ਹੋਈ, ਜਿਸ ਤੋਂ ਬਾਅਦ ਵਿਦਿਆਰਥੀਆਂ ਨੇ ਡਾ. ਕਲਾਮ ਦੇ ਵਿਚਾਰਾਂ ਉੱਤੇ ਸਲੋਗਨ ਲਿਖਤ ਤੇ ਭਾਸ਼ਣ ਪ੍ਰਸਤੁਤ ਕੀਤੇ।ਉਨ੍ਹਾਂ ਦੀ ਜੀਵਨੀ ਉੱਤੇ ਬਣੀ ਇੱਕ ਪ੍ਰੇਰਨਾਦਾਇਕ ਵੀਡੀਓ ਡਾਕੂਮੈਂਟਰੀ ਵੀ ਵਿਖਾਈ ਗਈ, ਜਿਸ ਰਾਹੀਂ ਵਿਦਿਆਰਥੀਆਂ ਨੇ ਉਨ੍ਹਾਂ ਦੀ ਜ਼ਿੰਦਗੀ ਦੇ ਸੰਘਰਸ਼ਾਂ, ਮਿਹਨਤ ਤੇ ਦੇਸ਼ ਪ੍ਰਤੀ ਸਮਰਪਣ ਬਾਰੇ ਗਹਿਰਾਈ ਨਾਲ ਜਾਣਿਆ। ਸਕੂਲ ਚੇਅਰਮੈਨ ਨੇ ਕਿਹਾ ਕਿ ਡਾ. ਕਲਾਮ ਹਰ ਵਿਦਿਆਰਥੀ ਲਈ ਪ੍ਰੇਰਨਾ ਦਾ ਸਰੋਤ ਹਨ।ਉਨ੍ਹਾਂ ਦੀ ਜ਼ਿੰਦਗੀ ਸਾਨੂੰ ਇਹ ਸਿਖਾਉਂਦੀ ਹੈ ਕਿ ਸਾਦਗੀ, ਮਿਹਨਤ ਤੇ ਦ੍ਰਿੜ ਨਿਸ਼ਚੇ ਨਾਲ ਇਨਸਾਨ ਕਿਸੇ ਵੀ ਉੱਚਾਈ ਨੂੰ ਛੂਹ ਸਕਦਾ ਹੈ।

# ਕਲਾਸੀਫਾਈਡ ਇਸ਼ਤਿਹਾਰ

## ਨਾਂਅ ਦੀ ਬਦਲੀ

ਮੈਂ ਮੰਜੂ ਸਾਰੰਗਲ ਪਤਨੀ ਅਜੇ ਭਾਰਦਵਾਜ ਨਿਵਾਸੀ ਮ.ਨੰ. 780/20, ਨਿਊ ਗੋਪਾਲ ਨਗਰ, ਜਲੰਧਰ, ਨੇ ਆਪਣਾ ਨਾਮ ਮੰਜੂ ਸਾਰੰਗਲ ਤੋਂ ਬਦਲ ਕੇ ਮੰਜੂ ਭਾਰਦਵਾਜ ਰੱਖ ਲਿਆ ਹੈ।

ਮੈਂ, ਮਨਦੀਪ ਪੁੱਤਰ ਦਲਵੀਰ ਵਾਸੀ ਵਾਰਡ ਨੰ: 09, ਮੁੱਹਲਾ ਢੇਰੀਆਂ, ਸ਼ਾਹਕੋਟ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ, ਪੰਜਾਬ-144702 ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਮਨਦੀਪ ਤੋਂ ਬਦਲ ਕੇ ਮਨਦੀਪ ਸਿੰਘ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## Change of Name

I, Gurvinder Singh S/o Gurmit Singh R/o Village Nangal Farid PO Ghorewaha Distt. Hoshiarpur 146116. Have changed my name from Gurvinder Singh to Singh (surname) Gurvinder (given name)

I, hitherto Known as Upasna Bedi daughter of Lajpat Rai Bedi wife of Sumit Bhasin employed as Master Cadre in the Department of School Education Govt. of Punjab residing at H.No.8-9, Gali No.18, New Pawan Nagar, District Amritsar-143001 Punjab have changed my name and Shall hereafter be known as Upasna Bhasin.

I, Ravinder Singh S/o Dhir Singh R/o Village Jalapura Tehsil Majitha District Amritsar have declare that my father was known by two name Dhir Singh and Randhir Singh one and Same person

I, Davinder Singh S/o Satnam Singh R/o Village Sardara Wala, Distt Amritsar have declare that Singh is my Surname Davinder is my given name

I, Kirmala Devi W/o Naveen Kumar R/o VPO. Narur, Tehsil Phagwara, Kapurthala have changed my name to Given Name as Kirmala & Surname as Devi. All concerned please note.

I, Mukhan Singh S/o Nika Singh, R/o VPO. Nangal Khunga, Distt. Hoshiarpur, Punjab have changed my name to Makhan Singh. All Concerned please note.

## Change of Name

I, Amritpal Singh Sandhu S/o Harpal Singh Sandhu R/o Village Burj Nathu Ke, Nathupur Toda, PO Sarhali, Tehsil Patti District Tarn Taran have declare that I am known by two names Amritpal Singh Sandhu and Amritpal Singh one and same person.

I, Akshay Kumar S/o Jagdish Kumar R/o VPO. Narur, Tehsil Phagwara, Kapurthala have changed my name to Given Name as Akshay & Surname as Kumar. All concerned please note.

I, Rajinder Suri S/o Muni Lal Suri R/o 652, MGN School Road, Urban Estate Phase-2, Jalandhar, Punjab, India,144005, have changed my name from Rajinder Kumar to Rajinder Suri. Please Note.

I, Prabhjot Singh S/o Kulvir Singh R/o Patti Ali Sher, V.P.O Samrai, Tehsil Phillaur, District Jalandhar, Punjab-144032 have changed my name from Prabhjot Singh to Given Name as Prabhjot & Surname as Singh. All concerned please note.

## ਆਮ ਸੂਚਨਾ

ਮੈਂ, ਕ੍ਰਿਸ਼ਨ ਗੋਪਾਲ ਪੁੱਤਰ ਸੰਤ ਰਾਮ, ਵਾਸੀ ਮਕਾਨ ਨੰ: ਬੀ-2/211, ਕਬੀਰ ਨਗਰ, ਪਠਾਨਕੋਟ, ਤਹਿਸੀਲ ਵਾ ਜ਼ਿਲ੍ਹਾ ਪਠਾਨਕੋਟ (ਪੰਜਾਬ) ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕਾ ਰੋਹਿਤ ਅਤੇ ਉਸ ਦੀ ਪਤਨੀ ਅਨਾਮਿਕਾ (ਨੂੰਹ) ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮਿਤੀ 17 ਨਵੰਬਰ, 2023 ਨੂੰ ਪੰਜਾਬੀ ਅਖਬਾਰਾਂ 'ਨਵਾਂ ਜ਼ਮਾਨਾ' ਅਤੇ ਹਿੰਦੀ 'ਉਤਮ' ਵਿਚ ਇਸ਼ਤਿਹਾਰ ਦੇ ਕੇ ਬੇਦਖਲ ਕਰ ਦਿੱਤਾ ਸੀ। ਮੇਰੇ ਲੜਕੇ ਦਾ ਮੇਰੀ ਨੂੰਹ ਅਨਾਮਿਕਾ ਨਾਲ ਤਲਾਕ ਹੋ ਚੁੱਕਾ ਹੈ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿਚ ਹੈ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹੈ। ਇਸ ਲਈ ਮੈਂ ਆਪਣੇ ਲੜਕੇ ਰੋਹਿਤ ਦੀ ਦਿੱਤੀ ਹੋਈ ਬੇਦਖਲੀ ਰੱਦ/ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦਾ ਵਾਰਸ ਹੋਵੇਗਾ।

## ਆਮ ਸੂਚਨਾ

ਮੈਂ, ਲਵਲੀਨ ਕੁਮਾਰ ਪੁੱਤਰ ਸ੍ਰੀ ਸੁਦੇਸ਼ ਕੁਮਾਰ, ਵਾਸੀ ਮਕਾਨ ਨੰਬਰ 51, ਗੁਰੂ ਨਾਨਕ ਐਵੀਨਿਊ, ਸੰਨੀ ਇਨਕਲੇਵ ਦੇ ਸਾਹਮਣੇ ਰਾਮ ਤੀਰਥ ਰੋਡ ਕਾਲੇ ਘਨੂੰਪੁਰ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਰਨ ਅਤੇ ਉਸ ਦੀ ਪਤਨੀ ਆਸ਼ੂ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ 'ਨਵਾਂ ਜ਼ਮਾਨਾ' ਅਖਬਾਰ ਵਿਚ ਇਸ਼ਤਿਹਾਰ ਦੇ ਕੇ ਬੇਦਖਲ ਕਰ ਦਿੱਤਾ ਸੀ। ਹੁਣ ਉਕਤ ਇਹ ਦੋਵੇਂ ਮੇਰੇ ਕਹਿਣੇ ਵਿਚ ਹਨ ਅਤੇ ਮੇਰੀ ਹਰ ਗੱਲ ਨਾਲ ਸਹਿਮਤ ਹਨ। ਇਸ ਲਈ ਮੈਂ ਆਪਣੇ ਲੜਕੇ ਕਰਨ ਅਤੇ ਉਸ ਦੀ ਪਤਨੀ ਆਸ਼ੂ ਦੀ ਦਿੱਤੀ ਹੋਈ ਬੇਦਖਲੀ ਵਾਪਸ ਲੈਂਦਾ ਹਾਂ। ਹੁਣ ਇਹ ਮੇਰੀ ਚੱਲ ਵਾ ਅਚੱਲ ਜਾਇਦਾਦ ਦੇ ਵਾਰਸ ਹੋਣਗੇ।

## ਬੇਦਖਲੀ ਨੋਟਿਸ

ਮੈਂ, ਬੀਨਾ ਦੇਵੀ ਵਿਧਵਾ ਦਲਾਵਰ ਸਿੰਘ (Dalawar Singh ) ਵਾਸੀ ਤਲਵਾੜਾ ਗੁੱਜਰਾਂ, ਡਾਕਖਾਨਾ ਕੋਂਤਰਪੁਰ, ਪਠਾਨਕੋਟ ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਬਿਕਰਮ ਸਿੰਘ (Bikram Singh) ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਹਰ ਵੇਲੇ ਲੜਾਈ ਝਗੜਾ ਕਰਦਾ ਹੈ,ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ।ਮੈਂ, ਅਤੇ ਮੇਰਾ ਪਰਿਵਾਰ ਇਸ ਦੇ ਕਿਸੇ ਵੀ ਚੰਗੇ ਮਾੜੇ ਕੰਮ ਲਈ ਜ਼ਿੰਮੇਵਾਰ ਨਹੀਂ । ਇਸ ਨਾਲ ਲੈਣ ਦੇਣ ਕਰਨ ਵਾਲਾ ਖੁੱਦਜ਼ਿੰਮੇਵਾਰ ਹੋਵੇਗਾ ।

ਮੈਂ ਬਲਦੇਵ ਸਿੰਘ ਪੁੱਤਰ ਕਰਮ ਸਿੰਘ ਵਾਸੀ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਸ਼ਮਸ਼ੇਰ ਸਿੰਘ ਅਤੇ ਉਸ ਦੀ ਪਤਨੀ ਰਸ਼ਮੀ ਸ਼ਰਮਾ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਹਨਾਂ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਗੁਰਬਖਸ਼ ਕੌਰ ਪਤਨੀ ਲੇਟ ਅਮਰੀਕ ਸਿੰਘ ਵਾਸੀ ਪਿੰਡ ਤੇ ਡਾਕ: ਕੋਟ ਕਲਾਂ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਮਹਿਕਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਤਲਕ ਵਾਸਤਾ ਨਹੀਂ ਹੈ। ਸੰਬੰਧਿਤ ਨੋਟ ਕਰਨ।

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## Format C-2

**Declaration about criminal antecedents of candidates set up by the party**

(As per the judgment dated 25th September 2018 of Hon'ble Supreme Court in WP (Civil) No. 536 of 2011 (Public Interest Foundation & Ors. Vs. Union of India & Anr.) Name of Political Party: **AAM AADMI PARTY** Name of the Election : **Bye Election to the Council of States from Punjab** Name of State/ UT : **Punjab**

| Sl. No. | Name of candidate | Name of Constituency | Pending Criminal Cases | | | Details about cases of conviction for criminal offences | |
|---|---|---|---|---|---|---|---|
| | | | Name of Court | Case No. and status of case | Section(s) of Acts concerned and brief description of offence(s) | Name of Court & date(s) of order(s) | Description of offence(s) & punishment imposed |
| 1 | Rajinder Gupta | Punjab | Not Applicable | FIR no. 691 dt. 28.08.2021 PS: City Yavatmal (MH) | U/s 406, 420 & 34 IPC | NIL | NIL |

## ਕੈਬਨਿਟ ਮੰਤਰੀ ਕਟਾਰੂਚੱਕ ਨੇ ਬਮਿਆਲ ਵਿਖੇ ਸਕੂਲ ਆਫ ਹੈਪੀਨੈੱਸ ਦਾ ਰੱਖਿਆ ਨੀਂਹ ਪੱਥਰ

**ਪਠਾਨਕੋਟ, (ਦਵਿੰਦਰ ਸਿੰਘ)**-ਸਰਕਾਰੀ ਪ੍ਰਾਇਮਰੀ ਸਕੂਲ ਬਮਿਆਲ ਵਿਖੇ ਸਕੂਲ ਆਫ ਹੈਪੀਨੈੱਸ ਦਾ ਨੀਂਹ ਪੱਥਰ ਰੱਖਿਆ ਗਿਆ।ਇੱਕ ਸਮਾਰੋਹ ਦੌਰਾਨ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ ਅਤੇ ਨੀਂਹ ਪੱਥਰ ਤੋਂ ਪਰਦਾ ਹਟਾ ਕੇ ਸਕੂਲ ਆਫ ਹੈਪੀਨੈੱਸ ਦੇ ਨਿਰਮਾਣ ਕਾਰਜ ਆਰੰਭ ਕਰਵਾਏ।ਇਸ ਮੌਕੇ ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਧਿਕਾਰੀ ਪ੍ਰਾਇਮਰੀ, ਡੀ. ਜੀ. ਸਿੰਘ ਡਿਪਟੀ ਡੀਈਓ ਪ੍ਰਾਇਮਰੀ, ਸੂਬੇਦਾਰ ਕੁਲਵੰਤ ਸਿੰਘ ਬਲਾਕ ਪ੍ਰਧਾਨ, ਮੁਨੀਸ਼ ਗੁਪਤਾ ਸਰਪੰਚ ਬਮਿਆਲ, ਨਰੇਸ਼ ਸੈਣੀ ਜ਼ਿਲ੍ਹਾ ਪ੍ਰਧਾਨ ਬੀਸੀ ਵਿੰਗ, ਖੁਸ਼ਬੀਰ ਕਾਟਲ, ਸਾਹਿਬ ਸਿੰਘ ਸਾਬਾ, ਮਾਸਟਰ ਹਜਾਰੀ ਲਾਲ, ਅਮਰਜੀਤ ਸਿੰਘ, ਪੰਚ ਰਾਜ ਕੁਮਾਰ, ਪੰਚ ਬਿਸ਼ਨ ਦਾਸ, ਪੰਚ ਬੂਟਾ ਰਾਮ, ਪੰਚ ਪ੍ਰਦੀਪ ਸਿੰਘ, ਪੰਚ ਤ੍ਰਿਰੋੜੋ ਰਾਮ, ਸਾਬਕਾ ਸਰਪੰਚ ਸੁਰਿੰਦਰ ਮਹਾਜਨ, ਬਲਾਕ ਪ੍ਰਧਾਨ ਰਾਜੇਸ਼ ਸਿੰਘ, ਸਰਪੰਚ ਦਵਿੰਦਰ ਸਿੰਘ, ਸਰਪੰਚ ਜੋਗਿੰਦਰ ਪਾਲ ਅਤੇ ਹੋਰ ਆਮ ਆਦਮੀ ਪਾਰਟੀ ਦੇ ਕਾਰਜਕਰਤਾ ਵੀ ਹਾਜ਼ਰ ਸਨ।ਸੰਬੋਧਨ ਕਰਦਿਆਂ ਕਟਾਰੂਚੱਕ ਨੇ ਕਿਹਾ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਕਿ ਸਰਕਾਰੀ ਪ੍ਰਾਇਮਰੀ ਸਕੂਲ ਬਮਿਆਲ ਅੰਦਰ ਸਕੂਲ ਆਫ ਹੈਪੀਨੈੱਸ ਦੀ ਇਮਾਰਤ ਦੇ ਨੀਂਹ ਪੱਥਰ ਰੱਖੇ ਗਏ ਹਨ।ਉਨ੍ਹਾਂ ਕਿਹਾ ਕਿ ਸਿੱਖਿਆ ਕ੍ਰਾਂਤੀ ਅਧੀਨ ਵਿਧਾਨ ਸਭਾ ਹਲਕਾ ਭੋਆ ਅੰਦਰ ਕਰੋੜਾਂ ਰੁਪਏ ਸਕੂਲਾਂ ਦੀ ਕਾਇਆ ਕਲਪ ਕਰਨ ਦੇ ਲਈ ਭੇਜੇ ਗਏ ਹਨ। ਇਸ ਇਮਾਰਤ 'ਤੇ ਕਰੀਬ 80 ਲੱਖ ਰੁਪਏ ਖਰਚ ਕੀਤੇ ਜਾਣੇ ਹਨ।ਇਸ ਅੰਦਰ ਚਾਰ ਕਮਰਿਆਂ ਦਾ ਨਿਰਮਾਣ ਕੀਤਾ ਜਾਣਾ ਹੈ, ਬੱਚਿਆਂ ਦੇ ਲਈ




ਪਖਾਨਿਆਂ ਦੀ ਵਿਵਸਥਾ ਕੀਤੀ ਜਾਵੇਗੀ, ਇੱਕ ਲੈਬ ਬਣਾਈ ਜਾਵੇਗੀ।ਉਨ੍ਹਾਂ ਕਿਹਾ ਕਿ ਇੱਕ ਚੰਗੇ ਵਿੱਦਿਅਕ ਮਾਹੌਲ ਦੇ ਅੰਦਰ ਜੋ ਵੀ ਸੁਵਿਧਾਵਾਂ ਆਉਂਦੀਆਂ ਹਨ ਜਿਸ ਵਿੱਚ ਖੇਡ ਗਰਾਊਂਡ ਵੀ ਸ਼ਾਮਲ ਹਨ ਉਹ ਵੀ ਸਕੂਲ ਅੰਦਰ ਬਣਾਏ ਜਾਣਗੇ ਜਿਸ ਵਿੱਚ ਵਿੱਦਿਅਕ ਪ੍ਰਬੰਧਾਂ ਤੋਂ ਇਲਾਵਾ ਸਕੂਲ ਦਾ ਬੁਨਿਆਦੀ ਢਾਂਚਾ ਅਤੇ ਹੋਰ ਜ਼ਰੂਰਤਾਂ ਦਾ ਸਾਮਾਨ ਸ਼ਾਮਲ ਹੈ।ਉਨ੍ਹਾਂ ਕਿਹਾ ਕਿ ਬਹੁਤ ਹੀ ਖੁਸ਼ੀ ਦੀ ਗੱਲ ਹੈ ਸਰਕਾਰ ਵੱਲੋਂ 80 ਲੱਖ ਰੁਪਏ ਭੇਜ ਕੇ ਸਕੂਲ ਆਫ ਹੈਪੀਨੈੱਸ ਦੀ ਇਮਾਰਤ ਦੇ ਨੀਂਹ ਪੱਥਰ ਰੱਖੇ ਗਏ ਹਨ।ਉਨ੍ਹਾਂ ਕਿਹਾ ਕਿ ਸਕੂਲ ਦੀ ਇਮਾਰਤ ਦੇ ਨਿਰਮਾਣ ਕਾਰਜ ਦੀਆਂ ਪਿੰਡ ਬਮਿਆਲ ਦੇ ਸਮੁੱਚੇ ਲੋਕਾਂ ਨੂੰ ਸ਼ੁਭਕਾਮਨਾਵਾਂ ਦਿੰਦੇ ਹਨ।

## ਬਿਆਸ ਰੇਲਵੇ ਸਟੇਸ਼ਨ 'ਤੇ ਵੱਡਾ ਚੈਕਿੰਗ ਅਭਿਆਨ



ਬਿਆਸ (ਪਰਮਜੀਤ ਸਿੰਘ ਰੱਖੜਾ)- ਜੀ. ਆਰ. ਪੀ. ਪੁਲਸ ਵੱਲੋਂ ਐੱਸ. ਪੀ. ਸਪੈਸ਼ਲ ਗੁਰਵਿੰਦਰ ਸਿੰਘ ਸੰਧੂ ਦੀ ਅਗਵਾਈ ਹੇਠ ਬਿਆਸ ਰੇਲਵੇ ਸਟੇਸ਼ਨ ਦੇ ਪਲੇਟਫਾਰਮ, ਰੇਲ ਗੱਡੀਆਂ, ਐਂਟਰੀ ਅਤੇ ਐਗਜ਼ਿਟ ਪੁਆਇੰਟਾਂ ਸਮੇਤ ਇਲਾਕੇ ਭਰ ਵਿੱਚ ਤਿੱਖਾ ਚੈਕਿੰਗ ਅਭਿਆਨ ਚਲਾਇਆ ਗਿਆ। ਇਸੇ ਲੜੀ ਤਹਿਤ ਪਹਿਲਾਂ ਜਲੰਧਰ ਰੇਲਵੇ ਸਟੇਸ਼ਨ ਅਤੇ ਬਾਅਦ ਵਿੱਚ ਬਿਆਸ ਰੇਲਵੇ ਸਟੇਸ਼ਨ 'ਤੇ ਪੁਲਸ ਵੱਲੋਂ ਸਪੈਸ਼ਲ ਚੈਕਿੰਗ ਅਭਿਆਨ ਚਲਾਇਆ ਗਿਆ। ਇਸ ਦੌਰਾਨ ਜੀ. ਆਰ. ਪੀ. ਵੱਲੋਂ 300 ਗ੍ਰਾਮ ਹੈਰੋਇਨ, ਕਰੀਬ 47 ਕਿਲੋ ਅਫੀਮ, 48 ਕਿਲੋ ਗਾਂਜਾ, 56 ਹਜ਼ਾਰ ਨਸ਼ੀਲੀਆਂ ਗੋਲੀਆਂ, 950 ਗ੍ਰਾਮ ਚਰਸ, 20 ਨਾਜਾਇਜ਼ ਹਥਿਆਰ, 07 ਨੋਕੀਲੇ ਚਾਕੂ ਆਦਿ ਦੀ ਬਰਾਮਦਗੀ ਕਰਕੇ 61 ਐੱਨ. ਡੀ. ਪੀ. ਐੱਸ. ਐਕਟ ਦੇ ਅਤੇ 18 ਆਰਮਜ਼ ਐਕਟ ਦੇ ਮੁਕੱਦਮੇ ਦਰਜ ਕੀਤੇ ਹਨ।

ਇਸ ਮੌਕੇ ਸਬ-ਇੰਸਪੈਕਟਰ (ਆਰ. ਪੀ. ਐੱਫ.) ਸੁਖਦੇਵ ਸਿੰਘ, ਏ. ਐੱਸ. ਆਈ. ਜਸਪਿੰਦਰ ਸਿੰਘ, ਏ. ਐੱਸ. ਆਈ. ਰਾਜਪਾਲ ਸਿੰਘ, ਗੰਨਮੈਨ ਰਾਕੇਸ਼, ਕਾਂਸਟੇਬਲ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ

## ਰੰਧਾਵਾ ਨੇ ਦੀਵਾਲੀ ਤੋਂ ਪਹਿਲਾਂ-ਪਹਿਲਾਂ ਵੱਖ-ਵੱਖ ਪਿੰਡਾਂ 'ਚ ਹੜ੍ਹ ਪੀੜਤਾਂ ਨੂੰ ਵੰਡਿਆ ਮੁਆਵਜ਼ਾ

ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)- ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਲਾਨੌਰ ਨੇੜਲੇ ਪਿੰਡ ਕਮਾਲਪੁਰ ਜੱਟਾਂ ਦੇ 50 ਹੜ੍ਹ ਪੀੜਤਾਂ ਨੂੰ ਕਰੀਬ 18 ਲੱਖ ਰੁਪਏ ਦੀ ਰਾਹਤ ਰਾਸ਼ੀ, ਚਿੱਕੜੀ ਦੇ 89 ਪੀੜਤਾਂ ਨੂੰ ਕਰੀਬ 25 ਲੱਖ ਰੁਪਏ, ਕਲਾਨੌਰ ਉੱਤਰੀ ਦੇ 50 ਪੀੜਤਾਂ ਨੂੰ 49 ਲੱਖ ਰੁਪਏ, ਡੇਅਰੀਵਾਲ ਕਿਰਨ ਦੇ 50 ਪੀੜਤਾਂ ਨੂੰ 20 ਲੱਖ ਰੁਪਏ ਅਤੇ ਖੋਗੇਵਾਲ ਦੇ 50 ਹੜ੍ਹ ਪੀੜਤਾਂ ਨੂੰ ਤਿੰਨ ਲੱਖ ਰੁਪਏ, ਮੁਆਵਜ਼ਾ ਰਾਸ਼ੀ ਦੇ ਮਨਜ਼ੂਰੀ ਪੱਤਰ ਵੰਡੇ। ਇਸ ਮੌਕੇ ਐੱਸਡੀਐੱਮ ਜਯੋਤਸਨਾ ਸਿੰਘ, ਤਹਿਸੀਲਦਾਰ ਰਜਿੰਦਰ ਸਿੰਘ, ਬੀਡੀਪੀਓ ਸੁਰਜੀਤ ਸਿੰਘ ਅਤੇ ਪਿੰਡਾਂ ਦੇ ਪੰਚ-ਸਰਪੰਚ ਆਦਿ ਮੌਜੂਦ ਸਨ।



ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਦੀਵਾਲੀ ਤੋਂ ਪਹਿਲਾਂ ਮੁਆਵਜ਼ਾ ਵੰਡਣ ਦਾ ਹੜ੍ਹ ਪੀੜਤ ਲੋਕਾਂ ਨਾਲ ਵਾਅਦਾ ਕੀਤਾ ਸੀ ਉਹ ਪੂਰਾ ਕੀਤਾ ਹੈ।ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਹਿਲੀ ਵਾਰ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਪ੍ਰਤੀ ਏਕੜ 20 ਹਜ਼ਾਰ ਰੁਪਏ ਦਾ ਮੁਆਵਜ਼ਾ ਦਿੱਤਾ ਹੈ। ਇਕ ਹੋਰ ਪਹਿਲਕਦਮੀ ਤਹਿਤ ਸੂਬਾ ਸਰਕਾਰ ਨੇ ਜਿਸਦਾ ਖੇਤ, ਉਸਦੀ ਰੇਤ ਨੀਤੀ ਨੂੰ ਵੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਕਣਕ ਦੀ ਬਿਜਾਈ ਲਈ ਬੀਜ ਮੁਫ਼ਤ ਮੁਹੱਈਆ ਕਰਵਾਇਆ ਗਿਆ ਹੈ।ਡਾਕਟਰੀ ਜਾਂਚ ਲਈ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਮੁਫਤ ਸਿਹਤ ਕੈਂਪ ਲਾਏ ਗਏ ਹਨ ਅਤੇ ਪਸ਼ੂਆਂ ਲਈ ਵਿਸ਼ੇਸ਼ ਟੀਕਾਕਰਨ ਮੁਹਿੰਮ ਸੁਰੂ ਕੀਤੀ ਗਈ ਸੀ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਹੜ੍ਹ ਪੀੜਤਾਂ ਨੀਲ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ ਅਤੇ ਹਰ ਹੜ੍ਹ ਪੀੜਤ ਨੂੰ ਮੁਆਵਜ਼ਾ ਦਿੱਤਾ ਜਾਵੇਗਾ।

## ਸਿਟੀ ਮਲਟੀਪਲੈਕਸ ਹਸਪਤਾਲ ਤਰਨ ਤਾਰਨ ਦਾ ਉਦਘਾਟਨ ਅੱਜ

**ਤਰਨਤਾਰਨ (ਪ੍ਰਿਤਪਾਲ ਸਿੰਘ)**-ਬੱਸ ਸਟੈਂਡ ਨੇੜੇ ਅਫਸਰ ਕਲੋਨੀ ਵਿੱਚ ਸਿਟੀ ਮਲਟੀਪਲੈਕਸ ਹਸਪਤਾਲ ਦਾ 19 ਨਵੰਬਰ ਨੂੰ ਉਦਘਾਟਨ ਕੀਤਾ ਜਾ ਰਿਹਾ। ਸਮਾਗਮ ਦੇ ਆਰੰਭ ਵਿੱਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ, ਕੀਰਤਨ ਅਤੇ ਗੁਰੂ ਦਾ ਲੰਗਰ ਅਟੁੱਟ ਵਰਤਾਇਆ ਜਾਵੇਗਾ।ਐੱਮ. ਡੀ. ਡਾ. ਜਗਜੀਤ ਸਿੰਘ ਨੇ ਦੱਸਿਆ ਕਿ ਹਸਪਤਾਲ ਵਿੱਚ ਮਰੀਜ਼ਾਂ ਲਈ 24 ਘੰਟੇ ਐਮਰਜੈਂਸੀ ਸੇਵਾਵਾਂ




ਉਪਲਬਧ ਹਨ।ਹਸਪਤਾਲ ਵਿੱਚ 50 ਬੈੱਡ, ਵੱਖ-ਵੱਖ ਟੈਸਟਾਂ, ਅਲਟਰਾਸਾਊਂਡ, ਵੈਂਟੀਲੇਟਰ ਅਤੇ ਐਂਬੂਲੈਂਸ ਦੀ ਸੁਵਿਧਾ ਹੈ ਅਤੇ ਆਕਸੀਜਨ ਦੀ ਵਿਸ਼ੇਸ਼ ਵਿਵਸਥਾ ਕੀਤੀ ਗਈ ਹੈ।ਐਮਰਜੈਂਸੀ, ਆਈਸੀਯੂ ਅਤੇ ਮਾਤਾ-ਬੱਚਾ ਸੰਭਾਲ ਯੂਨਿਟ ਸਮੇਤ ਹੋਰ ਆਧੁਨਿਕ ਸਹੂਲਤਾਂ ਉਪਲਬਧ ਹਨ। ਔਰਤਾਂ ਦੀਆਂ ਬਿਮਾਰੀਆਂ ਅਤੇ ਜਣੇਪੇ ਦੌਰਾਨ ਛੋਟੇ ਤੇ ਵੱਡੇ ਓਪਰੇਸ਼ਨ ਘੱਟ ਦਰਾਂ 'ਤੇ ਕੀਤੇ ਜਾਣਗੇ। ਤਜਰਬੇਕਾਰ ਸਟਾਫ਼ ਨਾਲ ਲੈਸ ਆਧੁਨਿਕ ਓਪਰੇਸ਼ਨ ਥੀਏਟਰ ਵੀ ਤਿਆਰ ਹੈ।ਗੁਰਦੇ ਦੀ ਪੱਥਰੀ, ਬਵਾਸੀਰ ਅਤੇ ਹਰਨੀਆਂ ਦੇ ਇਲਾਜ ਲਈ ਮਾਹਿਰ ਡਾਕਟਰਾਂ ਦੀ ਟੀਮ ਉਪਲਬਧ ਕਰਵਾਈ ਗਈ ਹੈ।ਬੱਚਿਆਂ ਲਈ ਪੀਲੀਏ ਦੇ ਇਲਾਜ ਲਈ ਖਾਸ ਮਸ਼ੀਨਾਂ ਲਗਾਈਆਂ ਗਈਆਂ ਹਨ।ਉਨ੍ਹਾਂ ਨੇ ਕਿਹਾ ਕਿ ਹਸਪਤਾਲ ਦਾ ਮੁੱਖ ਉਦੇਸ਼ ਇਲਾਕੇ ਦੇ ਲੋਕਾਂ ਨੂੰ ਆਧੁਨਿਕ ਤਕਨੀਕ ਨਾਲ ਵਧੀਆ ਅਤੇ ਸਸਤੀਆਂ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ।

## ਵਿਧਾਇਕ ਸੰਧੂ ਨੇ ਸਟ੍ਰੀਟ ਲਾਈਟ ਅਧਿਕਾਰੀਆਂ ਨਾਲ ਕੀਤੀ ਅਹਿਮ ਮੀਟਿੰਗ

**ਵੇਰਕਾ (ਰਾਣਾ)**-ਦਿਵਾਲੀ ਸਮੇਤ ਹੋਰ ਤਿਉਹਾਰਾਂ ਨੂੰ ਮੱਦੇਨਜ਼ਰ ਰੱਖਦੇ ਹੋਏ ਆਪਣੇ ਮੁੱਖ ਦਫਤਰ ਪੁਰਾਣੀ ਚੂੰਗੀ, ਛੇਹਰਾਟਾ ਰੋਡ ਅੰਮ੍ਰਿਤਸਰ ਵਿਖੇ ਡਾ. ਜਸਬੀਰ ਸਿੰਘ ਸੰਧੂ ਹਲਕਾ ਵਿਧਾਇਕ ਪੱਛਮੀ ਅੰਮ੍ਰਿਤਸਰ ਵੱਲੋਂ ਸਟ੍ਰੀਟ ਲਾਈਟ ਵਿਭਾਗ ਦੇ ਅਧਿਕਾਰੀਆਂ ਨਾਲ ਇੱਕ ਅਹਿਮ ਤੇ ਜ਼ਰੂਰੀ ਮੀਟਿੰਗ ਕੀਤੀ।ਇਸ ਮੀਟਿੰਗ ਦੌਰਾਨ ਡਾ. ਸੰਧੂ ਵੱਲੋਂ ਆਏ ਹੋਏ ਉਪਰੋਕਤ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਇਨ੍ਹਾਂ ਨਿਕਟ ਭਵਿੱਖ ਆਉਣ ਵਾਲੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਸ਼ਹਿਰ ਦੇ ਕਿਸੇ ਵੀ ਚੌਂਕ, ਬਾਜ਼ਾਰ ਅਤੇ ਮੁਹੱਲੇ ਦੀ ਸਟ੍ਰੀਟ ਲਾਈਟ ਬੰਦ ਨਹੀਂ ਹੋਣੀ ਚਾਹੀਦੀ ਹੈ।ਸਗੋਂ ਇਸ ਦੌਰਾਨ ਸਾਰਾ ਹੀ ਸ਼ਹਿਰ ਜਗਮੱਗ ਕਰਨਾ ਚਾਹੀਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੇ ਹੋਰ ਅੱਧ ਵਾਟੇ ਪਏ ਹੋਏ ਕੰਮਾਂ ਨੂੰ ਵੀ ਛੇਤੀ ਤੋਂ ਛੇਤੀ ਨਿਪਟਾਏ ਜਾਣ ਸੰਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ।



## ਇੰਸਪੈਕਟਰ ਬਲਵਿੰਦਰ ਸਿੰਘ ਨੇ ਥਾਣਾ ਮੁਖੀ ਵਜੋਂ ਅਹੁਦਾ ਸੰਭਾਲਿਆ

ਝਬਾਲ, (ਹਰਜਿੰਦਰ ਸਿੰਘ ਸੋਨੀ)-ਜ਼ਿਲ੍ਹਾ ਪੁਲਸ ਮੁਖੀ ਰਵਜੋਤ ਗਰੇਵਾਲ ਦੇ ਹੁਕਮਾਂ ਤੇ ਐੱਸਪੀਡੀ ਡਾ. ਰਿਪੁਤਾਪਨ ਸਿੰਘ, ਡੀਐੱਸਪੀ ਸਿਟੀ ਜਗਜੀਤ ਸਿੰਘ ਚਾਹਲ ਦੀ ਅਗਵਾਈ ਹੇਠ ਇੰਸਪੈਕਟਰ ਬਲਵਿੰਦਰ ਸਿੰਘ ਨੇ ਬਤੌਰ ਥਾਣਾ ਮੁਖੀ ਝਬਾਲ ਚਾਰਜ ਸੰਭਾਲ ਲਿਆ।ਇਸ ਮੌਕੇ ਥਾਣਾ ਮੁਖੀ ਝਬਾਲ ਬਲਵਿੰਦਰ ਸਿੰਘ ਨੇ ਕਿਹਾ ਕਿ ਨਸ਼ੇ ਦੇ ਸੌਦਾਗਰਾਂ ਨੂੰ ਕਿਸੇ ਵੀ ਕੀਮਤ ਤੇ ਬਖਸ਼ਿਆ ਨਹੀਂ ਜਾਵੇਗਾ।ਉਨ੍ਹਾਂ ਕਸਬਾ ਝਬਾਲ ਸਮੇਤ ਥਾਣਾ ਝਬਾਲ ਅਧੀਨ ਪੈਂਦੇ ਪਿੰਡਾਂ ਵਿੱਚ ਨਸ਼ਾ ਸਪਲਾਈ ਕਰਨ ਅਤੇ ਵੇਚਣ ਵਾਲਿਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਉਹ ਮਾੜਾ ਧੰਦਾ ਛੱਡ ਦੇਣ ਨਹੀਂ ਤਾਂ ਫੜ ਕੇ ਸਲਾਖਾਂ ਪਿੱਛੇ ਡੱਕਿਆ ਜਾਵੇਗਾ।ਇਸ ਮੌਕੇ ਮੁੱਖ ਮੁਨਸ਼ੀ ਧਰਮਿੰਦਰ ਸਿੰਘ, ਹੈੱਡ ਕਾਂਸਟੇਬਲ ਹਰਪਾਲ ਸਿੰਘ ਆਦਿ ਵੀ ਮੌਜੂਦ ਸਨ।



## ਸਰਪੰਚ ਦੀ ਧੱਕੇਸ਼ਾਹੀ ਤੋਂ ਦੁਖੀ ਵਿਧਵਾ ਨੇ ਪ੍ਰਸ਼ਾਸਨ ਤੋਂ ਮੰਗਿਆ ਇਨਸਾਫ

**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**-ਪਿੰਡ ਨਿੱਕੋਸਰਾਂ 'ਚ ਜ਼ਮੀਨ 'ਤੇ ਨਜਾਇਜ਼ ਕਬਜ਼ੇ ਨੂੰ ਲੈ ਕੇ ਵਿਧਵਾ ਔਰਤ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਖੂਬ ਵਾਇਰਲ ਹੋ ਰਹੀ ਹੈ ਤੇ ਵਿਧਵਾ ਔਰਤ ਵੱਲੋਂ ਇਸ ਵੀਡੀਓ 'ਚ ਪਿੰਡ ਦੇ ਹੀ ਮੌਜੂਦਾ ਸਰਪੰਚ ਨੂੰ ਦੋਸ਼ੀ ਠਹਿਰਾਇਆ ਜਾ ਰਿਹਾ ਹੈ।]



ਇਸ ਮਾਮਲੇ ਨੂੰ ਲੈ ਕੇ ਜਦੋਂ ਵਿਧਵਾ ਰਜਵੰਤ ਕੌਰ ਨਾਲ ਗੱਲਬਾਤ ਕੀਤੀ ਗਈ ਤਾਂ ਉਸਨੇ ਇਸ ਮਾਮਲੇ ਦੀ ਪੂਰੀ ਕਹਾਣੀ ਦੱਸੀ।ਵਿਧਵਾ ਔਰਤ ਤੇ ਹੋਰ ਪਿੰਡ ਵਾਸੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਜ਼ਮੀਨ ਉਨ੍ਹਾਂ ਵੱਲੋਂ ਕਿਸੇ ਤੋਂ ਖ਼ਰੀਦੀ ਹੋਈ ਹੈ ਜਿਸਦੀ ਰਜਿਸਟਰੀ ਉਸ ਦੇ ਕੋਲ ਹੈ ਪਰ ਪਿੰਡ ਦੇ ਮੌਜੂਦਾ ਸਰਪੰਚ ਵੱਲੋਂ ਉਨ੍ਹਾਂ 'ਤੇ ਸਿਆਸੀ ਦਬਾਅ ਪਾ ਕੇ ਉਸ ਦੀ ਜ਼ਮੀਨ 'ਤੇ ਨਜਾਇਜ਼ ਕਬਜ਼ਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਉਸ ਨੇ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਉਹ ਕਈ ਵਾਰ ਸਰਕਾਰੀ ਦਫਤਰਾਂ ਦੇ ਚੱਕਰ ਕੱਟ ਚੁੱਕੇ ਹਨ ਪਰ ਸਿਆਸੀ ਦਬਾਅ ਹੋਣ ਕਰਕੇ ਉਸ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਇਸ ਮੌਕੇ ਵਿਧਵਾ ਔਰਤ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀਸੀ ਗੁਰਦਾਸਪੁਰ ਤੋਂ ਮੰਗ ਕੀਤੀ ਕਿ ਉਸ ਨੂੰ ਇਨਸਾਫ ਦਿਵਾਇਆ ਜਾਵੇ।ਇਸ ਮਾਮਲੇ ਨੂੰ ਲੈ ਕੇ ਜਦੋਂ ਦੂਸਰੀ ਧਿਰ ਸਰਪੰਚ ਦੇ ਭਰਾ ਨਾਲ ਗੱਲਬਾਤ ਕੀਤੀ ਗਈ ਤਾਂ ਉਸ ਨੇ ਕਿਹਾ ਕਿ ਇਹ ਜੋ ਦੋਸ਼ ਲਾਏ ਜਾ ਰਹੇ ਹਨ ਬਿਲਕੁਲ ਬੇਬੁਨਿਆਦ ਹਨ ਜਦਕਿ ਉਸ ਵੱਲੋਂ ਇੱਕ ਕਨਾਲ 16 ਮਰਲੇ ਜ਼ਮੀਨ ਕਿਸੇ ਤੋਂ ਖਰੀਦੀ ਹੋਈ ਹੈ ਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਬੰਧਿਤ ਅਧਿਕਾਰੀਆਂ ਵੱਲੋਂ ਇਸ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਗਈ ਹੈ ਪਰ ਕੁਝ ਪਿੰਡ ਦੇ ਸ਼ਰਾਰਤੀ ਅਨਸਰਾਂ ਵੱਲੋਂ ਇਸ ਔਰਤ ਨੂੰ ਸਾਡੇ ਖਿਲਾਫ ਭੜਕਾਇਆ ਜਾ ਰਿਹਾ ਹੈ।ਇਹ ਜ਼ਮੀਨ ਸਾਡੀ ਮਾਲਕੀ ਵਾਲੀ ਜ਼ਮੀਨ ਹੈ।

## ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕਾਰਜਾਂ ਦੀ ਸਰਾਹਨਾ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਪ੍ਰਧਾਨ ਆਸਾ ਸਿੰਘ ਆਜ਼ਾਦ ਦੀ ਅਗਵਾਈ ਵਿੱਚ ਕੌਮੀ ਪ੍ਰਧਾਨ ਮਹਿਲਾ ਵਿੰਗ ਪਵਨਜੀਤ ਕੌਰ ਮਾਨ ਦੇ ਗ੍ਰਹਿ ਵਿਖੇ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਘਾਣ ਸਬੰਧੀ ਇਕ ਮੀਟਿੰਗ ਹੋਈ ਜਿਸ ਵਿਚ ਵਿਸ਼ੇਸ਼ ਤੌਰ ਤੇ ਕੌਮੀ ਵਾਈਸ ਚੇਅਰਮੈਨ ਸੁਪਨਦੀਪ ਸਿੰਘ, ਪੰਜਾਬ ਪ੍ਰਧਾਨ ਸੁਖਜੀਤ ਸਿੰਘ ਸੰਧੂ, ਪੰਜਾਬ ਯੂਥ ਪ੍ਰਧਾਨ ਮਨਵੀਰ ਸਿੰਘ ਵਡਾਲਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਨਾਲ ਸਾਬਕਾ ਵਿਧਾਇਕ ਅਤੇ ਸਾਬਕਾ ਆਰਟੀਐੱਸ ਕਮਿਸ਼ਨਰ (ਪੰਜਾਬ ਸਰਕਾਰ), ਡਾਕਟਰ ਦਲਬੀਰ ਸਿੰਘ ਵੇਰਕਾ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਡਾ. ਦਲਬੀਰ ਸਿੰਘ ਵੇਰਕਾ ਵੱਲੋਂ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕਾਰਜਾਂ ਦੀ ਸ਼ਲਾਘਾ ਕੀਤੀ। ਆਗੂਆਂ ਨੇ ਖੁਸ਼ੀ ਜ਼ਾਹਿਰ ਕੀਤੀ ਕਿ ਡਾ. ਦਲਬੀਰ ਸਿੰਘ ਵੇਰਕਾ ਨੂੰ ਜਲਦੀ ਹੀ ਆਲ ਇੰਡੀਆ ਹਿਊਮਨ ਰਾਈਟਸ ਕੌਂਸਲ ਦੇ ਕੌਮੀ ਪ੍ਰਧਾਨ ਆਸਾ ਸਿੰਘ ਆਜ਼ਾਦ ਵੱਲੋਂ ਸੀਨੀਅਰ ਕੌਮੀ ਵਾਈਸ ਚੇਅਰਮੈਨ ਦੇ ਅਹੁਦੇ ਨਾਲ ਸਨਮਾਨਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਕੌਮੀ ਪ੍ਰਧਾਨ ਆਸਾ ਸਿੰਘ ਆਜ਼ਾਦ ਅਤੇ ਕੌਮੀ ਪ੍ਰਧਾਨ ਮਹਿਲਾ ਵਿੰਗ ਮੈਡਮ ਪਵਨਜੀਤ ਕੌਰ ਮਾਨ ਵੱਲੋਂ ਸਮੁੱਚੇ ਅਹੁਦੇਦਾਰਾਂ ਦਾ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ ਗਿਆ।

## ਆਰ. ਡੀ. ਖੋਸਲਾ ਸਕੂਲ 'ਚ ਦੀਵਾਲੀ ਮੌਕੇ ਲਗਾਈ ਸ਼ਾਨਦਾਰ ਕਲਾ ਪ੍ਰਦਰਸ਼ਨੀ

ਬਟਾਲਾ ( ਡਾ. ਮਲਵਿੰਦਰ ਸਿੰਘ, ਤਰਲੋਕ ਬੱਗਾ)- ਰੌਸ਼ਨੀਆਂ ਦਾ ਤਿਉਹਾਰ ਦੀਵਾਲੀ, ਹਨੇਰੇ ਉਤੇ ਰੌਸ਼ਨੀ ਦੀ ਜਿੱਤ ਦਾ ਪ੍ਰਤੀਕ ਹੈ, ਪਰ ਇਹ ਰਚਨਾਤਮਿਕਤਾ, ਸੁੰਦਰਤਾ ਅਤੇ ਸਾਕਾਰਾਤਮਕ ਊਰਜਾ ਦਾ ਵੀ ਜਸ਼ਨ ਹੈ।ਇਸ ਭਾਵਨਾ ਨੂੰ ਉਤਸ਼ਾਹਿਤ ਕਰਦੇ ਹੋਏ ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਵਿਖੇ ਦੀਵਾਲੀ ਮੌਕੇ ਇੱਕ ਸ਼ਾਨਦਾਰ ਕਲਾ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ।



ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ, ਪ੍ਰਿੰ. ਡਾ. ਬਿੰਦੂ ਭੱਲਾ ਅਤੇ ਪ੍ਰਬੰਧਕੀ ਕਮੇਟੀ ਦੇ ਮੈਂਬਰ ਭੁਪਿੰਦਰ ਸਿੰਘ, ਵਰਿੰਦਰ ਕਾਂਸਰਾ, ਸਿਧਾਂਤ ਖੋਸਲਾ, ਮੋਨਿਕਾ ਖੋਸਲਾ ਤੇ ਮਨੀਸ਼ਾ ਖੋਸਲਾ ਦੁਆਰਾ ਦੀਵਾ ਜਗਾਉਣ ਨਾਲ ਹੋਈ।ਉਨ੍ਹਾਂ ਵਿਦਿਆਰਥੀਆਂ ਨੂੰ ਇਸ ਤਿਉਹਾਰ ਨੂੰ ਸਾਦਗੀ ਅਤੇ ਵਾਤਾਵਰਣ ਪ੍ਰਤੀ ਸੁਚੇਤ ਹੋ ਕੇ ਖੁਸ਼ੀ-ਖੁਸ਼ੀ ਮਨਾਉਣ ਦੀ ਅਪੀਲ ਕੀਤੀ।

ਇਸ ਕਲਾ ਪ੍ਰਦਰਸ਼ਨੀ ਵਿੱਚ ਵਿਦਿਆਰਥੀਆਂ ਨੇ ਵਾਤਾਵਰਣ ਸੁਰੱਖਿਆ, ਸਵਦੇਸ਼ੀ ਸਮੱਗਰੀ ਦੀ ਵਰਤੋਂ, ਸਫਾਈ ਅਤੇ ਸਕਾਰਾਤਮਕ ਸੋਚ 'ਤੇ ਆਧਾਰਿਤ ਪੇਂਟਿੰਗਾਂ ਅਤੇ ਵੱਖ-ਵੱਖ ਹੱਥ ਨਾਲ ਬਣੀਆਂ ਕਲਾਕ੍ਰਿਤੀਆਂ ਪ੍ਰਦਰਸ਼ਿਤ ਕੀਤੀਆਂ, ਜਿਸ ਵਿੱਚ ਦੀਵੇ ਸਜਾਵਟ, ਫੁੱਲਾਂ ਦੇ ਹਾਰ, ਲਟਕਣ, ਕਢਾਈ ਅਤੇ ਫੈਬਰਿਕ ਪੇਂਟਿੰਗ, ਸ਼ੀਸ਼ੇ ਦੀਆਂ ਪੇਂਟਿੰਗਾਂ, ਪੋਸਟਰ, ਕੰਧ ਪੇਂਟਿੰਗ, ਕਾਰ ਲਟਕਣ, ਫੋਟੋ ਫਰੇਮ ਅਤੇ ਹੱਥ ਨਾਲ ਬਣੀਆਂ ਮੋਮਬੱਤੀਆਂ ਸ਼ਾਮਲ ਸਨ।

## ਚੌਂਦਹੇੜੀ ਦੇ ਕਿਸਾਨਾਂ ਨੇ ਡਿਆਲ ਭੱਟੀ ਦੇ ਹੜ੍ਹ ਮਾਰੇ ਕਾਸ਼ਤਕਾਰਾਂ ਦੀ ਫੜੀ ਬਾਂਹ

ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਡੇਰਾ ਬੱਸੀ ਤਹਿਸੀਲ (ਪਟਿਆਲਾ) ਦੇ ਪਿੰਡ ਚੌਂਦਹੇੜੀ ਦੇ ਅਗਾਂਹਵਧੂ ਕਿਸਾਨਾਂ ਦੀ ਸੱਤ ਮੈਂਬਰੀ ਟੀਮ ਗੁਰਵਿੰਦਰ ਸਿੰਘ ਕਨਵੀਨਰ ਦੀ ਅਗਵਾਈ 'ਚ ਅਨੈਬ ਸਿੰਘ, ਦਲਬੀਰ ਸਿੰਘ, ਕਰਮ ਸਿੰਘ, ਨੰਬਰਦਾਰ ਬਲਕਾਰ ਸਿੰਘ, ਨੰਬਰਦਾਰ ਰਣਬੀਰ ਸਿੰਘ ਤੇ ਹਜ਼ਾਰਾ ਸਿੰਘ ਜਈ ਨੇ ਹੜ੍ਹ ਪੀੜਤ ਕਾਸ਼ਤਕਾਰਾਂ ਦੀ ਸਾਰ ਲੈਂਦਿਆਂ ਡਿਆਲ ਭੱਟੀ ਵਿਖੇ ਇਕ ਸਾਦੇ ਸਮਾਰੋਹ ਵਿਚ 38 ਕੁਇੰਟਲ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵੱਲੋਂ ਮਨਜ਼ੂਰਸ਼ੁਦਾ ਬੀਜ ਖਰੀਦ ਕੇ ਕਿਸਾਨਾਂ ਵਿੱਚ ਵੰਡਣ ਲਈ ਧਨ ਰਾਸ਼ੀ ਸਹਾਇਤਾ ਵਜੋਂ ਦਿੱਤੀ! ਇਸ ਟੀਮ ਨੇ ਪੰਜਾਬ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਕਿ ਆਉਣ ਵਾਲੇ ਸਮੇਂ ਹੜ੍ਹਾਂ ਨੂੰ ਪੱਕੇ ਤੌਰ 'ਤੇ ਰੋਕਣ ਅਤੇ ਪੰਜਾਬ ਦਾ ਪਾਣੀ ਬਚਾਉਣ ਲਈ ਪੰਜਾਬ ਦੀ ਖੇਤੀ ਨੀਤੀ ਤੁਰੰਤ ਲਾਗੂ ਕੀਤੀ ਜਾਵੇ। ਇਸ ਸਮੇਂ ਡਾ. ਸਤਨਾਮ ਸਿੰਘ ਅਜਨਾਲਾ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਤੇ ਉਨ੍ਹਾਂ ਸਾਥੀਆਂ ਵੱਲੋਂ ਦਾਨੀਆਂ ਸੱਜਣਾਂ ਦਾ ਧੰਨਵਾਦ ਕਰਦਿਆਂ ਯਕੀਨ ਦਿਵਾਇਆ ਕਿ ਇਸ ਸਹਾਇਤਾ ਨਾਲ ਦਾ ਖ਼ਰੀਦਿਆ ਬੀਜ ਵੱਧ ਤੋਂ ਵੱਧ ਛੋਟੇ ਤੇ ਹੜ੍ਹ ਪੀੜਤ ਕਿਸਾਨਾਂ ਵਿੱਚ ਵੰਡਿਆ ਜਾਵੇਗਾ। ਇਸ ਸਮੇਂ ਜੁੜੇ ਇਕੱਠ ਵਿੱਚ ਹੋਰਨਾਂ ਤੋਂ ਇਲਾਵਾ ਸਰਪੰਚ ਹਰਦਿਆਲ ਸਿੰਘ ਡਿਆਲ ਭੱਟੀ, ਹਰਨੇਕ ਸਿੰਘ ਨੇਪਾਲ, ਗਾਇਕ ਗੁਰਪਾਲ ਗਿੱਲ ਸੈਦਪੁਰ, ਬਲਵਿੰਦਰ ਸਿੰਘ ਸਮਾਜਸੇਵਕ, ਗਿਆਨੀ ਗੁਰਦੇਵ ਸਿੰਘ, ਸਰਬਜੀਤ ਸਿੰਘ ਗੱਗੋਮਾਹਲ, ਹਰਨਾਮ ਸਿੰਘ ਕੋਟ ਰਜ਼ਾਦਾ ਤੇ ਹੋਰ ਬਹੁਤ ਸਾਰੇ ਪੀੜਤ ਕਿਸਾਨ ਹਾਜ਼ਰ ਸਨ।



## ਰਾਜ ਪੱਧਰੀ ਭਾਰ ਤੋਲਣ ਮੁਕਾਬਲੇ 'ਚ ਮਹਿਕਦੀਪ ਕੌਰ ਨੇ ਸੋਨ ਤਮਗਾ ਜਿੱਤਿਆ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)- ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਧਾਰੀਵਾਲ ਦੀ ਵਿਦਿਆਰਥਣ ਮਹਿਕਦੀਪ ਕੌਰ ਨੇ ਰਾਜ ਪੱਧਰੀ ਭਾਰ ਤੋਲਣ (ਵੇਟ ਲਿਫਟਿੰਗ) ਮੁਕਾਬਲਿਆਂ ਵਿੱਚੋਂ ਸੋਨੇ ਦਾ ਤਮਗਾ ਜਿੱਤ ਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ ਹੈ। ਸੋਨ ਤਮਗਾ ਜੇਤੂ ਵਿਦਿਆਰਥਣ ਮਹਿਕਦੀਪ ਕੌਰ ਪੁੱਤਰੀ ਮੇਜਰ ਸਿੰਘ ਵਾਸੀ ਬਿਧੀਪੁਰ ਦੀ ਚੋਣ ਨੈਸ਼ਨਲ ਮੁਕਾਬਲੇ ਲਈ ਹੋਈ ਹੈ। ਪ੍ਰਿੰ. ਡਾ: ਗਗਨਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਤਹਿਤ ਖੰਨਾ ਵਿਖੇ ਹੋਏ ਤਿੰਨ ਰੋਜ਼ਾ ਰਾਜ ਪੱਧਰੀ ਭਾਰ ਤੋਲਣ (ਵੇਟ ਲਿਫਟਿੰਗ) ਮੁਕਾਬਲਿਆਂ ਵਿੱਚ ਸਾਡੇ ਸਕੂਲ ਦੀਆਂ ਪੰਜ ਵਿਦਿਆਰਥਣਾਂ ਮਹਿਕਦੀਪ ਕੌਰ, ਰੂਬੀ, ਪਲਵੀ, ਸਨੇਹਾ, ਰਿਸ਼ਾ ਨੇ ਭਾਗ ਲਿਆ। ਅੰਡਰ-17 ਉਮਰ ਵਰਗ (ਭਾਰ ਤੋਲਣ) ਦੇ ਮੁਕਾਬਲਿਆਂ ਵਿੱਚੋਂ ਮਹਿਕਦੀਪ ਕੌਰ (ਜਮਾਤ ਨੌਵੀਂ) ਨੇ ਸੋਨੇ ਦਾ ਤਮਗਾ ਜਿੱਤਿਆ ਹੈ ਅਤੇ ਇਹ ਵਿਦਿਆਰਥਣ ਹੁਣ ਨੈਸ਼ਨਲ ਪੱਧਰ 'ਤੇ ਖੇਡਣ ਜਾਵੇਗੀ। ਸਕੂਲ ਪਹੁੰਚਣ 'ਤੇ ਪ੍ਰਿੰ. ਡਾ: ਗਗਨਜੀਤ ਕੌਰ ਅਤੇ ਸਮੂਹ ਸਟਾਫ ਨੇ ਇਨ੍ਹਾਂ ਵਿਦਿਆਰਥਣਾਂ ਦਾ ਸਵਾਗਤ ਕੀਤਾ। ਇਸ ਮੌਕੇ ਪ੍ਰਿੰਸੀਪਲ ਡਾ: ਗਗਨਜੀਤ ਕੌਰ ਨੇ ਮਹਿਕਦੀਪ ਕੌਰ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਉਸਦੇ ਮਾਤਾ ਪਿਤਾ, ਕੋਚ ਸੁਰਿੰਦਰ ਸ਼ਰਮਾ ਡੀ. ਪੀ. ਅਧਿਆਪਕਾ ਪਲਵਿੰਦਰ ਕੌਰ, ਅਮਨਦੀਪ ਕੌਰ ਅਤੇ ਸੋਨੀਆ ਸਮੇਤ ਸਮੂਹ ਸਟਾਫ ਨੂੰ ਵਧਾਈ ਦਿੱਤੀ ਅਤੇ ਵਿਦਿਆਰਥਣਾਂ ਨੂੰ ਭਵਿੱਖ ਵਿੱਚ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।



## ਭਾਰਤੀ ਜਨਤਾ ਪਾਰਟੀ ਨੇ ਨਵੇਂ ਸਰਕਲ ਪ੍ਰਧਾਨ ਐਲਾਨੇ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਭਾਰਤੀ ਜਨਤਾ ਪਾਰਟੀ ਅਜਨਾਲਾ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਦੇ ਪ੍ਰਧਾਨ ਅਤੇ ਅਜਨਾਲਾ ਦੇ ਸਾਬਕਾ ਵਿਧਾਇਕ ਪ੍ਰਧਾਨ ਓਬੀਸੀ ਮੋਰਚਾ ਪੰਜਾਬ ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਅਜਨਾਲਾ ਹਲਕੇ ਵਿੱਚ ਪਾਰਟੀ ਸਰਕਲ ਪ੍ਰਧਾਨਾਂ ਦੀਆਂ ਨਵੀਆਂ ਨਿਯੁਕਤੀਆਂ ਕੀਤੀਆਂ। ਨਵੀਆਂ ਨਿਯੁਕਤੀਆਂ ਅਨੁਸਾਰ ਅਜਨਾਲਾ ਸ਼ਹਿਰੀ ਸਰਕਲ ਪ੍ਰਧਾਨ ਮਾਸਟਰ ਵਸਦੇਵ ਸ਼ਰਮਾ ਨੂੰ ਸ਼ਹਿਰੀ ਸਰਕਲ ਪ੍ਰਧਾਨ ਬਣਾਇਆ ਗਿਆ। ਦਿਹਾਤੀ ਪ੍ਰਧਾਨ ਗੁਰਵਿੰਦਰ ਸਿੰਘ ਮੁਕਾਮ ਸਰਕਲ ਬਾਬਾ ਗਮ ਚੁੱਕ ਦੇ ਪ੍ਰਧਾਨ ਜਸਵੰਤ ਸਿੰਘ ਤੇੜਾ ਰਾਜਪੂਤਾਂ, ਰਮਦਾਸ ਸਰਕਲ ਦੇ ਸ਼ਹਿਰੀ ਪ੍ਰਧਾਨ ਇੰਦਰਜੀਤ ਸਿੰਘ, ਦਿਹਾਤੀ ਪ੍ਰਧਾਨ ਗੁਰ ਕਿਰਪਾਲ ਸਿੰਘ, ਸੁਲਤਾਨ ਮਾਹਲ ਸਰਕਲ ਗੁਰੂ ਕਾ ਬਾਗ ਤੋਂ ਜੱਜਪਾਲ ਸਿੰਘ ਗੋਰਾ ਸੈਂਸਰਾਂ ਕਲਾਂ ਨੂੰ ਸਰਕਲ ਪ੍ਰਧਾਨ ਬਣਾਇਆ ਗਿਆ। ਸਾਰੇ ਸਰਕਲ ਪ੍ਰਧਾਨਾਂ ਨੇ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਵਿਸ਼ਵਾਸ ਦਵਾਇਆ ਕਿ ਜਿਸ ਤਰ੍ਹਾਂ ਪਾਰਟੀ ਨੇ ਉਨ੍ਹਾਂ ਨੂੰ ਮਾਣ ਬਖਸ਼ਿਆ ਹੈ, ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਨ-ਰਾਤ ਮਿਹਨਤ ਕਰਕੇ ਅਤੇ 2027 ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਵਿੱਚ ਪੂਰੀ ਮਿਹਨਤ ਕਰਨਗੇ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਹੋਰ ਅਹੁਦੇਦਾਰ ਕੌਂਸਲਰ ਵਿਕਰਮ ਸਿੰਘ ਬੇਦੀ, ਦੀਪੂ ਅਰੋੜਾ, ਡਾਕਟਰ ਦੀਪਕ ਸਰਪਾਲ, ਦਲਜੀਤ ਸਿੰਘ ਹਾਸ਼ਮਪੁਰਾ, ਦਲਜੀਤ ਸਿੰਘ ਤਲਵੰਡੀ ਰਾਏ ਦਾਦੂ, ਬ੍ਰਿਜ ਭੂਸ਼ਨ, ਜਸਪਾਲ ਸਿੰਘ ਗੁੱਜਰਪੁਰਾ, ਬੰਟੀ ਸ਼ਰਮਾ ਆਦਿ ਹਾਜ਼ਰ ਸਨ।

## 'ਡੈਜ਼ਲਿੰਗ ਦੀਵਾਲੀ ਫੇਟ' ਦੀਆਂ ਲੱਗੀਆਂ ਰੌਣਕਾਂ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)-ਸ੍ਰੀ ਗੁਰੂ ਹਰਿਕ੍ਰਿਸ਼ਨ ਇੰਟਰਨੈਸ਼ਨਲ ਸਕੂਲ ਰਣਜੀਤ ਐਵੀਨਿਊ ਵਿਖੇ ਡੈਜ਼ਲਿੰਗ ਦੀਵਾਲੀ ਫੇਟ ਬਹੁਤ ਉਤਸ਼ਾਹ ਅਤੇ ਤਿਉਹਾਰੀ ਢੰਗ ਨਾਲ ਲਗਾਈ ਗਈ। ਰੰਗਬਿਰੰਗੀਆਂ ਲਾਈਟਾਂ ਅਤੇ ਫੁੱਲਾਂ ਨਾਲ ਸ਼ਿੰਗਾਰੇ ਸਕੂਲ ਕੈਂਪਸ ਵਿਚ ਵਿਦਿਆਰਥੀਆਂ ਦੁਆਰਾ ਬਣਾਏ ਗਏ ਆਰਗੈਨਿਕ ਉਤਪਾਦਾਂ ਅਤੇ ਸਜਾਵਟੀ ਵਸਤੂਆਂ ਦੀ ਪ੍ਰਦਰਸ਼ਨੀ—ਵਿਕਰੀ, ਵਿਗਿਆਨ ਅਧਾਰਿਤ ਖੇਡਾਂ, ਮਨੋਰੰਜਕ ਗਤੀਵਿਧੀਆਂ, ਸੁਆਦੀ ਖਾਣੇ ਦੇ ਸਟਾਲ, ਝੂਲੇ ਅਤੇ ਹੋਰ ਦਿਲਚਸਪ ਪ੍ਰੋਗਰਾਮ ਕਰਵਾਏ ਗਏ ਜਿਸ ਵਿਚ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ—ਪਿਤਾ ਅਤੇ ਆਏ ਮਹਿਮਾਨਾਂ ਨੇ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਭਾਗ ਲਿਆ।ਵਿਸ਼ੇਸ਼ ਤੌਰ 'ਤੇ ਪੁੱਜੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਆਨਰੇਰੀ ਸਕੱਤਰ ਰਮਨੀਕ ਸਿੰਘ ਫਰੀਡਮ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰ/ ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ ਅਤੇ ਹੋਰ ਮੈਂਬਰ ਸਾਹਿਬਾਨ ਨੇ ਬੱਚਿਆਂ ਵੱਲੋਂ ਬਣਾਏ ਉਤਪਾਦਾਂ ਅਤੇ ਹੋਰਨਾਂ ਸਟਾਲਾਂ ਦਾ ਦੌਰਾ ਕੀਤਾ ਅਤੇ ਵਿਦਿਆਰਥੀਆਂ ਦੀ ਕਾਬਲੀਅਤ, ਪ੍ਰਤਿਭਾ ਅਤੇ ਪ੍ਰਿੰ. ਦਪਿੰਦਰ ਕੌਰ ਸਮੇਤ ਅਧਿਆਪਕਾਂ ਦੀ ਮਿਹਨਤ ਅਤੇ ਪ੍ਰਬੰਧਨ ਦੀ ਭਰਪੂਰ ਸ਼ਲਾਘਾ ਕੀਤੀ।ਇਸ ਮੌਕੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਖੁਸ਼ੀ ਜ਼ਾਹਿਰ ਕਰਦਿਆਂ ਕਿਹਾ ਕਿ ਇਹੋ ਜਿਹੇ ਤਿਉਹਾਰੀ ਮੇਲੇ




ਵਿਦਿਆਰਥੀਆਂ ਲਈ ਕੇਵਲ ਮਨੋਰੰਜਨ ਹੀ ਨਹੀਂ, ਸਗੋਂ ਬੱਚਿਆਂ ਲਈ ਕੁੱਝ ਨਵਾਂ ਸਿਖਣ, ਸਿਖਾਉਣ ਅਤੇ ਸੋਚਣ ਸ਼ਕਤੀ ਦੇ ਵਿਕਾਸ ਦਾ ਮਹੱਤਵਪੂਰਨ ਸਾਧਨ ਹਨ, ਜਿਸ ਨਾਲ ਬੱਚਿਆਂ ਵਿਚ ਆਤਮਵਿਸ਼ਵਾਸ, ਨਵ—ਚੇਤਨਾ, ਟੀਮ ਵਰਕ ਅਤੇ ਰਚਨਾਤਮਕਤਾ ਨੂੰ ਉਭਾਰਨ ਵਿਚ ਮਦਦ ਮਿਲਦੀ ਹੈ।ਉਨ੍ਹਾਂ ਨੇ ਕਿਹਾ ਕਿ ਅਜਿਹੇ ਮੇਲੇ ਬੱਚਿਆਂ ਵਿਚ ਵਪਾਰਕ ਪ੍ਰਬੰਧਨ, ਸਮੱਸਿਆ ਹੱਲ ਕਰਨ ਅਤੇ ਸਮੇਂ ਦਾ ਸਹੀ ਉਪਯੋਗ ਕਰਨ ਵਰਗੇ ਜ਼ਿੰਦਗੀ ਦੇ ਅਸਲੀ ਗੁਰ ਸਿਖਾਉਂਦੇ ਹਨ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਨਵਤੇਜ ਸਿੰਘ ਨਾਰੰਗ, ਜਗਦੀਪ ਸਿੰਘ, ਸਰਜੋਤ ਸਿੰਘ ਸਾਹਨੀ, ਮਿਸਿਜ ਹਰਸੋਹਿਨ ਕੌਰ ਸਰਕਾਰੀਆ ਅਤੇ ਪ੍ਰਿੰ. ਦਪਿੰਦਰ ਕੌਰ ਅਤੇ ਹੋਰ ਸਟਾਫ ਹਾਜ਼ਰ ਸੀ।

## ਹੜ੍ਹ ਪੀੜਤ ਪਰਿਵਾਰਾਂ ਨੂੰ ਵੰਡੇ 5-5 ਹਜ਼ਾਰ ਰੁਪਏ

ਛੇਹਰਟਾ, (ਮਨੋਜ ਕੁਮਾਰ)-ਹੜ੍ਹ ਪੀੜਤਾਂ ਦੀ ਹਰ ਪ੍ਰਕਾਰ ਦੀ ਮਦਦ ਕਰਨ ਲਈ ਪੰਜਾਬੋਂ ਬਾਹਰ ਤੋਂ ਵੀ ਸਵੈ-ਸੇਵੀ ਜਥੇਬੰਦੀਆਂ, ਸੰਯੁਕਤ ਕਿਸਾਨ ਮੋਰਚੇ ਦੀਆਂ ਹਮਦਰਦ ਜਥੇਬੰਦੀਆਂ ਅਤੇ ਬਹੁਤ ਸਾਰੀਆਂ ਧਾਰਮਿਕ ਤੇ ਗੁਰਦੁਆਰਿਆਂ ਦੀਆਂ ਕਮੇਟੀਆਂ ਲਗਾਤਾਰ ਪਹੁੰਚ ਰਹੀਆਂ ਹਨ। ਸ਼ੁੱਕਰਵਾਰ ਨੂੰ ਗੁਰਦੁਆਰਾ ਡੇਰਾ ਸਾਹਿਬ ਅਸੰਧ ਜ਼ਿਲ੍ਹਾ ਕਰਨਾਲ, ਹਰਿਆਣਾ ਦੀ ਪ੍ਰਬੰਧਕ ਕਮੇਟੀ ਵੱਲੋਂ ਅਜਨਾਲਾ ਖੇਤਰ ਦੇ ਹੜ੍ਹ ਪੀੜਤਾਂ ਦੀ ਮਦਦ ਕਰਨ ਲਈ ਕਮੇਟੀ ਦੇ ਪ੍ਰਮੁੱਖ ਆਗੂ ਸੁਖਵੰਤ ਸਿੰਘ ਗੁਰਾਇਆ, ਗੁਰਦੁਆਰਾ ਕਮੇਟੀ ਦੇ ਪ੍ਰਧਾਨ ਚਤਰ ਸਿੰਘ, ਮੀਤ ਪ੍ਰਧਾਨ ਅੰਗਰੇਜ਼ ਸਿੰਘ ਵੜੈਚ, ਪ੍ਰਧਾਨ ਰੁਪਿੰਦਰ ਸਿੰਘ, ਮੁੱਖ ਸਿੰਘ, ਇਕਬਾਲ ਸਿੰਘ, ਹਰਭਜਨ ਸਿੰਘ, ਗੁਰਦੀਪ ਸਿੰਘ ਤੇ ਸਰਬਜੋਤ ਸਿੰਘ ਨੇ ਸੰਗਤਾਂ ਵੱਲੋਂ ਇਕੱਠੀ ਕੀਤੀ ਗਈ 20 ਲੱਖ ਰੁਪਏ ਦੀ ਰਾਸ਼ੀ ਵਿਚੋਂ ਗੁਰਦੁਆਰਾ ਟੱਕਰ ਸਾਹਿਬ ਮਹਿਲ ਬੁਖ਼ਾਰੀ (ਅਜਨਾਲਾ) ਵਿਖੇ ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਿਲ ਕਿਸਾਨ ਜੱਥੇਬੰਦੀਆਂ ਵੱਲੋਂ ਕੀਤੇ ਗਏ ਪ੍ਰਭਾਵਸ਼ਾਲੀ ਸਮਾਗਮ ਵਿਚ ਸੌ ਤੋਂ ਵੱਧ ਹੜ੍ਹ ਪੀੜਤ ਪਰਿਵਾਰਾਂ ਦੇ ਇਕ-ਇਕ ਮੈਂਬਰ ਨੂੰ 5-5 ਹਜ਼ਾਰ ਰੁਪਏ ਵੰਡੇ। ਕਮੇਟੀ ਦੇ ਪ੍ਰਮੁੱਖ ਆਗੂ ਸੁਖਵੰਤ ਸਿੰਘ ਗੁਰਾਇਆ ਨੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਣ ਕੀਤਾ ਕਿ ਉਹ ਆਉਣ ਵਾਲੇ ਸਮੇਂ ਵਿਚ ਹੋਰ ਵੀ ਉਪਰਾਲੇ ਕਰਨਗੇ। ਆਗੂਆਂ ਨੇ ਗੁਰਦੁਆਰਾ ਕਮੇਟੀ ਵੱਲੋਂ ਕੀਤੇ ਗਏ ਇਸ ਉਪਰਾਲੇ ਦਾ ਆਪਣੇ ਤੇ ਇਥੇ ਆਈਆਂ ਸਮੂਹ ਸੰਗਤਾਂ ਵੱਲੋਂ ਧੰਨਵਾਦ ਕੀਤਾ। ਜ਼ਿਕਰਯੋਗ ਹੈ ਕਿ ਗੁਰਦੁਆਰਾ ਪ੍ਰਬੰਧ ਕਮੇਟੀ ਵੱਲੋਂ ਇਸ ਰਾਹਤ ਵੰਡ ਸਮਾਰੋਹ ਤੋਂ ਪਹਿਲਾਂ ਤਕਰੀਬਨ 15 ਲੱਖ ਰੁਪਏ ਗੁਰਦੁਆਰਾ ਕਮੇਟੀ ਵੱਲੋਂ ਪਿੰਡ-ਪਿੰਡ ਜਾ ਕੇ ਪੀੜਤ ਕਿਸਾਨਾਂ ਨੂੰ ਵੰਡੇ ਗਏ ਸਨ।



## ਇੰਟਰ ਸਕੂਲ ਮੁਕਾਬਲਿਆਂ 'ਚ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਤਰਨ ਤਾਰਨ ਦੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਝਬਾਲ ਵਿਖੇ ਕਰਵਾਏ ਗਏ ਇੰਟਰ ਸਕੂਲ ਮੁਕਾਬਲਿਆਂ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ।



ਸਲਾਦ ਮੇਕਿੰਗ ਵਿੱਚ ਦਲਜੀਤ ਕੌਰ ਅਤੇ ਅਮਰੀਨ ਕੌਰ ਨੇ ਦੂਜਾ ਸਥਾਨ, ਕਵਿਤਾ ਉਚਾਰਣ ਮੁਕਾਬਲੇ ਵਿੱਚ ਖੁਸ਼ਪ੍ਰੀਤ ਕੌਰ ਨੇ ਤੀਜਾ ਸਥਾਨ ਅਤੇ ਫੈਂਸੀ ਡਰੈੱਸ ਮੁਕਾਬਲੇ ਵਿੱਚ ਕੋਮਲ ਸ਼ਰਮਾ ਨੇ ਤੀਜਾ ਸਥਾਨ ਹਾਸਲ ਕੀਤਾ।ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਹਰਜੀਤ ਸਿੰਘ, ਚੀਫ਼ ਖ਼ਾਲਸਾ ਦੀਵਾਨ ਲੋਕਲ ਕਮੇਟੀ ਦੇ ਮੀਤ ਪ੍ਰਧਾਨ ਅਤੇ ਸਕੂਲ ਦੇ ਮੈਂਬਰ ਇੰਚਾਰਜ ਗੁਰਿੰਦਰ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਨਵਜੋਤ ਸਿੰਘ, ਸਕੂਲ ਦੇ ਮੈਂਬਰ ਇੰਚਾਰਜ ਰਣਦੀਪ ਸਿੰਘ ਨੇ ਜੇਤੂ ਵਿਦਿਆਰਥੀਆਂ ਅਤੇ ਉਨ੍ਹਾਂ ਨੂੰ ਤਿਆਰੀ ਕਰਵਾਉਣ ਵਾਲੇ ਅਧਿਆਪਕਾਂ ਨੂੰ ਹਾਰਦਿਕ ਵਧਾਈਆਂ ਦਿੱਤੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਅਤੇ ਰਹਿਨੁਮਾਈ ਦੀ ਵੀ ਸਰਾਹਨਾ ਕੀਤੀ।

ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਮਿਹਨਤ ਨਾਲ ਵਧੀਆ ਪ੍ਰਦਰਸ਼ਨ ਕਰਦੇ ਹੋਏ ਸਕੂਲ ਦਾ ਮਾਣ ਵਧਾਇਆ ਹੈ।ਅਸੀਂ ਉਨ੍ਹਾਂ ਦੇ ਚੰਗੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦੇ ਹਾਂ। ਪ੍ਰਿੰ. ਸਤਵੰਤ ਸਿੰਘ ਬੈਂਸ ਨੇ ਕਿਹਾ ਕਿ ਇਹ ਉਪਲਬਧੀਆਂ ਵਿਦਿਆਰਥੀਆਂ ਦੀ ਲਗਨ ਅਤੇ ਅਧਿਆਪਕਾਂ ਦੀ ਨਿਸ਼ਠਾ ਦਾ ਨਤੀਜਾ ਹਨ।

## ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਵੱਲੋਂ ਹੜ੍ਹ ਪੀੜਤਾਂ ਲਈ ਸੇਵਾ ਕਾਰਜ ਨਿਰੰਤਰ ਜਾਰੀ




ਪੱਟੀ (ਬਲਦੇਵ ਸਿੰਘ ਸੰਧੂ)-ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਰਜਿ ਨੰਬਰ 295 ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲਾ ਨਵਾਂਸ਼ਹਿਰ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਤਰਨ ਤਾਰਨ ਦੇ ਪਿੰਡਾਂ ਵਿੱਚ ਡਾ. ਕਸ਼ਮੀਰ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਡਾ. ਟੇਕ ਚੰਦ, ਡਾ. ਧਰਮਜੀਤ ਸਿੰਘ ਮੈਡੀਕਲ ਸੇਵਾਵਾਂ ਦੇਣ ਵਾਸਤੇ ਪਹੁੰਚੇ ਜਿਸ ਵਿੱਚ ਜ਼ਿਲਾ ਤਰਨ ਤਾਰਨ ਦੇ ਸੂਬਾ ਆਗੂ ਡਾ. ਗੁਰਜੀਤ ਸਿੰਘ ਦੁੱਬਲੀ ਅਤੇ ਜ਼ਿਲਾ ਪ੍ਰਧਾਨ ਡਾ. ਨਛੱਤਰ ਸਿੰਘ ਚੀਮਾ ਨੇ ਨਾਲ ਸਾਥ ਨਿਭਾਇਆ। ਨਿਹਾਲ ਲਵੇਰਾ, ਟੱਲੀ ਗੁਲਾਮ, ਧੀਰਾ ਘਰ ਆਦਿ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਏ। ਲਗਭਗ 200 ਦੇ ਕਰੀਬ ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸੂਬਾ ਆਗੂ ਗੁਰਜੀਤ ਸਿੰਘ ਨੇ ਕਿਹਾ ਕਿ ਜਿੰਨਾ ਚਿਰ ਤੁਸੀਂ ਲੋਕ ਮੁੜ ਪੈਰਾਂ ਸਿਰ ਨਹੀਂ ਹੋ ਜਾਂਦੇ ਉਨਾ ਚਿਰ ਸਾਡੀ ਜਥੇਬੰਦੀ ਇਸੇ ਤਰ੍ਹਾਂ ਤੁਹਾਨੂੰ ਮੁੱਢਲੀਆਂ ਸਿਹਤ ਸੇਵਾਵਾਂ ਦਿੰਦੀ ਰਹੇਗੀ। ਇਸ ਮੌਕੇ ਨਛੱਤਰ ਸਿੰਘ ਚੀਮਾ ਨੇ ਨਵਾਂਸ਼ਹਿਰ ਤੋਂ ਆਈ ਹੋਈ ਟੀਮ ਦਾ ਬਹੁਤ ਬਹੁਤ ਧੰਨਵਾਦ ਕੀਤਾ।

## 9ਵੇਂ ਪਾਤਸ਼ਾਹ ਦੇ 350 ਸਾਲਾ ਸ਼ਹੀਦੀ ਵਰ੍ਹੇ ਨੂੰ ਸਮਰਪਿਤ ਸਕੂਲਾਂ ਦਾ ਕੁਇਜ਼ ਮੁਕਾਬਲਾ ਕਰਵਾਇਆ

**ਵਲਟੋਹਾ (ਰਣਜੀਤ ਸਿੰਘ ਵਲਟੋਹਾ)**-ਨੈਤਿਕ ਸਿੱਖਿਆ ਦੇ ਇਮਤਿਹਾਨ ਦਾ ਇਨਾਮ ਵੰਡ ਸਮਾਗਮ ਗੁਰਦੁਆਰਾ ਬਾਬਾ ਟਾਹਲਾ ਸਾਹਿਬ ਪਾਤਸ਼ਾਹੀ ਛੇਵੀਂ ਪਿੰਡ ਬਹਾਦਰ ਨਗਰ ਵਿਖੇ ਕਰਵਾਇਆ ਗਿਆ।ਇਸ ਸਮਾਰੋਹ ਵਿੱਚ 10 ਸਕੂਲਾਂ ਦੇ 350 ਬੱਚਿਆਂ ਨੇ ਭਾਗ ਲਿਆ।ਸਮਾਗਮ ਦੀ ਆਰੰਭਤਾ ਡਾ. ਦਲਜੀਤ ਸਿੰਘ ਖੇਤਰੀ ਪ੍ਰਧਾਨ ਵੱਲੋਂ ਮੂਲ ਮੰਤਰ ਅਤੇ ਗੁਰਮੰਤਰ ਦੇ ਜਾਪ ਨਾਲ ਕੀਤੀ ਗਈ।ਇਸ ਤੋਂ ਬਾਅਦ ਕੁਇਜ਼ ਮੁਕਾਬਲੇ ਸ਼ੁਰੂ ਕਰਵਾਏ ਗਏ।ਦਸ ਸਕੂਲਾਂ ਵਿੱਚੋਂ ਛੇ ਸਕੂਲਾਂ ਨੇ ਕੁਇਜ਼ ਮੁਕਾਬਲੇ ਵਿੱਚ ਭਾਗ ਲਿਆ ਜਿਨ੍ਹਾਂ ਵਿੱਚੋਂ ਪਹਿਲੇ ਸਥਾਨ 'ਤੇ ਸ. ਹਰੀ ਸਿੰਘ ਨਲੂਆ ਪਬਲਿਕ ਸਕੂਲ ਵਲਟੋਹਾ ਦੀ ਟੀਮ ਰਹੀ।




ਦੂਸਰੇ ਸਥਾਨ 'ਤੇ ਸ਼ਹੀਦ ਭਗਤ ਸਿੰਘ ਸੀਨੀਅਰ ਸੈਕੰਡਰੀ ਸਕੂਲ ਵਲਟੋਹਾ ਦੀ ਟੀਮ ਰਹੀ।ਤੀਸਰੇ ਸਥਾਨ 'ਤੇ ਸਰਕਾਰੀ ਕੰਨਿਆ ਸਕੂਲ ਵਲਟੋਹਾ ਦੀ ਟੀਮ ਰਹੀ।ਇਨ੍ਹਾਂ ਬੱਚਿਆਂ ਨੂੰ ਗੁਰਦੁਆਰਾ ਟਾਹਲਾ ਸਾਹਿਬ ਪਾਤਸ਼ਾਹੀ ਛੇਵੀਂ ਦੇ ਸਮੂਹ ਸੇਵਾਦਾਰਾਂ ਵੱਲੋਂ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।ਡਾ. ਮਲਕੀਅਤ ਸਿੰਘ (ਜ਼ੋਨਲ ਸਕੱਤਰ) ਵੱਲੋਂ ਜਥੇਬੰਦੀ ਦੇ ਉਦੇਸ਼, ਜਥੇਬੰਦੀ ਦੇ ਕਾਰਜ ਤੇ ਨੈਤਿਕ ਕਦਰਾਂ-ਕੀਮਤਾਂ ਬਾਰੇ ਭਾਵਪੂਰਤ ਸ਼ਬਦਾਂ ਰਾਹੀਂ ਸਾਂਝ ਪਾਈ ਗਈ।

ਉਪਰੰਤ ਗੁਰਦੇਵ ਸਿੰਘ (ਐਡੀਸ਼ਨਲ ਚੀਫ਼ ਆਰਗੇਨਾਈਜ਼ਰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਵੱਲੋਂ ਬੱਚਿਆਂ ਨੂੰ ਦੱਸਿਆ ਗਿਆ ਕਿ ਇਹ ਜਥੇਬੰਦੀ ਕਿਵੇਂ ਕਾਰਜ ਕਰਦੀ ਹੈ ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਕੱਤਰ ਜਨਰਲ ਗੁਰਚਰਨ ਸਿੰਘ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

## ਕੈਬਨਿਟ ਮੰਤਰੀ ਮਹਿੰਦਰ ਭਗਤ ਵੱਲੋਂ ਰੈਸਟ ਹਾਊਸ ਗੁਰਦਾਸਪੁਰ ਦੇ ਨਵੀਨੀਕਰਨ ਦਾ ਉਦਘਾਟਨ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਵਲੋਂ ਸੈਨਿਕ ਰੈਸਟ ਹਾਊਸ ਗੁਰਦਾਸਪੁਰ ਦੇ ਨਵੀਨੀਕਰਨ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਅੰਗਹੀਣ ਸਾਬਕਾ ਸੈਨਿਕਾਂ ਨੂੰ ਆਟੋਮੈਟਿਕ ਵਹੀਕਲ ਅਤੇ ਆਰਥਿਕ ਸਹਾਇਤਾ ਲਈ ਰਾਸ਼ੀ ਭੇਟ ਕੀਤੀ। ਇਸ ਮੌਕੇ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਡਾਇਰੈਕਟਰ ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਭੁਪਿੰਦਰ ਸਿੰਘ ਢਿਲੋਂ, ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਹਰਜਿੰਦਰ ਸਿੰਘ ਬੇਦੀ, ਐੱਸਡੀਐੱਮ ਮਨਜੀਤ ਸਿੰਘ ਰਾਜਲਾ, ਕਮਾਂਡੈਂਟ ਬਲਜਿੰਦਰ ਵਿਰਕ, ਡਿਪਟੀ ਡਾਇਰੈਕਟਰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਵਿਭਾਗ ਸੀਨੀਅਰ ਆਗੂ ਅਜੈ ਬਹਿਲ, ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਨੀਰਜ ਸਲਹੋਤਰਾ, ਕੁੰਵਰ ਰਵਿੰਦਰ ਵਿਕੀ, ਸਾਬਕਾ ਸੈਨਿਕ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਬਕਾ ਸੈਨਿਕ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਲਈ ਵਚਨਬੱਧ ਹੈ। ਇਸ ਮੌਕੇ ਕਮਾਂਡੈਂਟ ਬਲਜਿੰਦਰ ਵਿਰਕ ਡਿਪਟੀ ਡਾਇਰੈਕਟਰ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਗੁਰਦਾਸਪੁਰ ਨੇ ਦੱਸਿਆ ਕਿ ਜ਼ਿਲ੍ਹਾ ਗੁਰਦਾਸਪੁਰ ਵਿੱਚ ਐਕਸ ਸਰਵਿਸਮੈਨ 42,700, ਸ਼ਹੀਦ ਸੈਨਿਕਾਂ ਦੀਆਂ ਪਤਨੀਆਂ 4800, ਵੱਖ-ਵੱਖ ਲੜਾਈਆਂ ਵਿਚ ਸ਼ਹੀਦ 310 ਅਤੇ ਗੈਲੰਟੀਅਰ ਐਵਾਰਡੀ 289 ਹਨ। ਸਮਾਗਮ ਦੀ ਸਮੁੱਚੀ ਕਾਰਵਾਈ ਕੁੰਵਰ ਰਵਿੰਦਰ ਵਿੱਕੀ ਵੱਲੋਂ ਕੀਤੀ ਗਈ।




## ਪੀ ਐੱਮ ਸ਼੍ਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ 'ਚ ਕਰਵਾਈ ਮਾਪੇ-ਅਧਿਆਪਕ ਮਿਲਣੀ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**-ਪੀ ਐੱਮ ਸ਼੍ਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਡੇਰਾ ਬਾਬਾ ਨਾਨਕ ਵਿਖੇ ਸਕੂਲ ਪ੍ਰਿੰ. ਮੈਡਮ ਰੁਪਿੰਦਰ ਜੀਤ ਧਾਲੀਵਾਲ ਦੀ ਯੋਗ ਅਗਵਾਈ ਹੇਠ ਮਾਪੇ ਅਧਿਆਪਕ ਮਿਲਣੀ ਕਰਵਾਈ ਗਈ।ਇਸ ਮੌਕੇ ਸਕੂਲ ਦੇ ਸਟਾਫ਼ ਵੱਲੋਂ ਟਰਮ-1 ਸਤੰਬਰ ਦੀਆਂ ਪ੍ਰੀਖਿਆਵਾਂ ਵਿੱਚ ਵਿਦਿਆਰਥੀਆਂ ਵੱਲੋਂ ਕੀਤੀ ਗਈ ਕਾਰਗੁਜ਼ਾਰੀ ਅਤੇ ਹੋਰ ਉਪਲੱਬਧੀਆਂ ਬਾਰੇ ਮਾਪਿਆਂ ਨੂੰ ਜਾਣਕਾਰੀ ਦਿੱਤੀ ਗਈ ਅਤੇ ਸਕੂਲ ਸਿੱਖਿਆ ਦੇ ਪ੍ਰਬੰਧਾਂ ਨੂੰ ਬਿਹਤਰ ਬਣਾਉਣ ਵਾਸਤੇ ਵਿਚਾਰ ਵਟਾਂਦਰਾ ਕੀਤਾ ਗਿਆ।ਪੀਟੀਐੱਮ ਵਿੱਚ ਅਧਿਆਪਕਾਂ ਵੱਲੋਂ ਵਿਦਿਆਰਥੀ ਦਾ ਪ੍ਰੋਗ੍ਰੈਸ ਕਾਰਡ ਮਾਪਿਆਂ ਨਾਲ ਸਾਂਝਾ ਕੀਤਾ ਗਿਆ ਅਤੇ ਸੁਝਾਅ ਬਕਸੇ ਰਾਹੀਂ ਫੀਡਬੈਕ ਲਈ ਕਿਹਾ ਗਿਆ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੈਕਚਰਾਰ ਦਵਿੰਦਰ ਕੌਰ ਨੇ ਕਿਹਾ ਕਿ ਪੀਟੀਐਮ ਵਿੱਚ ਵਿਦਿਆਰਥੀਆਂ ਦੇ ਮਾਪਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ ਹੈ ।ਉਨ੍ਹਾਂ ਕਿਹਾ ਕਿ ਸਾਡੇ ਸਕੂਲ ਦੇ ਅਧਿਆਪਕ ਬਹੁਤ ਮਿਹਨਤੀ ਅਤੇ ਆਪਣੇ ਵਿਦਿਆਰਥੀਆਂ ਨੂੰ ਉਚ ਦਰਜੇ ਦੀ ਸਿੱਖਿਆ ਦੇਣ ਲਈ ਵਚਨਬੱਧ ਹਨ।



ਇਸ ਮੌਕੇ ਮਾਸਟਰ ਪਲਵਿੰਦਰ ਸਿੰਘ ਰੰਧਾਵਾ, ਗੁਰਮੀਤ ਕੌਰ, ਸੁਖਜਿੰਦਰ ਕੌਰ, ਅਮਨਪ੍ਰੀਤ ਕੌਰ, ਰੁਪਿੰਦਰ ਕੌਰ, ਪਰਮਜੀਤ ਕੌਰ, ਪਲਵੀ ਮਹਾਜਨ, ਦੀਕਿਸ਼ਾ, ਅਜਮੇਰ ਸਿੰਘ, ਅਨਿਕਾ, ਸਰਬਜੀਤ ਕੌਰ, ਅਜਮੇਰ ਸਿੰਘ, ਲਵ ਕੁਮਾਰ, ਗੌਰਵ ਸ਼ਰਮਾ, ਗਗਨਦੀਪ, ਪੂਜਾ ਦੇਵੀ, ਜੋਗਿੰਦਰ ਪਾਲ ਆਦਿ ਅਧਿਆਪਕ ਹਾਜ਼ਰ ਸਨ ।

## ਵਿਸ਼ ਨੇ 'ਦੇਸੀ ਗਰਲ' ਨੂੰ ਇੱਕ ਨਵੇਂ ਸ਼ਕਤੀਸ਼ਾਲੀ ਅੰਦਾਜ਼ ਵਿੱਚ ਪੇਸ਼ ਕੀਤਾ

ਲੁਧਿਆਣਾ : ਆਪਣੇ ਵਾਇਰਲ ਹਿੱਟ 'ਬੋਲੋ ਬੋਲੋ' ਦੀ ਸਫਲਤਾ ਤੋਂ ਬਾਅਦ ਭਾਰਤ ਦੇ ਪਹਿਲੇ ਆਈ-ਪਾਪ ਗਰਲ ਗਰੁੱਪ ਵਿਸ਼ ਨੇ ਬਾਲੀਵੁੱਡ ਦੇ ਪਸੰਦੀਦਾ ਗੀਤ 'ਦੇਸੀ ਗਰਲ' ਨੂੰ ਇੱਕ ਨਵੇਂ ਸ਼ਕਤੀਸ਼ਾਲੀ ਅੰਦਾਜ਼ ਵਿੱਚ ਪੇਸ਼ ਕੀਤਾ ਹੈ। 'ਦੇਸੀ ਗਰਲ' ਵਿੱਚ ਪੁਰਾਣੀਆਂ ਯਾਦਾਂ ਨੂੰ ਭਵਿੱਖ ਦੇ ਆਈ-ਪਾਪ ਅੰਦਾਜ਼ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਦਾ ਨਿਰਮਾਣ ਮੇਂਟਰ ਅਤੇ ਪ੍ਰਤਿਸ਼ਠਿਤ ਕਮਪੋਜ਼ਰ ਮਿਕੀ ਮੈਕਕਲਿਯਰੀ ਨੇ ਉਭਰ ਰਹੀ ਪ੍ਰਤਿਭਾ, ਪਾਰਥ ਪਾਰੈਕ ਨਾਲ ਕੀਤਾ ਹੈ। ਇਹ ਟਰੈਕ ਟ੍ਰਿਨਿਡਾਡ ਅਤੇ ਟੋਬੈਗੋ ਦੇ ਚਟਨੀ ਮਿਊਜ਼ਿਕ ਅਤੇ ਬੈਲ ਫੰਕ ਤੋਂ ਪ੍ਰੇਰਿਤ ਹੈ । ਵਿਸ਼ ਨੇ 'ਦੇਸੀ ਗਰਲ' ਮਿਊਜ਼ਿਕ ਵੀਡੀਓ ਅੱਜ ਰੀਲੀਜ਼ ਕੀਤਾ ਹੈ। ਪ੍ਰਿਯੰਕਾ ਚੋਪੜਾ, ਅਭਿਨੇਕ ਬੱਚਨ ਅਤੇ ਜੌਨ ਅਬ੍ਰਾਹਮ ਦੀ ਰੋਮਾਂਟਿਕ ਕਾਮੇਡੀ 'ਦੋਸਤਾਨਾ' ਦੀ ਮੂਲ 'ਦੇਸੀ ਗਰਲ' ਦੇ ਲੇਖਕ ਕੁਮਾਰ ਹਨ।

## ਪੰਜਾਬੀ ਸਾਹਿਤ ਸਭਾ ਚੋਗਾਵਾਂ ਦਾ 36ਵਾਂ ਸਾਲਾਨਾ ਸਮਾਰੋਹ ਅੱਜ

ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਪੰਜਾਬੀ ਸਾਹਿਤ ਸਭਾ ਚੋਗਾਵਾਂ (ਰਜਿ.) ਅੰਮ੍ਰਿਤਸਰ ਵੱਲੋਂ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ, ਜ਼ਿਲ੍ਹਾ ਅੰਮ੍ਰਿਤਸਰ ਦੇ ਸਹਿਯੋਗ ਨਾਲ 36ਵਾਂ



ਸਾਲਾਨਾ ਸਨਮਾਨ ਸਮਾਰੋਹ 19 ਅਕਤੂਬਰ, ਦਿਨ ਐਤਵਾਰ ਨੂੰ ਸਵੇਰੇ 11 ਵਜੇ ਬਾਬਾ ਜਾਗੋ ਸ਼ਹੀਦ ਆਦਰਸ਼ ਸਕੂਲ ਕੋਹਾਲੀ, ਰਾਮ ਤੀਰਥ ਰੋਡ ਵਿਖੇ ਕਰਵਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ ਅਤੇ ਜਨਰਲ ਸਕੱਤਰ ਗੁਰਬਾਜ ਸਿੰਘ ਛੀਨਾ ਨੇ ਦੱਸਿਆ ਕਿ ਸਭਾ ਵੱਲੋਂ ਸਾਹਿਤ ਦੇ ਵੱਖ-ਵੱਖ ਖੇਤਰਾਂ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੀਆਂ ਪੰਜ ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਜਾਵੇਗਾ।

ਸਨਮਾਨਤ ਸ਼ਖਸੀਅਤਾਂ ਵਿੱਚ ਕਹਾਣੀਕਾਰ ਜਸਬੀਰ ਕਲਸੀ ਧਰਮਕੋਟ ਨੂੰ 'ਕਹਾਣੀਕਾਰ ਦਰਸ਼ਨ ਸਿੰਘ ਧੰਜਲ ਪੁਰਸਕਾਰ', ਡਾ. ਦਵਿੰਦਰ ਕੌਰ ਖੁਸ਼ ਧਾਲੀਵਾਲ ਨੂੰ 'ਕਾਮਰੇਡ ਸੋਹਨ ਸਿੰਘ ਜੋਸ਼ ਪੁਰਸਕਾਰ', ਗੀਤਕਾਰ ਮੱਖਣ ਭੈਣੀ ਵਾਲਾ ਨੂੰ 'ਸਤਨਾਮ ਸਿੱਧੂ ਫਰੀਦਕੋਟੀ ਪੁਰਸਕਾਰ', ਸ਼ਾਇਰ ਕੁਲਵੰਤ ਸਿੰਘ ਕੰਤ ਨੂੰ 'ਹਰੀ ਸਿੰਘ ਗਰੀਬ ਪੁਰਸਕਾਰ' ਅਤੇ ਅਦਾਕਾਰਾ ਤੇਜਿੰਦਰ ਕੌਰ ਹੀਰ ਨੂੰ 'ਹਰਭਜਨ ਸਿੰਘ ਜੱਬਲ ਪੁਰਸਕਾਰ' ਪ੍ਰਦਾਨ ਕੀਤੇ ਜਾਣਗੇ।ਕਵੀ ਦਰਬਾਰ ਦੇ ਨਾਲ ਨਾਲ ਮੈਗਜ਼ੀਨ 'ਅੱਖਰ' ਦਾ ਨਵਾਂ ਅੰਕ ਅਤੇ 'ਪੰਜਾਬੀ ਹੈਰੀਟੇਜ ਸੱਥ' ਦਾ ਪਲੇਠਾ ਅੰਕ ਲੋਕ ਅਰਪਣ ਕੀਤੇ ਜਾਣਗੇ।

ਇਸ ਸਮਾਰੋਹ ਦੇ ਮੁੱਖ ਮਹਿਮਾਨ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ ਹੋਣਗੇ, ਜਦੋਂ ਕਿ ਸਮਰੋਹ ਦੀ ਪ੍ਰਧਾਨਗੀ ਕਹਾਣੀਕਾਰ ਮੁਖਤਾਰ ਗਿੱਲ, ਨਿਰਮਲ ਅਰਪਨ, ਭੁਪਿੰਦਰ ਸਿੰਘ ਸੰਧੂ, ਢਾਡੀ ਗੁਲਜ਼ਾਰ ਸਿੰਘ ਖੇੜਾ, ਹਰਭਜਨ ਸਿੰਘ ਭਗਰੱਥ, ਜਸਵਿੰਦਰ ਸਿੰਘ ਢਿੱਲੋਂ, ਗਾਇਕ ਦਵਿੰਦਰ ਸਿੰਘ ਧਾਰੀਆ (ਸਿਡਨੀ) ਹਰਦਰਸ਼ਨ ਸਿੰਘ ਕਮਲ ਅਤੇ ਸੁਖਬੀਰ ਸਿੰਘ ਭੁੱਲਰ ਕਰਨਗੇ।

# ਪ੍ਰਭਾਤ ਫੇਰੀਆਂ ਨਾਲ ਸੰਗਤਾਂ 'ਚ ਸ਼ਰਧਾ ਤੇ ਉਤਸ਼ਾਹ ਪੈਦਾ ਹੋਇਆ : ਚਾਵਲਾ



**ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਤੋਂ ਕੱਢੀਆਂ ਜਾ ਰਹੀਆਂ ਪ੍ਰਭਾਤ ਫੇਰੀਆਂ ਨਾਲ ਇਲਾਕੇ ਦੀਆਂ ਸੰਗਤਾਂ ਅੰਦਰ ਭਾਰੀ ਉਤਸ਼ਾਹ ਪੈਦਾ ਹੋਇਆ ਹੈ। ਹਰ ਪਿੰਡ ਵਿੱਚ ਸੰਗਤਾਂ ਵੱਡੀ ਗਿਣਤੀ ਵਿੱਚ ਇਕੱਠ ਹੁੰਦੀਆਂ ਹਨ ਅਤੇ ਪ੍ਰਭਾਤ ਫੇਰੀ ਦਾ ਬੜੀ ਸ਼ਰਧਾ ਤੇ ਸਤਿਕਾਰ ਨਾਲ ਸਵਾਗਤ ਕਰਦੀਆਂ ਹਨ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਨਾਲ ਹੋਈ ਗੱਲਬਾਤ ਦੌਰਾਨ ਉਹਨਾਂ ਦੱਸਿਆ ਕਿ ਉਹ ਸੰਗਤਾਂ ਦਾ ਆਪਣੇ ਗੁਰੂ ਨਾਲ ਪਿਆਰ ਅਤੇ ਸ਼ਰਧਾ ਵੇਖ ਕੇ ਬਹੁਤ ਅਨੰਦ ਮਹਿਸੂਸ ਕਰਦੇ ਹਨ ਅਤੇ ਪ੍ਰਭਾਤ ਫੇਰੀ ਵਿੱਚ ਜਾਣ ਵਾਲੇ ਵੀਰ ਅਤੇ ਭੈਣਾਂ ਵੀ ਸੰਗਤਾਂ ਵੱਲੋਂ ਕੀਤੀ ਸੇਵਾ ਤੋਂ ਬੜੇ ਪ੍ਰਭਾਵਿਤ ਹੁੰਦੀਆਂ ਹਨ। ਭਾਈ ਚਾਵਲਾ ਨੇ ਕਿਹਾ ਕਿ ਕਈ ਪਿੰਡਾਂ ਦੇ ਗੁਰਦੁਆਰਿਆਂ ਦੇ ਪ੍ਰਬੰਧਕ ਅਤੇ ਸੰਗਤਾਂ ਦੇ ਮਨ ਵਿੱਚ ਸਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੇ ਪ੍ਰਤੀ ਬਹੁਤ ਭਾਰੀ ਵੈਰਾਗ ਅਤੇ ਪਿਆਰ ਵੇਖਣ ਨੂੰ ਮਿਲਦਾ ਹੈ ਅਤੇ ਵੱਡੀ ਗਿਣਤੀ ਵਿੱਚ ਇਲਾਕੇ ਭਰ ਤੋਂ ਸੰਗਤ ਸ਼ਹੀਦੀ ਸਮਾਗਮਾਂ ਵਿੱਚ ਹਿੱਸਾ ਲਵੇਗੀ। ਪ੍ਰਭਾਤ ਫੇਰੀ ਮੰਗੇਵਾਲ, ਜਸਮੌਰ, ਬੀਕਾਪੁਰ, ਸੁਰੇਵਾਲ, ਢੇਰ, ਗੰਭੀਰਪੁਰ ਤੇ ਡੱਬਰੀ ਆਦਿ ਪਿੰਡਾਂ ਵਿੱਚ ਪਹੁੰਚੀ ਜਿੱਥੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਪ੍ਰਭਾਤ ਫੇਰੀ ਦਾ ਸੁਆਗਤ ਕੀਤਾ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ,ਬਾਬਾ ਮਲਕੀਤ ਸਿੰਘ,ਸਰਦਾਰ ਸੁਰਿੰਦਰ ਸਿੰਘ ਮਟੌਰ,ਜਸਵੀਰ ਸਿੰਘ ਢੇਰ,ਹਰਦੇਵ ਸਿੰਘ ਦੇਵੀ,ਸਰਪੰਚ ਜਰਨੈਲ ਸਿੰਘ ਸੁਰੇਵਾਲ,ਦਵਿੰਦਰ ਸਿੰਘ ਢਿੱਲੋਂ,ਸਰਪੰਚ ਬੀਬੀ ਮਧੂਬਾਲਾ ਬਾਲਾ ਗੰਭੀਰਪੁਰ,ਐਡਵੋਕੇਟ ਨੀਰਜ ਸ਼ਰਮਾ,ਹਰਜਗਨ ਸਿੰਘ ਧਰਮੀ ਫੌਜੀ,ਕਰਮ ਸਿੰਘ ਡੱਬਰੀ,ਮਾਸਟਰ ਗੁਰਦੇਵ ਸਿੰਘ, ਕੁਲਵੰਤ ਸਿੰਘ,ਰਾਮ ਦਿਆਲ ਸਿੰਘ,ਹਕੀਮ ਹਰਮਿੰਦਰ ਸਿੰਘ,ਪ੍ਰਧਾਨ ਸ਼ਾਮ ਸਿੰਘ,ਰਾਮਪਾਲ ਸਿੰਘ ਸਜਮੌਰ ,ਪ੍ਰਧਾਨ ਦਲੇਰ ਸਿੰਘ ਪ੍ਰਿੰਸੀਪਲ ਸੁੱਖਦੇਵ ਸਿੰਘ,ਨੰਬਰਦਾਰ ਗੁਰਮੁੱਖ ਸਿੰਘ ਆਦਿ ਹਾਜ਼ਰ ਸਨ।

# ਹਿੰਦੂ ਤੇ ਸਿੱਖ ਭਾਈਚਾਰੇ ਦਾ ਸਾਂਝਾ ਤਿਓਹਾਰ ਹੈ ਦੀਵਾਲੀ : ਚੋਪੜਾ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪਿਛਲੇ 22 ਸਾਲਾਂ ਤੋਂ ਵਾਤਾਵਰਣ ਦੀ ਸਾਂਭ-ਸੰਭਾਲ ਲਈ ਜਾਗਰੂਕ ਕਰ ਰਹੀ ਵਾਤਾਵਰਣ ਸੰਭਾਲ ਸੁਸਾਇਟੀ ਵਲੋਂ ਚੂਹੜਪੁਰ ਦੇ ਸਰਕਾਰੀ ਮਿਡਲ ਸਮਾਰਟ ਸਕੂਲ ਵਿੱਚ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਇਸ ਮੌਕੇ ਤੇ ਸੁਸਾਇਟੀ ਮੈਂਬਰ ਬਲਜੀਤ ਚੋਪੜਾ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਭਾਈਚਾਰਕ ਸਾਂਝ ਦਾ ਪ੍ਰਤੀਕ ਹੈ। ਸਮੇਂ ਦੇ ਨਾਲ ਇਸ ਨੂੰ ਮਨਾਉਣ ਦੇ ਤੌਰ- ਤਰੀਕੇ ਤੇਜ਼ੀ ਨਾਲ ਬਦਲ ਰਹੇ ਹਨ। ਸੁਸਾਇਟੀ ਮੈਂਬਰ ਧਰਮਪਾਲ ਬਾਲੀ ਨੇ ਕਿਹਾ ਕਿ ਦੀਵਾਲੀ ਦਾ ਤਿਉਹਾਰ ਰਵਾਇਤੀ ਤਰੀਕੇ ਨਾਲ ਮਨਾਇਆ ਜਾਣਾ ਚਾਹੀਦਾ ਹੈ। ਕਲੀਨ ਅਤੇ ਗ੍ਰੀਨ ਦੀਵਾਲੀ ਮਨਾਉਣ ਦੇ ਉਦੇਸ਼ ਨਾਲ ਸਕੂਲ ਵਿੱਚ ਬੂਟੇ ਵੀ ਲਗਾਏ ਗਏ। ਪੇਂਡੂ ਇਲਾਕਿਆਂ ਵਿੱਚ ਝੋਨੇ ਦੀ ਫ਼ਸਲ ਕਟਾਈ ਲਈ ਤਿਆਰ ਹੈ। ਆਤਿਸ਼ਬਾਜ਼ੀ ਨਾਲ ਭਾਰੀ ਮਾਤਰਾ ਵਿੱਚ ਜਾਨੀ ਅਤੇ ਮਾਲੀ ਨੁਕਸਾਨ ਹੋ ਸਕਦਾ ਹੈ। ਇਸ ਲਈ ਲੋੜ ਪੈਣ ਤੇ ਫਾਇਰ ਬ੍ਰਿਗੇਡ ਦਾ ਫੋਨ ਨੰਬਰ 101, ਐਂਬੂਲੈਂਸ ਨੰਬਰ 108 ਅਤੇ ਪੁਲਸ ਦਾ 112 ਨੰਬਰ ਤੇ ਸਹਾਇਤਾ ਲੈਣੀ ਚਾਹੀਦੀ ਹੈ। ਇਸ ਮੌਕੇ ਤੇ ਸੁਸਾਇਟੀ ਦੇ ਪ੍ਰਧਾਨ ਜਸਵੰਤ ਸਿੰਘ ਭੱਟੀ, ਵਾਈਸ ਪ੍ਰਧਾਨ ਤਰਸੇਮ ਲਾਲ, ਅਰੁਣ ਕੁਮਾਰ ਬਾਲੀ, ਧਰਮ ਪਾਲ ਬਾਲੀ, ਕੁਲਦੀਪ ਕੁਮਾਰ, ਬਲਜੀਤ ਚੋਪੜਾ ਅਤੇ ਸਕੂਲ ਮੁੱਖੀ ਸਟੇਟ ਐਵਾਰਡੀ ਰਾਮ ਲਾਲ, ਪਰਮਿੰਦਰ ਕੌਰ,ਰਵਨੀਤ ਕੌਰ, ਕਮਲਜੀਤ ਕੌਰ ਅਤੇ ਸਮੂਹ ਵਿਦਿਆਰਥੀ ਹਾਜ਼ਰ ਸਨ।

# ਡਾ. ਕਲਾਮ ਦੇ ਜਨਮ ਦਿਨ 'ਤੇ 24 ਹੋਣਹਾਰ ਵਿਦਿਆਰਥੀ ਸਨਮਾਨਤ

**ਡੇਰਾ ਬੱਸੀ (ਵਿਨੈ ਕੁਮਾਰ ਜੈਨ)**- ਡਾ.ਬੀ.ਆਰ. ਅੰਬੇਡਕਰ ਐਜੂਕੇਸ਼ਨਲ ਸੁਸਾਇਟੀ , ਡੇਰਾਬੱਸੀ ਵੱਲੋਂ ਸਥਾਨਕ ਸਰਕਾਰੀ ਕਾਲਜ ਦੇ ਵਿਦਿਆਰਥੀ ਭਵਨ ਵਿਖੇ ਸੁਸਾਇਟੀ ਦੇ ਪ੍ਰਧਾਨ ਭਾਗ ਸਿੰਘ ਘੋੜੇਵਾਲ ਦੀ ਅਗਵਾਈ ਹੇਠ ਭਾਰਤ ਦੇ 11ਵੇਂ ਰਾਸ਼ਟਰਪਤੀ ਭਾਰਤ ਰਤਨ ਡਾ. ਏ.ਪੀ.ਜੇ. ਅਬਦੁਲ ਕਲਾਮ ਦੇ ਜਨਮ ਦਿਨ ਮੌਕੇ '7ਵਾਂ ਵਿਦਿਆਰਥੀ ਸਨਮਾਨ ਸਮਾਰੋਹ ' ਆਯੋਜਿਤ ਕੀਤਾ ਗਿਆ ਪਰਮਜੀਤ ਕੌਰ ਪਸਰੀਚਾ ਵਾਇਸ ਪ੍ਰੈਜ਼ੀਡੈਂਟ ਭਾਈ ਜੈਤਾ ਜੀ ਫਾਊਂਡੇਸ਼ਨ ਚੰਡੀਗੜ੍ਹ ਦੀ ਪ੍ਰਧਾਨਗੀ ਹੇਠ ਹੋਏ ਇਸ ਸਮਾਰੋਹ 'ਚ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਬਤੌਰ ਮੁੱਖ ਮਹਿਮਾਨ ਅਤੇ ਕਰਨਲ ਅਰਵਿੰਦਰਪਾਲ ਸਿੰਘ ਸੋਮਲ (ਰਿਟਾ.) ਪੀ.ਸੀ.ਐਸ, ਸਹਾਇਕ ਕਮਿਸ਼ਨਰ (ਜਨਰਲ) ਰੂਪਨਗਰ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਮੰਡਲ 'ਚ ਗੁਰਪ੍ਰੀਤ ਸਿੰਘ ਪ੍ਰਧਾਨ ਨਿਸ਼ਾਵੇ ਚੈਰੀਟੇਬਲ ਸੁਸਾਇਟੀ ਜ਼ੀਰਕਪੁਰ ਅਤੇ ਮੁਸਲਿਮ ਵੈਲਫੇਅਰ ਡਿਵੈਲਪਮੈਂਟ ਸੁਸਾਇਟੀ, ਹਲਕਾ ਡੇਰਾਬੱਸੀ ਦੇ ਚੇਅਰਮੈਨ ਸ਼ਹਾਬੂਦੀਨ ਸ਼ਾਮਲ ਸਨ।

ਡਾ.ਬੀ.ਆਰ. ਅੰਬੇਡਕਰ ਐਜੂਕੇਸ਼ਨਲ ਸੁਸਾਇਟੀ ਵੱਲੋਂ ਸੈਸ਼ਨ 2024-25 ਦੌਰਾਨ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਰਕਾਰੀ ਸਕੂਲਾਂ ਦੇ ਅੱਠਵੀਂ, ਮੈਟ੍ਰਿਕ ਅਤੇ ਬਾਰਵੀਂ 'ਚ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ 24 ਵਿਦਿਆਰਥੀਆਂ ਨੂੰ ਸਨਮਾਨ ਚਿੰਨ, ਕਿਤਾਬਾਂ ਦੇ ਸੈੱਟ ਤੇ 1100 ਰੁਪਏ ਨਗਦ ਰਾਸ਼ੀ ਭੇਟ ਕਰਕੇ ਉਚੇਚੇ ਤੌਰ 'ਤੇ ਸਨਮਾਨਤ ਕੀਤਾ ਗਿਆ। ਪੁਸਤਕਾਂ ਦੀ ਸੇਵਾ ਡਾ. ਜਸਵਿੰਦਰ ਕੌਰ ਦੇ ਪ੍ਰੀਵਾਰ ਵੱਲੋਂ ਅਤੇ ਸਨਮਾਨ ਚਿੰਨ ਦੀ ਸੇਵਾ ਸੋਸ਼ਲ ਵੈੱਲਫੇਅਰ ਸੁਸਾਇਟੀ ਡੇਰਾਬੱਸੀ ਵੱਲੋਂ ਨਿਭਾਈ ਗਈ। ਪ੍ਰਿੰ: ਪ੍ਰੀਤਮ ਦਾਸ ਨੇ ਡਾ. ਅਬਦੁਲ ਕਲਾਮ ਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਸਟੇਜ ਦੀ ਕਾਰਵਾਈ ਲੈਕਚਰਾਰ ਜੈ ਪਾਲ ਨੇ ਬਾਖੂਬੀ ਨਿਭਾਈ।ਇਸ ਦੌਰਾਨ ਜ਼ਿਲ੍ਹੇ 'ਚੋਂ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਸਨਮਾਨਿਤ ਕੀਤੇ ਗਏ ਵਿਦਿਆਰਥੀਆਂ 'ਚ 8ਵੀਂ ਕਲਾਸ ਦੇ ਵਿਦਿਆਰਥੀ ਸਮਰਿਤੀ ਵਰਮਾ, ਮਿੰਨੂ ਅਤੇ ਅਮਨਪ੍ਰੀਤ ਕੌਰ, 10ਵੀਂ ਦੀ ਵਿਦਿਆਰਥਣ ਜਸ਼ਨਦੀਪ ਕੌਰ, ਜ਼ਸਨਪ੍ਰੀਤ ਕੌਰ ਅਤੇ ਕੋਮਲ, 12ਵੀਂ ਮੈਡੀਕਲ ਸਟਰੀਮ 'ਚੋਂ ਮਹਿਕ, ਹਰਜੋਤ ਕੌਰ ਅਤੇ ਸਲੌਨੀ, ਨਾਨ ਮੈਡੀਕਲ ਸਟਰੀਮ 'ਚੋਂ ਮਹਿਕ ਸ਼ਰਮਾ, ਮਹਿਕਪ੍ਰੀਤ, ਭਾਵਨਾ, ਕਾਮਰਸ ਸਟਰੀਮ 'ਚੋਂ ਮਾਨਸੀ ਜੋਸ਼ੀ, ਸਾਰੀਕਾ ਗੁਪਤਾ, ਰਜਨਦੀਪ ਕੌਰ, ਆਰਟਸ ਸਟਰੀਮ ਦੀ ਮਨਪ੍ਰੀਤ ਕੌਰ, ਮਾਨਸੀ (ਲਾਲੜੂ), ਮਾਨਸੀ (ਖਿਜ਼ਰਾਬਾਦ), ਰਾਜਵਿੰਦਰ ਕੌਰ, ਨੰਦਨੀ, ਸਿਮਰਨ ਅਤੇ ਵੋਕੇਸ਼ਨਲ ਸਟਰੀਮ ਦੀ ਰੋਸ਼ਨੀ ਕੁਮਾਰੀ , ਸਿਮਰਨਜੀਤ ਕੌਰ ਅਤੇ ਅਨਮੋਲ ਸ਼ਾਮਲ ਸਨ ।

ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਨੇ ਸੁਸਾਇਟੀ ਦੇ ਕਾਰਜਾਂ ਨੂੰ ਮੁੱਖ ਰਖਦਿਆਂ 11 ਹਜ਼ਾਰ ਰੁਪਏ ਭੇਟ ਕੀਤੇ।ਪਰਮਜੀਤ ਕੌਰ ਪਸਰੀਚਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਭਾਈ ਜੈਤਾ ਜੀ ਫਾਊਂਡੇਸ਼ਨ ਸੰਬੰਧੀ ਵਿਸਥਾਰ ਨਾਲ ਜਾਣਕਾਰੀ ਦਿੱਤੀ।ਕਰਨਲ ਅਰਵਿੰਦਰਪਾਲ ਸਿੰਘ ਸੋਮਲ ਨੇ ਇਸ ਮੌਕੇ ਸੰਬੋਧਨ ਕਰਦਿਆਂ ਕਿਹਾ ਕਿ, ਸਨਮਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਭਵਿੱਖ ਵਿਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਦੀ ਪ੍ਰੇਰਨਾ ਦਿੰਦਿਆਂ ਸੁਸਾਇਟੀ ਨੂੰ 11 ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ। ਇਸ ਮੌਕੇ ਗੁਰਪ੍ਰੀਤ ਸਿੰਘ ਅਤੇ ਸ਼ਹਾਬੂਦੀਨ ਨੇ ਵੀ ਸੰਬੋਧਨ ਕੀਤਾ।

# ਸੰਤ ਬਾਬਾ ਸਤਨਾਮ ਸਿੰਘ ਨਰੂੜ ਨੂੰ ਨਮ ਅੱਖਾਂ ਨਾਲ ਦਿੱਤੀ ਅੰਤਮ ਵਿਦਾਇਗੀ, ਇਲਾਕੇ 'ਚ ਸੋਗ ਦੀ ਲਹਿਰ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਪਿੰਡ ਨਰੂੜ ਵਿਖੇ ਡੇਰਾ ਸੰਤ ਬਾਬਾ ਘਾਹ ਸਿੰਘ ਜੀ ਦੇ ਮੁੱਖ ਸੇਵਾਦਾਰ ਸੰਤ ਬਾਬਾ ਸਤਨਾਮ ਸਿੰਘ ਨਰੂੜ ਬੀਤੀ ਦਿਨੀਂ ਪੰਜ ਤੱਤਾਂ ਵਿੱਚ ਵਲੀਨ ਹੋਏ ਸਨ। ਸੰਤ ਬਾਬਾ ਸਤਨਾਮ ਸਿੰਘ ਨਰੂੜ ਵਾਲਿਆਂ ਦੀ ਅਕਾਲ ਚਲਾਣੇ ਦੀ ਖ਼ਬਰ ਸੁਣ ਕੇ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ। ਸ੍ਰੀਮਾਨ ਸੰਤ ਬਾਬਾ ਸਤਨਾਮ ਸਿੰਘ ਨਰੂੜ ਦਾ ਅੰਤਿਮ ਸੰਸਕਾਰ ਪੂਰੇ ਧਾਰਮਿਕ ਰੀਤੀ ਰਿਵਾਜਾਂ ਨਾਲ ਸ੍ਰੀ ਗੁਰੂ ਰਵਿਦਾਸ ਜੀ ਸਾਧੂ ਸੰਪ੍ਰਦਾਇ ਵੱਲੋ ਪਿੰਡ ਨਰੂੜ ਵਿਖੇ ਡੇਰਾ ਸੰਤ ਬਾਬਾ ਘਾਹ ਸਿੰਘ ਜੀ ਦੇ ਅਸਥਾਨ ਤੇ ਕੀਤਾ ਗਿਆ। ਸੰਤ ਬਾਬਾ ਸਤਨਾਮ ਸਿੰਘ ਨਰੂੜ ਦੇ ਅਕਾਲ ਚਲਾਣਾ ਦੀ ਖ਼ਬਰ ਸੁਣ ਕੇ ਇਲਾਕੇ ਭਰ ਤੋਂ ਸਾਧੂ, ਸੰਤ, ਮਹਾਂਪੁਰਸ਼ਾਂ, ਪ੍ਰਮੁੱਖ ਸਖਸ਼ੀਅਤਾਂ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ, ਪੱਤਰਕਾਰ ਭਾਈਚਾਰਾ, ਸੰਤ ਸਮਾਜ, ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਮੰਡਲ, ਰਾਜਨੀਤਿਕ ਆਗੂ ਅਤੇ ਪਿੰਡ ਵਾਸੀਆਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਇਸ ਮੌਕੇ ਸੰਤ ਬਾਬਾ ਨਿਰਮਲ ਸਿੰਘ ਅਵਾਦਾਨ ਵਾਲਿਆਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਦੱਸਿਆ ਕਿ ਸੰਤ ਬਾਬਾ ਸਤਨਾਮ ਸਿੰਘ ਨਰੂੜ ਦੇ ਅਕਾਲ ਚਲਾਣਾ ਕਰਕੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸ ਮੌਕੇ ਸੰਤ ਬਾਬਾ ਸਤਨਾਮ ਸਿੰਘ ਨਰੂੜ ਵਾਲਿਆਂ ਦੀ ਅੰਤਿਮ ਯਾਤਰਾ ਮੌਕੇ ਪੂਰੇ ਪਿੰਡ ਦੀ ਪਰਕਰਮਾ ਕੀਤੀ ਗਈ। ਇਸ ਮੌਕੇ ਸੰਤ ਬਾਬਾ ਨਿਰਮਲ ਸਿੰਘ ਅਵਾਦਾਨ ਵਾਲਿਆਂ ਨੇ ਸੰਤ ਬਾਬਾ ਸਤਨਾਮ ਸਿੰਘ ਜੀ ਨਰੂੜ ਦੇ ਅੰਤਿਮ ਸੰਸਕਾਰ ਮੌਕੇ ਅਰਦਾਸ ਬੇਨਤੀ ਕੀਤੀ

।ਸਮੂਹ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਵਲੋਂ ਸੰਤ ਬਾਬਾ ਸਤਨਾਮ ਸਿੰਘ ਜੀ ਨਰੂੜ ਦੀ ਚਿਖਾ ਨੂੰ ਅਗਨੀ ਦਿਖਾਈ। ਇਸ ਮੌਕੇ ਸੰਤ ਬਾਬਾ ਸਤਨਾਮ ਸਿੰਘ ਨਰੂੜ ਜੀ ਦੇ ਅੰਤਿਮ ਸੰਸਕਾਰ ਮੌਕੇ ਪ੍ਰਮੁੱਖ ਸ਼ਖਸੀਅਤਾਂ, ਰਾਜਨੀਤਿਕ ਆਗੂ, ਧਾਰਮਿਕ ਸੰਸਥਾਵਾਂ, ਰਾਜਨੀਤਿਕ ਆਗੂ, ਪੱਤਰਕਾਰ ਭਾਈਚਾਰਾ, ਸਾਧੂ ਸੰਤ ਮਹਾਂਪੁਰਸ਼ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੰਜਾਬ ਦੀਆਂ ਰੁਕੀਆਂ 64 ਸੜਕਾਂ ਬਾਰੇ 28 ਤੱਕ ਰਿਪੋਰਟ ਪੇਸ਼ ਕਰਨ ਦੀ ਹਦਾਇਤ

**ਕਪੂਰਥਲਾ/ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)**- ਪ੍ਰਧਾਨ ਮੰਤਰੀ ਗ੍ਰਾਮੀਣ ਸੜਕ ਯੋਜਨਾ ਤਹਿਤ ਪੰਜਾਬ ਦੀਆਂ 64 ਸੜਕਾਂ ਤੇ 38 ਪੁਲਾਂ ਨੂੰ ਰੋਕੇ ਜਾਣ ਦਾ ਮਾਮਲਾ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਵੱਲੋਂ ਪੇਂਡੂ ਵਿਕਾਸ ਤੇ ਪੰਚਾਇਤ ਸੰਸਦੀ ਕਮੇਟੀ ਕੋਲ ਉਠਾਏ ਜਾਣ ਦਾ ਕਮੇਟੀ ਨੇ ਸਖ਼ਤ ਨੋਟਿਸ ਲਿਆ ਹੈ। ਸੰਸਦੀ ਕਮੇਟੀ ਦੇ ਚੇਅਰਮੈਨ ਦੀਆਂ ਹਦਾਇਤਾਂ 'ਤੇ ਕੇਂਦਰੀ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਦੇ ਮੰਤਰਾਲੇ ਨੂੰ ਪੱਤਰ ਲਿਖਕੇ ਸਖਤ ਹਦਾਇਤਾਂ ਕੀਤੀਆਂ ਹਨ। ਇਸ ਮਾਮਲੇ 'ਤੇ ਕਾਰਵਾਈ ਰਿਪੋਰਟ 28 ਅਕਤੂਬਰ ਤੱਕ ਦੇਣ ਦੀ ਹਦਾਇਤ ਕੀਤੀ ਗਈ ਹੈ। ਡਾਇਰੈਕਟਰ ਵੀ.ਕੇ ਸਿਲੋਨ ਦੇ ਦਸਤਖਤਾਂ ਹੇਠਾਂ ਜਾਰੀ ਕੀਤਾ ਗਿਆ ਪੱਤਰ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰਾਲੇ ਨੂੰ ਭੇਜਿਆ ਗਿਆ ਹੈ।



ਜ਼ਿਕਰਯੋਗ ਹੈ ਕਿ ਬੀਤੇ ਦਿਨੀ ਦਿੱਲੀ ਦੇ ਪਾਰਲੀਮੈਂਟ ਕੰਪਲੈਕਸ ਵਿੱਚ ਕਮੇਟੀ ਦੀ ਹੋਈ ਮੀਟਿੰਗ ਦੌਰਾਨ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਇਹ ਮੁੱਦਾ ਚੁੱਕਿਆ ਸੀ। ਇਸ ਬਾਬਤ ਉਹਨਾਂ ਵੱਲੋਂ ਕਮੇਟੀ ਦੇ ਚੇਅਰਮੈਨ ਨੂੰ ਲਿਖਤੀ ਪੱਤਰ ਵੀ ਦਿੱਤਾ ਗਿਆ ਸੀ।

ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਪਹਿਲਾਂ ਹੀ ਪੇਂਡੂ ਵਿਕਾਸ ਦਾ ਫੰਡ ਰੋਕਿਆ ਹੋਇਆ, ਜਿਸ ਨਾਲ ਸੰਪਰਕ ਸੜਕਾਂ ਦੀ ਪਿਛਲੇ ਚਾਰ ਸਾਲਾਂ ਤੋਂ ਮੁਰੰਮਤ ਨਹੀਂ ਹੋ ਰਹੀ। ਜਦ ਕਿ ਪੇਂਡੂ ਸੜਕਾਂ ਕਿਸੇ ਵੀ ਸੂਬੇ ਦੇ ਵਿਕਾਸ ਦੀ ਕਿਸਮਤ ਦੀਆਂ ਰੇਖਾਵਾਂ ਵਾਂਗ ਹੁੰਦੀਆਂ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਸੜਕਾਂ ਹੀ ਸੂਬੇ ਨੂੰ ਵਿਕਾਸ ਦੀ ਲੀਹ 'ਤੇ ਲਿਆਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੀਆਂ ਹਨ।

# ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਾਲਾ ਸਿਵਲ ਹਸਪਤਾਲ ਖੁਦ ਬਿਮਾਰ

**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**- ਸਿਵਲ ਹਸਪਤਾਲ ਦੇ ਅੰਦਰ ਸਿਵਲ ਸਰਜਨ ਦੇ ਦਫਤਰ ਤੋਂ 100 ਗੱਜ ਦੀ ਦੂਰੀ ਤੇ ਪੁਰਾਣੀਆਂ ਗੱਡੀਆਂ ਦੇ ਡੰਪ ਸਥਾਨ ਅਤੇ ਨੈਸ਼ਨਲ ਰੂਰਲ ਹੈਲਥ ਮਿਸ਼ਨ ਦੇ ਨਜਦੀਕ ਮੱਛਰ ਅਤੇ ਝਾੜ ਝੀਂਡੇ ਫੈਲਣ ਕਾਰਨ ਮਛੱਰਾਂ ਦੀ ਭਾਰੀ ਭਰਮਾਰ ਵੱਲ ਸਿਹਤ ਵਿਭਾਗ ਅਤੇ ਪੰਜਾਬ ਸਰਕਾਰ ਵਲੋਂ ਧਿਆਨ ਨਾ ਦੇਣ ਤੇ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ,ਸੋਨੂ ਮਹਿਤਪੁਰ ਅਤੇ ਅਸ਼ੋਕ ਕੁਮਾਰ ਨੇ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਲੋਕਾਂ ਨੂੰ ਸਹੂਲਤਾਂ ਪ੍ਰਦਾਨ ਕਰਨ ਵਾਲਾ ਹਸਪਤਾਲ ਸਰਕਾਰ ਦੀਆਂ ਅਣਗਹਿਲੀਆਂ ਕਾਰਨ ਖੁਦ ਇਲਾਜ ਲਈ ਤਰਸ ਰਿਹਾ ਹੈ ।ਧੀਮਾਨ ਨੇ ਕਿਹਾ ਕਿ ਹਸਪਤਾਲ ਦਾ ਮਲੇਰੀਆਂ ਵਿਭਾਗ ਲੋਕਾਂ ਦੇ ਘਰਾਂ ਅਤੇ ਕੁਝ ਦਫਤਰਾਂ ਵਿਚ ਹਰ ਸ਼ੁਕਰਵਾਰ ਨੂੰ ਮਛੱਰ ਦਾ ਲਾਰਵਾ ਲੱਭਣ ਲਈ ਜਾਂਦਾ ਹੈ ਪਰ ਉਨਾਂ ਨੂੰ ਅਪਣੇ ਹਸਪਤਾਲ ਦੇ ਅੰਦਰ ਉਡਾਰੀਆਂ ਮਾਰ ਰਿਹਾ ਜ਼ਹਿਰੀਲਾ ਮਛੱਰ ਨਜ਼ਰ ਤੱਕ ਨਹੀਂ ਆ ਰਿਹਾ। ਧੀਮਾਨ ਨੇ ਇਹ ਸਾਰਾ ਮਾਮਲਾ ਸਿਵਲ ਸਰਜਨ ਦੇ ਧਿਆਨ ਹੇਠ ਲਿਆਉਣਾ ਚਾਹਿਆ ਤਾਂ ਉਹ ਦਫਤਰ ਵਿਚ ਦੁਪਹਿਰ ਬਾਅਦ ਮੌਜੂਦ ਨਹੀਂ ਸਨ। ਧੀਮਾਨ ਨੇ ਕਿਹਾ ਕਿ ਹਸਪਤਾਲ ਦੇ ਅੰਦਰ ਸਟਾਫ ਦੀ ਘਾਟ ਅਤੇ ਰਾਤ ਦੇ ਸਮੇਂ ਸਕਿਊਰਟੀ ਗਾਰਡਾਂ ਦੀ ਘਾਟ ਕਾਰਨ ਪਿਛਲੇ ਦਿਨੀ ਚੋਰੀਆਂ ਹੋ ਚੁੱਕੀਆਂ ਹਨ,ਜਿਥੇ ਕਿ ਏਅਰ ਕੰਡੀਸ਼ਨ, ਕੰਪਿਊਟਰ ਅਤੇ ਕੀਮਤੀ ਰਿਕਾਰਡ ਚੋਰੀ ਹੋ ਚੁੱਕਾ ਹੈ ਤੇ ਸਿਵਲ ਸਰਜਨ ਵਲੋਂ ਇਹ ਸਾਰਾ ਕੁਝ ਹੋਣ ਦੇ ਬਾਵਜੂਦ ਸਕਿਊਰਟੀ ਗਾਰਡਾਂ ਦਾ ਢੁਕਵਾ ਪ੍ਰਬੰਧ ਤੱਕ ਨਹੀਂ ਕੀਤਾ ਗਿਆ।ਧੀਮਾਨ ਨੇ ਇਸ ਸਬੰਧੀ ਹੈਲਥ ਸਕੱਤਰ, ਡਾਇਰੈਕਟਰ ਸਿਹਤ ਵਿਭਾਗ ਤੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੂੰ ਵੀ ਸ਼ਿਕਾਇਤ ਦਰਜ ਕਰਵਾਈ ਤੇ ਮੰਗ ਕੀਤੀ ਕਿ ਲੋਕਾਂ ਦੇ ਮੂਲ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ ਤੁਰੰਤ ਨਿਰਦੇਸ਼ ਜਾਰੀ ਕੀਤੇ ਜਾਣ।



# ਬਾਹਤੀ ਮਹਾਂ ਸਭਾ ਦੀ ਮੀਟਿੰਗ



**ਭਲਾਣ (ਹਰਭਜਨ ਢਿੱਲੋਂ)**-ਪਿਛਲੇ ਦਿਨੀ ਬਾਹਤੀ ਮਹਾਂ ਸਭਾ ਦੀ ਇੱਕ ਬਹੁਤ ਜਰੂਰੀ ਮੀਟਿੰਗ ਪ੍ਰਧਾਨ ਚੌਧਰੀ ਮੋਹਨ ਲਾਲ ਦੀ ਪ੍ਰਧਾਨਗੀ ਹੇਠ ਪਿੰਡ ਬੀਕਾਪੁਰ ਲੋਅਰ ਵਿਖੇ ਹੋਈ ।ਜਿਸ ਵਿੱਚ ਬਰਾਦਰੀ ਨਾਲ ਸਬੰਧਿਤ ਦਰਵੇਸ਼ ਮੁਸ਼ਕਲਾਂ ਬਾਰੇ ਵਿਚਾਰ ਵਿਟਾਂਦਰਾ ਕੀਤਾ ਗਿਆ। ਬਾਹਤੀ ਮਹਾਂ ਸਭਾ ਦੇ ਸਾਬਕਾ ਪ੍ਰਧਾਨ ਚਰਨ ਦਾਸ ਸਲੂਰੀਆ ਨੇ ਬੋਲਦਿਆਂ ਕਿਹਾ ਕਿ ਬਾਹਤੀ ਬਰਾਦਰੀ ਦੀ ਵਿਧਾਨ ਸਭਾ ਹਲਕਾ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਾਕੀ ਬਿਰਾਦਰੀ ਨਾਲੋਂ ਬਹੁ ਗਿਣਤੀ ਹੈ।ਪ੍ਰੰਤੂ ਬਿਰਾਦਰੀ ਨੂੰ ਹਮੇਸ਼ਾ ਅਣਗੋਲਿਆ ਕੀਤਾ ਜਾਂਦਾ ਹੈ। ਉਹਨਾਂ ਕਿਹਾ ਕਿ ਵਿਚਾਰ ਵਟਾਂਦਰੇ ਤੋਂ ਬਾਅਦ ਬਰਾਦਰੀ ਨੇ ਫੈਸਲਾ ਕੀਤਾ ਕੀ ਆਉਣ ਵਾਲੀਆਂ ਸੰਮਤੀ, ਜ਼ਿਲ੍ਹਾ ਪ੍ਰੀਸ਼ਦ ਅਤੇ ਫਿਰ 2027ਦੀਆਂ ਵਿਧਾਨ ਸ਼ਭਾ ਚੋਣਾਂ ਵਿੱਚ ਬਰਾਦਰੀ ਨੂੰ ਅਣਗੌਲਿਆਂ ਕੀਤਾ ਗਿਆ ਤਾਂ ਇੱਕਜੁਟ ਹੋ ਕੇ ਬਰਾਦਰੀ ਆਪਣਾ ਉਮੀਦਵਾਰ ਵਿਧਾਨ ਸਭਾ ਚੋਣਾਂ ਵਿੱਚ ਉਤਾਰ ਸਕਦੀ ਹੈ। ਇਸ ਮੌਕੇ ਇਹਨਾਂ ਤੋਂ ਇਲਾਵਾ ਬਾਹਤੀ ਮਹਾਂ ਸਭਾ ਦੇ ਸਰਗਰਮ ਆਗੂ ਹਰਦੇਵ ਸਿੰਘ ਦੇਬੀ ਨੇ ਅੱਗੇ ਬੋਲਦਿਆਂ ਕਿਹਾ ਕਿ ਬਰਾਦਰੀ ਦੇ ਨੁਮਾਇਦੇ ਹਰੇਕ ਸਿਆਸੀ ਪਾਰਟੀ ਦੇ ਆਗੂਆਂ ਨਾਲ ਸੰਪਰਕ ਕਰਨਗੇ।ਚੌਧਰੀ ਭਗਤ ਰਾਮ ਭੀਖਾਪੁਰ,ਚੌਧਰੀ ਚਰਨ ਦਾਸ ਸਲੂਰੀਆ ਸਾਬਕਾ ਪ੍ਰਧਾਨ ਬਾਹਤੀ ਮਹਾਂ ਸਭਾ, ਚੇਅਰਮੈਨ ਹਰੀਸ਼ ਕੁਮਾਰ ਮਹਿਲਵਾਂ, ਡਾਕਟਰ ਜੀਵਨ ਕੁਮਾਰ, ਭੀਖਾਪੁਰ ਇੰਦਰਪਾਲ ਸਿੰਘ ਦਬੂੜ, ਅਨੋਖ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਬਾਹਤੀ ਮਹਾਂ ਸਭਾ ਪਤਵੰਤੇ ਹਾਜ਼ਰ ਸਨ।

# 'ਵਰਸਿਟੀ ਵੱਲੋਂ ਦਾਖਲੇ ਦੀ ਤਰੀਕ 'ਚ 30 ਤੱਕ ਵਾਧਾ

**ਮਾਹਿਲਪੁਰ(ਸ.ਫ਼ਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਸੈਸ਼ਨ 2025-26 ਅਧੀਨ ਵੱਖ-ਵੱਖ ਕੋਰਸਾਂ ਵਿੱਚ ਦਾਖਲਾ ਲੈਣ ਤੋਂ ਕਿਸੇ ਨਾ ਕਿਸੇ ਕਾਰਨ ਵਾਂਝੇ ਰਹੇ ਵਿਦਿਆਰਥੀਆਂ ਲਈ ਦਾਖ਼ਲੇ ਦੀ ਤਾਰੀਕ ਵਿੱਚ ਨਿਰਧਾਰਤ ਲੇਟ ਫੀਸ ਨਾਲ 30 ਅਕਤੂਬਰ ਤੱਕ ਦਾ ਹੋਰ ਵਾਧਾ ਕਰ ਦਿੱਤਾ ਗਿਆ ਹੈ। ਯੂਨੀਵਰਸਿਟੀ ਦੇ ਇਸ ਫੈਸਲੇ ਦਾ ਸਵਾਗਤ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਕਿਹਾ ਕਿ ਕਾਲਜ ਵਿੱਚ ਯੂ ਜੀ ਅਤੇ ਪੀ ਜੀ ਦੇ ਕੋਰਸਾਂ ਵਿੱਚ ਦਾਖ਼ਲ ਹੋਣ ਤੋਂ ਵਾਂਝੇ ਵਿਦਿਆਰਥੀਆਂ ਲਈ ਇਸ ਸੰਸਥਾ ਵਿੱਚ ਦਾਖਿਲ ਹੋਣ ਦਾ ਇਹ ਵਿਸ਼ੇਸ਼ ਮੌਕਾ ਹੈ। ਉਨ੍ਹਾਂ ਕਿਹਾ ਕਿ ਇਸੇ ਸੈਸ਼ਨ ਤੋਂ ਕਾਲਜ ਵਿੱਚ ਬੀਐਸਸੀ ਮੈਡੀਕਲ ਲੈਬ ਤਕਨਾਲੋਜੀ (ਤਿੰਨ ਸਾਲਾ ਕੋਰਸ) ਅਤੇ ਬੈਚੂਲਰ ਇਨ ਫਿਜਿਕਲ ਐਜੂਕੇਸ਼ਨ ਐਂਡ ਸਪੋਰਟਸ (ਤਿੰਨ ਸਾਲਾ ਕੋਰਸ) ਨੂੰ ਵੀ ਯੂਨੀਵਰਸਿਟੀ ਵੱਲੋਂ ਮਾਨਤਾ ਮਿਲ ਚੁੱਕੀ ਹੈ ਤੇ ਚਾਹਵਾਨ ਵਿਦਿਆਰਥੀ ਇਨ੍ਹਾਂ ਕੋਰਸਾਂ ਵਿੱਚ ਸੀਮਤ ਚੱਲ ਰਹੀਆਂ ਸੀਟਾਂ 'ਤੇ ਵੀ ਦਾਖਿਲ ਹੋ ਸਕਦੇ ਹਨ।

ਉਨ੍ਹਾਂ ਦਾਖਿਲੇ ਤੋਂ ਵਾਂਝੇ ਵਿਦਿਆਰਥੀਆ ਨੂੰ ਅਪੀਲ ਕੀਤੀ ਕਿ ਉਹ ਯੂਨੀਵਰਸਿਟੀ ਵਲੋਂ ਨਿਰਧਾਰਿਤ ਲੇਟ ਫੀਸ ਦੇ ਕੇ 30 ਅਕਤੂਬਰ ਤੋਂ ਪਹਿਲਾ ਕਾਲਜ ਵਿੱਚ ਆ ਕੇ ਆਪਣੇ ਮਨਪਸੰਦ ਕੋਰਸ ਵਿੱਚ ਆਪਣਾ ਦਾਖ਼ਲਾ ਯਕੀਨੀ ਬਣਾਉਣ ਤਾਂ ਜੋ ਪਹਿਲੇ ਸਮੈਸਟਰ ਦੀਆਂ ਆਉਣ ਵਾਲੀਆਂ ਵਿਚ ਬੈਠ ਸਕਣ।

# ਗੁਰਮਤਿ ਸਮਾਗਮ 21 ਨੂੰ



**ਮੇਹਟਿਆਣਾ (ਜਗਤਾਰ ਸਿੰਘ ਭੁੰਗਰਨੀ)**-ਇਤਿਹਾਸਕ ਪਿੰਡ ਭੁੰਗਰਨੀ ਵਿਖੇ ਸੰਤ ਬਾਬਾ ਉਧੋ ਰਾਮ ਦੀ ਕੁਟੀਆ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਬ੍ਰਹਮ ਗਿਆਨੀ 108 ਸੰਤ ਬਾਬਾ ਉਧੋ ਰਾਮ ਜੀ ਦੀ ਸਲਾਨਾ 36ਵੀਂ ਬਰਸੀ ਮੌਕੇ ਮਹਾਨ ਗੁਰਮਤਿ ਸਮਾਗਮ 21 ਅਕਤੂਬਰ ਨੂੰ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਸੇਵਾਦਾਰ ਭੁਪਿੰਦਰ ਸਿੰਘ ਭੁੰਗਰਨੀ, ਕੇਵਲ ਸਿੰਘ, ਅਮਰੀਕ ਸਿੰਘ ਲੱਕੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 21 ਅਕਤੂਬਰ ਨੂੰ ਬਰਸੀ ਸਮਾਗਮ ਮੌਕੇ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਉਪਰੰਤ ਖੁੱਲੇ ਪੰਡਾਲ ਭਾਈ ਅਵਤਾਰ ਸਿੰਘ ਭੁੰਗਰਨੀ, ਭਾਈ ਕੁਲਦੀਪ ਸਿੰਘ ਭੁੰਗਰਨੀ, ਭਾਈ ਪ੍ਰਸ਼ੋਤਮ ਸਿੰਘ ਭੁੰਗਰਨੀ, ਭਾਈ ਸਤਨਾਮ ਸਿੰਘ ਸਹਿਗਲ ਆਦਿ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸਮਾਗਮ ਦੌਰਾਨ ਗੁਰੂ ਜੀ ਦੇ ਲੰਗਰ ਅਤੁੱਟ ਵਰਤਾਏ ਜਾਣਗੇ।

# ਬਾਬਾ ਕਰੜਾ ਦੀ ਯਾਦ 'ਚ ਸਾਲਾਨਾ ਲੰਗਰ 21-22 ਨੂੰ

**ਮਾਹਿਲਪੁਰ (ਸ.ਫ਼ਰੀ)**-ਹਰ ਸਾਲ ਦੀ ਤਰਾਂ ਇਸ ਸਾਲ ਵੀ ਕਰੜਾ ਗੋਤ ਜਠੇਰਿਆਂ ਦਾ ਪਿੰਡ ਬਿੰਜੋ, ਤਹਿਸੀਲ ਗੜ੍ਹਸ਼ੰਕਰ , ਜਿਲ੍ਹਾ ਹੁਸ਼ਿਆਰਪੁਰ ਵਿਖੇ ਸੇਵਾਦਾਰ ਚਿਰੰਜੀ ਲਾਲ ਕਰੜਾ ਪਾਲ ਰਾਮ ਕਰੜਾ , ਗਿਆਨ ਕਰੜਾ , ਧਰਮਪਾਲ ਕਰੜਾ , ਜਸਵੀਰ ਕਰੜਾ , ਰਾਜੂ ਕਰੜਾ , ਹਰਦਿਆਲ ਕਰੜਾ , ਹਾਰਬਿਲਾਸ ਕਰੜਾ , ਮੁਕੱਦਰ ਕਰੜਾ ਨੇ ਸਾਂਝੇ ਤੌਰ ਤੇ ਦੱਸਿਆ ਕਿ ਕਰੜਾ ਗੋਤਰ ਦੀ ਯਾਦ ਵਿਚ ਸਾਲਾਨਾ ਲੰਗਰ 21-22 ਅਕਤੂਬਰ ਨੂੰ ਸਮੂਹ ਸੰਗਤਾਂ ਵਲੋਂ ਲਗਾਇਆ ਜਾਵੇਗਾ। ਇਸ ਦਿਨ ਸਭ ਤੋਂ ਪਹਿਲਾਂ ਚਿਰਾਗ ਰੋਸ਼ਨ ਕੀਤੇ ਜਾਣਗੇ ਤੇ ਅਰਦਾਸ ਕੀਤੀ ਜਾਵੇਗੀ ।ਗੁਰੂ ਕਾ ਅਤੁੱਟ ਚਾਹ ਪਕੌੜਿਆਂ ਦਾ ਲੰਗਰ ਚੱਲੇਗਾ।

# ਪੰਜਾਬ ਸਰਕਾਰ ਤੁਰੰਤ ਜਾਰੀ ਕਰੇ ਰੁਕਿਆ ਹੋਇਆ ਮਹਿੰਗਾਈ ਭੱਤਾ: ਮਾਸਟਰ ਕੇਡਰ ਯੂਨੀਅਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਮਾਸਟਰ ਕੇਡਰ ਯੂਨੀਅਨ, ਬਲਾਕ ਇਕਾਈ ਅਨੰਦਪੁਰ ਸਾਹਿਬ ਵੱਲੋਂ ਇਕ ਮਹੱਤਵਪੂਰਣ ਮੀਟਿੰਗ ਯੂਨੀਅਨ ਦੇ ਪ੍ਰਧਾਨ ਬਖ਼ਸ਼ੀਸ਼ ਸਿੰਘ ਅਤੇ ਗੁਰਜਤਿੰਦਰਪਾਲ ਸਿੰਘ ਦੀ ਅਗਵਾਈ ਹੇਠ ਅਨੰਦਪੁਰ ਸਾਹਿਬ ਵਿਖੇ ਹੋਈ, ਜਿਸ ਵਿੱਚ ਯੂਨੀਅਨ ਦੇ ਸਰਪ੍ਰਸਤ ਵਾਸ਼ਿੰਗਟਨ ਸਿੰਘ ਸਮੀਰੋਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।



ਮੀਟਿੰਗ ਦੌਰਾਨ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਲੰਬੇ ਸਮੇਂ ਤੋਂ ਰੁਕਿਆ ਪਿਆ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਤੁਰੰਤ ਜਾਰੀ ਕੀਤਾ ਜਾਵੇ। ਯੂਨੀਅਨ ਨੇ ਦੱਸਿਆ ਕਿ ਜਿੱਥੇ ਕੇਂਦਰ ਸਰਕਾਰ ਆਪਣੇ ਮੁਲਾਜ਼ਮਾਂ ਨੂੰ 58% ਮਹਿੰਗਾਈ ਭੱਤਾ ਦੇ ਰਹੀ ਹੈ, ਉੱਥੇ ਪੰਜਾਬ ਸਰਕਾਰ ਵੱਲੋਂ ਕੇਵਲ 42% ਹੀ ਦਿੱਤਾ ਜਾ ਰਿਹਾ ਹੈ, ਜਦਕਿ ਬਾਕੀ 16% ਹਾਲੇ ਵੀ ਪੈਂਡਿੰਗ ਪਿਆ ਹੈ।

ਮਾਸਟਰ ਕੇਡਰ ਯੂਨੀਅਨ ਨੇ ਕਿਹਾ ਕਿ ਹੋਰ ਰਾਜਾਂ ਵੱਲੋਂ ਆਪਣੇ ਮੁਲਾਜ਼ਮਾਂ ਨੂੰ ਦਿਵਾਲੀ ਦੇ ਤੋਹਫ਼ੇ ਵਜੋਂ 41 ਦਿੱਤਾ ਜਾ ਰਿਹਾ ਹੈ, ਜਦਕਿ ਪੰਜਾਬ ਦੇ ਮੁਲਾਜ਼ਮਾਂ ਨੂੰ ਅਜੇ ਤੱਕ ਆਪਣੇ ਹੱਕ ਦਾ ਭੁਗਤਾਨ ਨਹੀਂ ਮਿਲਿਆ। ਇਸ ਲਈ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ ਤੁਰੰਤ 16% ਪੈਂਡਿੰਗ ਮਹਿੰਗਾਈ ਭੱਤਾ ਜਾਰੀ ਕੀਤਾ ਜਾਵੇ, ਤਾਂ ਜੋ ਮੁਲਾਜ਼ਮਾਂ ਨੂੰ ਦਿਵਾਲੀ ਦੇ ਮੌਕੇ ਕੁਝ ਰਾਹਤ ਮਿਲ ਸਕੇ।

# ਭੀਖ ਮੰਗਣ ਵਾਲੀ ਔਰਤ ਨੂੰ ਦੀਵਾਲੀ ਦੇ ਤੋਹਫੇ ਵਜੋਂ ਦਿੱਤੀ ਅੱਖਾਂ ਦੀ ਰੋਸ਼ਨੀ





**ਫਗਵਾੜਾ (ਡਾ. ਰਮਨ)**-ਸਮਾਜ ਦੇ ਹਰ ਵਰਗ ਦੀ ਸੇਵਾ ਨੂੰ ਸਮਰਪਿਤ ਪਰਿਆਸ ਸਿਟੀਜਨ ਵੈਲਫੇਅਰ ਕੌਂਸਲ ਨੇ ਇਕ ਨਿਵੇਕਲੀ ਪਹਿਲ ਕਰਦੇ ਹੋਏ ਭੀਖ ਮੰਗ ਕਿ ਗੁਜਾਰਾ ਕਰਨ ਵਾਲੀ ਇੱਕ ਔਰਤ ਰਾਮਪਤੀ ਵਾਸੀ ਮੁਹੱਲਾ ਗੋਬਿੰਦਪੁਰਾ ਨੂੰ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਮੌਕੇ ਤੋਹਫ਼ੇ ਵਜੋਂ ਅੱਖਾਂ ਦਾ ਆਪ੍ਰੇਸ਼ਨ ਕਰਵਾ ਕੇ ਨਵੀਂ ਰੌਸ਼ਨੀ ਦਿੱਤੀ ਗਈ। ਉਕਤ ਔਰਤ ਦੀ ਅੱਖ ਦਾ ਆਪ੍ਰੇਸ਼ਨ ਅੱਖਾਂ ਦੇ ਮਾਹਿਰ ਡਾ. ਜੀ.ਐਸ. ਵਿਰਦੀ ਦੀ ਟੀਮ ਵਲੋਂ ਵਿਰਦੀ ਆਈ ਹਸਪਤਾਲ ਚਾਹਲ ਨਗਰ ਫਗਵਾੜਾ ਵਿਖੇ ਕੀਤਾ ਗਿਆ। ਡਾ. ਵਿਰਦੀ ਨੇ ਦੱਸਿਆ ਕਿ ਮਹਿਲਾ ਦੀ ਖੱਬੀ ਅੱਖ 'ਚ ਚਿੱਟਾ ਮੋਤੀਆ ਸੀ। ਜਿਸ 'ਤੇ ਫੋਲਡੇਬਲ ਲੈਂਜ ਪਾ ਕੇ ਨਵੀਂ ਰੋਸ਼ਨੀ ਦਿੱਤੀ ਗਈ ਹੈ। ਡਾ. ਵਿਰਦੀ ਨੇ ਕੌਂਸਲ ਦੇ ਸਮੂਹ ਕੋਆਰਡੀਨੇਟਰਜ਼ ਵਲੋਂ ਕੀਤੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਦੀਵਾਲੀ ਦੀ ਮੁਬਾਰਕਬਾਦ ਦਿੰਦਿਆਂ ਸਨਮਾਨਤ ਵੀ ਕੀਤਾ। ਉਹਨਾਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਮਾਜ ਨੂੰ ਵੀ ਸੇਧ ਦਿੰਦੇ ਹਨ। ਅਜਿਹੇ ਸੇਵਾ ਕਾਰਜ ਲਗਾਤਾਰ ਜਾਰੀ ਰਹਿਣੇ ਚਾਹੀਦੇ ਹਨ। ਪਰਿਆਸ ਸੰਸਥਾ ਦੇ ਕਨਵੀਨਰ ਸ਼ਕਤੀ ਮਹਿੰਦਰੂ ਨੇ ਦੱਸਿਆ ਕਿ ਗਰੀਬ ਅਤੇ ਲੋੜਵੰਦਾਂ ਦੀਆਂ ਅਖਾਂ ਦੇ ਫਰੀ ਆਪ੍ਰੇਸ਼ਨ ਪਿਛਲੇ ਕਈ ਸਾਲ ਤੋਂ ਲਗਾਤਾਰ ਜਾਰੀ ਹੈ। ਜਿਸ ਵਿੱਚ ਵਿਰਦੀ ਆਈ ਹਸਪਤਾਲ ਅਤੇ ਖਾਸ ਤੌਰ ਤੇ ਡਾ. ਜੀ.ਐਸ. ਵਿਰਦੀ ਦਾ ਵਿਸ਼ੇਸ਼ ਸਹਿਯੋਗ ਪ੍ਰਾਪਤ ਹੁੰਦਾ ਹੈ। ਇਸ ਮੌਕੇ ਪਰਿਆਸ ਕੋਆਰਡੀਨੇਟਰਜ਼ ਤਰਲੋਚਨ ਸਿੰਘ ਪਰਮਾਰ, ਸਤਪਾਲ ਸਿੰਘ, ਪੁਰਸ਼ੋਤਮ ਲਾਲ ਭੱਟੀ, ਰਾਜੇਸ਼ ਕੁਮਾਰ ਮੁਤਰੇਜਾ ਅਤੇ ਸ਼ਾਮ ਸੁੰਦਰ ਗੁਪਤਾ ਆਦਿ ਹਾਜਰ ਸਨ।

# ਪ੍ਰਾਪਰਟੀ ਟੈਕਸ ਜਮ੍ਹਾਂ ਨਾ ਕਰਵਾਉਣ 'ਤੇ ਜਾਇਦਾਦ ਸੀਲ

**ਮਾਹਿਲਪੁਰ (ਸ.ਫ਼ਰੀ)**-ਨਗਰ ਪੰਚਾਇਤ ਮਾਹਿਲਪੁਰ ਵਿਖੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਵਨ ਟਾਈਮ ਸੈਟਲਮੈਂਟ ਅਧੀਨ ਜਿਨਾਂ ਸ਼ਹਿਰ ਨਿਵਾਸੀਆਂ ਦੇ ਮਕਾਨਾਂ ਅਤੇ ਦੁਕਾਨਦਾਰਾਂ ਦੇ ਪ੍ਰਾਪਰਟੀ ਟੈਕਸ ਜਮਾ ਕਰਵਾਉਣ ਯੋਗ ਰਹਿੰਦੇ ਸਨ। ਇਸ ਸਕੀਮ ਦਾ ਵੱਧ ਤੋਂ ਵੱਧ ਫਾਇਦਾ ਲੈਂਦੇ ਹੋਏ ਪੈਂਡਿੰਗ ਰਹਿੰਦੇ ਪ੍ਰਾਪਰਟੀ ਟੈਕਸ ਜਮਾਂ ਕਰਵਾਏ ਗਏ ਜਿਸ ਨਾਲ ਸ਼ਹਿਰ ਵਾਸੀਆਂ ਅਤੇ ਨਗਰ ਪੰਚਾਇਤ ਨੂੰ ਵੀ ਕਾਫੀ ਲਾਭ ਹੋਇਆ। ਇਸ ਸਕੀਮ ਨੂੰ ਸਿਰੇ ਚੜਾਉਣ ਲਈ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ ਜਨਰਲ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਸ੍ਰੀ ਸਿਮਰਨ ਸਿੰਘ ਢੀਂਡਸਾ ਅਤੇ ਪ੍ਰਧਾਨ ਨਗਰ ਪੰਚਾਇਤ ਮਹਿਲਪੁਰ ਸਰਦਾਰ ਦਵਿੰਦਰ ਸਿੰਘ ਸੈਣੀ ਵੱਲੋਂ ਇਸ ਸਕੀਮ ਵਿੱਚ ਵੱਧ ਤੋਂ ਵੱਧ ਟੈਕਸ ਜਮ੍ਹਾਂ ਕਰਵਾਉਣ ਲਈ ਸ਼ਹਿਰ ਨਿਵਾਸੀਆਂ ਅਤੇ ਦੁਕਾਨਦਾਰਾਂ ਨੂੰ ਪ੍ਰੇਰਿਤ ਕੀਤਾ ਗਿਆ। ਜਿਨਾਂ ਦੁਕਾਨਦਾਰਾਂ ਵੱਲੋਂ ਅੱਜ ਤੱਕ ਕਮਰਸ਼ੀਅਲ ਪ੍ਰੋਪਰਟੀ ਦਾ ਬਣਦਾ ਪ੍ਰਾਪਰਟੀ ਟੈਕਸ ਦਫਤਰ ਵਿਖੇ ਨਹੀਂ ਜਮਾ ਕਰਵਾਇਆ ਉਹਨਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕਰਦੇ ਹੋਏ ਉਹਨਾਂ ਦੀਆਂ ਪ੍ਰਾਪਰਟੀਆਂ ਸੀਲ ਕਰ ਦਿੱਤੀਆਂ ਜਾਣਗੀਆਂ। ਡਿਫਾਲਟਰਾਂ ਜਿਨਾਂ ਨੇ ਸਮੇਂ ਸਿਰ ਪ੍ਰਾਪਰਟੀ ਟੈਕਸ ਜਮਾਂ ਨਹੀਂ ਕਰਵਾਇਆ ਸੀ ਉਹਨਾਂ ਤੇ ਕਾਰਵਾਈ ਕਰਦੇ ਹੋਏ ਉਹਨਾਂ ਨੂੰ ਪ੍ਰਾਪਰਟੀ ਸੀਲ ਕਰਨ ਦੇ ਨੋਟਿਸ ਜਾਰੀ ਕੀਤੇ ਗਏ ਸਨ। ਉਹਨਾਂ ਡਿਫਾਲਟਰਾਂ ਵੱਲੋਂ ਆਪਣਾ ਪ੍ਰਾਪਰਟੀ ਟੈਕਸ ਨੋਟਿਸ ਵਿੱਚ ਦਿੱਤੀ ਗਈ ਮਿਆਦ ਅੰਦਰ ਜਮਾ ਕਰਵਾ ਦਿੱਤਾ ਗਿਆ ਹੈ ।ਇਸ ਲਈ ਇਸ ਰਾਹੀਂ ਸਾਰੇ ਸ਼ਹਿਰ ਵਾਸੀਆਂ ਦੁਕਾਨਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣਾ ਪ੍ਰੋਪਰਟੀ ਟੈਕਸ ਦਾ ਰਹਿੰਦਾ ਬਕਾਇਆ ਦਫਤਰ ਨਗਰ ਪੰਚਾਇਤ ਮਹਿਲਪੁਰ ਵਿਖੇ ਜਮਾ ਕਰਵਾਉਣ।

# ਪ ਸ ਸ ਫ ਨੇ ਮੁੱਖ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ

**ਜਲੰਧਰ (ਰਾਜੇਸ਼ ਥਾਪਾ)**-ਪੰਜਾਬ ਦੇ ਮੁਲਾਜ਼ਮਾਂ ਦੀ ਪ੍ਰਤੀਨਿਧਤਾ ਕਰਦੀ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਮੁੱਖ ਦਫ਼ਤਰ ਚੰਡੀਗੜ੍ਹ ਵਲੋਂ ਦਿੱਤੇ ਗਏ ਸੱਦੇ ਅਨੁਸਾਰ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਜ਼ਿਲ੍ਹਾ ਜਲੰਧਰ ਦੇ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ ਦੀ ਅਗਵਾਈ ਵਿੱਚ ਮੁੱਖ ਮੰਤਰੀ ਪੰਜਾਬ ਦੇ ਫੀਲਡ ਅਫ਼ਸਰ ਜਲੰਧਰ ਨਵਦੀਪ ਸਿੰਘ ਪੀ ਸੀ ਐੱਸ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਮੁਲਾਜ਼ਮਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਨਿਪਟਾਰਾ ਕਰਨ ਲਈ ਰੋਸ ਪੱਤਰ/ਮੰਗ ਪੱਤਰ/16 ਨਵੰਬਰ ਦੀ ਸੰਗਰੂਰ ਸੂਬਾਈ ਰੈਲੀ ਕਰਨ ਦਾ ਨੋਟਿਸ ਭੇਜਿਆ ਗਿਆ।ਇਸ ਸਮੇਂ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਪ ਸ ਸ ਫ ਦੇ ਸੂਬਾ ਜਨਰਲ ਸਕੱਤਰ ਸਾਥੀ ਤੀਰਥ ਸਿੰਘ ਬਾਸੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਗਠਨ ਤੋਂ ਪਹਿਲਾਂ ਪੰਜਾਬ ਦੇ ਮੁੱਖ ਆਗੂਆਂ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਨਿਪਟਾਰਾ ਪਹਿਲ ਦੇ ਆਧਾਰ ਤੇ ਕਰਨ ਦਾ ਭਰੋਸਾ ਦਿੱਤਾ ਜਾਂਦਾ ਰਿਹਾ ਸੀ। ਸਰਕਾਰ ਬਣਨ ਤੋਂ ਬਾਅਦ ਇਹਨਾਂ ਮੰਗਾਂ ਨੂੰ ਅੱਖੋਂ ਪਰੋਖੇ ਹੀ ਨਹੀਂ ਕੀਤਾ ਸਗੋਂ ਮੰਗਾਂ ਵਿੱਚ ਹੋਰ ਵੀ ਵਾਧਾ ਹੋਇਆ ਹੈ। ਇੱਥੇ ਹੀ ਬਸ ਨਹੀਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਲੋਂ ਲਗਾਤਾਰ ਸੰਘਰਸ਼ ਕਰਨ ਦੇ ਬਾਵਜੂਦ ਵੀ ਸਰਕਾਰ ਵਾਰ ਵਾਰ ਮੀਟਿੰਗ ਦਾ ਸਮਾਂ ਦੇ ਕੇ, ਮੀਟਿੰਗ ਕਰਨ ਤੋਂ ਟਾਲਮ ਟੋਲ ਕਰਨ ਦੀ ਨੀਤੀ ਤੇ ਚੱਲਦੀ ਰਹੀ ਹੈ। ਮੰਗਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਵੱਖ ਵੱਖ ਸਕੀਮਾਂ ਅਧੀਨ ਕੰਮ ਕਰਦੇ ਸਮੂਹ ਮੁਲਾਜ਼ਮਾਂ ਨੂੰ ਬਿਨਾ ਸ਼ਰਤ ਪੂਰੇ ਪੂਰੇ ਗਰੇਡਾਂ ਤੇ ਰੈਗੂਲਰ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ,ਡੀ ਏ ਦੀਆਂ 16 ਪ੍ਰਤੀਸ਼ਤ ਦੀਆਂ ਰਹਿੰਦੀਆਂ ਕਿਸ਼ਤਾਂ ਤੁਰੰਤ ਦੇਣ ਅਤੇ ਡੀ ਏ ਦੇ ਪਿਛਲੇ ਬਕਾਏ ਦੇਣ ਲਈ,ਮਾਣ ਭੱਤਾ ਵਰਕਰਾਂ ਤੇ ਘੱਟੋ ਘੱਟ ਉਜਰਤ ਲਾਗੂ ਕਰਨ, ਮੈਡੀਕਲ ਭੱਤਾ 2000/- ਰੁਪਏ ਮਹੀਨਾ ਕਰਨ,ਸੋਧ ਕਰਨ ਦੇ ਨਾਂ ਤੇ ਬੰਦ ਕੀਤੇ ਭੱਤੇ ਬਹਾਲ ਕਰਨ ਆਦਿ ਮੰਗਾਂ ਨੂੰ ਮਨਵਾਉਣ ਅਤੇ ਲਾਗੂ ਕਰਵਾਉਣ ਲਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਆਪਣੇ ਪੱਧਰ 'ਤੇ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਬਣਾ ਕੇ ਲਗਾਤਾਰ ਸੰਘਰਸ਼ ਕਰ ਰਹੀ ਹੈ। ਉਪਰੋਕਤ ਮੰਗਾਂ ਦਾ ਨਿਪਟਾਰਾ ਦੋ ਧਿਰੀ ਗੱਲਬਾਤ ਕਰਕੇ ਕਰਨ ਲਈ ਸਰਕਾਰ ਦੇ ਧਿਆਨ ਵਿੱਚ ਲਿਆਉਣ ਲਈ ਰੋਸ ਪੱਤਰ/ਮੰਗ ਪੱਤਰ/ 16 ਨਵੰਬਰ ਦੀ ਸੰਗਰੂਰ ਵਿਖੇ ਸੂਬਾਈ ਰੈਲੀ ਕਰਨ ਦਾ ਨੋਟਿਸ ਭੇਜਿਆ ਗਿਆ ਹੈ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇ 16 ਨਵੰਬਰ ਤੋਂ ਪਹਿਲਾਂ ਪਹਿਲਾਂ ਆਗੂਆਂ ਨਾਲ ਦੋ ਧਿਰੀ ਗੱਲਬਾਤ ਕਰਦੇ ਹੋਏ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਨਿਪਟਾਰਾ ਕਰਨ ਲਈ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਜਾਂਦੀ ਤਾਂ 16 ਨਵੰਬਰ ਨੂੰ ਮੁੱਖ ਮੰਤਰੀ ਪੰਜਾਬ ਦੇ ਸ਼ਹਿਰ ਸੰਗਰੂਰ ਵਿਖੇ ਵਿਸ਼ਾਲ ਸੂਬਾਈ ਰੈਲੀ ਕਰਦੇ ਹੋਏ ਰੋਸ ਮਾਰਚ ਕੀਤਾ ਜਾਵੇਗਾ। ਮੰਗ ਪੱਤਰ ਤੇ 16 ਨਵੰਬਰ ਦੀ ਸੂਬਾਈ ਰੈਲੀ ਦਾ ਨੋਟਿਸ ਭੇਜਣ ਸਮੇਂ ਸੂਬਾ ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਸੂਬਾ ਕਮੇਟੀ ਮੈਂਬਰ ਤਰਸੇਮ ਮਾਧੋਪੁਰੀ,ਜ਼ਿਲ੍ਹਾ ਪ੍ਰਧਾਨ ਪੁਸ਼ਪਿੰਦਰ ਕੁਮਾਰ ਵਿਰਦੀ,ਜਨਰਲ ਸਕੱਤਰ ਨਿਰਮੋਲਕ ਸਿੰਘ ਹੀਰਾ, ਕਰਮਜੀਤ ਸੋਨੂ,ਓਮ ਪ੍ਰਕਾਸ਼,ਦੇਵ ਰਾਜ,ਸੰਤ ਰਾਮ,ਪੈਨਸ਼ਨਰ ਆਗੂ ਕੁਲਦੀਪ ਸਿੰਘ ਕੌੜਾ,ਰਤਨ ਸਿੰਘ ਆਦਿ ਸਾਥੀ ਹਾਜ਼ਰ ਸਨ।



# ਹੈਪੀ ਦੀ ਮੌਤ ਨਾਲ ਇਲਾਕੇ ਵਿੱਚ ਸੋਗ ਦੀ ਲਹਿਰ, ਅੰਤਮ ਅਰਦਾਸ ਅੱਜ



**ਨੰਗਲ (ਸੁਰਜੀਤ ਢੇਰ)**-ਬੀਤੇ ਦਿਨੀਂ ਸ਼ਹਿਰ ਦੇ ਇੱਕ ਉੱਘੇ ਪਰਿਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਿਆ ਜਦੋਂ ਉਹਨਾਂ ਦੇ ਹੋਣਹਾਰ ਸਪੁੱਤਰ ਹਰਕੀਰਤ ਸਿੰਘ ਹੈਪੀ 51 ਪੁੱਤਰ ਸਰਦਾਰ ਗੁਰਨਾਮ ਸਿੰਘ ਵਾਸੀ ਪੁਰਾਣਾ ਗੁਰਦੁਆਰਾ ਨੰਗਲ ਦੀ ਬਿਮਾਰੀ ਤੋਂ ਬਾਅਦ ਮੌਤ ਹੋ ਗਈ ਸੀ। ਇਹ ਪਰਵਾਰ ਇਲਾਕੇ ਵਿੱਚ ਕਾਫੀ ਜਾਣਿਆ ਪਛਾਣਿਆ ਜਾਂਦਾ ਹੈ। ਹਰਕੀਰਤ ਸਿੰਘ ਹੈਪੀ ਵਿਦਿਆਰਥੀ ਸਮੇਂ ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ ਦਾ ਸਰਗਰਮ ਵਰਕਰ ਰਿਹਾ ਤੇ ਉਸ ਦੀਆਂ ਭੈਣਾਂ ਵੀ ਮੈਂਬਰ ਰਹੀਆਂ।ਅਚਾਨਕ ਵਿਛੋੜੇ ਕਾਰਨ ਪਰਿਵਾਰ ਸਮੇਤ ਇਲਾਕੇ ਦੇ ਲੋਕਾਂ ਵਿੱਚ ਸੋਗ ਦੀ ਲਹਿਰ ਦੌੜ ਗਈ। ਹਰਕੀਰਤ ਸਿੰਘ ਹੈਪੀ ਨੇ ਵਿਦੇਸ਼ਾਂ ਵਿੱਚ ਆਪਣਾ ਕਾਰੋਬਾਰ ਸ਼ੁਰੂ ਕੀਤਾ ਹੋਇਆ ਸੀ।ਉਸ ਨੇ ਸ਼ਹਿਰ ਦੇ ਅਨੇਕਾਂ ਨੌਜਵਾਨਾਂ ਨੂੰ ਕੰਮ ਦਿੱਤਾ। ਇਸ ਪਰਵਾਰ ਦਾ ਸ਼ਹਿਰ ਦੇ ਦੋ ਗੁਰਦੁਆਰਾ ਸਾਹਿਬ ਤੇ ਧਾਰਮਿਕ ਸਕੂਲ ਚਲਾਉਣ ਵਿੱਚ ਵੀ ਵੱਡਾ ਯੋਗਦਾਨ ਰਿਹਾ।

ਹਰਕੀਰਤ ਸਿੰਘ ਹੈਪੀ ਆਪਣੇ ਪਿੱਛੇ ਮਾਤਾ ਪਿਤਾ, ਵਿਧਵਾ ਪਤਨੀ, ਪੁੱਤਰ-ਧੀ, ਭੈਣਾਂ ਸਮੇਤ ਹੱਸਦਾ ਵੱਸਦਾ ਵੱਡਾ ਪਰਿਵਾਰ ਛੱਡ ਗਿਆ। ਉਨ੍ਹਾਂ ਦੀ ਅੰਤਿਮ ਅਰਦਾਸ ਤੇ ਸ਼ਰਧਾਂਜਲੀ ਸਮਾਗਮ 19 ਅਕਤੂਬਰ ਦਿਨ ਐਤਵਾਰ ਨੂੰ ਗੁਰਦੁਆਰਾ ਘਾਟ ਸਾਹਿਬ ਵਿਖੇ ਹੋਵੇਗਾ।

# ਓਮ ਪ੍ਰਕਾਸ਼ ਕਾਲਜ ਨੇ ਦੀਵਾਲੀ ਮਨਾਈ



**ਕਰਤਾਰਪੁਰ (ਹਰਮੇਸ਼ ਦੱਤ)**-ਓਮ ਪ੍ਰਕਾਸ਼ ਮੈਮੋਰੀਅਲ ਇੰਸਟੀਚਿਊਟ ਆਫ਼ ਐਜੂਕੇਸ਼ਨ ਦਿਆਲਪੁਰ ਵੱਲੋਂ ਪ੍ਰਿੰਸੀਪਲ ਡਾ. ਵਿਨੋਦ ਕੁਮਾਰ ਦੀ ਯੋਗ ਅਗਵਾਈ ਹੇਠ ਦੀਵਾਲੀ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਰੰਗੋਲੀ ਸਜਾ ਕੇ ਪ੍ਰਦੂਸ਼ਣ ਰਹਿਤ ਦਿਵਾਲੀ ਦਾ ਪ੍ਰੋਗਰਾਮ ਪੇਸ਼ ਕੀਤਾ। ਇਸ ਮੌਕੇ ਕਾਲਜ ਪ੍ਰਬੰਧਕ ਕਮੇਟੀ ਨੇ ਵਿਦਿਆਰਥੀਆਂ ਅਤੇ ਸਮੂਹ ਸਟਾਫ ਨੂੰ ਤੋਹਫੇ ਭੇਟ ਕਰਦਿਆਂ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਕਾਲਜ ਦੀ ਪ੍ਰਬੰਧਕ ਤੋਂ ਸੈਕਟਰੀ ਡਾ. ਵਿਜੇ ਅਹੂਜਾ ਅਤੇ ਕਾਰਜਕਾਰੀ ਮੈਂਬਰ ਗੁਰਚਰਨ ਕੋਛੜ ਵੱਲੋਂ ਕਾਲਜ ਸਟਾਫ਼ ਅਤੇ ਵਿਦਿਆਰਥੀਆਂ ਨੂੰ ਹਰੀ ਦੀਵਾਲੀ ਮਨਾਉਣ ਪ੍ਰਤੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸਮੂਹ ਵਿਦਿਆਰਥੀਆਂ ਨਾਲ ਪ੍ਰੋ. ਰਣਜੀਤ ਬੈਂਸ, ਪ੍ਰੋ. ਗੁਰਪ੍ਰੀਤ ਸਿੰਘ, ਪ੍ਰੋ. ਗੁਰਜੀਤ ਰਾਣੀ, ਆਫਿਸ ਸੁਪਰਡੈਂਟ ਹਰਮੀਤ ਸਿੰਘ, ਲਾਇਬ੍ਰੇਰੀਅਨ ਬਲਵਿੰਦਰ ਸਿੰਘ ਅਤੇ ਹੋਰ ਸਟਾਫ ਮੌਜੂਦ ਸੀ।

# ਕੁਲਦੀਪ ਸਿੰਘ ਬੈਰਮਪੁਰ ਦਫ਼ਤਰ ਸਕੱਤਰ ਨਿਯੁਕਤ

**ਮੁਹਾਲੀ (ਗੁਰਜੀਤ ਬਿੱਲਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਪਾਰਟੀ ਦੇ ਕੀਤੇ ਜਾ ਰਹੇ ਵਿਸਥਾਰ ਦੀ ਲਗਾਤਾਰਤਾ ਵਿੱਚ 17 ਅਕਤੂਬਰ ਨੂੰ ਜ਼ਿਲ੍ਹਾ ਮੁਹਾਲੀ ਵਿੱਚ ਦਫਤਰ ਸਕੱਤਰ ਦੀ ਨਿਯੁਕਤੀ ਕੀਤੀ ਗਈ ਹੈ। ਪਾਰਟੀ ਦਫ਼ਤਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਪਾਰਟੀ ਦੇ ਬੁਲਾਰੇ ਸ਼ਮਸ਼ੇਰ ਪੁਰਖਾਲਵੀ ਨੇ ਦੱਸਿਆ ਕਿ ਜ਼ਿਲ੍ਹਾ ਜਥੇਦਾਰ ਪਰਵਿੰਦਰ ਸਿੰਘ ਸੋਹਾਣਾ ਦੀ ਸਿਫਾਰਸ਼ ਤੇ ਪਾਰਟੀ ਸੁਪਰੀਮੋ ਸੁਖਬੀਰ ਸਿੰਘ ਬਾਦਲ ਵੱਲੋਂ ਕੁਲਦੀਪ ਸਿੰਘ ਬੈਰਮਪੁਰ ਨੂੰ ਮੁਹਾਲੀ ਜਿਲਾ ਜਥੇਬੰਦੀ ਦਾ ਦਫ਼ਤਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਨਿਯੁਕਤੀ ਨਾਲ ਪਾਰਟੀ ਸਰਗਰਮੀਆਂ ਨੂੰ ਵਿਉਂਤਵੱਧ ਕਰਕੇ ਪ੍ਰਭਾਵਸ਼ਾਲੀ ਤਰੀਕੇ ਹਲਕੇ ਦੇ ਲੋਕਾਂ ਸਾਹਮਣੇ ਪੇਸ਼ ਕੀਤੀ ਜਾਵੇਗਾ ਤਾਂ ਜੋ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਉਮੀਦਵਾਰ ਦੀ ਜਿੱਤ ਨੂੰ ਯਕੀਨੀ ਬਣਾਇਆ ਜਾ ਸਕੇ। ਕੁਲਦੀਪ ਸਿੰਘ ਬੈਰਮਪੁਰ ਦੀ ਇਸ ਨਿਯੁਕਤੀ ਦਾ ਪਾਰਟੀ ਦਾ ਆਗੂ ਕੈਪਟਨ ਰਮਨਦੀਪ ਸਿੰਘ ਬਾਵਾ, ਹਰਿੰਦਰ ਸਿੰਘ ਸੁੱਖਗੜ੍ਹ, ਬਲਜੀਤ ਸਿੰਘ ਦੈੜੀ,ਅਵਤਾਰ ਸਿੰਘ ਦਾਉ,ਬਲਵਿੰਦਰ ਸਿੰਘ ਲਖਨੌਰ,ਜਰਨੈਲ ਸਿੰਘ ,ਬਿਕਰਮਜੀਤ ਸਿੰਘ ਗੀਗੇਮਾਜਰਾ ਸਾਰੇ ਸਰਕਲ ਪ੍ਰਧਾਨਾ ਨੇ ਸਵਾਗਤ ਕਰਦਿਆਂ ਕਿਹਾ ਇਸ ਨਿਯੁਕਤੀ ਨਾਲ ਪਾਰਟੀ ਨੂੰ ਕਾਫ਼ੀ ਮਜ਼ਬੂਤੀ ਮਿਲੇਗੀ।

# ਸਰਕਾਰੀ ਸਕੂਲ ਵਿਖੇ 'ਯੁੱਧ ਨਸ਼ਿਆਂ ਵਿਰੁੱਧ' ਤੇ ਖੇਡਾਂ ਨਾਲ ਜੋੜਨ ਦੀ ਮੁਹਿੰਮ



**ਆਦਮਪੁਰ (ਪਰਮਜੀਤ ਸਿੰਘ)**-ਆਦਮਪੁਰ ਹਲਕੇ ਵਿੱਚ ਕਿਸ਼ਨਗੜ੍ਹ ਦੇ ਨਜ਼ਦੀਕ ਪਿੰਡ ਕਰਾੜੀ ਵਿਖੇ ਸਮਾਜ ਸੇਵੀ ਅਤੇ ਖੇਡ ਪ੍ਰੇਮੀ ਹੀਰਾ ਸਿੰਘ (ਸਾਬਕਾ ਇੰਸਪੈਕਟਰ ਸੀ ਆਈ ਐੱਸ ਐੱਫ) ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿਖੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨ ਲਈ ਵਿਸ਼ੇਸ਼ ਉਪਰਾਲਾ ਕੀਤਾ ਗਿਆ । ਉਨ੍ਹਾਂ ਫੁਟਬਾਲ ਦੇ ਖਿਡਾਰੀਆਂ ਨੂੰ ਵਰਦੀਆਂ ਅਤੇ ਕੁੱਝ ਫੁਟਬਾਲ ਦਿੱਤੇ । ਇਸ ਮੌਕੇ ਮੁੱਖ ਮਹਿਮਾਨ ਵਜੋਂ ਵੀਵੇਕ ਮੋਦੀ (ਆਈ ਏ ਐੱਸ ਐੱਸ ਡੀ ਐੱਮ ਆਦਮਪੁਰ) ਨੇ ਸ਼ਿਰਕਤ ਕੀਤੀ । ਇਲਾਕੇ ਦੇ ਉਘੇ ਸਮਾਜ ਸੇਵੀ ਤੇ ਪ੍ਰਿਥਵੀ ਵੈਲਫੇਅਰ ਸੋਸਾਇਟੀ ਦੇ ਪ੍ਰਧਾਨ ਹਰਿੰਦਰ ਸਿੰਘ ਵੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ । ਹੀਰਾ ਸਿੰਘ ਪਿਛਲੇ ਕੁੱਝ ਵਰ੍ਹਿਆਂ ਤੋਂ ਇਲਾਕੇ ਦੇ ਪਿੰਡਾਂ ਵਿੱਚ ਬੱਚਿਆਂ ਨੂੰ ਖੇਡ ਸਮਗਰੀ ਵੰਡੇ ਰਹੇ ਹਨ ਤੇ ਫੁਟਬਾਲ ਲਈ ਟੀਮ ਵੀ ਤਿਆਰ ਕਰਦੇ ਹਨ। ਉਹ ਆਪ ਵੀ ਫੁਟਬਾਲ ਦੇ ਵਧੀਆ ਖਿਡਾਰੀ ਹਨ । 70 ਵਰ੍ਹੇ ਦੀ ਉਪਰ ਪਾਰ ਵੀ ਖੇਡਾਂ ਪ੍ਰਤੀ ਉਨ੍ਹਾਂ ਦਾ ਪ੍ਰੇਮ ਅਤੇ ਉਤਸ਼ਾਹ ਘਟਿਆ ਨਹੀਂ ਹੈ। ਇਲਾਕੇ ਦੇ ਬੱਚਿਆਂ ਵਿੱਚ ਉਹ ਪ੍ਰੇਰਣਾ ਦਾ ਸ੍ਰੋਤ ਬਣੇ ਹੋਏ ਹਨ । ਉਹ ਅਕਸਰ ਫੁਟਬਾਲ ਦੇ ਮੁਕਾਬਲੇ ਵੀ ਕਰਵਾਉਂਦੇ ਹਨ । ਸਕੂਲ ਪ੍ਰਿੰਸੀਪਲ ਸੁਮਨ ਸ਼ਰਮਾ ਨੇ ਸਾਰੇ ਹੀ ਮਹਿਮਾਨਾਂ ਅਤੇ ਪਤਵੰਤੇ ਨਗਰ ਨਿਵਾਸੀਆਂ ਨੂੰ ਜੀ ਆਇਆਂ ਆਖਿਆ, ਅਤੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਅਪੀਲ ਕੀਤੀ । ਹਰਿੰਦਰ ਸਿੰਘ ਨੇ ਬੱਚਿਆਂ ਨੂੰ ਵਾਤਾਵਰਣ ਸੰਭਾਲ ਲਈ ਪ੍ਰੇਰਿਤ ਕੀਤਾ । ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਦੀ ਲੋੜ ਹੈ ਕਿ ਧਰਤੀ ਦੇ ਵੱਧ ਰਹੇ ਤਾਪਮਾਨ ਨੂੰ ਸਿਰਫ਼ ਵੱਧ ਤੋਂ ਵੱਧ ਰੁੱਖ ਲਗਾ ਕੇ ਹੀ ਰੋਕਿਆ ਜਾ ਸਕਦਾ ਹੈ । ਉਨ੍ਹਾਂ ਕੁਦਰਤੀ ਪ੍ਰਾਪਤ ਸਰੋਤ ਪਾਣੀ ਦੀ ਲੋੜ ਮੁਤਾਬਿਕ ਵਰਤੋਂ ਕਰਨ ਦਾ ਸੰਦੇਸ਼ ਦਿੱਤਾ । ਸਕੂਲ ਦੇ ਪ੍ਰਿੰਸੀਪਲ ਸ਼੍ਰੀਮਤੀ ਸੁਮਨ ਸ਼ਰਮਾ ਅਤੇ ਹੀਰਾ ਸਿੰਘ ਵੱਲ ਸਮੂਹ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ । ਪਿੰਡ ਦੇ ਸਰਪੰਚ ਸੁਮਨ ਬਾਲਾ , ਸੁਰਿੰਦਰ ਕੁਮਾਰ ਬੰਗੜ ( ਸਾਬਕਾ ਸਰਪੰਚ ) , ਸਾਬਕਾ ਸਰਪੰਚ, ਹਰਭਜਨ ਦਾਸ ਲੰਬੜਦਾਰ, ਪੰਚ: ਗੁਰਵਿੰਦਰ ਕੌਰ, ਜਸਵੀਰ ਕੌਰ ਅਤੇ ਸਮੂਹ ਸਕੂਲ ਸਟਾਫ਼ ਵੀ ਮੌਕੇ ਤੇ ਹਾਜ਼ਰ ਸਨ ।



# ਦੀਵਾਲੀ ਅਤੇ ਬੰਦੀ ਛੋੜ ਦਿਵਸ਼ ਮੌਕੇ ਬਰਨਾਲਾ ਵਿਸ਼ੇਸ਼ ਸਪਲੀਮੈਂਟ



ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ



Colonizer Shashikant Chopra



Colonizer
Deepak Soni Bansal
Aastha Enclave Barnala



ਸਮੂਹ ਸ਼ਹਿਰ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ-ਲੱਖ ਮੁਬਾਰਕਾਂ

ਕੌਂਸਲਰ ਕੁਲਦੀਪ ਕੁਮਾਰ ਧਰਮਾ
ਸੀਨੀਅਰ ਆਪ ਆਗੂ ਬਰਨਾਲਾ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ



ਵਪਾਰੀ ਆਗੂ ਗੌਰਵ ਕੁਮਾਰ ਗੁਗਨਾ
ਸੈਕਟਰੀ ਆੜ੍ਹਤੀਆ ਐਸੋਸੀਏਸ਼ਨ ਬਰਨਾਲਾ



ਸਮੂਹ ਦੇਸ਼ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ



ਵਰਿੰਦਰ ਕੁਮਾਰ ਹੈਪੀ
ਠੇਕੇਦਾਰ ਬਰਨਾਲਾ

ਰੌਬੀ ਜਿੰਦਲ
ਠੇਕੇਦਾਰ ਬਰਨਾਲਾ




ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ



ਚੇਅਰਮੈਨ ਵਿਜੇ ਕੁਮਾਰ
ਇੰਡਸਟਰੀ ਚੈਂਬਰ ਬਰਨਾਲਾ

ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ



ਗੁਰਦਰਸ਼ਨ ਸਿੰਘ ਬਰਾੜ (ਸਾਬਕਾ ਸਰਪੰਚ)
ਸੀਨੀਅਰ ਭਾਜਪਾ ਆਗੂ ਜ਼ਿਲ੍ਹਾ ਬਰਨਾਲਾ

happy diwali



Social Activist Sachin Sood
Prominent Businessman Barnala

98776-01000
RCIC CRIC
MARS Immigration Solutions
A CANADIAN COMPANY
STUDY VISA | VISITOR VISA | PR | OPEN WORK PERMIT | SPOUSE VISA

RAKESH KUMAR SINGLA
(MD)
89686-01000
MARS Immigration Solutions A CANADIAN COMPANY
72986-01000
marsimmigrationbnl
marsimmigrationbnl@gmail.com
www.marsimmigrationsolutions.com
Near PRTC Workshop, Shop No. 40, 16 Acre Barnala

STANDARD AGRICULTURE INDUSTRIES



**S-390** Tractor Harvester

**S-8300** Self Harvester

ਸਟੈਂਡਰਡ ਐਗਰੀਕਲਚਰ ਇੰਡਸਟਰੀਜ਼
ਸਟੈਂਡਰਡ ਚੌਂਕ ਬਰਨਾਲਾ, ਪੰਜਾਬ (148101.)
ਸੰਪਰਕ: 8288898292, 9878304530.
www.standardagro.in

ਸਮੂਹ ਦੇਸ਼ ਵਾਸੀਆਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ



## ਅਗਰਵਾਲ ਗਰੈਂਡ

ਸਰਕਾਰ ਤੋਂ ਮਾਨਤਾ ਪ੍ਰਾਪਤ ਧਨੌਲਾ ਰੋਡ ਬਰਨਾਲਾ ਵਿਖੇ ਸ਼ਾਨਦਾਰ ਕਲੋਨੀ
ਮੋ: 98880-15837
ਪਲਾਟ ਖਰੀਦਣ ਲਈ ਸੰਪਰਕ ਕਰੋ।

IOL

# ਸ਼ੁਭ ਦਿਵਾਲੀ 2025

## ਆਈ.ਓ.ਐਲ. ਕੈਮਿਕਲਜ਼ ਐਂਡ ਫਾਰਮਾਸਿਊਟੀਕਲਜ਼ ਲਿਮਿਟੇਡ

**ਦਿਵਾਲੀ ਅਤੇ ਬੰਦੀ ਛੋੜ ਦਿਵਸ ਦੇ ਮੌਕੇ 'ਤੇ ਹਾਰਦਿਕ ਸ਼ੁਭਕਾਮਨਾਵਾਂ ਪੇਸ਼ ਕਰਦਾ ਹੈ।**

ਗਿਆਨ ਦੀ ਰੌਸ਼ਨੀ ਅਤੇ ਮੁਕਤੀ ਦੀ ਭਾਵਨਾ ਸਾਡੇ ਮੈਂਬਰਾਂ, ਭਾਗੀਦਾਰਾਂ, ਗਾਹਕਾਂ ਅਤੇ ਸਮੁਦਾਇਆਂ ਲਈ ਸੁਰੱਖਿਆ, ਚੰਗੀ ਸਿਹਤ ਅਤੇ ਸਾਂਝੀ ਖੁਸ਼ਹਾਲੀ ਲਿਆਵੇ।

# ਦੀਵਾਲੀ ਮੌਕੇ ਹੁਸ਼ਿਆਰਪੁਰ ਤੋਂ ਵਿਸ਼ੇਸ਼ ਸਪਲੀਮੈਂਟ




## ਦੀਵਾਲੀ, ਵਿਸ਼ਵਕਰਮਾ, ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ




## ਦੀਵਾਲੀ, ਵਿਸ਼ਵਕਰਮਾ, ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ


ਪ੍ਰਧਾਨ ਪਿੰਸ ਪਲਿਆਲ
ਗੜ੍ਹਦੀਵਾਲਾ

ਵੱਲੋਂ : ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ


ਜਗਵਿੰਦਰ ਸਿੰਘ
ਸੀਨੀਅਰ ਜ਼ਿਲ੍ਹਾ ਆਗੂ

## ਦੀਵਾਲੀ, ਵਿਸ਼ਵਕਰਮਾ, ਬੰਦੀ ਛੋੜ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਮੁਬਾਰਕਾਂ



ਵੱਲੋਂ : ਵੈਟਨਰੀ ਇੰਸਪੈਕਟਰ ਐਸੋਸੀਏਸ਼ਨ ਪੰਜਾਬ
ਗੁਰਦੀਪ ਸਿੰਘ ਬਾਸੀ ਸੂਬਾ ਪ੍ਰਧਾਨ ਅਤੇ ਸਮੂਹ ਮੈਂਬਰ

## ਦੀਵਾਲੀ, ਵਿਸ਼ਵਕਰਮਾ, ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ


ਪ੍ਰਿਤਪਾਲ ਸਿੰਘ ਚੌਟਾਲਾ
ਜ਼ਿਲ੍ਹਾ ਪ੍ਰਧਾਨ ਜੀ ਟੀ ਯੂ

ਵੱਲੋਂ : ਗੌਰਮਿੰਟ ਟੀਚਰ ਯੂਨੀਅਨ


ਲੈਕਚਰਾਰ ਅਮਰ ਸਿੰਘ ਟਾਂਡਾ
ਸੀ. ਮੀਤ. ਪ੍ਰਧਾਨ ਜੀ ਟੀ ਯੂ

### ਧੰਨਵਾਦ



ਮੈਂ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ, ਜਿਨ੍ਹਾਂ ਨੇ ਹੁਸ਼ਿਆਰਪੁਰ ਤੋਂ 'ਨਵਾਂ ਜ਼ਮਾਨਾ' ਲਈ ਦੀਵਾਲੀ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਸਹਿਯੋਗ ਦਿੱਤਾ। ਅੱਗੇ ਤੋਂ ਵੀ ਆਸ ਕਰਦਾ ਹਾਂ ਕਿ ਇਸੇ ਤਰ੍ਹਾਂ ਸਹਿਯੋਗ ਕਰਦੇ ਰਹਿਣਗੇ।
ਡਾ. ਬਲਬੀਰ ਸੈਣੀ, ਪੱਤਰਕਾਰ ਹੁਸ਼ਿਆਰਪੁਰ, ਮੋ. 94632-61803

## ਦੀਵਾਲੀ, ਵਿਸ਼ਵਕਰਮਾ, ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ



ਵੱਲੋਂ : ਡੀ ਐੱਸ ਟੀ/ਸੀ ਐੱਸ ਟੀ ਇਸਟਰੱਕਟਰ ਯੂਨੀਅਨ ਪੰਜਾਬ

## ਦੀਵਾਲੀ, ਵਿਸ਼ਵਕਰਮਾ, ਬੰਦੀ ਛੋੜ ਦਿਵਸ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਮੁਬਾਰਕਾਂ

ਕਾਮਰੇਡ ਗੁਰਨੇਕ ਸਿੰਘ ਭੱਜਲ
ਜ਼ਿਲ੍ਹਾ ਸਕੱਤਰ ਸੀ ਪੀ ਆਈ ਐੱਮ



ਵੱਲੋਂ : ਸੀ ਪੀ ਆਈ ਐੱਮ ਹੁਸ਼ਿਆਰਪੁਰ

## दिपावली की बहुत बहुत शुभकामनाएँ



Rtn. Avtar Singh
President

Rtn. Inderpal Singh
Secretary

Rtn. D.P. Kathuria
Club Treasurer

Rtn. Manoj Ohri
Executive Secretary

Happy Diwali

ROTARY CLUB HOSHIARPUR MID TOWN

# ਦੀਵਾਲੀ, ਵਿਸ਼ਵਕਰਮਾ ਤੇ ਗੁਰਪੁਰਬ ਮੌਕੇ ਨਿਹਾਲ ਸਿੰਘ ਵਾਲਾ ਤੋਂ ਵਿਸ਼ੇਸ਼ ਸਪਲੀਮੈਂਟ


ਡੀ ਜੀ ਪੀ ਸ੍ਰੀ ਗੌਰਵ ਯਾਦਵ ਪੰਜਾਬ


ਅਜੈ ਗਾਂਧੀ ਐਸ਼ ਪੀ ਮੋਗਾ ਡਿਪਟੀ


ਅਨਵਰ ਅਲੀ ਨਿਹਾਲ ਸਿੰਘ ਵਾਲਾ


ਪੂਰਨ ਸਿੰਘ ਧਾਲੀਵਾਲ ਐਸ ਐਚ ਓ ਨਿਹਾਲ ਸਿੰਘ ਵਾਲਾ


ਜਸਵੰਤ ਸਿੰਘ ਸਰਾਂ
ਏ ਐਸ ਆਈ ਬਿਲਾਸਪੁਰ


ਸੰਤ ਬਾਬਾ ਜੀਤ ਸਿੰਘ ਗੁਰੂਦਵਾਰਾ ਮਲੋ ਸ਼ਹੀਦ


ਜੀਵਨ ਕੁਮਾਰ

ਨਿਹਾਲ ਸਿੰਘ ਵਾਲਾ ਤੋਂ ਨਵਾਂ ਜ਼ਮਾਨਾ ਦੇ ਪੱਤਰਕਾਰ ਲਵਲੀ ਮਾਛੀਕੇ ਨੂੰ ਆਪਣੇ ਦਿਲ ਦੀਆਂ ਗਹਿਰਾਈਆਂ ਵਿੱਚੋਂ ਦੀਵਾਲੀ ਅਤੇ ਗੁਰਪੁਰਬ ਦੀਆਂ ਲੱਖ ਲੱਖ ਮੁਬਾਰਕਾਂ ਦਿੰਦਾਂ ਹਾਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਮੇਰਾ ਭਰਾ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ



ਨਿਹਾਲ ਸਿੰਘ ਵਾਲਾ ਤੋਂ ਨਵਾਂ ਜ਼ਮਾਨਾ ਦੇ ਪੱਤਰਕਾਰ ਲਵਲੀ ਮਾਛੀਕੇ ਨੂੰ ਦੀਵਾਲੀ ਤੇ ਵਿਸ਼ੇਸ਼ ਸਪਲੀਮੈਂਟ ਕੱਢਣ ਤੇ ਸਮੂਹ ਪੱਤਰਕਾਰ ਭਾਈਚਾਰੇ ਵੱਲੋਂ ਲੱਖ ਲੱਖ ਮੁਬਾਰਕਾਂ ਇਹ ਮਿਹਨਤੀ ਇਨਸਾਨ ਹਨ ਤੇ ਪਰਮਾਤਮਾ ਚੜ੍ਹਦੀ ਕਲਾ ਵਿੱਚ ਰੱਖੇ ਵਾਹਿਗੁਰੂ ਹਮੇਸ਼ਾ ਮੇਹਰ ਭਰਿਆ ਹੱਥ ਰੱਖੇ । - ਸਮੂਹ ਪੱਤਰਕਾਰ ਭਾਈਚਾਰਾ ਨਿਹਾਲ ਸਿੰਘ ਵਾਲਾ

ਦੀਵਾਲੀ ਵਿਸ਼ਵਕਰਮਾ ਦਿਵਸ ਅਤੇ ਗੁਰਪੁਰਬ ਦੀਆਂ ਆਪ ਸਭ ਨੂੰ ਲੱਖ ਲੱਖ ਵਧਾਈਆਂ








ਆਤਮਾ ਸਿੰਘ ਧੂੜਕੋਟ
ਜ਼ਿਲ੍ਹਾ ਪ੍ਰਧਾਨ ਮੋਗਾ


ਕੁਲਦੀਪ ਸਿੰਘ ਮੀਤ ਪ੍ਰਧਾਨ


ਹਰਜਿੰਦਰ ਸਿੰਘ ਮੁੱਖ ਬੁਲਾਰਾ ਮੋਗਾ

ਸ਼ੇਰੇ ਏ ਪੰਜਾਬ ਕਿਸਾਨ ਯੂਨੀਅਨ ਵੱਲੋਂ ਦੀਵਾਲੀ ਤੇ ਗੁਰਪੁਰਬ ਦੀਆਂ ਸਮੂਹ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈਆਂ

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਐਸ ਐਸ ਪੀ ਅਜੈ ਗਾਂਧੀ ਡਿਪਟੀ ਅਨਵਰ ਅਲੀ ਐਸ਼ ਐੱਚ ਪੂਰਨ ਸਿੰਘ ਧਾਲੀਵਾਲ ਏ ਐਸ ਆਈ ਜਸਵੰਤ ਸਿੰਘ ਸਰਾਂ ਵੱਲੋਂ ਨਿਹਾਲ ਸਿੰਘ ਵਾਲਾ ਤੋਂ ਦੀਵਾਲੀ ਤੇ ਵਿਸ਼ੇਸ਼ ਸਪਲੀਮੈਂਟ ਕੱਢਣ ਤੇ ਪੱਤਰਕਾਰ ਲਵਲੀ ਮਾਛੀਕੇ ਨੂੰ ਆਪਣੀਆਂ ਦਿਲ ਦੀਆਂ ਗਹਿਰਾਈਆਂ ਵਿੱਚੋਂ ਲੱਖ ਲੱਖ ਮੁਬਾਰਕਾਂ ਦਿੰਦੇ ਹਾਂ ਅਤੇ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਇਸ ਪੱਤਰਕਾਰ ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹੇ।


ਸੁਖਦੇਵ ਸਿੰਘ ਖਾਲਸਾ


ਰਣਜੀਤ ਕੁਮਾਰ ਬਾਵਾ
ਪੱਤਰਕਾਰ


ਪਲਵਿੰਦਰ ਟਿਵਾਣਾ


ਪ੍ਰੈਸ ਰਿਪੋਰਟ ਮਿੰਟੂ ਖੁਰਮੀ
ਹਿੰਮਤਪੁਰਾ


ਕੁਲਦੀਪ ਗੌਹਲ
ਪੱਤਰਕਾਰ


ਪੱਤਰਕਾਰ ਹਰਭਜਨ
ਧਾਲੀਵਾਲ

# ਦੀਵਾਲੀ ਅਤੇ ਬੰਦੀਛੋੜ ਦਿਵਸ ’ਤੇ ਮਾਹਿਲਪੁਰ ਤੋਂ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ



## ਅਪੀਲ

☛ ਘਰਾਂ ਦੇ ਆਲੇ-ਦੁਆਲੇ ਨੂੰ ਸਾਫ਼ ਸੁਥਰਾ ਰੱਖੋ ਅਤੇ ਪਾਣੀ ਨਾ ਖੜ੍ਹਾ ਹੋਣ ਦਿਓ ☛ ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਾਅ ਲਈ ਪਾਣੀ ਉਬਾਲ ਕੇ ਪੀਓ ☛ ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਨਾ ਕਰੋ ☛ ਪੀਣ ਵਾਲੇ ਪਾਣੀ ਦੀ ਦੁਰਵਰਤੋਂ ਨਾ ਕਰੋ ☛ ਪਿੰਡਾਂ ਨੂੰ ਸਾਫ਼ ਸੁਥਰਾ ਰੱਖਿਆ ਜਾਵੇ ☛ ਗਰੀਨ ਦੀਵਾਲੀ ਮਨਾਈ ਜਾਵੇ।

## ਮਨਜਿੰਦਰ ਕੌਰ

ਬਲਾਕ ਵਿਕਾਸ ਅਤੇ ਪੰਚਾਇਤ ਅ.ਫਸਰ, ਗੜ੍ਹਸ਼ੰਕਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਹਰ ਤਰ੍ਹਾਂ ਦੀਆਂ ਹਰਨੀਆਂ, ਪਿੱਤੇ ਦੀ ਪੱਥਰੀ, ਬੱਚੇਦਾਨੀ ਦੀਆਂ ਰਸੌਲੀਆਂ, ਬਵਾਸੀਰ, ਭਗੰਦਰ, ਮਸਾਨੇ ਦੀ ਪੱਥਰੀ ਅਤੇ ਛਾਤੀ ਦੇ ਅਪਰੇਸ਼ਨ ਕੀਤੇ ਜਾਂਦੇ ਹਨ

**ਡਾ. ਬਲਜਿੰਦਰ ਸਿੰਘ**

ਜਨਰਲ ਸਰਜਨ ਸਿਵਲ ਹਸਪਤਾਲ, ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਬਿੱਲੇ ਦੀ ਹੱਟੀ**



Gaurav Gupta

Neat & Clean Wholesale Karyana Store

99150-45261, 84378-75261

Main Chowk Phagwara Road Mahilpur (HSP) 146105

---

ਸਤਿਗੁਰ ਬੰਦੀਛੋੜ ਜੀਵਣ ਮੁਕਤਿ ਕਰੈ ਓਡੀਣਾ

**ਦੋਆਬਾ ਪਬਲਿਕ ਸਕੂਲ ਦੋਹਲਰੋਂ ਡਾਕਖਾਨਾ ਮਾਹਿਲਪੁਰ ਜ਼ਿਲ੍ਹਾ ਹੁਸ਼ਿਆਰਪੁਰ**

ਵੱਲੋਂ ਸਮੂਹ ਮਾਪਿਆਂ ਤੇ ਇਲਾਕਾ ਨਿਵਾਸੀਆਂ ਨੂੰ ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਬਹੁਤ-ਬਹੁਤ ਮੁਬਾਰਕਾਂ




45 ਸਾਲਾਂ ਤੋਂ ਇਲਾਕੇ ਦੀ ਸੇਵਾ ਕਰ ਰਹੀ ਨਾਮਵਰ ਵਿੱਦਿਆ ਸੰਸਥਾ, ਜਿਸ ਦੇ ਵਿੱਦਿਅਕ ਤੇ ਖੇਡਾਂ ਦੇ ਖੇਤਰ ਦੇ ਨਤੀਜੇ ਬੋਲਦੇ ਹਨ। ਹਰ ਬੱਚੇ ਦੇ ਮਾਨਸਿਕ, ਨੈਤਿਕ, ਬੌਧਿਕ ਵਿਕਾਸ ਵੱਲ ਵਿਸ਼ੇਸ਼ ਧਿਆਨ।

ਸ. ਹਰਜਿੰਦਰ ਸਿੰਘ ਗਿੱਲ, ਮੈਨੇਜਿੰਗ ਡਾਇਰੈਕਟਰ — ਹਰਪ੍ਰੀਤ ਕੌਰ, ਚੇਅਰਪਰਸਨ

---

**S.G.G.S. KHALSA COLLEGE MAHILPUR**

Affiliated to Panjab University, Chandigarh
(Re-accredited with 'A' Grade by NAAC)
Ph. 01884-245236, Website: www.sggskcm.org

ADMISSION/REGISTRATION 2025-26

COURSES OFFERED

UNDER-GRADUATE DEGREE PROGRAMMES
- B.Sc. Medical & Non-Medical
- B.Com
- B.B.A. Banking Financial Services & Insurance,
- B.Sc. (Fashion Designing)
- B.Voc. (Horticulture Science)
- B.C.A.
- B.A. (Various Subjects)
- B.P.Ed.
- D.P.Ed.
- Bachelor in Physical Education & Sports

POST-GRADUATE DEGREE PROGRAMMES
- M.Sc. (Chemistry, Physics, Mathematics, Fashion Designing, Information Technology)
- M.A. (Punjabi, Economics, Political Science, Hindi, English, Music (Vocal), Human Rights & Duties)
- M.Com.
- P.G.D.C.A.
- M.P. Ed.

ADD ON COURSES

Computer Hardware & Maintenance, Journalism, Computer Based Accounting, Business Insurance, Communicative English, Yoga & Mental Health

NEW COURSES OFFERED W.E.F. SESSION 2025-26
B.Sc. Medical Lab Technology (MLT)
B.B.A. (Hons.)

SALIENT FEATURES
- Qualified and Experienced Staff
- Vast and Lush Green Campus spread over 28 Acres of Land
- Separate Hostel Facilities for Boys and Girls with 24 Hour Power Backup
- Scholarship worth Rupees 10 Lakhs Provided to Needy and Meritorious Students
- Well Stocked Fully Computerized Library
- Bus Facility for Students

ADMISSION HELP LINE:

| (Science) | (Commerce) | (Arts) |
|---|---|---|
| 97812-64262 82840-72216 | 98884-46484 | 84370-89769 |

Sant Sadhu Singh Ji Kaharpuri, President — Dr. Parvinder Singh, Principal

---

**HOTEL KARAM**

RESTAURANT & MARRIAGE PALACE

Fully A/c
Celebration Hall
Kitty Hall
Family Restaurant & A/c Rooms Available

Gathering 50 Persons to 500 Persons

Contact For Booking:
(M) 79867-00957, 94647-57575
(O) 01884-213057
PHAGWARA ROAD, MAHILPUR (HSP.)

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਦਵਿੰਦਰ ਸਿੰਘ ਸੈਣੀ**

ਪ੍ਰਧਾਨ ਨਗਰ ਪੰਚਾਇਤ ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਅਵਤਾਰ ਸਿੰਘ**

ਬਲਾਕ ਵਿਕਾਸ ਅਤੇ ਪੰਚਾਇਤ ਅ.ਫਸਰ, ਮਾਹਿਲਪੁਰ

---

Oye_hoye_pizza

ਓਏ ਹੋਏ ! ਪੀਜ਼ਾ
**OYE HOYE ! PIZZA**
Outstanding Yummy Experience .... Happiness Of Your Everybite....

“ਮੈਦੇ ਨੂੰ ਭੁਲਾਓ ਤੇ ਆਟੇ ਨੂੰ ਅਪਣਾਓ, ਸਾਡਾ ਆਟਾ ਬੇਸ ਪਿਜ਼ਾ ਖਾਓ।”

BOGO BUY 1 GET 1 PIZZA FREE
EVERY SUNDAY ON MEDIUM / LARGE SIZE PIZZA
(VALID ON VEG SPECIAL, PANEER SPECIAL OR PREMIUM NON VEG PIZZA)

Special arrangements from every event and package for kiti party, birthday party, Anniversary party, another party arrangement all Services available

Burger Starts @ ₹39
Vada Pav Starts @ ₹39
Pizza Starts @ ₹59
Kuladh Chai Starts @ ₹29
Desi Ghee Churi Starts @ ₹59

FREE HOME DELIVERY
ORDER NOW 70875 30399
BASEMENT OF MODERN KARYANA STORE, NEAR PNB BANK, PANCHHAT, DISTT. KAPURTHALA

---




ਵੈਰਾਜ ਭੂਸ਼ਨ, ਵੰਸ਼ਕਾ, ਅਮਨੀਤ ਕੌਰ, ਕੀਰਤ ਕੌਰ
ਬੰਗਾ — ਬਹਿਬਲਪੁਰ

---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਸੁਰਿੰਦਰ ਕੌਰ**

ਮਿਉਂਸਪਲ ਕੌਂਸਲਰ, ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਬਲਵਿੰਦਰ ਮਰਵਾਹਾ**



ਮਿਉਂਸਪਲ ਕੌਂਸਲਰ ਮਾਹਿਲਪੁਰ, ਪ੍ਰਧਾਨ ਭਗਵਾਨ ਵਾਲਮੀਕਿ ਮੰਦਰ ਸਭਾ ਮਾਹਿਲਪੁਰ (ਰਜਿ.), ਚੇਅਰਮੈਨ ਭਗਵਾਨ ਵਾਲਮੀਕਿ ਧਰਮ ਰਕਸ਼ਾ ਸੰਮਤੀ ਮਾਹਿਲਪੁਰ (ਪੰਜਾਬ)

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਜਸਵੰਤ ਸਿੰਘ ਥਿੰਦ**

ਸੀਨੀਅਰ ਮੈਡੀਕਲ ਅ.ਫਸਰ ਸਿਵਲ ਹਸਪਤਾਲ, ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਅਰਵਿੰਦਰ ਸਿੰਘ ਹਵੇਲੀ**

ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਮੈਲੀ (ਹੁਸ਼ਿਆਰਪੁਰ)

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਬਲਬੀਰ ਸਿੰਘ**

ਮੁੱਖ ਅਧਿਆਪਕ ਸਰਕਾਰੀ ਹਾਈ ਸਕੂਲ ਟੂਟੋ ਮਜ਼ਾਰਾ (ਹੁਸ਼ਿਆਰਪੁਰ)

---

Prop. Balwinder Singh "Binda" M. 98781-79308 (S) 62847-22606 (M) 75288-44308



Balwinder Singh Binda

**BALDEEP SWEET SHOP**

Phagwara Road, Near Bus Stand, MAHILPUR, Distt. Hoshiarpur

---

**SADA NAND & SONS**

ਇੱਥੇ ਸਟੇਸ਼ਨਰੀ ਅਤੇ ਮਨਿਆਰੀ ਦਾ ਹਰ ਤਰ੍ਹਾਂ ਦਾ ਸਮਾਨ ਮਿਲਦਾ ਹੈ।

ਰਾਜ ਕੁਮਾਰ

MAIN ROAD, MAHILPUR
98726-73473, 81467 61588, 99158-20111

---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਦਰਸ਼ਨ ਸਿੰਘ ਮੱਟੂ**

ਜ਼ਿਲ੍ਹਾ ਜਨਰਲ ਸਕੱਤਰ ਕੁੱਲ ਹਿੰਦ ਕਿਸਾਨ ਸਭਾ, ਹੁਸ਼ਿਆਰਪੁਰ

---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਜਸਪਾਲ ਸਿੰਘ**

ਸਾਂਝ ਕੇਂਦਰ ਗੜ੍ਹਸ਼ੰਕਰ

---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਡਾ. ਪਰਮਿੰਦਰ ਸਿੰਘ**

ਅਪਥਾਲਮਿਕ ਅ.ਫਸਰ ਸੀ ਐੱਚ ਸੀ ਮਾਹਿਲਪੁਰ

---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਡਾ. ਰਜਿਤ ਆਦੀਆ**

ਦੰਦਾਂ ਦੇ ਮਾਹਿਰ ਸਿਵਲ ਹਸਪਤਾਲ, ਮਾਹਿਲਪੁਰ

---

BAWA ਮਾਰਕਾ ਇੱਟਾਂ

**ਸ਼ੰਭੂ ਦਾ ਭੱਠਾ**

ਟੂਟੋਮਜ਼ਾਰਾ : 98144-32280, 83609-35613
ਨੂਰਪੁਰ ਬ੍ਰਾਹਮਣਾ : 98143-35092, 91700-00092
ਚਿੰਤਪੁਰਨੀ ਮੰਦਰ (ਠੁਆਣਾ) 98156-30033

ਅਨੂਪ ਗੁਪਤਾ 98144-32280

ਟੂਟੋਮਜ਼ਾਰ, ਮੇਘੋਵਾਲ, ਰੋਡ, ਬੈਕ ਸਾਈਡ ਮਾਈਵਾਲੀ ਮੰਦਰ, (ਹੁਸ਼ਿਆਰਪੁਰ)

---

(S) 01884-247445 (M) 98726-71350

**GAUTAM MEDICAL HALL**

CHEMISTS & DRUGGISTS

ਸੁਭਾਸ਼ ਕੁਮਾਰ

ਇੱਥੇ ਹਰ ਤਰ੍ਹਾਂ ਦੀਆਂ ਅੰਗਰੇਜ਼ੀ, ਦੇਸੀ ਅਤੇ ਪਸ਼ੂਆਂ ਦੀਆਂ ਦਵਾਈਆਂ ਮਿਲਦੀਆਂ ਹਨ।

SUBHASH KUMAR
(D-PHARMA)
PRESIDENT
Chemist's Association Mahilpur
Member-DCAH

Near Bhuri Mata Mandir, Phagwara Road, Mahilpur, Distt. Hoshiarpur.

---




---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਬਲਬੀਰ ਸਿੰਘ ਸਵੈਨ**

ਸਰਪੰਚ, ਸਕਰੂਲੀ (ਹੁਸ਼ਿਆਰਪੁਰ)

---



ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਸ਼੍ਰੀਮਤੀ ਰੀਟਾ**

ਸਾਬਕਾ ਕੌਂਸਲਰ, ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



ਨਛੱਤਰ ਸਿੰਘ, ਸਰਪੰਚ ਟੂਟੋਮਜ਼ਾਰਾ



ਬਲਜੀਤ ਸਿੰਘ, ਪੰਚ ਟੂਟੋਮਜ਼ਾਰਾ

---




ਗਗਨਦੀਪ, ਦੀਪਕ ਕੁਮਾਰ
73408-73508, ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਤਲਵਿੰਦਰ ਹੀਰ**

ਕਿਸਾਨ ਆਗੂ ਏਕਤਾ ਉਗਰਾਹਾਂ ਭਾਕਿਯੂ ਮਾਹਿਲਪੁਰ

---

**ਸੁਖਪਾਲ ਸਿੰਘ**

ਮਾਰਕਫੈੱਡ ਮੈਨੇਜਰ ਬਰਾਂਚ ਮਾਹਿਲਪੁਰ



---

**ਸ਼ਸ਼ੀ ਬੰਗੜ**

ਮਿਉਂਸਪਲ ਕੌਂਸਲਰ, ਮਾਹਿਲਪੁਰ



---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਦਲਜੀਤ ਕੌਰ**



ਸਰਪੰਚ ਮਜ਼ਾਰਾ ਡਿੰਗਰੀਆਂ, ਹੁਸ਼ਿਆਰਪੁਰ

---

**Maa Durga Dairy**

Amar Nath Ohri, Ragunath Sahai

Suppliers of : Milk, Desi Ghee, Butter Paneer & Cream



Rajan Ohri

S.S.S. Boys School, Garhshankar Road, Mahilpur

98155-77234

---

**ਇੰਡੋਰਾ ਹੋਟਲ, ਪਟਿਆਲਾ**

BANQUET, RESTAURANT, ROOMS, BAR




ਇੰਦਰਜੀਤ ਸਿੰਘ ਪਟਿਆਲਾ

---

ਸਵੱਛ ਭਾਰਤ, ਸਵੱਛ ਮਾਹਿਲਪੁਰ

**NAGAR PANCHAYAT, MAHILPUR**
*DISST. HOSHIARPUR*

SAVE WATER

## ਅਪੀਲ


ਨਗਰ ਪੰਚਾਇਤ, ਮਾਹਿਲਪੁਰ ਦੇ ਸ਼ਹਿਰ ਵਾਸੀਆਂ ਨੂੰ ਹੇਠ ਲਿਖੇ ਅਨੁਸਾਰ ਅਪੀਲ ਕੀਤੀ ਜਾਂਦੀ ਹੈ :

1. ਘਰਾਂ ਦੇ ਆਲੇ-ਦੁਆਲੇ ਨੂੰ ਸਾਫ ਸੁਥਰਾ ਰੱਖੋ ਅਤੇ ਘਰਾਂ ਦੇ ਆਲੇ ਦੁਆਲੇ ਪਾਣੀ ਨਾ ਖੜ੍ਹਾ ਹੋਣ ਦਿਓ। ਡੇਂਗੂ, ਮਲੇਰੀਆ ਅਤੇ ਹੋਰ ਵੈਕਟਰ ਬੋਰਨ ਬਿਮਾਰੀਆਂ ਤੋਂ ਬਚਾਅ ਲਈ ਪਾਣੀ ਉਬਾਲ ਕੇ ਪੀਓ।
2. ਪਲਾਸਟਿਕ ਦੇ ਲਿਫਾਫਿਆਂ ਦੀ ਵਰਤੋਂ ਗੁਰੇਜ਼ ਕੀਤਾ ਜਾਵੇ, ਕਿਉਂ ਜੋ ਇਹ ਨਾ ਗਲਣਯੋਗ ਹੈ। ਇਸ ਨਾਲ ਨਾਲੀਆਂ ਅਤੇ ਸੀਵਰੇਜ਼ ਦੇ ਪਾਣੀ ਵਿੱਚ ਰੁਕਾਵਟ ਹੁੰਦੀ ਹੈ।
3. ਪੀਣ ਵਾਲੀ ਪਾਣੀ ਦੀ ਦੁਰਵਰਤੋਂ ਨਾ ਕੀਤੀ ਜਾਵੇ। ਦੁਰਵਰਤੋਂ ਕਰਨ ਵਾਲਿਆਂ ਵਿਰੁੱਧ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।
4. ਨਗਰ ਪੰਚਾਇਤ, ਮਾਹਿਲਪੁਰ ਵੱਲੋਂ ਸਾਲ 2013-14 ਤੋਂ ਹੁਣ ਤੱਕ ਦਾ ਬਕਾਇਆ ਰਹਿੰਦਾ ਪ੍ਰਾਪਰਟੀ ਟੈਕਸ, ਵਾਟਰ ਸਪਲਾਈ, ਮੌਜੂਦਾ ਟ੍ਰੇਡ ਲਾਇਸੰਸ ਫੀਸ ਅਤੇ ਨਕਸ਼ਾ ਫੀਸ ਦੀ ਅਦਾਇਗੀ ਸਮੇਂ ਸਿਰ ਕੀਤੀ ਜਾਵੇ।
5. ਸ਼ਹਿਰ ਨੂੰ ਸਾਫ ਸੁਥਰਾ ਰੱਖਣ ਵਿੱਚ ਨਗਰ ਪੰਚਾਇਤ ਨੂੰ ਪੂਰਾ ਸਹਿਯੋਗ ਦਿਓ।

ਸਹੀ/-
ਕਾਰਜ ਸਾਧਕ ਅਫਸਰ,
ਨਗਰ ਪੰਚਾਇਤ, ਮਾਹਿਲਪੁਰ।

---

## ਮਾਣਮੱਤੀਆਂ ਸ਼ਖ਼ਸੀਅਤਾਂ



ਮਨਜਿੰਦਰ ਕੌਰ — ਬਲਾਕ ਵਿਕਾਸ ਅਤੇ ਪੰਚਾਇਤ ਅ.ਫਸਰ, ਗੜ੍ਹਸ਼ੰਕਰ



ਸਿਮਰਨ ਸਿੰਘ ਢੀਂਡਸਾ — ਕਾਰਜ ਸਾਧਕ ਅ.ਫਸਰ ਨਗਰ ਪੰਚਾਇਤ ਮਾਹਿਲਪੁਰ



ਪ੍ਰਿੰਸੀਪਲ ਪਰਵਿੰਦਰ ਸਿੰਘ — ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ



ਹਰਜਿੰਦਰ ਸਿੰਘ ਗਿੱਲ — ਮੈਨੇਜਿੰਗ ਡਾਇਰੈਕਟਰ ਦੋਆਬਾ ਸਕੂਲ ਮਾਹਿਲਪੁਰ



ਜੈ ਪਾਲ ‘ਡੱਬ’ — ਥਾਣਾ ਮੁਖੀ ਮਾਹਿਲਪੁਰ



ਧਰਮ ਸਿੰਘ — ਸਮਾਜ ਸੇਵੀ, ਮਾਹਿਲਪੁਰ



ਰਜੀਵ ਕੁਮਾਰ ਬੰਗੜ — ਪੀ ਐਨ ਬੀ, ਮੇਘੂਵਾਲ ਦੁਆਬਾ



ਬਲਵਿੰਦਰ ਸਿੰਘ — ਇੰਸਪੈਕਟਰ ਮਜ਼ਾਰਾ ਡਿੰਗਰੀਆਂ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ



**ਗੁਰਪ੍ਰੀਤ ਸਿੰਘ**

ਧਰਮਕੰਡਾ ਮਾਹਿਲਪੁਰ

---

ਦੀਵਾਲੀ ਮੌਕੇ ਪੱਤਰਕਾਰ ਸਫਰੀ ਵੱਲੋਂ ਵਿਸ਼ੇਸ਼ ਸਪਲੀਮੈਂਟ ਕੱਢਣ ’ਤੇ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈਆਂ

**ਪ੍ਰਦਿਮਨ ਗੌਤਮ**



ਵਾਇਸ ਪ੍ਰਧਾਨ ਪੀ ਐੱਸ ਈ ਬੀ ਏਟਕ, ਪੰਜਾਬ

---

## ਧੰਨਵਾਦ

ਮੈਂ ਉਨ੍ਹਾਂ ਸਾਰੇ ਦੋਸਤਾਂ-ਮਿੱਤਰਾਂ ਦਾ ਤਹਿ ਦਿਲੋਂ ਸ਼ੁਕਰੀਆ ਅਦਾ ਕਰਦਾ ਹਾਂ, ਜਿਨ੍ਹਾਂ ਨੇ ਮਾਹਿਲਪੁਰ ਤੋਂ ‘ਨਵਾਂ ਜ਼ਮਾਨਾ’ ਲਈ ਸਪਲੀਮੈਂਟ ਕੱਢਣ ’ਚ ਸਹਿਯੋਗ ਦਿੱਤਾ। ਅਗਲੀ ਦੀਵਾਲੀ ’ਤੇ ਫਿਰ ਮਿਲਣ ਦੀ ਆਸ ਰੱਖਦਾ ਹਾਂ



**ਸੁਖਵਿੰਦਰ ਸਿੰਘ ਸਫਰੀ**

ਪੱਤਰਕਾਰ ਮਾਹਿਲਪੁਰ
ਮੋਬਾ. 98782-17713, 99158-16713



ਚਰਨਜੀਤ ਸਮਾਲਸਰ ਦੀਆਂ ਕਵਿਤਾਵਾਂ
(ਆਖਰੀ ਤੋਂ ਪਹਿਲੇ ਸਫੇ 'ਤੇ)

# ਨਵਾਂ ਜ਼ਮਾਨਾ ਐਤਵਾਰਤਾ

ਮੈਂ ਉਡਦੇ ਪੰਛੀਆਂ ਲਈ
ਅੰਬਰਾਂ 'ਚ ਵੀ ਰਾਹ ਮੰਗਾਂ
ਤੂੰ ਜਿਸ ਵੀ ਸਫ਼ਰ 'ਤੇ ਹੈਂ
ਤੇਰੇ ਲਈ ਦੁਆ ਮੰਗਾਂ।
- ਜਸਵਿੰਦਰ ਸੈਣੀ

Regd. No : L-4/Pb-JL-0023/2024-26, (R.N.I.)-00068/57 | ਜਲੰਧਰ : ਐਤਵਾਰ, 19 ਅਕਤੂਬਰ 2025 | www.nawanzamana.in | ਕੀਮਤ 5.00 ਰੁਪਏ



ਡਾ. ਗਿਡੀਅਨ ਪੋਲਿਆ

ਅਨੁ : ਬੂਟਾ ਸਿੰਘ ਮਹਿਮੂਦਪੁਰ


# ਬਸਤੀਵਾਦੀ ਯੁੱਧਨੀਤੀ : 'ਟੈਰਾ ਨੁਲੀਅਸ' ਤੋਂ ਗਾਜ਼ਾ ਤੱਕ

*"ਮੈਲਬੋਰਨ ਸਥਿਤ ਡਾ. ਗਿਡੀਅਨ ਪੋਲਿਆ ਉੱਘੇ ਵਿਗਿਆਨੀ, ਲੇਖਕ, ਕਲਾਕਾਰ ਅਤੇ ਮਾਨਵਤਾਵਾਦੀ ਕਾਰਕੁਨ ਹਨ। ਉਨ੍ਹਾਂ ਨੇ ਲਾ ਟ੍ਰੋਬ ਯੂਨੀਵਰਸਿਟੀ ਮੈਲਬੋਰਨ ਵਿਚ ਚਾਰ ਦਹਾਕੇ ਸਾਇੰਸ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ ਅਤੇ ਉਨ੍ਹਾਂ ਦੇ ਲੱਗਭੱਗ 130 ਵਿਗਿਆਨਕ ਖੋਜ-ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਵਿਚ Biochemical Targets of Plant Bioactive Compounds (2003) ਨਾਂਅ ਦਾ ਦਵਾਈਆਂ ਅਤੇ ਉਨ੍ਹਾਂ ਦੇ ਪ੍ਰਭਾਵ ਦਾ ਵਿਗਿਆਨ ਬਾਰੇ ਵਿਸ਼ਾਲ ਗ੍ਰੰਥ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ। ਉਹ Jane Austen and the Black Hole of British History (1998, 2008, 2022), "US-imposed Post-I/AA Muslim Holocaust & Muslim Genocide" (2020), Climate Crisis, Climate Genocide & Solutions (2020), Free Palestine: End Apartheid Israel, Human Rights Denial, Gaza Massacre, Child Killing, Occupation and Palestinian Genocide (2024) ਵਰਗੀਆਂ ਪ੍ਰਸਿੱਧ ਰਚਨਾਵਾਂ ਦੇ ਲੇਖਕ ਹਨ। ਪਿਛਲੇ ਦਿਨੀਂ 22 ਜੂਨ ਨੂੰ ਉਨ੍ਹਾਂ ਨੇ 'ਕੇ.ਪੀ. ਸਸੀ ਤੀਜਾ ਯਾਦਗਾਰੀ ਵੈਬੀਨਰ' ਵਿਚ 'ਇਜ਼ਰਾਇਲ : ਗੋਰੇ ਯੂਰਪੀ ਬਸਤੀਵਾਦ ਦੀ ਅੰਤਿਮ ਚੌਕੀ' ਵਿਸ਼ੇ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਜਾਣਕਾਰੀ ਭਰਪੂਰ ਭਾਸ਼ਣ ਦੇ ਮਹੱਤਵਪੂਰਨ ਅੰਸ਼ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ, ਜਿਨ੍ਹਾਂ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।"*

———————

ਸਭ ਤੋਂ ਪਹਿਲਾਂ ਮੈਂ 'ਇਜ਼ਰਾਈਲ ਨੂੰ ਆਖ਼ਰੀ ਯੂਰਪੀ ਬਸਤੀਵਾਦੀ ਪ੍ਰੋਜੈਕਟ' ਕਹੇ ਜਾਣ ਦੇ ਵਿਸ਼ੇ ਦੀ ਸ਼ੁਰੂਆਤ 10,000 ਈਸਾ ਪੂਰਵ ਤੋਂ ਕਰਨੀ ਚਾਹੁੰਦਾ ਹਾਂ, ਜਦੋਂ ਮਨੁੱਖਾਂ ਨੇ ਖੇਡ ਅਤੇ ਸੰਗ੍ਰਹਿ ਤੋਂ ਸਥਾਈ ਖੇਤੀ ਵੱਲ ਰੁਖ ਕੀਤਾ। ਇਸ ਤਬਦੀਲੀ ਵਿਚ ਅਨਾਜ ਦੀ ਖੇਤੀ, ਪਸ਼ੂ ਪਾਲਣ ਅਤੇ ਸਥਾਈ ਬਸਤੀਆਂ ਸ਼ਾਮਲ ਸਨ। ਸਥਾਈ ਖੇਤੀ ਨੇ ਫ਼ਸਲਾਂ ਅਤੇ ਬਸਤੀਆਂ ਦੀ ਸੁਰੱਖਿਆ ਦੀ ਲੋੜ ਪੈਦਾ ਕੀਤੀ, ਜਿਸ ਨਾਲ ਮਰਦਾਵਾਂ ਫ਼ੌਜਵਾਦ, ਪਿਤਰ-ਸੱਤਾ, ਜੰਗ, ਫ਼ੌਜੀ ਤਕਨੀਕ ਦਾ ਵਿਕਾਸ, ਸ਼ਹਿਰ, ਨਗਰ-ਰਾਜ, ਰਾਸ਼ਟਰ-ਰਾਜ ਅਤੇ ਸਾਮਰਾਜ ਹੋਂਦ ਵਿਚ ਆਏ। ਅੰਤ ਵਿਚ ਇਹੀ ਪ੍ਰਕਿਰਿਆ ਸਾਨੂੰ ਆਧੁਨਿਕ ਸਮੇਂ ਦੇ ਪਰਮਾਣੂ ਹਥਿਆਰਾਂ ਤੱਕ ਲੈ ਆਈ ਹੈ, ਜੋ ਪੂਰੀ ਮਨੁੱਖਤਾ ਅਤੇ ਜੀਵ-ਮੰਡਲ ਨੂੰ ਤਬਾਹ ਕਰ ਸਕਦੇ ਹਨ-ਇਹ ਸਚਾਈ ਅੱਜ ਅਸੀਂ ਬਾਖ਼ੂਬੀ ਸਮਝਦੇ ਹਾਂ।

1453 'ਚ ਕਾਂਸਟੈਂਟਿਨੋਪਲ 'ਤੇ ਤੁਰਕਾਂ ਦੀ ਜਿੱਤ ਅਤੇ ਉੱਤਰੀ ਅਫ਼ਰੀਕਾ, ਪੱਛਮੀ ਏਸ਼ੀਆ ਅਤੇ ਮੱਧ-ਪੂਰਬ ਵਿਚ ਮੁਸਲਮਾਨਾਂ ਦੇ ਗ਼ਲਬੇ ਨੇ ਇਨ੍ਹਾਂ ਖੇਤਰਾਂ ਵਿਚ ਪੱਛਮੀ ਯੂਰਪੀ ਵਿਸਤਾਰ ਦਾ ਰਾਹ ਰੋਕ ਦਿੱਤਾ। ਜੇਰਡ ਡਾਇਮੰਡ ਨੇ ਆਪਣੀ ਕਿਤਾਬ 'ਗੰਨਜ਼, ਜਰਮਜ਼, ਐਂਡ ਸਟੀਲ' ਵਿਚ ਦੱਸਿਆ ਹੈ ਕਿ ਯੂਰਪੀਨ ਉਨ੍ਹਾਂ ਖੇਤਰਾਂ ਵਿਚ ਵਿਸਤਾਰ ਕਰਨਾ ਚਾਹੁੰਦੇ ਸਨ, ਜਿੱਥੇ ਯੂਰਪੀ ਤਰਜ਼ ਦੀ ਖੇਤੀ ਸੰਭਵ ਸੀ-ਜਿਵੇਂ ਕਣਕ, ਭੇਡ, ਗਾਂ। ਡਾਇਮੰਡ ਇਹ ਮੂਲ ਨੁਕਤਾ ਵੀ ਦੱਸਦੇ ਹਨ ਕਿ ਯੂਰੇਸ਼ੀਆ ਦੇ ਪੂਰਬ-ਪੱਛਮ ਧੁਰੇ ਨੇ ਤਕਨੀਕੀ ਅਤੇ ਖੇਤੀ ਸੰਬੰਧੀ ਖੋਜਾਂ ਦੇ ਤੇਜ਼ ਪ੍ਰਸਾਰ ਨੂੰ ਸੰਭਵ ਬਣਾਇਆ, ਜਿਵੇਂ ਚੀਨ ਵਿਚ ਕੋਈ ਨਵੀਨਤਾ ਹੋਈ ਹੋਵੇ ਤਾਂ ਉਹ ਜਲਦੀ ਪੱਛਮੀ ਯੂਰਪ ਤੱਕ ਪਹੁੰਚ ਜਾਂਦੀ, ਪਰ ਅਫ਼ਰੀਕਾ ਅਤੇ ਅਮਰੀਕਾ ਦੇ ਉੱਤਰ-ਦੱਖਣ ਧੁਰਿਆਂ ਵਿਚ ਅਜਿਹਾ ਨਹੀਂ ਹੋ ਸਕਿਆ। ਜਦੋਂ ਯੂਰਪੀਅਨਾਂ ਨੇ ਜ਼ਮੀਨ ਹਥਿਆਈ ਅਤੇ ਮੂਲ ਨਿਵਾਸੀਆਂ ਨੂੰ ਮਾਰ ਦਿੱਤਾ ਜਾਂ ਖਦੇੜ ਦਿੱਤਾ ਤਾਂ ਉਨ੍ਹਾਂ ਨੇ 'ਟੈਰਾ ਨੁਲੀਅਸ' ਦਾ ਝੂਠ ਫੈਲਾਇਆ, ਜਿਸ ਦਾ ਲਾਤੀਨੀ ਵਿਚ ਭਾਵ ਹੈ 'ਖਾਲੀ ਜ਼ਮੀਨ'।

ਇਹੀ ਨਸਲਵਾਦੀ ਝੂਠ ਯੂਰਪੀ ਬਸਤੀਵਾਦੀਆਂ ਨੇ ਅਮਰੀਕਾ, ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਵਿਚ ਅਪਣਾਇਆ। ਇਹੀ ਝੂਠ ਇਜ਼ਰਾਈਲ ਨੇ ਅਪਣਾਇਆ ਹੋਇਆ ਹੈ-ਇਕ ਨਸਲਵਾਦੀ, ਨਸਲਘਾਤੀ ਬਸਤੀਵਾਦੀ ਰਾਜ ਜੋ ਨਾ ਸਿਰਫ਼ ਪੂਰੇ ਫ਼ਲਸਤੀਨ, ਬਲਕਿ ਨੀਲ ਨਦੀ ਤੋਂ ਯੂਫ਼ਰੇਟਸ ਤੱਕ ਦੀ ਜ਼ਮੀਨ ਹਥਿਆ ਲੈਣਾ ਚਾਹੁੰਦਾ ਹੈ, ਅਤੇ ਇਸ ਲਈ ਮੂਲ ਨਿਵਾਸੀਆਂ ਨੂੰ ਮਾਰਨਾ, ਬੇਦਖ਼ਲ ਕਰਨਾ ਜਾਂ ਉਨ੍ਹਾਂ ਨੂੰ ਜੇਲ੍ਹਨੁਮਾ ਬਸਤੀਆਂ ਅਤੇ ਤਸੀਹਾ ਕੈਂਪਾਂ ਵਿਚ ਸੀਮਤ ਕਰਨਾ ਇਸ ਦੀ ਯੁੱਧਨੀਤੀ ਹੈ।



ਡਾ. ਗਿਡੀਅਨ ਪੋਲਿਆ

ਯੂਰਪੀ ਬਸਤੀਵਾਦ ਦੇ ਕਾਰਨ ਹੋਈਆਂ ਮੌਤਾਂ 'ਤੇ ਨਜ਼ਰ ਮਾਰਨੀ ਜ਼ਰੂਰੀ ਹੈ-ਇਕ ਅਜਿਹਾ ਸੱਚ ਜਿਸ ਨੂੰ ਪੱਛਮ ਸਵੀਕਾਰ ਨਹੀਂ ਕਰਨਾ ਚਾਹੁੰਦਾ। ਅਮਰੀਕੀ ਮਹਾਂਦੀਪ ਵਿਚ ਕਰੀਬ 10 ਕਰੋੜ ਮੂਲ ਨਿਵਾਸੀਆਂ ਦੀ ਮੌਤ ਹਿੰਸਾ, ਵਾਂਝੇਪਣ ਅਤੇ ਖ਼ਾਸ ਕਰਕੇ ਚੇਚਕ ਵਰਗੀਆਂ ਬਾਹਰੋਂ ਲਿਆਂਦੀਆਂ ਬਿਮਾਰੀਆਂ ਕਾਰਨ ਹੋਈ। ਪ੍ਰਸ਼ਾਂਤ ਦੀਪਾਂ ਵਿਚ ਵੀ ਖਸਰੇ ਵਰਗੀਆਂ ਨਵੀਆਂ ਬਿਮਾਰੀਆਂ ਕਾਰਨ ਜਨਸੰਖਿਆ ਦਾ ਵੱਡਾ ਨੁਕਸਾਨ ਹੋਇਆ। ਆਸਟ੍ਰੇਲੀਆ ਵਿਚ, 1788 ਵਿਚ ਬਰਤਾਨਵੀ ਕਬਜ਼ੇ ਤੋਂ ਬਾਅਦ ਪਹਿਲੇ ਸੌ ਸਾਲਾਂ ਵਿਚ ਕਰੀਬ 10 ਲੱਖ ਮੂਲ ਨਿਵਾਸੀ ਆਸਟ੍ਰੇਲੀਅਨ ਮਾਰੇ ਗਏ। ਕੁਲ ਮਿਲਾ ਕੇ, 1788 ਤੋਂ ਹੁਣ ਤੱਕ ਤਕਰੀਬਨ 20 ਲੱਖ ਮੌਤਾਂ ਹਿੰਸਾ, ਬੇਦਖਲੀ, ਵਾਂਝੇਪਣ ਅਤੇ ਬਿਮਾਰੀਆਂ ਕਾਰਨ ਹੋਈਆਂ ਹਨ। 1788 ਵਿਚ ਉੱਥੇ 350 ਤੋਂ 700 ਸਥਾਨਕ ਭਾਸ਼ਾਵਾਂ ਅਤੇ ਬੋਲੀਆਂ ਸਨ, ਜਿਨ੍ਹਾਂ ਵਿੱਚੋਂ ਹੁਣ ਸਿਰਫ਼ 120 ਬਚੀਆਂ ਹਨ ਅਤੇ ਇਨ੍ਹਾਂ ਵਿੱਚੋਂ ਵੀ 20 ਤੋਂ ਵੱਧ ਖ਼ਤਮ ਹੋਣ ਦੇ ਕੰਢੇ 'ਤੇ ਹਨ।

ਭਾਰਤ ਵਿਚ ਬਹੁਤ ਥੋੜ੍ਹੀ ਗਿਣਤੀ 'ਚ ਅੰਗਰੇਜ਼ਾਂ ਨੇ ਗ਼ੁਲਾਮ ਬਣਾਈ 30 ਕਰੋੜ ਭਾਰਤੀ ਆਬਾਦੀ ਨੂੰ 1860 ਵਿਚ ਬਸ ਜਿਉਂਦੇ ਰਹਿਣ ਦੇ ਪੱਧਰ 'ਤੇ ਰੱਖਣ ਦੀ ਯੁੱਧਨੀਤੀ ਅਪਣਾਈ-ਅੰਗਰੇਜ਼ ਫ਼ੌਜਾਂ ਅਤੇ ਉਨ੍ਹਾਂ ਦੀ ਅਗਵਾਈ ਵਾਲੇ, ਚੰਗੀ ਖ਼ੁਰਾਕ ਪ੍ਰਾਪਤ ਕਰਨ ਵਾਲੇ ਭਾਰਤੀ ਫ਼ੌਜੀਆਂ ਦੀ ਤਾਕਤ ਦੇ ਜ਼ੋਰ 'ਤੇ। ਅਨੁਮਾਨ ਹੈ ਕਿ ਦੋ ਸਦੀਆਂ ਵਿਚ 1.8 ਅਰਬ ਦੇ ਕਰੀਬ ਭਾਰਤੀਆਂ ਨੂੰ ਥੋਪੇ ਗਏ ਵਾਂਝੇਪਣ ਕਾਰਨ ਮਰਨਾ ਪਿਆ, ਜਿਨ੍ਹਾਂ ਦੀ ਜ਼ਿੰਦਗੀ ਬਚ ਸਕਦੀ ਸੀ। ਮਿਸਾਲ ਲਈ, 1860 ਵਿਚ ਭਾਰਤ ਦੀ ਆਬਾਦੀ 30 ਕਰੋੜ ਸੀ ਅਤੇ 1930 ਵਿਚ ਵੀ ਉਹੀ ਰਹੀ, ਹਾਲਾਂਕਿ ਜਨਮ ਦਰ ਬਹੁਤ ਉੱਚੀ ਸੀ। 1769-70 'ਚ ਬੰਗਾਲ ਵਿਚ ਪਏ ਵੱਡੇ ਕਾਲ (1 ਕਰੋੜ ਮੌਤਾਂ) ਤੋਂ ਲੈ ਕੇ 1942-45 ਦੀ ਦੂਜੀ ਸੰਸਾਰ ਜੰਗ ਦੇ ਅਰਸੇ ਦੇ ਬੰਗਾਲ ਕਾਲ (60-70 ਲੱਖ ਮੌਤਾਂ) ਤੱਕ ਅੰਗਰੇਜ਼ ਹਕੂਮਤ ਦੀਆਂ ਨੀਤੀਆਂ ਕਾਰਨ ਬਹੁਤ ਸਾਰੇ ਕਾਲ ਪਏ। ਬੰਗਾਲ ਕਾਲ ਦੇ ਘਾੜੇ ਚਰਚਿਲ ਨੇ 1935 ਵਿਚ ਬਰਤਾਨਵੀ ਸੰਸਦ ਵਿਚ ਕਿਹਾ ਸੀ-'ਭਾਰਤ ਦਾ ਜੋ ਜੀਵਨ-ਪੱਧਰ ਹੈ, ਉਸ ਵਿਚ ਉਨ੍ਹਾਂ ਕੋਲ ਕੁਝ ਨਹੀਂ ਬਚਦਾ। ਮੌਜੂਦਾ ਜੀਵਨ-ਪੱਧਰ ਵਿਚ ਥੋੜ੍ਹੀ ਜਿਹੀ ਗਿਰਾਵਟ ਦਾ ਮਤਲਬ ਹੈ ਹੌਲੀ-ਹੌਲੀ ਭੁੱਖ ਨਾਲ ਮਰਦੇ ਜਾਣਾ ਅਤੇ ਲੱਖਾਂ ਨਹੀਂ, ਕਰੋੜਾਂ ਲੋਕਾਂ ਦੀ ਜ਼ਿੰਦਗੀ ਨਿਚੋੜ ਲੈਣਾ।' ਭਾਰਤ ਨੂੰ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਹਰ ਸਾਲ 10-12 ਲੱਖ ਟਨ ਅਨਾਜ ਬਾਹਰੋਂ ਮੰਗਵਾਉਣ ਦੀ ਲੋੜ ਸੀ, ਪਰ 1942-45 ਵਿਚ ਔਸਤਨ ਸਿਰਫ਼ 5 ਲੱਖ ਟਨ ਅਨਾਜ ਹੀ ਆਇਆ, ਜੋ ਮੁਸ਼ਕਲ ਨਾਲ 25 ਲੱਖ ਫ਼ੌਜ ਲਈ ਮਸਾਂ ਹੀ ਕਾਫ਼ੀ ਸੀ।

ਚੀਨ ਅਤੇ ਕਾਂਗੋ ਵਿਚ ਵੀ ਸਥਾਨਕ ਆਬਾਦੀ ਬਸਤੀਵਾਦੀ ਧਾੜਵੀਆਂ ਨਾਲੋਂ ਵੱਧ ਸੀ। ਫਿਰ ਵੀ 2 ਤੋਂ ਲੈ ਕੇ 10 ਕਰੋੜ ਚੀਨੀ ਅੰਗਰੇਜ਼ਾਂ ਦੇ ਅਫ਼ੀਮ ਯੁੱਧਾਂ ਅਤੇ ਤਾਈਪਿੰਗ ਵਿਦਰੋਹ ਵਿਚ ਮਾਰੇ ਗਏ। ਕਾਂਗੋ ਵਿਚ ਬੈਲਜੀਅਮ ਦੇ ਬਸਤੀਵਾਦੀਆਂ ਨੇ ਵੱਧ ਤੋਂ ਵੱਧ ਰਬੜ ਅਤੇ ਹਾਥੀਦੰਦ ਦੀ ਪੈਦਾਵਾਰ ਹਾਸਲ ਕਰਨ ਲਈ 1 ਕਰੋੜ ਦੇ ਕਰੀਬ ਕਾਂਗੋ ਲੋਕਾਂ ਦੀ ਹੱਤਿਆ ਕੀਤੀ। ਜ਼ੁਲਮ ਦੀ ਇੰਤਹਾ ਇੱਥੋਂ ਤੱਕ ਸੀ ਕਿ ਜੇਕਰ ਲੋੜੀਂਦੀ ਮਾਤਰਾ ਵਿਚ ਪੈਦਾਵਾਰ ਪ੍ਰਾਪਤ ਨਹੀਂ ਸੀ ਹੁੰਦੀ ਤਾਂ ਉਨ੍ਹਾਂ ਦੇ ਹੱਥ ਵੱਢ ਦਿੱਤੇ ਜਾਂਦੇ ਸਨ। ਜਾਪਾਨੀ ਕਬਜ਼ੇ (1937-45) ਵਿਚ ਵੀ 3.5 ਤੋਂ 4 ਕਰੋੜ ਚੀਨੀ ਮਾਰੇ ਗਏ।

ਤੁਲਨਾ ਦੇ ਨਜ਼ਰੀਏ ਨਾਲ ਹੁਣ ਆਪਾਂ ਗਾਜ਼ਾ ਵਿਚ ਅਤੇ ਵਿਆਪਕ ਫ਼ਲਸਤੀਨੀ ਨਸਲਕੁਸ਼ੀ ਦੀ ਗੱਲ ਕਰਦੇ ਹਾਂ, ਜੋ ਹਮਲਿਆਂ ਦੀ ਹਿੰਸਾ ਅਤੇ ਨਾਕਾਬੰਦੀ ਰਾਹੀਂ ਥੋਪੇ ਵਾਂਝੇਪਣ ਦੁਆਰਾ ਕੀਤੀ ਜਾ ਰਹੀ ਹੈ। ਪੂਰੇ ਗਾਜ਼ਾ ਨੂੰ ਤਸੀਹਾ ਕੈਂਪ ਬਣਾਏ ਜਾਣ ਅਤੇ 57 ਸਾਲ ਦੇ ਜ਼ਾਇਓਨਿਸਟ ਕਬਜ਼ੇ ਵਿਰੁੱਧ ਵਿਦਰੋਹ (7 ਅਕਤੂਬਰ 2023) ਨੂੰ 1139 ਇਜ਼ਰਾਈਲੀਆਂ ਦੇ ਮਾਰੇ ਜਾਣ ਨਾਲ ਜੋੜ ਕੇ ਦੇਖਿਆ ਜਾਂਦਾ ਹੈ, ਪਰ ਕੁਝ ਨਾਮਵਰ ਸਨਮਾਨਤ ਪੱਛਮੀ ਪੱਤਰਕਾਰਾਂ ਨੇ ਇਸ ਸਰਕਾਰੀ ਕਹਾਣੀ ਉੱਪਰ ਸਵਾਲ ਉਠਾਏ ਹਨ। ਬਹੁਤ ਸੰਭਵ ਹੈ ਕਿ 7 ਅਕਤੂਬਰ 2023 ਦਾ ਹਮਲਾ ਜਾਣ-ਬੁੱਝ ਕੇ ਹੋਣ ਦਿੱਤਾ ਗਿਆ ਤਾਂ ਜੋ 9/11 ਵਰਗੇ ਪ੍ਰਤੀਕਰਮ ਜ਼ਰੀਏ ਗਾਜ਼ਾ ਨੂੰ ਤਬਾਹ ਕੀਤਾ ਜਾ ਸਕੇ ਅਤੇ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਸਕੇ। 7 ਅਕਤੂਬਰ ਨੂੰ ਮਾਰੇ ਗਏ ਬਹੁਤ ਸਾਰੇ ਇਜ਼ਰਾਈਲੀ ਆਈ ਡੀ ਐੱਫ (ਇਜ਼ਰਾਇਲੀ ਡਿਫੈਂਸ ਫੋਰਸਿਜ਼) ਦੀ ਗੋਲੀਬਾਰੀ ਦਾ ਸ਼ਿਕਾਰ ਹੋਏ, ਜਿਸ ਨੂੰ ਹੈਨੀਬਲ ਨਿਰਦੇਸ਼ਾਂ ਅਧੀਨ ਬੰਧਕ ਬਣਾਉਣ ਤੋਂ ਰੋਕਣ ਲਈ ਖ਼ੁਦ ਬੰਧਕਾਂ ਨੂੰ ਮਾਰ ਦੇਣਾ ਮਨਜ਼ੂਰ ਸੀ।



ਪ੍ਰਮੁੱਖ ਮੈਡੀਕਲ ਰਸਾਲੇ, 'ਦੀ ਲਾਂਸੈਂਟ' ਦੀ ਰਿਪੋਰਟ ਅਨੁਸਾਰ ਅੰਦਾਜ਼ਾ ਇਹ ਹੈ ਕਿ 25 ਅਪ੍ਰੈਲ 2025 ਤੱਕ ਗਾਜ਼ਾ ਵਿਚ ਹਿੰਸਾ ਨਾਲ 1.36 ਲੱਖ ਅਤੇ ਵਾਂਝੇਪਣ ਨਾਲ 5.44 ਲੱਖ, ਯਾਨੀ ਕੁਲ 6.8 ਲੱਖ ਮੌਤਾਂ ਹੋਈਆਂ। ਇਹ ਅੰਦਾਜ਼ਾ ਇਸ ਗੱਲ 'ਤੇ ਆਧਾਰਤ ਹੈ ਕਿ ਹਿੰਸਾ ਦੀ ਤੁਲਨਾ ਵਿਚ ਚਾਰ ਗੁਣਾ ਵੱਧ ਮੌਤਾਂ ਵਾਂਝੇਪਣ ਕਾਰਨ ਹੁੰਦੀਆਂ ਹਨ। ਇਹ ਉਹ ਮੌਤਾਂ ਹੁੰਦੀਆਂ ਹਨ, ਜਿਨ੍ਹਾਂ ਤੋਂ ਬਚਿਆ ਜਾ ਸਕਦਾ ਹੈ। 1950 ਤੋਂ ਹੁਣ ਤੱਕ ਦੇ (ਸਾਰੇ ਮੁਲਕਾਂ ਦੇ) ਅਜਿਹੇ ਅੰਕੜਿਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਾਂਝੇਪਣ ਕਾਰਨ ਹੋਈਆਂ ਮੌਤਾਂ ਵਿਚ 70% ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹੁੰਦੇ ਹਨ, ਜਿਵੇਂ ਮੇਰੀ ਕਿਤਾਬ 'ਗਲੋਬਲ ਅਵੌਇਡੇਬਲ ਮੌਰਟੈਲਿਟੀ ਸਿੰਸ 1950' ਵਿਚ ਵਿਸਤਾਰ 'ਚ ਦੱਸਿਆ ਗਿਆ ਹੈ। ਇਸ ਦਾ ਮਤਲਬ ਹੈ ਕਿ 5.44 ਲੱਖ ਮੌਤਾਂ ਵਿਚ ਤਕਰੀਬਨ 3.8 ਲੱਖ ਬੱਚੇ (ਪੰਜ ਸਾਲ ਤੋਂ ਘੱਟ ਉਮਰ) ਸ਼ਾਮਲ ਹਨ। ਨਵ-ਜੰਮੇ ਬਾਲਾਂ ਲਈ ਮੌਤ ਦਾ ਜੋਖਮ ਸਭ ਤੋਂ ਵੱਧ ਹੁੰਦਾ ਹੈ। ਇਸ ਤਰ੍ਹਾਂ ਥੋਪੀ ਗਈ ਭੁੱਖਮਰੀ ਦੇ ਹਾਲਾਤ ਵਿਚ ਮਾਰੇ ਗਏ 5,44000 ਗਾਜ਼ਾ ਵਾਸੀਆਂ ਵਿਚ 3,80000 ਨਿੱਕੇ ਬੱਚੇ ਸ਼ਾਮਲ ਹਨ। ਜੇ ਇਸ ਗਿਣਤੀ ਨੂੰ ਅੱਗੇ ਵੰਡ ਕੇ ਦੇਖਿਆ ਜਾਵੇ ਤਾਂ ਇਸ ਵਿਚ 3.8 ਲੱਖ ਨਿੱਕੇ ਬੱਚੇ, 4.79 ਲੱਖ ਬੱਚੇ, 63 ਹਜ਼ਾਰ ਔਰਤਾਂ ਅਤੇ 18 ਹਜ਼ਾਰ ਮਰਦ ਹਨ।

ਜਦਕਿ, ਯਹੂਦੀ ਰਾਸ਼ਟਰਵਾਦ ਦੇ ਪ੍ਰਭਾਵ ਹੇਠ ਮੁੱਖਧਾਰਾ ਦਾ ਮੀਡੀਆ ਇਹ ਰਿਪੋਰਟ ਕਰਦਾ ਹੈ ਕਿ ਸਿਰਫ਼ ਹਿੰਸਾ ਕਾਰਨ 50,500 ਮੌਤਾਂ ਹੋਈਆਂ ਹਨ, ਇਹ ਵਾਂਝੇਪਣ ਕਾਰਨ ਹੋਈਆਂ ਮੌਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ, ਜਦੋਂ ਕਿ ਸੱਚਾਈ ਇਹ ਹੈ ਕਿ ਇਨ੍ਹਾਂ ਰਿਪੋਰਟ ਦੇ ਉਲਟ ਕੁਲ ਮੌਤਾਂ 7 ਲੱਖ ਦੇ ਕਰੀਬ ਹਨ। ਟਰੰਪ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਖ਼ੁਦ ਵਾਰ-ਵਾਰ ਕਿਹਾ ਹੈ ਕਿ ਜੰਗ ਤੋਂ ਪਹਿਲਾਂ ਦੀ 24 ਲੱਖ ਆਬਾਦੀ ਵਿੱਚੋਂ 17 ਲੱਖ ਨੂੰ ਉੱਥੋਂ ਹਟਾਉਣਾ ਹੋਵੇਗਾ ਤਾਂ ਜੋ ਗਾਜ਼ਾ ਨੂੰ 'ਰਿਵੇਰਾ-ਤਰਜ਼ ਦਾ ਲਗਜ਼ਰੀ ਰਿਜ਼ੌਰਟ' ਬਣਾਇਆ ਜਾ ਸਕੇ, ਯਾਨੀ 7 ਲੱਖ ਗਾਜ਼ਾ ਵਾਸੀ ਲਾਪਤਾ ਹਨ (24 ਲੱਖ ਵਿੱਚੋਂ 17 ਲੱਖ ਘਟਾਉਣ 'ਤੇ)। ਜੇਕਰ ਮੰਨ ਲਈਏ ਕਿ 1 ਲੱਖ ਮਿਸਰੀ ਉੱਥੋਂ ਨਿਕਲ ਕੇ ਮਿਸਰ ਚਲੇ ਗਏ ਤਾਂ ਇਸ ਦਾ ਮਤਲਬ ਹੈ ਕਿ 6 ਲੱਖ ਗਾਜ਼ਾ ਵਾਸੀ ਹਿੰਸਾ ਅਤੇ ਵਾਂਝੇਪਣ ਕਾਰਨ ਮਾਰੇ ਗਏ। ਇਹ ਪ੍ਰੇਸ਼ਾਨ ਕਰਨ ਵਾਲੀ ਗਿਣਤੀ ਹੈ, ਜੋ ਟਰੰਪ ਦੇ ਬਿਆਨ ਅਤੇ ਬਰਤਾਨਵੀ ਮਹਾਂਮਾਰੀ ਮਾਹਰਾਂ ਦੀ ਰਿਪੋਰਟ ਨਾਲ ਮੇਲ ਖਾਂਦੀ ਹੈ, ਪਰ ਮੀਡੀਆ ਅਜੇ ਵੀ ਸਿਰਫ਼ 50,500 ਦਾ ਅੰਕੜਾ ਦੱਸ ਰਿਹਾ ਹੈ।



ਫ਼ਲਸਤੀਨੀ ਨਸਲਕੁਸ਼ੀ ਦੀ ਸ਼ੁਰੂਆਤ 1908 ਵਿਚ ਈਰਾਨ ਵਿਚ ਤੇਲ ਦੀ ਖੋਜ ਨਾਲ ਹੁੰਦੀ ਹੈ। ਬਰਤਾਨੀਆ ਨੇ 1914 ਵਿਚ ਓਟੋਮਨ ਸਲਤਨਤ 'ਤੇ ਹਮਲਾ ਕੀਤਾ, ਇਰਾਕ 'ਤੇ ਕਬਜ਼ਾ ਕੀਤਾ ਅਤੇ ਫਿਰ ਫ਼ਰਾਂਸ-ਬਰਤਾਨੀਆ ਨੇ ਪੂਰੇ ਮੱਧ-ਪੂਰਬ ਉੱਪਰ ਧਾਵਾ ਬੋਲ ਕੇ ਉੱਥੇ ਪੈਰ ਪਸਾਰ ਲਏ। ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਯੂਰਪ ਨੇ ਪਿਛਲੇ 77 ਸਾਲਾਂ, ਖ਼ਾਸ ਕਰਕੇ ਪਿਛਲੇ 20 ਮਹੀਨਿਆਂ ਵਿਚ, ਇਜ਼ਰਾਈਲ ਦੀ ਹਰ ਕਾਰਵਾਈ ਦੀ ਹਮਾਇਤ ਕੀਤੀ ਹੈ। ਈਰਾਨ 'ਤੇ ਬੰਬਾਰੀ ਤੋਂ ਪਹਿਲਾਂ ਜੀ-7 ਮੁਲਕਾਂ (ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਪਾਨ, ਯੂ.ਕੇ. ਅਤੇ ਸੰਯੁਕਤ ਰਾਜ ਅਮਰੀਕਾ, ਜਿਨ੍ਹਾਂ ਸਾਰਿਆਂ ਕੋਲ ਪਰਮਾਣੂ ਹਥਿਆਰ ਹਨ, ਜੋ ਪਰਮਾਣੂ ਹਥਿਆਰ ਰੱਖਣ ਦੇ ਹਮਾਇਤੀ ਹਨ) ਨੇ ਇਜ਼ਰਾਇਲ ਵੱਲੋਂ ਈਰਾਨ ਉੱਪਰ ਹਮਲਾ ਕੀਤੇ ਜਾਣ 'ਤੇ ਝੂਠਾ ਇਲਜ਼ਾਮ ਲਾਉਂਦੇ ਹੋਏ ਕਿਹਾ:

'ਅਸੀਂ ਜੀ-7 ਮੁਲਕਾਂ ਦੇ ਆਗੂ ਮੱਧ-ਪੂਰਬ ਵਿਚ ਸ਼ਾਂਤੀ ਅਤੇ ਸਥਿਰਤਾ ਲਈ ਵਚਨਬੱਧ ਹਾਂ। ਅਸੀਂ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਨੂੰ ਆਪਣੀ ਹਮਾਇਤ ਮੁੜ ਦੁਹਰਾਉਂਦੇ ਹਾਂ। ਈਰਾਨ ਖੇਤਰੀ ਅਸਥਿਰਤਾ ਅਤੇ ਦਹਿਸ਼ਤਵਾਦ ਦਾ ਮੁੱਖ ਸਰੋਤ ਹੈ। ਈਰਾਨ ਕਦੇ ਵੀ ਪਰਮਾਣੂ ਹਥਿਆਰ ਨਹੀਂ ਰੱਖ ਸਕਦਾ।' ਆਸਟ੍ਰੇਲੀਆ, ਜੋ ਜੀ-7 ਦਾ ਮੈਂਬਰ ਨਹੀਂ ਹੈ, ਪਰ ਉਸ ਨੂੰ ਇਸ ਸਿਖ਼ਰ-ਸੰਮੇਲਨ ਵਿਚ ਬੁਲਾਇਆ ਗਿਆ ਸੀ, ਉਸ ਨੇ ਵੀ ਜੀ-7 ਦੇ ਇਸ ਝੂਠ ਨਾਲ ਸਹਿਮਤੀ ਪ੍ਰਗਟਾਈ।

ਅਸਲੀਅਤ ਇਸ ਤੋਂ ਬਿਲਕੁਲ ਵੱਖਰੀ ਹੈ। ਉਹ ਇਹ ਹੈ ਕਿ ਇਜ਼ਰਾਇਲ ਵੱਲੋਂ ਅਮਰੀਕਾ ਦੇ ਥਾਪੜੇ ਨਾਲ ਇਹ ਹਮਲਾ ਬਿਨਾਂ ਕਿਸੇ ਭੜਕਾਹਟ ਦੇ ਕੀਤਾ ਗਿਆ ਸੀ ਅਤੇ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਸੀ। ਇਜ਼ਰਾਈਲ ਕੋਲ 90 ਪਰਮਾਣੂ ਹਥਿਆਰ ਹਨ, ਈਰਾਨ ਕੋਲ ਇਕ ਵੀ ਨਹੀਂ ਹੈ। ਈਰਾਨ ਨੇ ਐੱਨ.ਪੀ.ਟੀ. (ਪਰਮਾਣੂ ਅਪ੍ਰਸਾਰ ਸੰਧੀ) ਉੱਪਰ ਦਸਖ਼ਤ ਕੀਤੇ ਹੋਏ ਹਨ, ਇਜ਼ਰਾਈਲ ਨੇ ਦਸਖ਼ਤ ਨਹੀਂ ਕੀਤੇ ਹੋਏ। ਪਿਛਲੇ 50 ਸਾਲਾਂ ਤੋਂ ਈਰਾਨ, ਹੋਰ ਮੁਸਲਿਮ ਮੁਲਕ ਅਤੇ ਸੰਯੁਕਤ ਰਾਸ਼ਟਰ ਦੀ ਆਮ ਸਭਾ ਪਰਮਾਣੂ-ਮੁਕਤ ਮੱਧ-ਪੂਰਬ ਦੀ ਮੰਗ ਕਰ ਰਹੇ ਹਨ। ਈਰਾਨ ਨੇ ਸਦੀਆਂ ਤੋਂ ਕਿਸੇ ਮੁਲਕ 'ਤੇ ਹਮਲਾ ਨਹੀਂ ਕੀਤਾ, ਜਦੋਂ ਕਿ ਇਜ਼ਰਾਈਲ ਨੇ 2025 ਵਿਚ ਹੀ 5 ਮੁਲਕਾਂ 'ਤੇ ਬੰਬਾਰੀ ਕੀਤੀ ਅਤੇ 77 ਸਾਲਾਂ ਵਿਚ 14 ਮੁਲਕਾਂ 'ਤੇ ਹਮਲੇ ਕੀਤੇ ਹਨ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜੇਕਰ ਸੱਚੀਓਂ ਹੀ ਈਰਾਨ ਕੋਲ ਪਰਮਾਣੂ ਹਥਿਆਰ ਹੁੰਦੇ, ਤਾਂ ਉਹ ਇਜ਼ਰਾਈਲ 'ਤੇ ਕਿਉਂ ਹਮਲਾ ਕਰਦਾ, ਜਦੋਂ ਕਿ ਉੱਥੇ ਦੇ ਅੱਧੇ ਲੋਕ ਫ਼ਲਸਤੀਨੀ ਹਨ? ਅਤੇ ਕੀ ਉਹ ਪੱਛਮ 'ਤੇ ਹਮਲਾ ਕਰਨ ਦੀ ਆਤਮਘਾਤੀ ਕਾਰਵਾਈ ਕਰਦਾ? ਯਾਦ ਕਰੋ, ਇਹੀ ਝੂਠ ਇਰਾਕ ਨੂੰ ਤਬਾਹ ਕਰਨ ਲਈ ਬੋਲਿਆ ਗਿਆ ਸੀ, 'ਉਸ ਕੋਲ ਵਿਆਪਕ ਤਬਾਹੀ ਮਚਾਉਣ ਵਾਲੇ ਹਥਿਆਰ ਹਨ' ਦੇ ਨਾਂਅ 'ਤੇ।

ਇਹ ਸਵਾਲ ਪੁੱਛਿਆ ਗਿਆ ਹੈ ਕਿ ਜੀ-7 ਵਿਚ ਸ਼ਾਮਲ ਸਾਬਕਾ ਬਸਤੀਵਾਦੀ, ਨਸਲਘਾਤੀ ਤਾਕਤਾਂ, ਨਸਲਵਾਦੀ, ਰੰਗਭੇਦੀ ਇਜ਼ਰਾਈਲ ਦੀ ਹਮਾਇਤ ਕਿਉਂ ਕਰਦੀਆਂ ਹਨ? ਸੱਚਾਈ ਇਹ ਹੈ ਕਿ ਜਾਪਾਨ ਨੂੰ ਛੱਡ ਕੇ ਜੀ-7 ਦੇ ਸਾਰੇ ਮੁਲਕ ਯੂਰਪੀ ਹਨ - ਇਹ ਸਿੱਧੀ ਸੱਚਾਈ ਹੈ। ਯੂਨਾਈਟਿਡ ਕਿੰਗਡਮ ਨੇ ਪਿਛਲੇ ਹਜ਼ਾਰ ਸਾਲਾਂ ਵਿਚ 123 ਮੁਲਕਾਂ 'ਤੇ ਹਮਲੇ ਕੀਤੇ ਹਨ। ਸੰਯੁਕਤ ਰਾਜ ਅਮਰੀਕਾ ਨੇ ਦੁਨੀਆ ਦੇ ਸਿਰਫ਼ ਤਿੰਨ ਮੁਲਕਾਂ ਨੂੰ ਛੱਡ ਕੇ ਹਰ ਜਗ੍ਹਾ ਫ਼ੌਜੀ ਦਖ਼ਲਅੰਦਾਜ਼ੀ ਕੀਤੀ ਹੈ ਜਾਂ ਉੱਥੇ ਇਸ ਦੀ ਫ਼ੌਜ ਮੌਜੂਦ ਹੈ। ਨਾਟੋ ਦੇ ਸਾਰੇ ਦੇ ਸਾਰੇ 32 ਮੁਲਕ, ਜੋ ਸਾਰੇ ਯੂਰਪੀ ਹਨ, ਇਜ਼ਰਾਈਲ ਦੀ ਡਟ ਕੇ ਹਮਾਇਤ ਕਰਦੇ ਹਨ। ਇਨ੍ਹਾਂ ਵਿੱਚੋਂ ਕਈ ਜ਼ਾਇਓਨਿਸਟ ਇੰਟਰਨੈਸ਼ਨਲ ਹੋਲੋਕਾਸਟ ਰੀਮੈਂਬਰੈਂਸ ਅਲਾਇੰਸ ਦੇ ਮੈਂਬਰ ਹਨ, ਜੋ ਇਜ਼ਰਾਈਲ ਦੀ ਹਮਾਇਤ 'ਚ ਜ਼ੋਰਦਾਰ ਪ੍ਰਚਾਰ ਕਰਦੇ ਹਨ।

ਗਾਜ਼ਾ ਵਿਚ ਕਤਲੇਆਮ ਅਤੇ ਈਰਾਨ, ਫ਼ਲਸਤੀਨ, ਲੇਬਨਾਨ, ਸੀਰੀਆ ਅਤੇ ਯਮਨ ਵਿਰੁੱਧ ਬਿਨਾਂ ਭੜਕਾਹਟ ਦੇ ਕੀਤੇ ਗਏ ਯੁੱਧ ਅਪਰਾਧਾਂ ਵਿਚ ਯੂਰਪੀ ਭਾਈਵਾਲੀ ਨੂੰ ਸੰਖੇਪ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:

ਪਹਿਲਾ, ਯੂਰਪੀ ਮੁਲਕਾਂ ਦੀ ਭਾਰੀ ਬਹੁਗਿਣਤੀ ਦਾ ਅਮਰੀਕਾ ਨਾਲ ਗੱਠਜੋੜ ਹੈ, ਜੋ ਲਗਾਤਾਰ ਜੰਗੀ ਜੁਰਮਾਂ ਨੂੰ ਅੰਜਾਮ ਦੇਣ 'ਚ ਲੱਗਿਆ ਹੋਇਆ ਹੈ ਅਤੇ ਜਿਸ ਨੂੰ 1960ਵਿਆਂ ਵਿਚ ਇਜ਼ਰਾਈਲ ਦੇ ਪਰਮਾਣੂ ਹਥਿਆਰ ਪ੍ਰਾਪਤ ਕਰਨ ਦੇ ਸਮੇਂ ਤੋਂ ਇਜ਼ਰਾਈਲੀ ਜ਼ਾਇਓਨਿਸਟ ਏਜੰਡਾ ਕੰਟਰੋਲ ਕਰ ਰਿਹਾ ਹੈ। ਹੁਣ ਤਾਂ ਇਹ ਗੱਲ ਹੋ ਗਈ ਹੈ ਕਿ ਜਿਸ ਤਰ੍ਹਾਂ ਕੁੱਤਾ ਆਪਣੀ ਪੂਛ ਦੇ ਮਗਰ-ਮਗਰ ਘੁੰਮਦਾ ਹੈ, ਉਸੇ ਤਰ੍ਹਾਂ ਕੁੱਤੇ ਦੀ ਇਹ ਪੂਛ, ਜ਼ਾਇਓਨਿਸਟ ਇਜ਼ਰਾਇਲ, ਹੁਣ ਕੁੱਤੇ ਨੂੰ ਆਪਣੇ ਮਗਰ-ਮਗਰ ਘੁੰਮਾ ਰਹੀ ਹੈ, ਯਾਨੀ ਯੂਰਪੀ ਤਾਕਤਾਂ ਹੁਣ ਇਜ਼ਰਾਇਲ ਦੇ ਕੰਟਰੋਲ ਵਿਚ ਹਨ।

ਦੂਜਾ, ਜੀ-7 ਦੇ ਸਾਰੇ ਮੈਂਬਰ ਅਫ਼ਗਾਨਿਸਤਾਨ ਵਿਚ ਅਮਰੀਕਾ ਅਤੇ ਨਾਟੋ ਦੁਆਰਾ ਥੋਪੇ ਗਏ ਯੁੱਧ (ਜਿਸ ਨੂੰ 'ਅਫ਼ਗਾਨ ਪਰਲੋ' ਕਿਹਾ ਜਾ ਸਕਦਾ ਹੈ) ਵਿਚ ਸ਼ਾਮਲ ਸਨ, ਜਿਸ ਵਿਚ ਕਰੀਬ 70 ਲੱਖ ਅਫ਼ਗਾਨ ਨਾਗਰਿਕਾਂ ਦੀ ਮੌਤ ਹਿੰਸਾ ਅਤੇ ਵਾਂਝੇਪਣ ਕਾਰਨ ਹੋਈ। ਇਨ੍ਹਾਂ ਮੁਲਕਾਂ ਯਾਨੀ ਜੀ-7 ਮੁਲਕਾਂ ਅਤੇ ਇਨ੍ਹਾਂ ਨਾਲ ਜੁੜੇ ਬਹੁਤ ਸਾਰੇ ਗ਼ੈਰ ਜੀ-7 ਮੁਲਕਾਂ ਦਾ ਇਤਿਹਾਸ ਯੁੱਧ, ਸਾਮਰਾਜਵਾਦ ਅਤੇ ਮੂਲ ਨਿਵਾਸੀਆਂ ਦੀ ਨਸਲਕੁਸ਼ੀ ਨਾਲ ਭਰਿਆ ਪਿਆ ਹੈ।

ਤੀਜਾ, ਜੀ-7 ਦੇ ਸਾਰੇ ਮੁਲਕਾਂ ਅਤੇ ਯੂਰਪ ਦੇ ਕਈ ਗ਼ੈਰ ਜੀ-7 ਮੁਲਕਾਂ ਦਾ ਨਸਲਵਾਦੀ ਬਸਤੀਵਾਦ ਅਤੇ ਨਸਲਕੁਸ਼ੀ ਦਾ ਪੁਰਾਣਾ ਮੁਜਰਮਾਨਾ ਰਿਕਾਰਡ ਹੈ। ਇਹੋ ਨਸਲਵਾਦੀ ਸੋਚ ਇਜ਼ਰਾਈਲ ਦੀ ਹਮਾਇਤ ਵਿਚ ਅੱਜ ਵੀ ਜ਼ਿੰਦਾ ਹੈ, ਜੋ ਪਿਛਲੇ 77 ਸਾਲਾਂ ਵਿਚ ਰੰਗਭੇਦ ਨੀਤੀਆਂ ਅਤੇ ਨਸਲਕੁਸ਼ੀ ਦੇ ਘੱਲੂਘਾਰਿਆਂ ਵਿਚ ਉਸ ਦੇ ਨਾਲ ਖੜ੍ਹਦੇ ਆ ਰਹੇ ਹਨ, ਇਹ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿਚ ਉਨ੍ਹਾਂ ਦੇ ਵੋਟਿੰਗ ਵਿਚ ਹਿੱਸਾ ਲੈਣ ਦੇ ਵਿਹਾਰ ਤੋਂ ਵੀ ਸਪੱਸ਼ਟ ਹੁੰਦਾ ਹੈ।

ਗਾਜ਼ਾ ਵਿਚ ਬਚੇ ਹੋਏ 17 ਲੱਖ ਲੋਕ ਜਾਂ ਤਾਂ ਭੁੱਖ ਨਾਲ ਮਰਨ ਲਈ ਮਜਬੂਰ ਹਨ, ਜਾਂ ਖਾਣੇ ਦੀ ਭਾਲ ਵਿਚ ਗੋਲੀਬਾਰੀ ਦਾ ਸ਼ਿਕਾਰ ਹੋ ਕੇ ਮਰਨ ਲਈ ਮਜਬੂਰ ਹਨ। ਇਹੀ ਮੰਜ਼ਰ ਹੈ, ਜੋ ਮੈਂ ਹਰ ਰਾਤ ਨੂੰ ਖਾਣਾ ਖਾਂਦੇ ਵਕਤ ਟੀਵੀ 'ਤੇ ਦੇਖਦਾ ਹਾਂ। 4000 ਸਾਲ ਪੁਰਾਣਾ ਸ਼ਹਿਰ ਗਾਜ਼ਾ, ਜਿੱਥੋਂ ਕਦੇ ਅਰਬੀ ਇਤਰ ਰੋਮਨ ਸਾਮਰਾਜ ਨੂੰ ਭੇਜਿਆ ਜਾਂਦਾ ਸੀ, ਹੁਣ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਵਿਲੀਅਮ ਡੈਲਰਿੰਪਲ ਦੀ ਸ਼ਾਨਦਾਰ ਕਿਤਾਬ 'ਦੀ ਗੋਲਡਨ ਰੋਡ' ਵਿਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ ਦਾ ਪ੍ਰਭਾਵ ਜਾਪਾਨ ਤੋਂ ਲੈ ਕੇ ਸਪੇਨ ਤੱਕ ਪੂਰੀ ਮਨੁੱਖੀ ਤਹਿਜ਼ੀਬ 'ਤੇ ਪਿਆ। ਡੈਲਰਿੰਪਲ ਲਿਖਦੇ ਹਨ ਕਿ ਜਦੋਂ ਗਾਜ਼ਾ ਉੱਪਰ ਧਰਮ-ਯੁੱਧ ਲੜਨ ਵਾਲਿਆਂ (ਕਰੂਸੇਡਰਾਂ) ਨੇ ਕਬਜ਼ਾ ਕਰ ਲਿਆ, ਤਾਂ ਇਹ ਮੱਧਕਾਲੀ ਭਾਰਤੀ-ਅਰਬੀ ਗਿਆਨ ਅਤੇ ਸੱਭਿਆਚਾਰ ਦੇ ਯੂਰਪ ਤੱਕ ਪਹੁੰਚਣ ਦਾ ਮਹੱਤਵਪੂਰਨ ਰਸਤਾ ਬਣ ਗਿਆ। ਇਹ ਧਰਮ-ਯੋਧੇ ਉਹੀ ਗਣਿਤ ਅਤੇ ਗਿਆਨ ਵਾਪਸ ਯੂਰਪ ਲੈ ਗਏ।

ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਅਮਰੀਕੀ ਹਮਾਇਤ ਪ੍ਰਾਪਤ ਰੰਗਭੇਦੀ ਇਜ਼ਰਾਈਲ ਅਤੇ ਉਸ ਦੇ ਸਹਿਯੋਗੀਆਂ, ਖ਼ਾਸ ਕਰਕੇ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਜੀ-7 ਅਤੇ ਯੂਰਪੀਅਨ ਯੂਨੀਅਨ 'ਤੇ ਸਖ਼ਤ ਪਾਬੰਦੀਆਂ ਲਗਾਵੇ। ਮੁਸਲਿਮ ਜਗਤ ਉੱਪਰ ਨਸਲਵਾਦੀ ਪੱਛਮ ਦੀ ਇਹ ਨਸਲਕੁਸ਼ੀ ਦੀ ਜਾਬਰ ਨੀਤੀ ਹੁਣ ਬੰਦ ਹੋਣੀ ਚਾਹੀਦੀ ਹੈ। ਅਮਰੀਕਾ ਇਸ ਅਨਿਆਂ ਨੂੰ ਸਿਰਫ਼ ਯੂ.ਐੱਨ. ਸੁਰੱਖਿਆ ਪ੍ਰੀਸ਼ਦ ਵਿਚ ਵੋਟ ਨਾ ਪਾ ਕੇ ਰੋਕ ਸਕਦਾ ਹੈ।

ਪਿਛਲੇ ਸੌ ਸਾਲਾਂ ਤੋਂ ਚੱਲ ਰਹੇ ਫ਼ਲਸਤੀਨੀ ਸੰਤਾਪ ਦਾ ਅੰਤ ਓਦੋਂ ਹੋਵੇਗਾ, ਜਦੋਂ ਦੁਨੀਆ ਪੂਰੀ ਦ੍ਰਿੜ੍ਹਤਾ ਨਾਲ ਇਹ ਕਹੇਗੀ ਕਿ ਫ਼ਲਸਤੀਨੀਆਂ ਨੂੰ ਵੀ ਉਹੀ ਮਨੁੱਖੀ ਹੱਕ ਮਿਲਣੇ ਚਾਹੀਦੇ ਹਨ, ਜੋ ਪੱਛਮੀ ਜਗਤ ਦੇ ਅਤੇ ਹੋਰ ਨਾਗਰਿਕਾਂ ਨੂੰ ਮਿਲਦੇ ਹਨ ਅਤੇ ਇਸ ਲਈ ਜੇਕਰ ਸਖ਼ਤ ਪਾਬੰਦੀਆਂ ਲਾਉਣ ਦੀ ਲੋੜ ਪਵੇ ਤਾਂ ਉਹ ਵੀ ਲਗਾਈਆਂ ਜਾਣ।

1960 ਵਿਚ ਸ਼ਾਰਪਵਿਲ ਕਤਲੇਆਮ ਕੀਤੇ ਜਾਣ 'ਤੇ, ਜਿਸ ਵਿਚ 69 ਅਫ਼ਰੀਕੀ ਨਾਗਰਿਕ ਮਾਰੇ ਗਏ ਸਨ, ਦੁਨੀਆ ਨੇ ਰੰਗਭੇਦੀ ਦੱਖਣੀ ਅਫ਼ਰੀਕਾ 'ਤੇ ਪਾਬੰਦੀਆਂ ਲਗਾਈਆਂ, ਜੋ ਅੰਤ ਵਿਚ ਸਫ਼ਲ ਹੋਈਆਂ। ਹੁਣ ਉਹੀ ਪਾਬੰਦੀਆਂ ਨਸਲਕੁਸ਼ੀ ਕਰਨ ਵਾਲੇ ਰੰਗਭੇਦੀ ਇਜ਼ਰਾਈਲ 'ਤੇ ਵੀ ਲਗਾਉਣੀਆਂ ਚਾਹੀਦੀਆਂ ਹਨ।

ਗਾਜ਼ਾ ਵਿਚ 25 ਅਪ੍ਰੈਲ 2025 ਤੱਕ ਮਾਰੇ ਗਏ 6.8 ਲੱਖ ਲੋਕਾਂ ਦੀ ਗਿਣਤੀ ਸ਼ਾਰਪਵਿਲੇ ਵਿਚ ਮਾਰੇ ਗਏ ਅਫ਼ਰੀਕੀਆਂ ਦੀ ਤੁਲਨਾ ਵਿਚ 10,000 ਗੁਣਾ ਵੱਧ ਹੈ।

---

ਭਾਈ ਬਾਲੇ ਦੀ ਹੋਂਦ-ਅਣਹੋਂਦ (ਆਖ਼ਰੀ ਕਿਸ਼ਤ)


ਡਾ. ਜਸਵਿੰਦਰ ਸਿੰਘ ਭੁੱਲਰ


# ਭਾਈ ਬਾਲਾ ਤੇ ਬਾਲੇ ਵਾਲੀ ਜਨਮ ਸਾਖੀ ਦਾ ਅਸਲ ਨਿਸਤਾਰਾ

ਗੁਰਮੁਖੀ ਹੈ ਭਾਈ ਬਾਲੇ ਨਾਲਿ ਜਾਹਿ। ਤਲਵੰਡੀਉ ਗੁਰੂ ਨਾਨਕ ਦੀ ਜਨਮ ਪਤ੍ਰੀ ਲੈ ਆਉ। ਲਾਲੇ ਪੰਨੂ ਆਖਿਆ ਭਲਾ ਜੀ ਧੰਨ ਅਸਾਡੇ ਭਾਗ ਜੋ ਗੁਰੂ ਨਾਨਕ ਦੀ ਜਨਮ ਪਤ੍ਰੀ ਦੇਖੀਐਗੇ।" ਲਾਲੇ ਪੰਨੂ ਵੱਲੋਂ ਆਪਣਾ ਨਾਂਅ ਦਰਜ ਕਰਾਉਣ ਤੋਂ ਪਹਿਲਾਂ ਵਾਲੇ ਉਤਾਰੇ ਵਿੱਚ ਹੇਠ ਲਿਖੀਆਂ ਸਤਰਾਂ ਸਨ, ਜਿਨ੍ਹਾਂ 'ਤੇ ਹੜਤਾਲ ਫੇਰੀ ਗਈ:- "ਤਾਂ ਗੁਰੂ ਅੰਗਦ ਕਹਿਆ ਭਾਈ ਬਾਲਾ ਜੀ ਤੁਸਾਂ ਖੋਜ ਕਰਨਾ। ਤਾਂ ਬਾਲੇ ਸੰਧੂ ਅਰਦਾਸ ਕੀਤੀ ਜੀ ਮਿਹਰਵਾਨ ਖੁਸ਼ੀ ਕਰੋ। ਤਾਂ ਗੁਰੂ ਅੰਗਦ ਖੁਸ਼ੀ ਦਿੱਤੀ। ਭਾਈ ਬਾਲਾ ਗੁਰੂ ਭਲਾ ਕਰੇਗਾ। ਤਾਂ ਬਾਲਾ ਖਡੂਰ ਵਿਚਹੁ ਹੋਂਦੇ ਹੀ ਜਾਇ ਤਲਵੰਡੀ ਵੜਿਆ...।" ਹੜਤਾਲ ਫੇਰ ਕੇ ਲਿਖੇ ਵਾਧੇ ਘਾਟੇ ਤੋਂ ਇਹ ਸਿੱਧ ਹੋਇਆ ਕਿ ਪਿਆਰੇ ਲਾਲ ਵਾਲਾ ਖਰੜਾ ਦੂਜਾ ਉਤਾਰਾ ਹੈ। ਇਸ ਤੋਂ ਪਹਿਲਾਂ ਇਕ ਉਤਾਰਾ ਤੇ ਇਕ ਮੂਲ ਪੋਥੀ ਅਤੇ ਉਸ ਤੋਂ ਵੀ ਪਹਿਲਾਂ ਜਨਮ ਪਤ੍ਰੀ ਦੀ ਮੂਲ ਪੋਥੀ। ਇਸ ਤਰ੍ਹਾਂ ਬਾਲੇ ਦੇ ਨਾਲ ਲਾਲਾ ਪੰਨੂ ਨੇ ਵੀ ਆਪਣਾ ਨਾਂਅ ਜੋੜ ਲਿਆ ਤੇ ਅਗਾਂਹ ਤੋਂ ਉਤਾਰੇ ਇਸੇ ਖਰੜੇ ਦੇ ਹੀ ਹੋਣ ਲੱਗ ਪਏ। ਲਾਲਾ ਦਾ ਨਾਂਅ ਹੋਰ ਵੀ ਕਈ ਜਗ੍ਹਾ ਵਾੜਿਆ ਗਿਆ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਪਹਿਲੇ ਉਤਾਰੇ ਤੋਂ ਹੀ ਇਸ ਸਾਖੀ ਨੂੰ ਚਿੱਤਰਾਂ ਨਾਲ ਸਜਾਉਣ ਦਾ ਕੰਮ ਵੀ ਸ਼ੁਰੂ ਹੋ ਗਿਆ ਸੀ। ਹੁਣ ਗੱਲ ਕਰਦੇ ਚਿੱਤਰਕਾਰਾਂ ਤੇ ਨੱਕਾਸ਼ਾਂ ਦੀ ਭੂਮਿਕਾ ਦੀ, ਜਿਨ੍ਹਾਂ ਨੇ ਭਾਈ ਬਾਲੇ ਨੂੰ ਖ਼ੂਬ ਚਿੱਤਰਿਆ ਤੇ ਬੁਲੰਦੀਆਂ 'ਤੇ ਪਹੁੰਚਾਇਆ। ਇਸ ਪਿੱਛੇ ਕੀ ਸੋਚ ਤੇ ਕਾਰਨ ਹੋ ਸਕਦੇ ਹਨ? ਥੋੜ੍ਹਾ ਪਿੱਠ-ਭੂਮੀ ਵਿੱਚ ਜਾਂਦੇ ਹਾਂ। ਉਦਾਸੀਆਂ 'ਤੇ ਜਾਣ ਲਈ ਭਾਈ ਮਰਦਾਨੇ ਨੂੰ ਆਪਣੇ ਨਾਲ ਲੈ ਜਾਣਾ ਗੁਰੂ ਨਾਨਕ ਦੇਵ ਜੀ ਦਾ ਇਕ ਸੋਚਿਆ ਸਮਝਿਆ, ਦੂਰ-ਅੰਦੇਸ਼ੀ ਵਾਲਾ ਫੈਸਲਾ ਸੀ। ਮਰਦਾਨੇ ਕੋਲ ਰਬਾਬ ਦਾ ਫਨ ਸੀ; ਰਾਗ, ਸੰਗੀਤ ਅਤੇ ਬਾਣੀ ਦੀ ਡੂੰਘੀ ਸਮਝ ਸੀ। ਉਹ ਸਿਰਫ ਰਬਾਬ ਵਜਾ ਕੇ ਗੁਰੂ ਦੀ ਉੱਚਾਰੀ ਬਾਣੀ ਗਾਉਂਦਾ ਹੀ ਨਹੀਂ ਸੀ ਬਲਕਿ ਉਹ ਲਿਖਦਾ ਵੀ ਸੀ। 'ਬਿਹਾਗੜੇ ਕੀ ਵਾਰ' ਦੇ ਲਿਖੇ ਸ਼ਬਦ ਉਸ ਦੀ ਮਹਾਨਤਾ ਅਤੇ ਬਹੁਪੱਖੀ ਹੋਣ ਦੀ ਸ਼ਾਅਦੀ ਭਰਦੇ ਹਨ। ਇਸ ਦੇ ਉਲਟ ਬਾਲੇ ਕੋਲ ਕੀ ਸੀ? ਸਿਰਫ਼ ਇਕ ਚਉਰ ਜਾਂ ਖੁਰਾਫਾਤੀ ਦਿਮਾਗ! ਚਿੱਤਰਾਂ ਵਿੱਚ ਜਿਥੇ ਵੀ ਕਿਤੇ ਉਸ ਨੂੰ ਚਿੱਤਰਿਆ ਗਿਆ ਹੈ, ਸਿਰਫ ਇਕ ਸੇਵਕ/ਟਹਿਲੀਏ ਵਾਂਗ ਗੁਰੂ ਸਾਹਿਬ ਦੇ ਪਿੱਛੇ ਚਉਰ ਬਰਦਾਰ ਦੇ ਰੂਪ ਵਿੱਚ ਚਿੱਤਰਿਆ ਹੈ। ਕੀ ਗੁਰੂ ਸਾਹਿਬ ਨੂੰ ਇਕ ਸੇਵਕ ਦੀ ਲੋੜ ਸੀ, ਜੋ ਉਨ੍ਹਾਂ ਦੇ ਪਿੱਛੇ ਚਉਰ ਕਰਦਾ ਰਹੇ? ਸਾਡੀ ਜਾਚੇ ਹਰਗਿਜ਼ ਨਹੀਂ। ਉਨ੍ਹਾਂ ਨੇ ਤਾਂ ਆਪਣੀ ਸਾਰੀ ਜ਼ਿੰਦਗੀ ਸਾਦੀ ਗੁਜ਼ਾਰੀ ਸੀ। ਮਲਿਕ ਭਾਗੋ ਤੇ ਭਾਈ ਲਾਲੋ ਦੀ ਸਾਖੀ ਇਸ ਦੀ ਗਵਾਹੀ ਹੈ। ਗੁਰੂ ਸਾਹਿਬ ਨੇ ਤਾਂ ਆਪਣੇ ਮਿਸ਼ਨ ਲਈ ਅਤਿ ਦੀ ਗਰਮੀ-ਸਰਦੀ ਵਿੱਚ ਰੇਗਿਸਤਾਨਾਂ, ਜੰਗਲਾਂ-ਬੀਆਬਾਨਾਂ ਦਾ ਵਰ੍ਹਿਆਂ-ਬੱਧੀ ਸਫਰ ਕਰਨਾ ਸੀ, ਅੱਕ ਦੀਆਂ ਖੱਖੜੀਆਂ ਚੱਬ ਕੇ ਤੱਪ ਕਰਨਾ ਸੀ, ਕਈ-ਕਈ ਦਿਨ ਭੁੱਖੇ ਰਹਿਣਾ ਸੀ। ਕੀ ਅਜਿਹੀ ਸ਼ਖ਼ਸੀਅਤ ਨੂੰ ਮੁਗ਼ਲ ਰਾਜਿਆਂ ਵਾਂਗ ਚਉਰ ਸੇਵਕ ਦੀ ਲੋੜ ਹੋ ਸਕਦੀ ਹੈ? ਬਿਲਕੁੱਲ ਨਹੀਂ। ਦੂਜਾ, ਬਾਲਾ ਮਰਦਾਨੇ ਦੇ ਅਨੇਕਾਂ ਗੁਣਾਂ ਦੀ ਕਸਵੱਟੀ 'ਤੇ ਕਿਸੇ ਇਕ 'ਤੇ ਵੀ ਪੂਰਾ ਨਹੀਂ ਉੱਤਰਦਾ। ਇਹ ਸਭ ਤਰਕ ਬਾਲੇ ਦੀ ਅਣਹੋਂਦ ਨੂੰ ਹੋਰ ਪਕੇਰਿਆਂ ਕਰਦੇ ਹਨ। ਇਥੇ ਇਹ ਕਹਿਣਾ ਉਚਿਤ ਹੋਵੇਗਾ ਕਿ ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਦੇ ਚਿੱਤਰ ਹੱਥ ਲਿਖਤਾਂ ਵਿੱਚ ਕਲਮੀ ਰੂਪ ਵਿੱਚ ਬਣਨੇ ਸ਼ੁਰੂ ਹੋਏ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵੇਲੇ ਕੰਧ ਚਿੱਤਰਾਂ ਦਾ ਪ੍ਰਚਲਨ ਹੋਇਆ। ਹੱਥ ਲਿਖਤਾਂ ਦੇ ਖਰੜੇ ਤਿਆਰ ਕਰਨਾ ਬਹੁਤ ਖਰਚੀਲਾ ਕੰਮ ਸੀ ਤੇ ਉਹਨਾਂ ਵਿੱਚ ਕਿਸੇ ਮਾਹਿਰ ਚਿੱਤਰਕਾਰ ਕੋਲੋਂ ਚਿੱਤਰ ਬਣਵਾਉਣਾ ਉਸ ਤੋਂ ਵੀ ਵੱਧ ਖਰਚੀਲਾ ਸੀ, ਪਰ ਫਿਰ ਵੀ ਸਰਪ੍ਰਸਤਾਂ ਨੇ ਖਰੜਿਆਂ ਵਿੱਚ ਚਿੱਤਰ ਬਣਾ ਕੇ ਸਾਖੀਆਂ ਨੂੰ ਮਨਮੋਹਕ ਬਣਾ ਦਿੱਤਾ। ਉਸ ਸਮੇਂ ਚਿੱਤਰਕਾਰ ਬਹੁਤ ਘੱਟ ਸਨ, ਜੋ ਕਾਗਜ਼ ਉੱਪਰ ਸੂਖ਼ਮ ਚਿੱਤਰਕਾਰੀ ਕਰ ਸਕਣ। ਸੰਭਵ ਹੈ ਕਿ ਇਹ ਚਿੱਤਰਕਾਰ ਦਰਬਾਰੀ ਜਾਂ ਪਹਾੜੀ ਹੋਣਗੇ। ਬਾਲੇ ਵਾਲੀ ਜਨਮ ਸਾਖੀ ਵਿੱਚ ਮਿਲਦੇ ਚਿੱਤਰਾਂ ਲਈ ਲਾਹੌਰ ਦੇ ਲਾਲਾ ਪੰਨੂ ਰਾਹੀਂ ਚਿੱਤਰਕਾਰਾਂ ਦਾ ਪ੍ਰਬੰਧ ਕੀਤਾ ਗਿਆ। ਬਿਧੀ ਚੰਦ ਨੂੰ ਗੁਰੂ ਤੇ ਲਾਲਾ ਪੰਨੂ ਨੂੰ ਗੋਰਖ ਦਾਸ ਵਕੀਲ ਮੰਨਦਾ ਹੈ। ਜਿਸ ਦਾ ਜ਼ਿਕਰ ਸਾਖੀ ਦਾ ਲਿਖਾਰੀ ਗੋਰਖ ਦਾਸ ਇਉਂ ਖ਼ੁਦ ਕਰਦਾ ਹੈ:-



"ਗੁਰੂ ਵਕੀਲ ਵਸੀਲਾ ਕੀਨਾ ਚਿਹਰਾ ਦਰਸ ਲਿਖਾਇਆ।"

ਅਰਥਾਤ ਚਿਹਰੇ ਦਾ ਦਰਸ ਕਰਵਾਉਣ ਵਿੱਚ ਵਕੀਲ ਲਾਲਾ ਪੰਨੂ ਨੇ ਚਿੱਤਰਕਾਰ ਦਾ ਵਸੀਲਾ ਕੀਤਾ। ਗੁਰੂ ਬਾਬੇ ਦਾ ਚਿਹਰਾ ਚਿੱਤਰਣਾ ਚਿੱਤਰਕਾਰ ਦੀ ਮਜਬੂਰੀ ਸੀ, ਅਸਲ ਵਿੱਚ ਮਰਦਾਨੇ ਵਾਂਗ ਬਾਲੇ ਨੂੰ ਚਿੱਤਰਾਂ ਵਿੱਚ ਗੁਰੂ ਸਾਹਿਬ ਦਾ ਹਮਸਫਰ ਦਿਖਾਉਣਾ ਹੀ ਹੰਦਾਲੀਆਂ ਦਾ ਮਨੋਰਥ ਸੀ। ਇਸੇ ਕਰਕੇ ਹੀ ਉਨ੍ਹਾਂ ਹੱਥ ਲਿਖਤਾਂ ਵਿੱਚ ਚਿੱਤਰ ਬਣਵਾਏ, ਕਿਉਂਕਿ ਚਿੱਤਰ, ਵੇਖਣ ਵਾਲੇ ਦੀ ਚੇਤਨਾ 'ਤੇ ਲੰਮੇ ਸਮੇਂ ਤੱਕ ਪ੍ਰਭਾਵ ਛੱਡਦਾ ਹੈ। ਜਿਸ ਤਰ੍ਹਾਂ ਚਿੱਤਰ ਉੱਤੇ ਨਜ਼ਰ ਪਹਿਲਾਂ, ਇਬਾਰਤ ਉੱਤੇ ਬਾਅਦ ਵਿੱਚ ਪੈਂਦੀ ਹੈ। ਚਿੱਤਰ ਮਨੁੱਖੀ ਦਿਲ-ਦਿਮਾਗ ਨੂੰ ਛੇਤੀ ਟੁੰਬਦੇ ਸੌਂਦਰਯ ਦੀ ਅਨੁਭੂਤੀ ਕਰਾਉਂਦੇ ਹਨ। ਚਿੱਤਰ ਵਿਚਲਾ ਵਿਸ਼ਾ ਉਸ ਦੇ ਰਸ ਦਾ ਬੋਧ ਕਰਾਉਂਦਾ ਸਾਖੀ ਪੜ੍ਹਨ ਵਾਲੇ ਦੀ ਚੇਤਨਾ ਨੂੰ ਆਪਣੇ ਨਾਲ ਲੈ ਤੁਰਦਾ ਹੈ। ਚਿੱਤਰ ਦੇਖ ਕੇ ਲੋਕ ਮਨਾਂ ਵਿੱਚ ਬਾਲੇ ਬਾਰੇ ਵੀ ਸਤਿਕਾਰ ਪੈਦਾ ਹੋਣਾ ਲਾਜ਼ਮੀ ਸੀ। ਇਸ ਗੱਲ ਨੂੰ ਬਾਲ ਚੰਦ ਭਲੀਭਾਂਤ ਜਾਣਦਾ ਸੀ। ਬਾਲ ਚੰਦ ਨੇ ਖ਼ੁਦ ਨੂੰ ਅਮਰ ਕਰ ਲੈਣ ਦੀ ਮਨਸ਼ਾ ਨਾਲ ਦਰਬਾਰੀ ਚਿੱਤਰਕਾਰ ਜੋ ਹੂ-ਬ-ਹੂ ਫੋਟੋ ਦੀ ਤਰ੍ਹਾਂ ਮੌਕੇ 'ਤੇ ਚਿਹਰੇ ਚਿੱਤਰ ਲੈਂਦੇ ਸਨ, ਕੋਲੋਂ ਚਿੱਤਰ ਬਣਵਾਏ। ਬਿਧੀ ਚੰਦ ਦੀ ਮੌਤ ਤੋਂ ਬਾਅਦ ਤਿਆਰ ਹੋ ਰਹੇ ਖਰੜਿਆਂ ਵਿੱਚ ਸਾਖੀ ਦੇ ਨਾਲ ਚਿੱਤਰ ਬਣਾਏ ਜਾਣ ਲੱਗੇ। ਇਹ ਚਿੱਤਰ ਮੁਗ਼ਲ ਪਹਾੜੀ ਸ਼ੈਲੀ ਦੇ ਸੁਮੇਲ ਦੇ ਨਿੱਕ ਚਿੱਤਰ ਹਨ। ਚਿੱਤਰਾਂ ਵਿੱਚਲੀ ਖ਼ਾਸ ਗੱਲ ਇਹ ਰਹੀ ਕਿ ਬਾਲੇ ਦੇ ਸਿਵਾਏ ਚਿੱਤਰਾਂ ਵਿੱਚ ਗੁਰੂ ਸਾਹਿਬ ਸਮੇਤ ਬਾਕੀ ਪਾਤਰਾਂ ਦੇ ਮੁਹਾਂਦਰੇ/ਆਕ੍ਰਿਤੀਆਂ ਕਾਲਪਨਿਕ ਹਨ, ਕਿਉਂ ਜੋ ਉਸ ਵੇਲੇ ਬਾਲਾ ਹੀ ਜੀਵਤ ਸੀ, ਜੋ ਇਸ ਸਾਖੀ ਦੇ ਚਿੱਤਰਕਾਰਾਂ ਸਾਹਮਣੇ ਸੀ। ਅਨੇਕਾਂ ਜਗ੍ਹਾ ਉਸ ਨੂੰ ਲੰਮੀ ਕਾਲ਼ੀ ਦਾੜ੍ਹੀ ਨਾਲ ਲੰਮਾ ਝੰਮਾ ਜੁਆਨ ਚਿੱਤਰਿਆ ਜਾਂਦਾ ਹੈ, ਭਾਵੇਂ ਉਹ ਸਾਖੀ ਵਿੱਚਲੀ ਕਥਾ/ਇਬਾਰਤ ਨਾਲ ਮੇਲ ਖਾਂਦਾ ਹੈ ਜਾਂ ਨਹੀਂ। ਜਦਕਿ ਚਿੱਤਰਕਾਰਾਂ ਨੇ ਗੁਰੂ ਸਾਹਿਬ ਨੂੰ ਸਫ਼ੈਦ ਦਾਹੜੀ ਵਿੱਚ ਚਿੱਤਰਿਆ ਹੈ। ਚਿੱਤਰਾਂ ਵਿੱਚ ਮਰਦਾਨੇ ਦੇ ਮੁਕਾਬਲੇ ਬਾਲੇ ਦੀ ਸ਼ਾਹੀ ਪੁਸ਼ਾਕ ਵਿੱਚ ਅਮੀਰੀ ਝਲਕਦੀ ਹੈ। ਉਸ ਨੂੰ ਲੰਮੀ ਨੋਕਦਾਰ ਕਲੰਦਰੀ ਟੋਪੀ, ਲੰਮਾ ਕੀਮਤੀ ਚੋਲਾ ਪਾਈ ਚਿੱਤਰਿਆ ਗਿਆ ਹੁੰਦਾ ਹੈ। ਉਸ ਦਾ ਅਜਿਹਾ ਅਮੀਰੀ ਵਾਲਾ ਬਿੰਬ ਹੱਥ ਲਿਖਤਾਂ ਦੇ ਚਿੱਤਰਾਂ ਤੋਂ ਲੈ ਕੇ ਕੰਧ ਚਿੱਤਰਾਂ ਵਿੱਚ ਵੀ ਚਿੱਤਰਿਆ ਗਿਆ। ਅੱਜ ਇਹੋ ਵਜ੍ਹਾ ਹੈ ਕਿ ਸਾਨੂੰ ਵੱਖ-ਵੱਖ ਚਿੱਤਰਾਂ ਵਿੱਚ ਉਸ ਦੇ ਪਹਿਰਾਵੇ, ਡੀਲ-ਡੌਲ, ਮੁਹਾਂਦਰੇ ਅਤੇ ਨੈਣ ਨਕਸ਼ਾਂ ਦੀ ਸਮਾਨਤਾ ਨਜ਼ਰ ਆਉਂਦੀ ਹੈ। ਇਹ ਇਕ ਸੁਨਿਯੋਜਿਤ ਮੁਹਿੰਮ ਸੀ, ਜੋ ਬਾਲੇ ਦੇ ਹੱਕ ਵਿੱਚ ਕਾਰਗਰ ਸਾਬਿਤ ਹੋਈ।

ਬਾਲੇ ਵਾਲੀ ਜਨਮ ਸਾਖੀ ਵਿੱਚ ਇਸ ਵੇਲੇ ਤੱਕ ਕੁੱਲ ੨੮ ਚਿੱਤਰਾਂ ਵਿੱਚੋਂ ਸਿਰਫ਼ ੧੫ ਕੁ ਚਿੱਤਰ ਹੀ ਦੇਖਣ ਨੂੰ ਮਿਲ ਸਕੇ ਹਨ, ਸਾਰੇ ਨਹੀਂ। ਅਗਰ ਸਾਰੇ ਉਪਲੱਬਧ ਹੋ ਜਾਂਦੇ ਤਾਂ ਅੰਦਾਜ਼ੇ ਹਕੀਕਤ ਵਿੱਚ ਤਬਦੀਲ ਹੋ ਜਾਣੇ ਸਨ। ਇਸ ਤੋਂ ਬਾਅਦ ੧੮੩੦ ਦੇ ਉਤਾਰੇ ਦੇ ਚਿੱਤਰ ਉਪਲੱਬਧ ਹੋਏ ਹਨ, ਜਿਨ੍ਹਾਂ ਵਿੱਚ ਚਿੱਤਰ ਬਣ ਜਾਣ ਤੋਂ ਬਾਅਦ ਬਾਲੇ ਦੇ ਚਿੱਤਰ ਬਣਾਏ ਗਏ ਹਨ। ਸਨਾਤਨੀ ਰੰਗ ਵਿੱਚ ਰੰਗੇ ਇਨ੍ਹਾਂ ਚਿੱਤਰਾਂ ਉੱਪਰ ਚਿੱਤਰ ਬਣਾਏ ਜਾਣ ਕਰਕੇ ਚਿੱਤਰ ਦੀਆਂ ਪੱਪੜੀਆਂ ਉੱਤਰ ਗਈਆਂ ਹਨ ਤੇ ਹੇਠੋਂ ਪਹਿਲਾ ਚਿੱਤਰ ਨਿਕਲ ਆਇਆ ਹੈ। ਇਨ੍ਹਾਂ ਵਿੱਚ ਬਾਲੇ ਦੀਆਂ ਪੁਸ਼ਾਕਾਂ ਵੱਖ-ਵੱਖ ਰੰਗਾਂ ਦੀਆਂ ਹਨ। ਇਕ ਚਿੱਤਰ ਨੂੰ ਛੱਡ ਕੇ ਬਾਕੀ ਸਾਰੇ ਚਿੱਤਰਾਂ ਵਿੱਚ ਟੋਪੀ ਤੇ ਪੁਸ਼ਾਕ ਦਾ ਰੰਗ ਇਕੋ ਜਿਹਾ ਹੈ। ਉਸ ਦੀ ਹਰ ਪੁਸ਼ਾਕ ਵਿੱਚ ਅਮੀਰੀ ਝਲਕਦੀ ਹੈ। ਗੁਰੂ ਸਾਹਿਬ


ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਭ੍ਰਿਸ਼ਟਾਚਾਰ ਬਾਰੇ ਜਵਾਬਦੇਹੀ ਤੋਂ ਪਾਸਾ ਨਹੀਂ ਵੱਟ ਸਕਦੇ ਰਾਜ ਕਰਦੇ ਅਤੇ ਰਾਜ ਕਰ ਚੁੱਕੇ ਆਗੂ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਪੰਜਾਬ ਵਿੱਚ ਇੱਕ ਡੀ ਆਈ ਜੀ (ਡਿਪਟੀ ਇੰਸਪੈਕਟਰ ਜਨਰਲ) ਪੱਧਰ ਦੇ ਅਫਸਰ ਦੀ ਰਿਸ਼ਵਤ ਲੈਂਦੇ ਵਕਤ ਰੰਗੇ ਹੱਥੀਂ ਗ੍ਰਿਫਤਾਰੀ ਦੀ ਖਬਰ ਨੇ ਪੰਜਾਬ ਵੀ ਹਿਲਾ ਦਿੱਤਾ ਹੈ, ਪੰਜਾਬ ਸਰਕਾਰ ਵੀ ਹਿੱਲੀ ਹੋਵੇਗੀ ਤੇ ਕੋਈ ਮੰਨੇ ਜਾਂ ਨਾ ਮੰਨੇ, ਇਸ ਦੀ ਕੰਬਣੀ ਦਿੱਲੀ ਤੱਕ ਮਹਿਸੂਸ ਹੋਈ ਹੋਵੇਗੀ। ਇਸ ਗ੍ਰਿਫਤਾਰੀ ਕੇਸ ਨਾਲ ਇਹ ਗੱਲ ਚਰਚਾ ਵਿੱਚ ਹੈ ਕਿ ਜਿੰਨਾ ਪੈਸਾ ਪੁਲਸ ਦੇ ਇਸ ਅਫਸਰ ਤੋਂ ਮਿਲਿਆ ਹੈ, ਤੇਈ ਸਾਲ ਪਹਿਲਾਂ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੁਖੀ ਰਵਿੰਦਰਪਾਲ ਸਿੰਘ ਉਰਫ ਰਵੀ ਸਿੱਧੂ ਦੇ ਬੈਂਕ ਲਾਕਰਾਂ ਤੋਂ ਮਿਲੇ ਨੋਟਾਂ ਦੇ ਢੇਰ ਵਾਲਾ ਮਾਮਲਾ ਵੀ ਬੌਣਾ ਜਿਹਾ ਹੋ ਗਿਆ ਹੈ। ਓਦੋਂ ਲਾਕਰਾਂ ਵਿੱਚੋਂ ਕੱਢੇ ਰੁਪਈਆਂ ਨਾਲ ਬੈਂਕ ਦਾ ਫਰਸ਼ ਦਰੀ ਵਾਂਗ ਢੱਕਿਆ ਜਾਣ ਵਾਲੀ ਚਰਚਾ ਚੱਲੀ ਸੀ, ਪਰ ਉਸ ਤੋਂ ਗਹਿਣੇ ਮਿਲਣ ਦੀ ਖਬਰ ਨਹੀਂ ਸੀ ਸੁਣੀ, ਜਾਇਦਾਦ ਜਾਇਜ਼ ਨਾਲੋਂ ਬਹੁਤੀ ਨਾਜਾਇਜ਼ ਢੰਗ ਨਾਲ ਖਰੀਦੀ ਜਾਂ ਹਥਿਆਈ ਦੀ ਗੱਲ ਵੀ ਚਰਚਾ ਜ਼ਰੂਰ ਚੋਖੀ ਸੁਣਦੀ ਰਹੀ ਅਤੇ ਇਸ ਵਾਰ ਨੋਟਾਂ ਨਾਲ ਗਹਿਣੇ ਅਤੇ ਜਾਇਜ਼-ਨਾਜਾਇਜ਼ ਜਾਇਦਾਦ ਵਾਲੀ ਕਹਾਣੀ ਸ਼ੈਤਾਨ ਦੀ ਆਂਦਰ ਵਰਗੀ ਲੰਮੀ ਜਾਪਦੀ ਹੈ। ਇਸ ਨਾਲ ਭ੍ਰਿਸ਼ਟਾਚਾਰ ਦੀ ਬਹੁਤਾਤ ਅਤੇ ਇਸ ਦੇ ਖਿਲਾਫ ਖੜੋਣ ਦੇ ਦਾਅਵਿਆਂ ਦੀ ਚਰਚਾ ਵੀ ਇੱਕ ਵਾਰ ਫਿਰ ਲੋਕਾਂ ਵਿੱਚ ਇਸ ਵਕਤ ਚੱਲ ਪਈ ਹੈ।

ਰਵੀ ਸਿੱਧੂ ਪੱਤਰਕਾਰ ਹੁੰਦਾ ਸੀ, ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦਾ ਮੁਖੀ ਕਿਸ ਚੁਸਤੀ ਦੇ ਨਾਲ ਬਣਿਆ ਸੀ, ਉਹ ਇੱਕ ਵੱਖਰਾ ਕਿੱਸਾ ਹੈ, ਪਰ ਉਸ ਨੇ ਇੱਕ ਮੌਕਾ ਪੇਸ਼ ਕਰ ਦਿੱਤਾ ਸੀ ਕਿ ਭ੍ਰਿਸ਼ਟਾਚਾਰ ਦਾ ਵਹਿਣ ਲੋਕਾਂ ਕੋਲ ਨੰਗਾ ਕੀਤਾ ਜਾ ਸਕਦਾ ਅਤੇ ਰੋਕਣ ਵਾਸਤੇ ਲੋਕ ਲਹਿਰ ਉਸਾਰੀ ਜਾ ਸਕਦੀ ਹੈ, ਪਰ ਮੌਕਾ ਵਰਤਿਆ ਨਹੀਂ ਸੀ ਗਿਆ। ਇਸ ਵਾਰ ਡੀ ਆਈ ਜੀ ਹਰਚਰਨ ਸਿੰਘ ਭੁੱਲਰ ਨੇ ਇਹੋ ਜਿਹਾ ਮੌਕਾ ਫਿਰ ਪੇਸ਼ ਕੀਤਾ ਹੈ, ਪਰ ਸਾਨੂੰ ਯਕੀਨ ਹੈ ਕਿ ਇਹ ਮੌਕਾ ਐਤਕੀਂ ਵੀ ਕਿਸੇ ਨੇ ਨਹੀਂ ਵਰਤਣਾ। ਓਦੋਂ ਅਸੀਂ ਸਰਕਾਰੀ ਚੈਨਲ ਦੂਰਦਰਸ਼ਨ ਤੋਂ ਆਖਿਆ ਸੀ ਕਿ ਰਵੀ ਸਿੱਧੂ ਦੇ ਲਾਕਰਾਂ ਵਿੱਚੋਂ ਨੋਟਾਂ ਦੇ ਢੇਰ ਨਿਕਲਣ ਪਿੱਛੋਂ ਦੋ ਦਿਨਾਂ ਦਾ ਬੈਂਕਾਂ ਦਾ ਰਿਕਾਰਡ ਚੈੱਕ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਲਾਕਰਾਂ ਨੂੰ ਇੱਕ-ਇੱਕ ਦਿਨ ਵਿੱਚ ਇੱਕ ਤੋਂ ਵੱਧ ਵਾਰੀ ਕਿੰਨੇ ਅਤੇ ਕਿਹੜੇ ਪੱਧਰ ਦੇ ਗਾਹਕਾਂ ਨੇ ਖੋਲ੍ਹਿਆ ਅਤੇ ਜਿਹੜੇ ਇੱਕੋ ਦਿਨ ਵਿੱਚ ਇੱਕ ਤੋਂ ਵੱਧ ਵਾਰ ਜਾਂ ਇੱਕੋ ਦਿਨ ਵਿੱਚ ਇੱਕ ਤੋਂ ਵੱਧ ਬੈਂਕਾਂ ਦੇ ਲਾਕਰ ਖੋਲ੍ਹਣ ਗਏ ਹੋਣਗੇ, ਸਾਫ ਹੈ ਕਿ ਰਵੀ ਸਿੱਧੂ ਵਾਂਗ ਰੱਖਿਆ ਮਾਲ ਏਧਰ-ਓਧਰ ਕਰਨ ਲਈ ਦੌੜਾਂ ਲਾਉਂਦੇ ਹੋਣਗੇ ਤੇ ਇਹ ਵੀ ਕਿਹਾ ਸੀ ਕਿ ਏਦਾਂ ਦੇ ਆਗੂਆਂ ਅਤੇ ਅਫਸਰਾਂ ਦੀ ਬਹੁਤ ਵੱਡੀ ਗਿਣਤੀ ਅਸੀਂ ਜਾਣਦੇ ਹਾਂ। ਇਸ ਮਾਮਲੇ ਵਿੱਚ ਅੱਗੋਂ ਕਿਸੇ ਤਰ੍ਹਾਂ ਦੀ ਕਾਰਵਾਈ ਨਹੀਂ ਸੀ ਹੋਈ, ਸਗੋਂ ਰਵੀ ਸਿੱਧੂ ਕੋਲੋਂ ਮਿਲਿਆ ਪੂਰਾ ਮਾਲ ਕੇਸ ਵਿੱਚ ਪਾਇਆ ਜਾਂ ਉਸ ਵਿੱਚੋਂ ਕੁਝ ਖਾਧਾ ਗਿਆ ਹੋਣ ਦੀ ਚਰਚਾ ਵੱਧ ਹੋਈ ਸੀ। ਇਸ ਵਾਰ ਇਹ ਗੱਲ ਚਰਚਾ ਵਿੱਚ ਨਹੀਂ ਸੁਣੀ ਗਈ ਕਿ ਫੜਿਆ ਗਿਆ ਮਾਲ ਫੜਨ ਵਾਲੀ ਟੀਮ ਨੇ ਆਪੋ ਵਿੱਚ ਕੁਝ ਵੰਡ ਲਿਆ ਹੈ, ਪਰ ਉਸ ਡੀ ਆਈ ਜੀ ਦੀ ਗ੍ਰਿਫਤਾਰੀ ਹੋਣ ਮਗਰੋਂ ਵੱਡੇ ਅਫਸਰਾਂ ਤੇ ਆਗੂਆਂ ਨੇ ਦੋ ਦਿਨ ਜਿਹੜੀਆਂ ਦੌੜਾਂ ਲਾਈਆਂ ਅਤੇ ਗੱਡੀਆਂ ਭਜਾਈਆਂ, ਉਨ੍ਹਾਂ ਦੀ ਲੋਕੇਸ਼ਨ ਨਾਲ ਇਹ ਫੋਕਸ ਵਿੱਚ ਅੱਖ ਨਹੀਂ ਹੋਣੀ ਕਿ ਫਲਾਣੇ ਅਫਸਰ ਨੇ ਫਲਾਣੇ ਬੈਂਕ ਜਾਂ ਫਲਾਣੇ ਘਰੋਂ ਤੋਂ ਜਾਂ ਫਲਾਣੇ ਫਾਰਮ ਹਾਊਸ ਤੋਂ ਕੁਝ ਚੁੱਕਿਆ ਹੈ? ਸਾਨੂੰ ਵਿਸ਼ਵਾਸ ਹੈ ਕਿ ਏਨੀ ਲੰਭ-ਲੜਾਈ ਵਿੱਚ ਕਿਸੇ ਨੇ ਵੀ ਨਹੀਂ ਪੈਣਾ ਤੇ ਗੱਲ ਇੱਕ ਅਫਸਰ ਤੱਕ ਸੀਮਤ ਰਹਿ ਜਾਣੀ ਹੈ। ਮਾਮਲਾ ਸਹੇ ਦਾ ਹੈ ਜਾਂ ਪਹੇ ਦਾ, ਇਹ ਹਕੀਕਤ ਛਾਪਾ ਮਾਰਨ ਵਾਲਿਆਂ ਨੂੰ ਪਤਾ ਹੈ, ਕੇਂਦਰ ਤੇ ਰਾਜ ਦੀਆਂ ਸਰਕਾਰਾਂ ਦੀ ਵਾਗ ਸੰਭਾਲਣ ਵਾਲਿਆਂ ਨੂੰ ਵੀ ਪਤਾ ਹੈ, ਪਰ ਦੋਵੇਂ ਧਿਰਾਂ ਇੱਕ ਖਾਸ ਹੱਦ ਤੋਂ ਅੱਗੇ ਵਧਦੀਆਂ ਕਦੀ ਨਹੀਂ ਜਾਪਣਗੀਆਂ।

ਚੋਖਾ ਚਿਰ ਪਹਿਲਾਂ ਜਦੋਂ ਪੰਜਾਬ ਦੇ ਇੱਕ ਸਿਵਲ ਅਧਿਕਾਰੀ, ਜਿਹੜਾ ਪੀ ਸੀ ਐੱਸ (ਪੰਜਾਬ ਸਿਵਲ ਸਰਵਿਸ) ਤੋਂ ਤਰੱਕੀ ਪਾਉਣ ਨਾਲ ਆਈ ਏ ਐੱਸ (ਇੰਡੀਅਨ ਐਡਮਨਿਸਟਰੇਟਿਵ ਸਰਵਿਸ) ਤੱਕ ਪਹੁੰਚਿਆ ਸੀ, ਦੇ ਘਰ ਵਿੱਚੋਂ ਕਈ ਕਿੱਲੋ ਸੋਨੇ ਅਤੇ ਚਾਂਦੀ ਦੀਆਂ ਇੱਟਾਂ ਮੁਹਾਲੀ ਵਿੱਚ ਮਿਲੀਆਂ ਸਨ। ਪੰਜਾਬ ਵਿੱਚ ਇਹ ਕਿਸੇ ਤੋਂ ਲੁਕਿਆ ਨਹੀਂ ਕਿ ਫਲਾਣੇ ਅਫਸਰ ਨੇ ਫਲਾਣੇ ਧੰਦੇ ਵਿੱਚੋਂ ਐਨੀ ਸਾਰੀ ਕਮਾਈ ਕੀਤੀ ਤੇ ਫਲਾਣੇ ਕਾਰੋਬਾਰ ਵਿੱਚ ਲਾਈ ਹੈ, ਪਰ ਇਸ ਦੀ ਪੜਤਾਲ ਕਦੇ ਕੋਈ ਨਹੀਂ ਕਰਦਾ। ਕਾਰਨ ਇਹ ਹੈ ਕਿ ਜਦੋਂ ਕਿਸੇ ਬਾਰੇ ਜਾਂਚ ਸ਼ੁਰੂ ਕੀਤੀ ਜਾਵੇਗੀ, ਕਰਨ ਵਾਲਿਆਂ ਦਾ ਆਪਣਾ ਰਿਕਾਰਡ ਵੀ ਸਭ ਨੂੰ ਪਤਾ ਹੋਣ ਕਾਰਨ ਕੋਈ ਉਲਟਾ ਉਨ੍ਹਾਂ ਦੇ ਖਾਤੇ ਫੋਲਣ ਵੀ ਤੁਰ ਸਕਦਾ ਹੈ ਜਾਂ ਕਿਸੇ ਜਾਂਚ ਏਜੰਸੀ ਕੋਲ ਉਨ੍ਹਾਂ ਬਾਰੇ ਸਬੂਤ ਪਹੁੰਚਾਉਣ ਤੁਰ ਪਵੇਗਾ। ਇਸ ਲਈ ਚੋਰ ਚੋਰਾਂ ਨੂੰ ਬਚਾਉਣ ਦੇ ਕੰਮ ਲਈ ਕਿਸੇ ਤਰ੍ਹਾਂ ਦੀ ਮੀਟਿੰਗ ਕੀਤੇ ਬਗੈਰ ਵੀ ਇੱਕ ਚੁੱਪ ਸਹਿਮਤੀ ਨਾਲ ਕੰਮ ਕਰਦੇ ਰਹਿਣਗੇ ਅਤੇ ਸਿਸਟਮ ਏਦਾਂ ਹੀ ਚੱਲਦਾ ਰਹੇਗਾ।

ਕੁਝ ਚਿਰ ਪਹਿਲਾਂ ਮੱਧ ਪ੍ਰਦੇਸ਼ ਵਿਚਲੇ ਇੱਕ ਆਈ ਏ ਐੱਸ ਅਫਸਰ ਜੋੜੇ ਦੇ ਘਰ ਜਦੋਂ ਛਾਪਾ ਪਿਆ ਤਾਂ ਬੈੱਡ ਦੇ ਬਕਸਿਆਂ ਵਿੱਚ ਨੋਟ ਇੱਟਾਂ ਵਾਂਗ ਚਿਣ-ਚਿਣ ਰੱਖੇ ਹੋਏ ਮਿਲੇ ਸਨ। ਕਹਾਵਤ ਹੈ ਕਿ ਫਲਾਣਾ ਬੰਦਾ ਨੋਟਾਂ ਦੇ ਬਿਸਤਰੇ ਉੱਤੇ ਸੌਂਦਾ ਹੈ, ਉਹ ਦੋਵੇਂ ਮੀਆਂ-ਬੀਵੀ ਸੱਚਮੁੱਚ ਨੋਟਾਂ ਦੇ ਉਸ ਬੈੱਡ ਉੱਤੇ ਸੌਂਦੇ ਸਨ, ਜਿਸ ਵਿੱਚ ਹੋਰ ਨੋਟ ਰੱਖਣ ਦੀ ਥਾਂ ਨਹੀਂ ਸੀ ਬਚੀ, ਪਰ ਅਗਲੀ ਕੋਈ ਖਾਸ ਕਾਰਵਾਈ ਉਨ੍ਹਾਂ ਖਿਲਾਫ ਨਹੀਂ ਸੀ ਹੋ ਸਕੀ, ਕਿਉਂਕਿ ਦੋਵੇਂ ਜਣੇ ਉਸ ਰਾਜ ਵਿੱਚ ਦਿੱਲੀ ਦੀ ਕ੍ਰਿਪਾ ਨਾਲ ਮਿਲੀਆਂ ਪੋਸਟਾਂ ਉੱਤੇ ਅਫਸਰੀ ਕਰਦੇ ਪਏ ਸਨ। ਝਾਰਖੰਡ ਵਿੱਚ ਇੱਕ ਵਾਰੀ ਮੁੱਖ ਮੰਤਰੀ ਸਾਹਮਣੇ ਪੇਸ਼ ਹੋਏ ਇੱਕ ਬੰਦੇ ਨੇ ਕਿਹਾ ਕਿ ਤੁਹਾਡੇ ਅਫਸਰ ਪੈਸੇ ਮੰਗਦੇ ਹਨ, ਮੁੱਖ ਮੰਤਰੀ ਨੇ ਅਫਸਰ ਦਾ ਨਾਂਅ ਦੱਸ ਦੇਣ ਲਈ ਕਿਹਾ ਤਾਂ ਉਸ ਨੇ ਮੁੱਖ ਮੰਤਰੀ ਦੇ ਨਾਲ ਬੈਠੀ ਪ੍ਰਿੰਸੀਪਲ ਸੈਕਟਰੀ ਵੱਲ ਉਂਗਲ ਉਠਾ ਦਿੱਤੀ। ਇਸ ਗੱਲ ਤੋਂ ਰੌਲਾ ਪੈ ਗਿਆ, ਕਿਉਂਕਿ ਓਥੇ ਰਾਜ ਉਸ ਵੇਲੇ ਝਾਰਖੰਡ ਮੁਕਤੀ ਮੋਰਚੇ ਦਾ ਸੀ, ਪਰ ਅਗਲੇ ਦਿਨ ਇਹ ਗੱਲ ਲੋਕਾਂ ਨੂੰ ਪਤਾ ਲੱਗੀ ਕਿ ਇਹ ਬੀਬੀ ਭਾਜਪਾ ਰਾਜ ਵਿੱਚ ਏਸੇ ਪੋਸਟ ਉੱਤੇ ਹੁੰਦੀ ਸੀ ਅਤੇ ਏਦਾਂ ਦੀ ਸ਼ਿਕਾਇਤ ਉਸ ਵਿਰੁੱਧ ਉਸ ਵੇਲੇ ਵੀ ਕੀਤੀ ਗਈ ਸੀ, ਪਰ ਕਾਰਵਾਈ ਨਹੀਂ ਸੀ ਕੀਤੀ ਗਈ। ਜਦੋਂ ਦੋਵਾਂ ਪਾਰਟੀਆਂ ਦੇ ਰਾਜ ਬਾਰੇ ਇੱਕੋ ਜਿਹੀ ਗੱਲ ਸਾਹਮਣੇ ਆ ਗਈ ਤਾਂ ਅਗਲੀ ਕੋਈ ਕਾਰਵਾਈ ਨਹੀਂ ਹੋਈ ਅਤੇ ਉਹ ਅਫਸਰ ਬੀਬੀ ਕੁਝ ਚਿਰ ਉਸ ਪੋਸਟ ਤੋਂ ਥੋੜ੍ਹਾ ਜਿਹਾ ਪਾਸੇ ਹਟਾ ਦੇਣ ਨਾਲ ਸਾਰਾ ਹੰਗਾਮਾ ਸ਼ਾਂਤ ਹੋ ਗਿਆ ਸੀ। ਏਦਾਂ ਕਈ ਵਾਰ ਕਈ ਰਾਜਾਂ ਵਿੱਚ ਵਾਪਰ ਜਾਂਦਾ ਰਿਹਾ ਹੈ, ਜਿਨ੍ਹਾਂ ਰਾਜਾਂ ਵਿੱਚ ਸਾਡਾ ਪੰਜਾਬ ਵੀ ਸ਼ਾਮਲ ਮੰਨਿਆ ਜਾਂਦਾ ਹੈ, ਜਿਸ ਦੇ ਏਦਾਂ ਜਿਹੇ ਕਈ ਕਿੱਸੇ ਉੱਠਦੇ ਅਤੇ ਫਿਰ ਆਮ ਲੋਕਾਂ ਵਿੱਚ ਚਾਰ ਦਿਨ ਚਰਚਾ ਦਾ ਮੁੱਦਾ ਬਣਨ ਦੇ ਬਾਅਦ ਅਚਾਨਕ ਚੇਤੇ ਵਿੱਚੋਂ ਵਿਸਰ ਜਾਂਦੇ ਸਨ।

ਜਿਹੜੇ ਰਵੀ ਸਿੱਧੂ ਤੋਂ ਗੱਲ ਅਸੀਂ ਸ਼ੁਰੂ ਕੀਤੀ ਸੀ, ਉਹ ਅੱਜ ਦੀ ਤਰੀਕ ਵਿੱਚ ਬਹੁਤੀ ਛੋਟੀ ਮੱਛੀ ਕਿਹਾ ਜਾਵੇਗਾ ਤੇ ਉਸ ਤੋਂ ਵੱਡੇ ਕਈ ਨਾਂਅ ਹੋਰ ਦੱਸੇ ਜਾ ਸਕਣਗੇ, ਪਰ ਭ੍ਰਿਸ਼ਟਾਚਾਰ ਦੇ ਵਹਿਣ ਨੰਗੇ ਹੋਣ ਅਤੇ ਇਸ ਵਿਰੁੱਧ ਸੰਘਰਸ਼ ਦੀ ਫੜ੍ਹ ਮਾਰ ਕੇ ਫਿਰ ਚੁੱਪ ਵੱਟਣ ਦੀ ਕਹਾਣੀ ਤਾਂ ਰਵੀ ਸਿੱਧੂ ਤੋਂ ਸ਼ੁਰੂ ਹੋਈ ਸੀ। ਮਾਮਲਾ ਅਮਰਿੰਦਰ ਸਿੰਘ ਦੇ ਵਕਤ ਉੱਭਰਿਆ ਤੇ ਉਸ ਵੇਲੇ ਪਹਿਲੀ ਵਾਰ ਮੁੱਖ ਮੰਤਰੀ ਬਣੇ ਹੋਣ ਕਾਰਨ ਉਸ ਦੀ ਭੱਲ ਵੀ ਬੜੀ ਬਣਦੀ ਜਾਪਣ ਲੱਗ ਪਈ, ਪਰ ਇੱਕ ਸਾਲ ਨਾ ਲੰਘਿਆ ਕਿ ਉਸ ਦੇ ਰਾਜ ਵਿੱਚ ਚੱਲ ਰਹੇ ਭ੍ਰਿਸ਼ਟਾਚਾਰ ਦੇ ਗੰਦੇ ਵਹਿਣ ਤੇ ਉਸ ਨਾਲ ਅਮਰਿੰਦਰ ਸਿੰਘ ਦੇ ਏਲਚੀਆਂ ਦੇ ਸੰਬੰਧਾਂ ਦੀ ਕਹਾਣੀ ਉੱਭਰਨ ਲੱਗ ਪਈ। ਫਿਰ ਜਦੋਂ ਲੁਧਿਆਣਾ ਇੰਪਰੂਵਮੈਂਟ ਟਰੱਸਟ ਦਾ ਮੁੱਦਾ ਉੱਭਰਿਆ, ਜਿਹੜਾ ਦਸ ਸਾਲ ਪਿੱਛੋਂ ਉਸ ਦੇ ਦੋਬਾਰਾ ਮੁੱਖ ਮੰਤਰੀ ਬਣਨ ਤੱਕ ਵੀ ਚੱਲ ਰਿਹਾ ਸੀ, ਉਸ ਨੇ ਅਮਰਿੰਦਰ ਸਿੰਘ ਦਾ ਅਕਸ ਏਨਾ ਵਿਗਾੜ ਦਿੱਤਾ ਕਿ ਉਹ ਆਪਣਾ ਅਕਸ ਵਿਗੜਨ ਵਰਗੀ ਚਿੰਤਾ ਭੁੱਲ ਕੇ 'ਰੋਮ ਸੜਦਾ ਅਤੇ ਨੀਰੋ ਬੰਸਰੀ ਵਜਾਉਂਦਾ' ਦੀ ਕਹਾਵਤ ਸੱਚ ਸਾਬਤ ਕਰਨ ਲੱਗ ਪਿਆ ਸੀ। ਦੂਸਰੀ ਵਾਰੀ ਉਸ ਨੇ ਨਸ਼ਿਆਂ ਦਾ ਧੰਦਾ ਰੋਕਣ ਦੇ ਨਾਅਰੇ ਤੋਂ ਸ਼ੁਰੂਆਤ ਕੀਤੀ ਤੇ ਸੀਤਾ ਫਲ ਦੇ ਟੋਕਰਿਆਂ, ਜਿਹੜੇ ਅਸਲ ਵਿੱਚ ਭ੍ਰਿਸ਼ਟਾਚਾਰ ਵਾਲੀ ਕਾਲੀ ਕਮਾਈ ਨਾਲ ਭਰੇ ਹੋਏ ਬਕਸਿਆਂ ਦਾ ਕੋਡ-ਵਰਡ ਸੀ, ਤੱਕ ਜਾ ਕੇ ਦਾਅਵਿਆਂ ਦੀ ਸਾਰੀ ਖੇਡ ਆਪਣੀ ਮੌਤੇ ਆਪ ਮਰ ਗਈ। ਓਸੇ ਕਹਾਣੀ ਨਾਲ ਉਸ ਦੇ ਬਾਅਦ ਮੌਜੂਦਾ ਸਰਕਾਰ ਵੀ ਉਹੋ ਜਿਹੀ ਖੇਡ ਵਿੱਚ ਸ਼ਾਮਲ ਹੁੰਦੀ ਦਿੱਸਣ ਲੱਗ ਪਈ ਹੈ।

ਅਸੀਂ ਪਿਛਲਿਆਂ ਸਰਕਾਰਾਂ ਦੇ ਵਕਤ ਹੋਏ ਦੀ ਚਰਚਾ ਕਰ ਕੇ ਇਸ ਵਕਤ ਜੋ ਹੋਈ ਜਾਂਦਾ ਹੈ, ਉਸ ਵੱਲੋਂ ਅੱਖਾਂ ਨਹੀਂ ਮੀਟ ਸਕਦੇ ਤੇ ਲੋਕਾਂ ਦਾ ਧਿਆਨ ਸਾਹਮਣੇ ਵਾਪਰਦੀਆਂ ਕੌੜੀਆਂ ਹਕੀਕਤਾਂ ਤੋਂ ਲਾਂਭੇ ਨਹੀਂ ਪਾਇਆ ਜਾ ਸਕਦਾ, ਕੋਈ ਨਾ ਕੋਈ ਜਵਾਬਦੇਹੀ ਇਸ ਸਰਕਾਰ ਦੇ ਨਾਂਅ ਲੱਗੇਗੀ ਹੀ। ਇਸ ਦੀ ਜ਼ਿੰਮੇਵਾਰੀ ਪਹਿਲਿਆਂ ਸਾਰਿਆਂ ਨਾਲੋਂ ਇਸ ਲਈ ਵੱਧ ਬਣਦੀ ਹੈ ਕਿ ਇਹ ਵਾਰੀ-ਵਾਰੀ ਰਲ ਕੇ ਰਾਜ ਕਰਨ ਦੀ ਪਿਰਤ ਤੋੜਨ ਅਤੇ ਨਵੀਂ ਸਰਕਾਰ ਨਹੀਂ, ਨਵਾਂ ਮਾਹੌਲ ਸਿਰਜਣ ਅਤੇ ਭ੍ਰਿਸ਼ਟਾਚਾਰ ਜਾਂ ਨਸ਼ਿਆਂ ਦਾ ਵਹਿਣ ਰੋਕਣ ਦੇ ਨਾਅਰੇ ਨਾਲ ਸਾਹਮਣੇ ਆਈ ਸੀ। ਲੋਕਾਂ ਨੂੰ ਜਦੋਂ ਪਹਿਲਿਆਂ ਤੋਂ ਕੋਈ ਆਸ ਹੀ ਨਹੀਂ ਸੀ ਰਹਿ ਗਈ, ਓਦੋਂ ਇਸ ਧਿਰ ਨੂੰ ਆਖਰੀ ਆਸ ਦੇ ਤੌਰ ਉੱਤੇ ਸਮਰਥਨ ਦੇ ਕੇ ਜਿਹੜੇ ਆਮ ਲੋਕਾਂ ਚੁਣਿਆ ਸੀ, ਉਹ ਇਸ ਸਰਕਾਰ ਤੋਂ ਕੀਤੇ ਵਾਅਦਿਆਂ ਉੱਤੇ ਅਮਲ ਬਾਰੇ ਪੁੱਛਣ ਦਾ ਇੱਕ ਹੱਕ ਸਮਝਦੇ ਹਨ। ਇਹ ਸਰਕਾਰ ਇਹ ਕਹਿ ਕੇ ਲੋਕਾਂ ਨੂੰ ਚੁੱਪ ਨਹੀਂ ਕਰਵਾ ਸਕਦੀ ਕਿ ਫਲਾਣੀ ਸਰਕਾਰ ਦੇ ਸਮੇਂ ਫਲਾਣਾ ਅਫਸਰ ਐਨੀ ਮਾਇਆ ਕਿਸੇ ਤੋਂ ਫੜਦਾ ਫੜਿਆ ਗਿਆ ਜਾਂ ਫਲਾਣੀ ਸਰਕਾਰ ਦੌਰਾਨ ਪੰਜਾਬ ਦੇ ਲੋਕਾਂ ਨੂੰ ਨਸ਼ਿਆਂ ਦੇ ਵਹਿਣ ਵਿੱਚ ਡੋਬਣ ਦਾ ਕੰਮ ਆਰੰਭ ਹੋਇਆ ਸੀ। ਲੋਕ ਇਹ ਜਾਨਣਾ ਚਾਹੁਣਗੇ ਕਿ ਉਹ ਸਾਰੇ ਤਾਂ ਤੁਹਾਡੇ ਮੁਤਾਬਕ ਵੀ ਡੋਬਣ ਵਾਲੇ ਸਨ ਅਤੇ ਆਮ ਲੋਕਾਂ ਦੀ ਨਜ਼ਰ ਵਿੱਚ ਵੀ ਏਦਾਂ ਦੇ ਹੋਣ ਕਾਰਨ ਤੁਹਾਨੂੰ ਇੱਕ ਮੌਕਾ ਦਿੱਤਾ ਗਿਆ ਸੀ, ਤੁਸੀਂ ਇਸ ਵਰਤਾਰੇ ਅੱਗੇ ਬੰਨ੍ਹ ਮਾਰਨ ਵਾਸਤੇ ਕੀ ਕੀਤਾ ਹੈ! ਜੇ ਪਹਿਲਿਆਂ ਉੱਤੇ ਸੋਨੇ ਦੇ ਬਿਸਤਰਿਆਂ ਉੱਤੇ ਸੌਣ ਜਾਂ ਅਗਲੀਆਂ ਸੱਤ ਪੁਸ਼ਤਾਂ ਦਾ ਬੁੱਤਾ ਸਾਰਨ ਜੋਗਾ ਮਾਲ ਇਕੱਠਾ ਕਰ ਲੈਣ ਵਾਲੇ ਦੋਸ਼ ਲਾ ਕੇ ਤੁਸਾਂ ਸੱਤਾ ਸਾਂਭੀ ਸੀ ਤਾਂ ਇਸ ਦੀ ਛਤਰ-ਛਾਇਆ ਹੇਠ ਜਿਨ੍ਹਾਂ ਨੇ ਨੋਟਾਂ ਨੂੰ ਪੁੱਠਾ ਮਾਰਨ ਦਾ ਕੰਮ ਓਦੋਂ ਵਾਂਗ ਜਾਂ ਉਸ ਤੋਂ ਵੱਧ ਰਫਤਾਰ ਨਾਲ ਚਲਾਇਆ ਹੈ ਅਤੇ ਸਰਕਾਰ ਕੋਈ ਅੜਿੱਕਾ ਨਹੀਂ ਬਣਦੀ ਜਾਪਦੀ ਤਾਂ ਸੱਤਾ ਤਬਦੀਲੀ ਦਾ ਲਾਭ ਕੀ ਹੋਇਆ! ਪੰਜਾਬੀਅਤ ਜਿਹੜੇ ਮੋੜ ਉੱਤੇ ਪਹੁੰਚੀ ਹੋਈ ਹੈ, ਲੋਕ ਅੱਜਕੱਲ੍ਹ ਗੱਲਾਂ ਨਾਲ ਪਤੀਆਏ ਜਾਣ ਦੇ ਮੁਥਾਜ ਨਹੀਂ, ਉਹ ਜਵਾਬ ਮੰਗਦੇ ਹਨ।

ਜਦੋਂ ਪੰਜਾਬੀਅਤ ਜਵਾਬ ਮੰਗਦੀ ਹੈ ਤਾਂ ਕੋਈ ਇਹ ਨਾ ਸਮਝੇ ਕਿ ਜਵਾਬ ਸਿਰਫ ਅਜੋਕੇ ਹਾਕਮਾਂ ਨੂੰ ਦੇਣਾ ਪੈਣਾ ਹੈ, ਪਿਛਲਿਆਂ ਦਾ ਵਹੀ-ਖਾਤਾ ਨਾਲ ਇੱਕ ਵਾਰ ਫਿਰ ਖੁੱਲ੍ਹ ਸਕਦਾ ਹੈ। ਡੀ ਆਈ ਜੀ ਭੁੱਲਰ ਦੇ ਗ੍ਰਿਫਤਾਰ ਹੋਣ ਮਗਰੋਂ ਵਿਰੋਧੀ ਧਿਰਾਂ ਦੇ ਜਿਨ੍ਹਾਂ ਆਗੂਆਂ ਨੇ ਅਜੋਕੀ ਸਰਕਾਰ ਉੱਤੇ ਹਮਲਾ ਕੀਤਾ ਹੈ, ਬਿਲਕੁਲ ਠੀਕ ਕੀਤਾ ਹੈ, ਖੁਦ ਉਨ੍ਹਾਂ ਆਗੂਆਂ ਦੀਆਂ ਓਸੇ ਡੀ ਆਈ ਜੀ ਭੁੱਲਰ ਨਾਲ ਖਿੱਚੀਆਂ ਹੋਈਆਂ ਫੋਟੋ ਅਤੇ ਵੀਡੀਓਜ਼ ਆਮ ਲੋਕਾਂ ਨੇ ਯੂਟਿਊਬ ਉੱਤੇ ਚਾੜ੍ਹ ਦਿੱਤੀਆਂ ਹਨ। ਅੱਜ ਦੀ ਘੜੀ ਲੋਕ ਕਿਸੇ ਇੱਕ ਜਾਂ ਦੂਸਰੇ ਆਗੂ ਦੇ ਕਹੇ ਉੱਤੇ ਚੱਲਣ ਵਾਲੇ ਨਹੀਂ, ਲੀਡਰਾਂ ਨੂੰ ਚੌਰਾਹੇ ਵਿੱਚ ਬੇਪਰਦ ਕਰਨ ਦੇ ਕੰਮ ਲੱਗੇ ਹੋਏ ਹਨ। ਉਹ ਚੌਰਾਹਾ ਬੜਾ ਨੇੜੇ ਆਉਂਦਾ ਪਿਆ ਹੈ, ਡੇਢ ਸਾਲ ਵੀ ਉਸ ਘੜੀ ਲਈ ਨਹੀਂ ਬਚਿਆ, ਜਦੋਂ ਪੰਜਾਬ ਦੇ ਸਿਆਸੀ ਪਿੜ ਦੇ ਸਾਰੇ ਪਹਿਲਵਾਨ ਮੈਦਾਨ ਵਿੱਚ ਲੋਕਾਂ ਦੇ ਕੱਖ ਛਾਣਨ ਲਈ ਘੁੰਮਦੇ ਦਿੱਸਣੇ ਹਨ। ਲੋਕਾਂ ਮੂਹਰੇ ਉਸ ਘੜੀ ਕਿਸ ਆਗੂ ਨੇ ਕਿਹੜੇ ਮੂੰਹ ਨਾਲ ਜਾਣਾ ਅਤੇ ਉਨ੍ਹਾਂ ਦੀਆਂ ਨਜ਼ਰਾਂ ਦਾ ਸਾਹਮਣਾ ਕਿੱਦਾਂ ਕਰਨਾ ਹੈ, ਇਸ ਦੇ ਅੰਦਾਜ਼ੇ ਅਗੇਤੇ ਲਾਏ ਜਾਣ ਲੱਗ ਪਏ ਹਨ ਤੇ ਸਾਰੇ ਸਿਆਸੀ ਲੀਡਰਾਂ ਦੀ ਜਨਮ-ਕੁੰਡਲੀ ਆਮ ਲੋਕ ਆਪਣੇ ਮੋਬਾਇਲ ਫੋਨਾਂ ਵਿੱਚ ਪਈ ਰੱਖ ਕੇ ਬੈਠੇ ਹਨ। ਲੋਕਾਂ ਨੇ ਬੈਂਕਾਂ ਵਿੱਚ ਪਏ ਪੈਸੇ ਦਾ ਬੈਲੇਂਸ ਨਹੀਂ ਵੇਖਣਾ ਹੁੰਦਾ, ਕਾਰੋਬਾਰ ਠੱਪ ਹੋ ਰਹੇ ਹਨ, ਰੁਜ਼ਗਾਰ ਦੇ ਥੁੜਨ ਉੱਤੇ ਲੀਡਰਾਂ ਦੇ ਪਿੱਛੇ ਘੁੰਮਦੇ ਵਰਕਰਾਂ ਦੀ ਧਾੜ ਨਾਲ ਸਮਾਜ ਨਹੀਂ ਚੱਲਣਾ, ਲੋਕ ਇਹੋ ਜਿਹੇ ਰਾਹਾਂ ਵਿੱਚ ਕੰਡੇ ਵਿਛਾ ਕੇ ਕੌੜਾ ਸਵਾਗਤ ਕਰਨ ਤੱਕ ਜਾ ਸਕਦੇ ਹਨ।

# ਊਂਟ ਪਾਲਕਾਂ ਨੇ ਵਸਾਇਆ ਸੀ ਫਰਾਲਾ

ਪਿੰਡ ਵਸਿਆ-49

ਵਿਜੇ ਬੰਬੇਲੀ

ਭਾਰਤ, ਖਾਸ ਕਰਕੇ ਰਾਜਸਥਾਨ ਵਿਚ, ਊਂਟ ਨੂੰ ਊਠ ਕਿਹਾ ਜਾਂਦਾ ਹੈ, ਹੋਰੀਂ ਬਹੁਤੀ ਥਾਵੀਂ ਊਠ। ਇਸ ਖੇਤੀਹਾਰ ਪਸ਼ੂ ਪਾਲਕ ਕਿਸਬ ਦੇ ਬਹੁਤੇ ਕਰਤੇ ਰਾਜਸਥਾਨ ਅਤੇ ਕੁੱਝ ਥਾਵੀਂ ਜਾਟ ਹਨ ਅਤੇ ਪੰਜਾਬ ਵਿੱਚ ਜੱਟ ਸਨ। ਉਂਜ ਭਾਰ ਵਾਹਕ ਵਣਜਾਰਿਆਂ ਦਾ ਬਲਦਾਂ ਤੋਂ ਬਾਅਦ ਮੁੱਖ ਵਾਹਕ ਊਂਟ ਹੀ ਸੀ। ਇਹਨਾਂ ਜਾਟ ਅਤੇ ਜੱਟਾਂ ਦੀ 'ਮੁੱਢੀ' ਸੂਰਜਬੰਸ਼ੀ ਸਰੋਹੀ ਰਾਜਪੂਤ ਹੈ। ਫਿਰ ਊਠ ਪਾਲਕਾਂ ਨੂੰ ਊਠਵਾਲ ਕਿਹਾ ਜਾਣ ਲੱਗਾ। ਜਦੋਂ ਇਹ ਕਬੀਲਾ ਲੋੜ ਮੁਜ਼ਬ ਉਹਨਾਂ ਖਿੱਤਿਆ ਵੱਲ ਗਿਆ, ਜਿੱਧਰ ਊਠ ਨੂੰ ਊਂਟ ਕਿਹਾ ਜਾਂਦਾ ਸੀ ਤਾਂ ਉਸ ਕੁਨਬੇ ਨੂੰ ਊਂਟਪਾਲ, ਫਿਰ ਊਂਟਵਾਲ (ਊਂਠਵਾਲ) ਕਿਹਾ ਜਾਣ ਲੱਗਾ। ਇਹੀ ਸ਼ਬਦ ਵਿਗੜਦਾ-ਸੰਵਰਦਾ ਅਖੀਰ 'ਅਟਵਾਲ' (ਅਠਵਾਲ) ਪੱਕ-ਪਕਾਅ ਗਿਆ, ਦੋਆਬੇ 'ਚ ਇਹ 'ਅਟਵਾਲ' ਬੁਲੰਦ ਹੋ ਗਿਆ। ਇਹਨਾਂ 'ਅਟਵਾਲ ਗੋਤਰੀਆਂ' ਨੇ ਹੀ ਫਗਵਾੜਾ-ਨਵਾਂਸ਼ਹਿਰ ਮਾਰਗ ਉੱਤੇ ਵਾਕਿਆ 'ਬਹਿਰਾਮ' ਲਾਗਲਾ ਫਰਾਲਾ ਵਸਾਇਆ ਸੀ, ਜਿਸ ਦਾ ਜ਼ਿਲ੍ਹਾ ਪਹਿਲਾਂ ਜਲੰਧਰ ਸੀ ਤੇ ਹੁਣ ਨਵਾਂ ਸ਼ਹਿਰ ਹੈ।

ਕਈ ਕਾਰਨੀਂ ਫਰਾਲਾ ਅਹਿਮ ਪਿੰਡ ਸੀ/ਹੈ। ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਦ ਅੰਗਰੇਜ਼ਾਂ ਨੂੰ ਦੋਆਬਾ ਦੇ ਮੋਹਤਬਰ ਪਿੰਡਾਂ ਬਾਰੇ ਦੱਸਿਆ, ਫਰਾਲਾ ਉਹਨਾਂ ਵਿੱਚੋਂ ਇਕ ਸੀ। ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਦੰਦ ਕਥਾ ਮੁਤਾਬਿਕ, ਕਰੀਬ ਪੰਜ-ਛੇ ਸਦੀਆਂ ਪਹਿਲਾਂ, ਇਸ ਨਗਰ ਦੀ ਮੋੜ੍ਹੀ ਗੱਡਣ ਵਾਲਾ ਪ੍ਰਮੁੱਖ ਬਾਬਾ ਹੰਦਾਲ ਸੀ, ਜਿਹੜਾ ਸਥਿਤੀਆਂ-ਪ੍ਰਸਥਿਤੀਆਂ ਵੱਸ ਜਲ ਸੋਮਿਆਂ ਅਤੇ ਜ਼ਰਖੇਜ਼ ਚਰਗਾਹਾਂ ਦੀ ਭਾਲ ਵਿੱਚ ਇਧਰ ਆਇਆ ਸੀ। ਸਮਾਂ ਪਾ, ਇਹਨਾਂ ਦੀ ਇੱਕ ਧਿਰ, ਦੂਜਾ ਭਾਈ, ਚਿੱਟੀ (ਜਲੰਧਰ) ਜਾ ਬੈਠੀ ਤੇ ਦੂਜੀ, ਤੀਜਾ ਭਰਾ, ਪਹਿਲਾਂ ਆਦਮਪੁਰ ਲਾਗੇ ਧੀਰੋਵਾਲ ਤੇ ਮਗਰੋਂ ਖੁਰਦਪੁਰ (ਆਦਮਪੁਰ)। ਊਂ, ਅਟਵਾਲ ਪ੍ਰਮੁੱਖਾਂ ਦੇ ਇਕ ਹੋਰ ਭਰਾ ਜਾਂ ਕੁਨਬੇ ਦਾ ਵਸਾਇਆ 'ਅਠਵਾਲ' ਨਾਂਅ ਦਾ ਚੌਥਾ ਪਿੰਡ ਗੁਰਦਾਸਪੁਰ ਵਿਚ ਹੈ। ਜਦੋਂ ਬ੍ਰਿਟਿਸ਼ ਸਾਮਰਾਜ ਨੇ ਬਾਰਾਂ, ਹੁਣ ਪਾਕਿਸਤਾਨ ਵਸਾਈਆਂ, ਤਦ ਕਈ ਅਟਵਾਲ ਉੱਧਰ ਭੇਜੇ ਜਾਂ ਚਲੇ ਗਏ। ਉਹਨਾਂ ਲਾਇਲਪੁਰ ਖਿੱਤੇ ਵਿੱਚ 'ਫਰਾਲਾ' ਨਾਂਅ ਦਾ ਨਵਾਂ ਪਿੰਡ ਬੰਨ੍ਹਿਆ, ਜਿਹੜਾ ਅੱਜ ਵੀ ਫੈਸਲਾਬਾਦ ਲਾਗੇ ਘੁੱਗ ਵੱਸਦਾ ਹੈ। ਇਹ ਅੱਡ ਗੱਲ ਹੈ ਕਿ '47 ਵਿਚ ਉਥੋਂ ਦੇ ਅਟਵਾਲ, ਮਜਬੂਰੀਵੱਸ, ਇਧਰ ਬਾਘੇ ਦੀ ਲੀਕ ਟੱਪ ਆਏ ਅਤੇ ਇਧਰਲੇ, ਸਾਡੇ ਮੁਸਲਿਮ ਹਮਸਾਏ, ਭਰੇ ਮਨ ਨਾਲ ਉੱਥੇ ਜਾ ਬੈਠੇ।

ਬਾਬੇ ਹੰਦਾਲ ਦਾ ਕੁਨਬਾ ਰਾਜਸਥਾਨ ਤੋਂ ਆਇਆ ਸੀ, ਜਿਹੜਾ ਊਂਟ (ਊਠ) ਪਾਲਿਆ ਕਰਦਾ ਸੀ, ਜਿਹਨਾਂ ਨੂੰ ਊਂਟਵਾਲ (ਊਂਠਵਾਲ) ਆਖਿਆ ਜਾਂਦਾ ਸੀ, ਇਹੋ ਸ਼ਬਦ ਹੀ ਬਹੁਤੀ ਥਾਂ ਅਟਵਾਲ ਅਤੇ ਕਿਤੇ ਅਠਵਾਲ ਹੋ ਗਿਆ ਸੀ। ਹਾਲੇ ਵੀ 'ਹੰਦਾਲ ਦੀ ਗੱਦੀ' ਅਤੇ ਉਸ ਵੱਲੋਂ ਗਾਲਿਆ ਧੜਵੈਲ ਖੂਹ (ਗੱਭਲਾ ਖੂਹ) ਪਿੰਡ 'ਚ ਹੈ। ਹੰਦਾਲ ਦਾ ਲਾਗਲੇ ਪਿੰਡ ਸੰਧਵੀਂ ਵੀ ਵਿਆਹ ਹੋਇਆ ਸੀ, ਪਹਿਲੀ ਰਾਜਸਥਾਨਣ ਸੀ। ਉਸ ਦੇ ਸੱਤ ਪੁੱਤ ਹੋਏ : ਰਾਮਾ (ਰਾਮ ਚੰਦ), ਸਾਹਿਬਾ (ਸਾਹਿਬ ਚੰਦ), ਦੀਪਾ (ਦੀਪ ਚੰਦ), ਨਾਗਰ (ਨਾਗਰ ਮੱਲ), ਸੌਂਧਾ (ਸੌਂਧ ਮੱਲ), ਭਾਗ (ਭਾਗ ਮੱਲ) ਅਤੇ ਕੇਸਰ (ਕੇਸਰ ਮੱਲ)। ਦੱਸਿਆ ਗਿਆ ਕਿ 'ਚੰਦ' ਤਖੱਲਸ ਵਾਲੇ ਤਿੰਨ ਰਾਜਸਥਾਨਣ ਦੇ ਸਨ ਤੇ 'ਮੱਲ' ਵਾਲ, ਚਾਰੇ ਪੰਜਾਬਣ ਦੇ। ਸੱਤਾਂ ਦਾ ਆਪਸ ਵਿੱਚ ਬੜਾ ਮੋਹ-ਰਾਬਤਾ ਸੀ, ਇਕ-ਦੂਜੇ ਉੱਤੇ ਕੁਰਬਾਨ। ਇਹਨਾਂ ਸੱਤਾਂ ਦੇ ਨਾਂਅ ਸੱਤ ਪੱਤੀਆਂ ਹਨ। ਭਾਵੇਂ ਹੋਰ ਤਿੰਨ ਪੱਤੀਆਂ : ਦੱਗੋ, ਲੱਧਾ ਅਤੇ ਮੀਰ ਮੱਠਾ ਪੱਟੀ ਵੀ ਤਾਮੀਰ ਹੋਈਆਂ ਸਨ, ਪਰ ਕਹਿੰਦੇ, ਉਹਨਾਂ ਦਾ ਹੰਦਾਲ ਨਾਲ ਸਿੱਧਾ ਸੰਬੰਧ ਨਹੀਂ ਜੁੜਦਾ। ਹਾਂ; ਹੰਦਾਲ ਦੀਆਂ ਚਾਰ ਧੀਆਂ ਵੀ ਸਨ : ਰਾਜਾਂ, ਮਾਗਾਂ, ਚਰਾਗਾਂ ਤੇ ਸਾਗਾਂ। ਜਿਹਨਾਂ ਦੇ ਨਾਂਅ ਚਾਰ ਖੂਹ ਵੀ ਲਵਾਏ ਗਏ ਸਨ : ਬੀਬੀ ਰਾਜਾਂ ਦਾ ਖੂਹ, ਮਾਗਾਂ ਵਾਲਾ, ਖੂਹ ਚਰਾਗਾਂ ਦਾ ਅਤੇ ਸਾਗਾਂ ਦਾ। ਚਾਰੋਂ ਖੂਹਾਂ ਦੇ ਵਜੂਦ ਕਿਸੇ ਨਾ ਕਿਸੇ ਰੂਪ ਵਿਚ ਅੱਜ ਵੀ ਕਾਇਮ ਨੇ।

ਉਦੋਂ ਵੀ ਪਿੰਡ ਵਸਾਉਣੇ ਐਨੇ ਸੌਖੇ ਨਹੀਂ ਸੀ ਹੁੰਦੇ। ਕਈ ਕਿਸਮ ਦੀ ਕਠਿਨ ਘਾਲਣਾ ਘਾਲਣੀ ਪੈਂਦੀ ਅਤੇ ਦੁਸ਼ਵਾਰੀਆਂ, ਮੁਸੀਬਤਾਂ ਤੇ ਵਿਰੋਧਤਾਈਆਂ ਦਾ ਸਾਹਮਣਾ ਕਰਨਾ ਪੈਂਦਾ। ਇਹਨਾਂ ਨੂੰ ਵੀ ਕਰਨਾ ਪਿਆ, ਪਰ ਬਾਬੇ ਹੰਦਾਲ ਦੇ ਸੱਤ ਹੁੰਦੜਹੇਲ ਪੁੱਤਾਂ ਨੇ ਇੱਕ ਪੰਗਾ ਆਪ ਲਿਆ। ਫਰਾਲੇ ਲਾਗੇ ਘੁੰਮਣਾ ਪਿੰਡ ਕੰਨੀ ਇੱਕ ਨਿੱਕੜਾ ਪਰ ਮਾਰੂ ਪਿੰਡ ਹੁੰਦਾ ਸੀ 'ਲਾਦੀਆਂ'। 'ਲਾਦੀਆਂ' ਨਾਂਅ ਦੇ ਮੁਸਲਿਮ ਸੂਰਮੇ ਦਾ ਵਸਾਇਆ ਹੋਇਆ। ਚਰਾਂਦਾਂ ਅਤੇ ਮਾਲ-ਡੰਗਰ ਦੀ ਖੋਹ-ਖਿੱਚ, ਦੋਹਾਂ ਧਿਰਾਂ ਨੂੰ ਪਹਿਲਾਂ ਡਾਂਗ-ਸੋਟੇ, ਮਗਰੋਂ ਮਾਰ-ਮਰਾਈ 'ਤੇ ਲੈ ਆਈ। ਪਹਿਲਾਂ ਲਾਦੀਆਂ ਵਾਲੇ ਭਾਰੂ ਰਹੇ, ਫਿਰ ਸੰਧਵੀਆਂ ਦੇ ਫਰਾਲੀਆਂ ਦੇ ਹੱਕ ਵਿੱਚ ਆ ਜਾਣ ਨਾਲ ਲਾਦੀਆਂ ਢਹਿ-ਢੇਰੀ ਕਰ ਦਿੱਤਾ ਗਿਆ। ਉਹ ਖਿੱਤਾ ਵੀ ਫਰਾਲੇ ਹੱਥ ਆ ਗਿਆ, ਜਿਸ ਨੂੰ ਹੁਣ 'ਲਾਦੀਆਂ ਥੇਹ' ਆਖਿਆ ਜਾਂਦਾ ਹੈ, ਜਿੱਥੋਂ ਹੱਡੀਆਂ-ਠੀਕਰੀਆਂ ਹਾਲੇ ਵੀ ਨਿਕਲਦੀਆਂ ਹਨ। ਇੱਕ 'ਲਾਦੀਆਂ' ਨਾਂਅ ਦਾ ਖੂਹ ਅਜੇ ਵੀ ਉੱਥੇ ਹੈਗਾ ਅਤੇ ਫਰਾਲੇ ਬੰਨੇ ਹੀ ਇੱਕ ਹੋਰ ਖੂਹ ਹੁੰਦਾ ਸੀ, ਜਿਸ ਨੂੰ ਖੇੜੇ ਵਾਲਾ ਖੂਹ ਆਖਿਆ ਜਾਂਦਾ ਹੈ। 'ਖੇੜਾ' ਪੁਰਾਤਨ ਜਾਂ ਗਰਕ ਆਬਾਦੀ ਵਾਲੀ ਜਗ੍ਹਾ। ਮਗਰੋਂ, ਲਾਦੀਆਂ ਵਾਲੇ ਕਟਾਰੀਆਂ ਲਾਗੇ ਆ ਬੈਠੇ ਸਨ।

ਕਿਉਂਕਿ ਫਰਾਲਾ ਪੁਰਾਣਾ ਤੇ ਇਲਾਕੇ ਦਾ ਮੋਹਤਬਰਾਨ ਪਿੰਡ ਸੀ, ਸੋ ਮੁੱਢ-ਕਦੀਮੀਂ ਅੱਖਰ ਗਿਆਨ ਤੋਂ ਬਾਅਦ ਸੰਨ 1870 ਵਿਚ ਇੱਥੇ ਸਰਕਾਰੀ ਸਕੂਲ ਖੁੱਲ੍ਹ ਗਿਆ, ਜਿਹੜਾ ਪਹਿਲਾਂ ਬੋਰਡਿੰਗ ਸੀ, ਮਗਰੋਂ ਖੁਦ-ਜ਼ਾਫਤਾ ਸਰਕਾਰੀ। ਫਿਰ ਮੈਟਰਿਕ ਤੱਕ ਦੇ ਦੋ ਹੋ ਗਏ। ਪਹਿਲਾ ਸਰਕਾਰੀ ਤੇ ਦੂਜਾ ਸੰਸਥਾਗਤ ਪ੍ਰਾਈਵੇਟ। ਸਰਕਾਰੀ ਸਕੂਲ ਨਾਲ ਡਾਕਖਾਨਾ ਵੀ ਆਇਆ, ਉਦੋਂ ਮਾਸਟਰ ਹੀ ਡਾਕੀਆ ਹੁੰਦਾ ਸੀ। 1905 ਵਿੱਚ ਆਜ਼ਾਦਾਨਾ ਡਾਕਖਾਨਾ ਬਣਿਆ ਤੇ ਵਿੱਚੇ ਤਾਰਘਰ। ਕਹਿੰਦੇ ਵੀਹਵੀਂ ਸਦੀ ਦੇ ਅਰੰਭ 'ਚ ਗੋਰਿਆਂ ਨੇ ਪਿੰਡਾਂ 'ਚ ਕਈ ਸਰਕਾਰੀ ਸਹੂਲਤਾਂ ਲਿਆਂਦੀਆਂ, ਹਰ ਗੱਫੇ 'ਚੋਂ ਹਿੱਸਾ ਫਰਾਲੀਆਂ ਨੂੰ ਵੀ ਮਿਲਦਾ। ਵੱਡਾ ਕਾਰਨ ਇਹ ਸੀ ਕਿ ਇਹ ਪੜ੍ਹਿਆ-ਲਿਖਿਆ ਸਾਊਆਂ ਦਾ, ਸੱਤਾਵਾਨਾਂ ਦੀ ਰਜਾ ਵਿਚ ਰਹਿਣ ਵਾਲਾ ਪਿੰਡ ਸੀ। ਫਰਾਲਾ ਖੇਤੀ 'ਚ ਤਾਂ ਅਗਾਂਹਵਧੂ ਸੀ, ਪ੍ਰੰਤੂ ਵੱਡਾ ਹੋਣ ਦੇ ਬਾਵਜੂਦ ਦੁਕਾਨਦਾਰੀ ਤੇ ਘਰੇਲੂ ਸਨਅਤ ਨਹੀਂ ਸੀ ਵਧਾ ਸਕਿਆ, ਕਿਉਂਕਿ ਲਾਗਲਾ ਬਹਿਰਾਮ ਮੁੱਖ ਸੜਕੀ ਸਹੂਲਤ ਦਾ ਲਾਹਾ ਖੱਟ ਗਿਆ ਸੀ। ਉਂਜ, ਦੇਸੀ ਖੰਡ ਬਣਾਉਣ ਦੀਆਂ ਖੰਚੀਆਂ, ਫਰਾਲੇ 1970 ਤੱਕ ਰਹੀਆਂ ਅਤੇ ਜਦੋਂ ਪਿੰਡਾਂ 'ਚ "ਸ਼ੁੱਧ ਪਾਣੀ" ਵਾਲੀਆਂ ਟੈਂਕੀਆਂ ਬਣਨੀਆਂ ਸ਼ੁਰੂ ਹੋਈਆਂ ਤਾਂ ਇਲਾਕੇ ਦੀ ਪਹਿਲੀ "ਉੱਚੀ ਜਲ ਟੈਂਕੀ" ਇਸੇ ਫਰਾਲੇ ਬਣੀ।

ਕਈ ਕਾਰਨੀਂ, ਪਹਿਲ-ਪਲੱਕੜਿਆਂ ਵਿੱਚ, ਵਿਦੇਸ਼ੀ ਜਾਣ ਵਾਲਿਆਂ ਵਿੱਚ ਫਰਾਲੇ ਵਾਲੇ ਵੀ ਪ੍ਰਮੁੱਖ ਸਨ। ਹੁਣ ਪਿੰਡ ਹੀ ਖਾਲੀ ਹੋ ਗਿਆ ਲੱਗਦਾ। ਘਰਾਂ-ਖੇਤਾਂ 'ਚ ਲੋੜ-ਮੁਜ਼ਬ ਹੋਰਾਂ ਸੂਬਿਆਂ ਦੇ ਕਿਰਤੀ ਰੱਖਣੇ ਪੈ ਰਹੇ ਹਨ, ਜਿਹੜੇ ਪੰਜਾਬੀ ਜਾਮਾ ਅਖਤਿਆਰ ਕਰ ਰਹੇ ਹਨ ਅਤੇ ਫਰਾਲੀਏ, ਹੋਰ ਈ ਤਰ੍ਹਾਂ ਦਾ, ਵਿਦੇਸ਼ੀ। ਪਰਾਈਆਂ ਧਰਤੀਆਂ 'ਤੇ ਜਾ ਵਸਿਆਂ ਨੂੰ ਪਿੰਡ ਨਾਲ ਮੋਹ ਹੈ, ਉਹ ਸਾਂਝੇ ਕਾਰਜਾਂ ਲਈ ਵੀ ਪੈਸਾ-ਟਕਾ ਭੇਜਦੇ ਸਨ/ਹਨ, ਪਰ ਨਵੀਂ ਪੀੜ੍ਹੀ 'ਚ ਇਹ ਚਲਨ ਘਟ ਰਿਹਾ ਹੈ। ਨਵੀਂ ਪੌਂਦ, ਪਹਿਲੜਿਆਂ ਵਾਂਗ ਜ਼ਮੀਨ-ਜਾਇਦਾਦ ਪ੍ਰਤੀ ਵੀ ਮੋਹ ਨਹੀਂ ਦਿਖਾਉਂਦੀ ਅਤੇ ਨਾ ਹੀ ਉਹ ਪੁਰਖਿਆਂ ਵਾਂਗ ਪਿੰਡ ਜਾਣ ਨੂੰ ਉਤਾਵਲੇ ਹੁੰਦੇ ਹਨ। ਅਖੀਰ ਤੁਸੀਂ ਮੈਨੂੰ ਇੱਥੋਂ ਦੇ ਜਾਏ, ਵਲੈਤ ਵੱਸਦੇ ਚਰਚਿਤ ਲੇਖਕ ਹਰਜੀਤ ਅਟਵਾਲ ਦੀ ਢੇਰ ਵਰ੍ਹੇ ਪਹਿਲਾਂ ਆਖੀ ਗੱਲ ਸੁਣਾ ਕੇ ਇਹ ਲੇਖ ਬੰਦ ਕਰਨ ਦੀ ਆਗਿਆ ਦਿਓ, 'ਫਰਾਲੀਆਂ ਦੀ ਅਗਲੀ ਪੀੜ੍ਹੀ ਤਾਂ ਸ਼ਾਇਦ ਹੀ ਫਰਾਲੇ ਜਾਵੇ, ਕਿਉਂਕਿ ਉਹ ਜਾਂ ਤਾਂ ਇੰਗਲੈਂਡੀਏ ਹਨ ਜਾਂ ਕੈਨੇਡੀਅਨ, ਅਮੈਰੇਕਨ ਜਾਂ ਕੋਈ ਹੋਰ। ਉਹ ਹੁਣ ਫਰਾਲੀਏ ਤਾਂ ਸਿਰਫ ਨਾਂਅ ਦੇ ਹੀ ਹਨ, ਪਰ ਇਕ ਗੱਲ ਯਕੀਨੀ ਹੈ, ਕਦੇ ਨਾ ਕਦੇ ਜ਼ਰੂਰ ਵਾਪਰੇਗੀ ਕਿ ਇਕ ਦਿਨ, ਇਹਨਾਂ ਵਿਦੇਸ਼ਾਂ ਵਿਚ ਜੰਮੇ ਫਰਾਲੀਆਂ ਵਿੱਚੋਂ ਕੁੱਝ ਪੂਰ, ਫਰਾਲੇ ਦਾ ਗੇੜਾ ਜ਼ਰੂਰ ਮਾਰਿਆ ਕਰਨਗੇ, ਜਿਵੇਂ ਅਸਟਰੇਲੀਅਨ ਜਾਂ ਨਿਊਜ਼ੀਲੈਂਡਰ, ਚਿੱਟੇ ਲੋਕ, ਇੰਗਲੈਂਡ ਦਾ ਗੇੜਾ ਮਾਰਦੇ ਹਨ ਜਾਂ ਅਮਰੀਕਨ ਆਇਰਲੈਂਡ ਦਾ।' ਹਾਂ; ਆਪਣੀਆਂ ਜੜ੍ਹਾਂ ਦੀ ਖੋਜ ਵਿਚ ਸਾਡੀ ਅਗਲੀ-ਅਗਲੇਰੀ ਪੀੜ੍ਹੀ ਪੰਜਾਬ ਦਾ ਗੇੜਾ ਜ਼ਰੂਰ ਮਾਰਿਆ ਕਰੇਗੀ। ਅਫਸੋਸ! ਉਦੋਂ ਤੱਕ ਉਹਨਾਂ ਦੇ ਪੁਰਖੇ ਪਿੰਡਾਂ ਦਾ ਅਸਲ ਵਜੂਦ ਤਾਂ ਕਦੋਂ ਦਾ ਢਹਿ-ਢੇਰੀ ਹੋ ਚੁੱਕਾ ਹੋਵੇਗਾ।

**ਮੋਬਾ.** 94634-39075

# ਨੀ ਜਿੰਦੜੀਏ ! ਕਲਯੁੱਗ ਇਹ ਕਲਯੁੱਗ

ਸ਼ੀਸ਼ੇ ਦੇ ਵੱਲ ਦੇਖ ਨਾ ਹੋਵੇ-37

ਸੁਰਜੀਤ ਸੁਮਨ

ਕਿੰਨੇ ਵਰ੍ਹੇ ਬੀਤ ਗਏ ਹਨ। ਦੇਰ ਬਾਅਦ ਚੇਤੇ 'ਚ ਉਹ ਪਲ ਪ੍ਰਗਟ ਹੋਇਆ। ਇੱਕ ਵਾਰ ਅਸੀਂ ਹੇਮਕੁੰਟ ਸਾਹਿਬ ਦੀ ਯਾਤਰਾ 'ਤੇ ਜਾ ਰਹੇ ਸੀ। ਉੱਤਰਾਖੰਡ ਦੀਆਂ ਬਰਫੀਲੀਆਂ ਪਹਾੜੀਆਂ ਦੀ ਰੂਹਾਨੀਅਤ ਨੇ ਮਨ ਤਰੰਗਤ ਕੀਤਾ ਹੋਇਆ ਸੀ। ਦੂਰ ਉੱਚੀਆਂ ਪਹਾੜੀਆਂ 'ਤੇ ਕਿਸੇ ਗੜ੍ਹਵਾਲੀ ਨੇ ਪਹਾੜੀ ਰਾਗ ਛੋਹਿਆ ਤਾਂ ਡਰਾਈਵਰ ਨੇ ਵੀ ਆਪਣਾ ਮਨਪਸੰਦ ਗੀਤ ਲਾ ਲਿਆ। ਗੁਲਾਮ ਜੁਗਨੀ ਗਾ ਰਿਹੈ, ਬੋਲ ਸਨ, 'ਨੀਂ ਜਿੰਦੜੀਏ ! ਕਲਯੁੱਗ ਇਹ ਕਲਯੁੱਗ।' ਮੇਰੀ ਚੇਤਨਾ 'ਚ ਬਾਬਾ ਨਾਨਕ ਪ੍ਰਗਟੇ ਹਨ। ਉਹ ਸਲੋਕ ਮਹੱਲਾ ਪਹਿਲਾ 'ਚ ਫਰਮਾਉਂਦੇ ਹਨ, 'ਕਲਿ ਹੋਈ ਕੁਤੇ ਮੁਹੀ ਖਾਜੁ ਹੋਆ ਮੁਰਦਾਰੁ॥' ਗੱਡੀ ਵਿੱਚਲੀਆਂ ਸਵਾਰੀਆਂ ਜਿਵੇਂ ਕਿਸੇ ਆਦਿ ਖੁਮਾਰੀ ਵਿੱਚ ਡੂੰਘਾ ਉਤਰ ਗਈਆਂ ਸਨ। 'ਵਾਹ ! ਕਿਆ ਬਾਤ ਐ। ਜੀਵਨ ਦੀਆਂ ਅਟੱਲ ਸਚਾਈਆਂ ਨੂੰ ਗਾ ਰਿਹੈ ਬਈ ਮੁੰਡਾ।' ਗੀਤ-ਮੁਗਧ ਹੋਇਆ ਬੜਬੋਲਾ ਮਲਕੀਤ ਰੰਗੀ ਬੋਲਿਆ ਸੀ। ਅੰਤਲੇ ਅੰਤਰੇ ਦੀ ਸਮਾਪਤੀ 'ਤੇ ਅਵਤਾਰ ਸਿੰਘ ਬੋਲ ਪਿਆ, 'ਸੱਚੀਂ ਗੀਤ ਤਾਂ ਬਹੁਤ ਕਮਾਲ ਐ ਪਰ ਰੰਗੀ ਤੂੰ ਵਿੱਚ ਬੋਲੇ ਬਿਨਾਂ ਰਹਿ ਨਈਂ ਸਕਦਾ?' ਸਾਰੇ ਹੱਸ ਪਏ ਸਨ। ਰੰਗੀ ਸਾਡਾ ਪਿਆਰਾ ਮਿੱਤਰ ਐ, ਪਰ ਹਰ ਗੱਲ 'ਤੇ ਉਸ ਨੇ ਤਬਸਰਾ ਕਰਨਾ ਈ ਹੁੰਦੈ। ਵਿੱਚ-ਵਿਚਾਲ਼ੇ ਵੀ। ਇਹ ਉਸਦੀ ਆਦਤ ਵਿੱਚ ਸ਼ੁਮਾਰ ਐ। ਉਂਝ ਅਸੀਂ ਉਸਦਾ ਗੁੱਸਾ ਨਈਂ ਕਰਦੇ, ਸਗੋਂ ਕਿਸੇ ਵੀ ਮਸਲੇ ਵਿੱਚ ਓਹਨੂੰ ਆਪਣੀ ਮਧਾਣੀ ਪਾਉਣ ਦਿੰਦੇ ਹਾਂ ਤਾਂ ਜੋ ਉਹ ਇਸ ਨੂੰ ਰਿੜਕੇ ਤੇ ਸਮੁੱਚੇ ਪ੍ਰਸੰਗ ਵਿੱਚੋਂ ਲੋੜੀਂਦਾ ਮੱਖਣ ਨਿੱਕਲ਼ੇ। ਗੁਲਾਮ ਜੁਗਨੀ ਨੇ ਏਸੇ ਗੀਤ ਦਾ ਅਗਲਾ ਅੰਤਰਾ ਛੋਹਿਆ ਸੀ, 'ਸਾਧ ਬਣ ਠੱਗੀ ਜਾਂਦੇ, ਤੀਰ-ਤੁੱਕੇ ਲੱਗੀ ਜਾਂਦੇ/ ਚੋਰਾਂ ਅਤੇ ਸਾਧਾਂ 'ਚ ਫਰਕ ਨਈਂ; ਮੈਂ ਇੱਕ ਗੱਲ ਕਹੂੰਗਾ ਸੱਪ ਤੇ ਸਾਧ ਕੋਲ਼ੋ ਬਚਕੇ ਰਈਓ ਕਿਤੇ ਅਸਲੀ ਨਾ ਹੋਵੇ/ ਯਾਰ ਤੇ ਬਟੇਰੇ ਕੋਲ਼ੋਂ ਬਚਕੇ ਰਈਓ ਕਿਤੇ ਫਸਲੀ ਨਾ ਹੋਵੇ।' ਪੰਦਰਾਂ-ਸੋਲਾਂ ਵਰ੍ਹੇ ਪਹਿਲਾਂ ਕੰਨੀਂ ਪਏ ਇਸ ਗੀਤ ਦੇ ਬੋਲ ਸਦੀਆਂ ਪਹਿਲਾਂ ਵੀ ਸੱਚ ਸਨ, ਅੱਜ ਵੀ ਸੱਚ ਹਨ ਤੇ ਸ਼ਾਇਦ ਆਉਣ ਵਾਲ਼ੇ ਸਮਿਆਂ ਵਿੱਚ ਵੀ ਇਹ ਵਰਤਾਰਾ ਇੰਝ ਹੀ ਅਗਾਂਹ ਤੁਰਦਾ ਰਹੇ। ਯੂਟਿਊਬ ਫਰੋਲਦਿਆਂ ਮਹਿਸੂਸ ਹੋਇਆ, ਇਸ ਗੀਤ ਤੋਂ ਬਾਅਦ ਗੁਲਾਮ ਜੁਗਨੀ ਹੌਲ਼ੀ ਹੌਲ਼ੀ ਸਾਈਂ ਗੁਲਾਮ ਜੁਗਨੀ ਹੋ ਗਿਆ। ਅੱਜ ਦੇ ਸਮੇਂ ਬਾਰੇ ਸੋਚਦਾ ਸੋਚਦਾ ਬੰਦਾ ਜਦੋਂ ਸੋਚਾਂ ਦੇ ਸਮੁੰਦਰ ਵਿੱਚ ਕਿੱਧਰੇ ਡੂੰਘਾ ਉਤਰ ਜਾਂਦਾ ਹੈ ਤਾਂ ਉਸਦਾ ਇਸ ਨਾਸ਼ਵਾਨ ਸੰਸਾਰ ਤੋਂ ਉਪਰਾਮ ਹੋਣਾ ਸੁਭਾਵਿਕ ਹੈ। ਚੁਫੇਰੇ ਘਟ ਰਹੀਆਂ ਘਟਨਾਵਾਂ ਅਤੇ ਵਰਤਾਰੇ ਮਨੁੱਖ ਦੇ ਅਸਲ ਦੇ ਨੇੜੇ-ਤੇੜੇ ਤਾਂ ਕਿਧਰੇ ਵੀ ਨਹੀਂ ਦਿਸਦੇ। ਗਹੁ ਨਾਲ਼ ਵੇਖਿਆਂ ਸਾਡੀ ਸਮਾਜਿਕ, ਆਰਥਿਕ, ਰਾਜਨੀਤਿਕ ਤੇ ਸਭਿਆਚਾਰਕ ਦ੍ਰਿਸ਼ਟੀ ਆਮ ਮਨੁੱਖ ਦੇ ਜੀਣ-ਥੀਣ ਲਈ ਕਿਧਰੇ ਵੀ ਸਹਾਈ ਹੁੰਦੀ ਪ੍ਰਤੀਤ ਨਹੀਂ ਹੁੰਦੀ। ਖ਼ਬਰਾਂ ਫਰੋਲਦਿਆਂ ਇੱਕ ਖ਼ਬਰ 'ਤੇ ਨਜ਼ਰ ਟਿਕੀ, 'ਮਹਾਂਭਾਰਤ ਦੇ 'ਕਰਣ' ਅਦਾਕਾਰ ਪੰਕਜ ਧੀਰ ਦਾ ਦੇਹਾਂਤ।' ਇਸ ਦੇ ਬਿਲਕੁਲ ਨਾਲ਼ ਵੱਡੀ ਖ਼ਬਰ ਸੀ, 'ਹਰਿਆਣਾ ਦੇ ਸੀਨੀਅਰ ਆਈਪੀਐੱਸ ਅਧਿਕਾਰੀ ਵਾਈ ਪੂਰਨ ਕੁਮਾਰ ਦਾ ਸਰਕਾਰੀ ਸਨਮਾਨ ਨਾਲ਼ ਸਸਕਾਰ।' ਸੋਚਦਾ ਹਾਂ ਇਸ ਅਧਿਕਾਰੀ ਵੱਲੋਂ ਕਿਹੜੇ ਹਾਲਾਤਾਂ ਵਿੱਚ ਆਪਣੀ ਜਾਨ ਲਈ ਗਈ ਹੋਵੇਗੀ? ਕਿਹੜਾ ਦਬਾਅ ਹੋਵੇਗਾ, ਜਿਹੜਾ ਓਹਦੇ ਸਿਰ ਤੋਂ ਉੱਚਾ ਵਗਣ ਲੱਗ ਪਿਆ ਹੋਊ? ਭਾਰਤੀ ਸਿਵਲ ਸੇਵਾਵਾਂ ਦੀ ਸਿਖਲਾਈ ਵੇਲ਼ੇ ਅਜਿਹੀਆਂ ਪ੍ਰਸਥਿਤੀਆਂ ਨਾਲ਼ ਹੀ ਤਾਂ ਇਨ੍ਹਾਂ ਨਜਿੱਠਣਾ ਹੁੰਦੈ। ਪਰ ਰਾਜਨੀਤੀ ਬਹੁਤ ਡੂੰਘੀ ਚੀਜ਼ ਹੈ। ਇਸ ਦੀ ਉਡਾਨ ਜੇਕਰ ਸੱਤ ਅਸਮਾਨਾਂ 'ਤੇ ਹੁੰਦੀ ਹੈ ਤਾਂ ਐਨ ਓਵੇਂ ਹੀ ਇਸ ਦੀਆਂ ਜੜ੍ਹਾਂ ਪਾਤਾਲ਼ ਵਿੱਚ ਵੀ ਅਗਾਂਹ ਕਿਧਰੇ ਹੁੰਦੀਆਂ ਹਨ। ਪਤਾ ਨਹੀਂ ਕਿਉਂ ਮੇਰੇ ਮਨ ਦੀ ਸਕਰੀਨ ਉੱਤੇ ਕਵਚ, ਕੁੰਡਲ ਧਾਰੀ 'ਕਰਣ' ਉੱਭਰਿਆ ਤੇ ਅਗਲੇ ਪਲ ਹੀ 'ਇਕਲਵਿਆ।' ਨਾਲ਼ ਹੀ ਆਧੁਨਿਕ ਸਮਿਆਂ ਵਿੱਚ ਵੀ ਸੰਸਕ੍ਰਿਤਕ ਬੇੜੀਆਂ ਨਾਲ਼ ਨੂੜਿਆ-ਨਪੀੜਿਆ ਭਾਰਤੀ ਦਲਿਤ ਮਨੁੱਖ। ਭਾਰਤੀ ਪ੍ਰਸ਼ਾਸਨਿਕ ਤੇ ਰਾਜਨੀਤਿਕ ਗਲਿਆਰਿਆਂ ਵਿੱਚ ਰਸਾਈ ਵਾਲ਼ੇ ਵਾਈ ਪੂਰਨ ਸਿੰਘ ਦਾ ਆਪਣੇ ਆਪ ਨੂੰ ਖ਼ਤਮ ਕਰ ਲੈਣਾ ਤੇ ਐਨ ਸਸਕਾਰ ਮੌਕੇ ਏਐਸਆਈ ਸੰਦੀਪ ਕੁਮਾਰ ਵੱਲੋਂ ਉਸ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਂਦਿਆਂ ਖੁਦਕੁਸ਼ੀ ਕਰ ਲੈਣਾ ਅਜੀਬੋ-ਗਰੀਬ ਪ੍ਰਸਥਿਤੀਆਂ ਵਾਲ਼ਾ ਮਾਹੌਲ ਪੈਦਾ ਕਰ ਰਿਹਾ ਘਟਨਾਕ੍ਰਮ ਹੈ। ਦਲਿਤ ਜਨ ਜੀਵਨ ਦੀਆਂ ਉਪਰਲੀਆਂ ਅਤੇ ਥੱਲੜੀਆਂ ਸਫਾਂ ਵਿੱਚ ਇਸ ਵਰਤਾਰੇ ਨੇ ਸਦੀਆਂ ਦੀ ਬੇਗਾਨਗੀ ਨੂੰ ਹੋਰ ਪੀਡਾ ਕਰਨਾ ਹੈ। ਬਦਲਦੇ ਸਮਿਆਂ ਵਿੱਚ ਮਨੁੱਖੀ ਸੋਚ ਦਾ ਬਦਲਣਾ ਜ਼ਰੂਰੀ ਮੰਨਿਆ ਜਾਂਦਾ ਹੈ, ਪਰ ਭਾਰਤੀ ਸੰਦਰਭ ਵਿੱਚ ਇਹ ਸੋਚ ਅਗਾਂਹ ਜਾਣ ਦੀ ਬਜਾਏ ਹੋਰ ਪਿਛਾਂਹ ਪਰਤੀ ਨਜ਼ਰ ਆਉਂਦੀ ਹੈ। ਸੋਚਾਂ ਦੇ ਸਮੁੰਦਰ ਵਿੱਚ ਗੋਤੇ ਖਾ ਰਹੀ ਮੇਰੀ ਸੋਚ ਦੀ ਫਿਰਕੀ ਬਾਈ ਦਲੇਰ ਸਿੰਘ ਦੇ ਫੋਨ ਦੀ ਘੰਟੀ ਨੇ ਰੋਕੀ। ਮੇਰੇ ਹੈਲੋ ਕਹਿੰਦਿਆਂ ਹੀ ਉਹ ਬੋਲ ਉੱਠਿਆ, 'ਛੋਟੇ ਭਾਈ ਪ੍ਰੇਮੀ ਜੀ ਹੋਰਾਂ ਦੀ ਰਿਟਾਇਰੀਆਂ ਵਾਲ਼ੀ ਸੰਸਥਾ ਨੇ ਜਿਹੜਾ 'ਕੱਠੀ ਲੱਖ ਰੁਪਏ ਦਾ ਚੈੱਕ ਸਿੱਖ ਗਲੋਬਲ ਸੰਸਥਾ ਨੂੰ ਸੌਂਪਿਐ, ਉਹ ਬਹੁਤ ਵਧੀਆ ਕੀਤਾ। ਯਾਰ ਇਹ ਸੰਸਥਾਵਾਂ ਮਨੁੱਖਤਾ ਦੀ ਭਲਾਈ ਲਈ ਨਿੱਠ ਕੇ ਵਿਚਰ ਰਹੀਆਂ ਨੇ। ਅਜਿਹੀਆਂ ਸੰਸਥਾਵਾਂ ਵਿੱਚ ਵਿਚਰ ਰਹੇ ਲੋਕਾਂ ਨੂੰ ਸਲਿਊਟ ਕਰਨਾ ਬਣਦੈ। ਹੜ੍ਹ ਪੀੜਤ ਲੋਕ ਹੌਲ਼ੀ ਹੌਲ਼ੀ ਇਸ ਆਫਤ ਵਿੱਚੋਂ ਉੱਭਰ ਰਹੇ ਨੇ। ਇਹ ਜ਼ਖ਼ਮ ਗਹਿਰੇ ਨੇ, ਭਰਨ ਨੂੰ ਹਾਲੇ ਸਮਾਂ ਲੱਗੇਗਾ। ਭਰਾ, ਬੱਗਾ ਜੀ ਦੀ ਮੌਤ ਦਾ ਬਹੁਤ ਦੁੱਖ ਲੱਗਿਆ ਮੈਨੂੰ ਵੀ। ਆਪਾਂ ਕਈ ਵਾਰ ਓਹਦੇ ਅਲਗੋਜ਼ੇ ਸੁਣੇ। ਪਰ ਮੈਂ ਸੁਣਿਆਂ ਮੋਹਾਲ਼ੀ ਦੇ ਸਰਕਾਰੀ ਹਸਪਤਾਲ ਦੀ ਮੌਰਚਰੀ ਦਾ ਫਰੀਜ਼ਰ ਬੰਦ ਹੋਣ ਕਰਕੇ ਓਹਦੀ ਦੇਹ ਕਾਲ਼ੀ ਪੈਣ ਕਾਰਨ ਬੇਪਛਾਣ ਹੋ ਗਈ ਸੀ। ਓਹਦੇ ਅੰਤਿਮ ਦਰਸ਼ਨ ਵੀ ਚੰਗੀ ਤਰ੍ਹਾਂ ਨਹੀਂ ਕਰ ਸਕਿਆ ਕੋਈ। ਸਾਰੀ ਜ਼ਿੰਦਗੀ ਸਿਹਤ ਵਿਭਾਗ ਵਿੱਚ ਵਿਚਰਨ ਵਾਲ਼ੇ ਮੁਲਾਜ਼ਮ ਦਾ ਜੇ ਇਹ ਹਾਲ ਐ ਤਾਂ ਆਮ ਬੰਦੇ ਦਾ ਕੀ ਬਣੂੰ? ਓਧਰ ਰਾਜਵੀਰ ਜਵੰਦੇ ਦੀ ਮੌਤ ਬਾਰੇ ਵੀ ਸੋਸ਼ਲ ਮੀਡੀਆ ਬਹੁਤ ਕੁਝ ਉਗਲ਼ ਰਿਹੈ। ਕਿਹਨੂੰ ਸੱਚ ਮੰਨੀਏ? ਕੁਝ ਵੀ ਹੋਵੇ ਪੰਜਾਬੀ ਸਭਿਆਚਾਰ ਦੇ ਇਨ੍ਹਾਂ ਹੀਰਿਆਂ ਨਾਲ਼ ਚੰਗਾ ਨਹੀਂ ਹੋਇਆ। ਓਧਰ ਪੰਜਾਬ ਦੀ ਰਾਜਨੀਤੀ ਤੇ ਪ੍ਰਸ਼ਾਸਨਿਕ ਹਲਕਿਆਂ ਨੇ ਰੂਪਨਗਰ ਤੋਂ ਵੱਖਰੀ ਕਰਵਟ ਬਦਲੀ ਹੈ। ਰੂਪਨਗਰ ਦੀ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਦਖਲਅੰਦਾਜ਼ੀ ਨਾਲ ਨਵਨੀਤ ਚਤੁਰਵੇਦੀ ਦੀ ਆਖਿਰ ਗ੍ਰਿਫਤਾਰੀ ਹੋ ਗਈ ਏ। ਚਾਰ ਵੇਦਾਂ ਦੇ ਗਿਆਤਾ ਦਾ ਚੱਕਰਵਿਊ ਹਾਲ ਦੀ ਘੜੀ ਟੁੱਟ ਗਿਆ ਲਗਦੈ, ਬਾਕੀ ਰੱਬ ਜਾਣਦੈ। ਉਂ ਦੇਖਿਆ ਜਾਵੇ ਤਾਂ 'ਆਪ' ਦੀਆਂ ਆਪ ਈ ਜਾਣੇ। ਹੋਰ ਸੁਣ ਕੱਲ੍ਹ ਸੋਸ਼ਲ ਮੀਡੀਆ 'ਤੇ ਦੇਖਿਆ ਰੂਪਨਗਰ ਦਾ ਡੀਆਈਜੀ ਭੁੱਲਰ ਮਾਮਲਾ? ਯਾਰ ਇਹ ਅਧਿਕਾਰੀ ਤਾਂ ਕਰੂੰ ਦਾ ਖਜ਼ਾਨਾ ਸਾਂਭੀ ਬੈਠਾ ਸੀ। ਨੋਟਾਂ ਦੇ ਬੰਡਲਾਂ ਦੇ ਬੰਡਲਾਂ। ਸ਼ਰਾਬ ਦੀਆਂ ਬੋਤਲਾਂ ਈ ਬੋਤਲਾਂ। ਸੋਨੇ ਦੇ ਭੰਡਾਰ। ਕਹਿੰਦੇ ਪੰਜ ਕਰੋੜ ਦੇ ਨੋਟ ਮਿਲ਼ੇ। ਨੋਟ ਗਿਣਨ ਲਈ ਮਸ਼ੀਨਾਂ ਮੰਗਵਾਉਣੀਆਂ ਪਈਆਂ। ਦੂਜੇ ਪਾਸੇ ਚਾਹੇ ਉਹ ਆਮ ਲੋਕ ਹੋਣ ਤੇ ਚਾਹੇ ਮੁਲਾਜ਼ਮ। ਇਨ੍ਹਾਂ ਦੀ ਹੁਣ ਕੋਈ ਸੁਣਵਾਈ ਨਹੀਂ। ਆਮ ਲੋਕਾਂ ਨੂੰ ਤਾਂ ਚੱਲ ਪੁੱਛਣਾ ਈ ਕੀਹਨੇ ਆ। ਪੰਜਾਬ ਦੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨਾਲ਼ ਵੀ ਮਾੜੀ ਹੋ ਰਹੀ ਆ। ਡੀਏ ਲਈ ਵੀ ਸੰਘਰਸ਼ ਕਰਨਾ ਪੈ ਰਿਹੈ। ਓਧਰ ਕਹਿੰਦੇ ਪੰਜਾਬ ਵਿੱਚ ਹਥਿਆਰਾਂ ਤੇ ਨਸ਼ੇ ਦੀ ਤਸਕਰੀ ਪੰਜ ਗੁਣਾ ਹੋਰ ਵਧ ਗਈ। ਡਰੋਨਾਂ ਕਾਰਨ ਤਸਕਰੀ ਦੇ ਢੰਗ-ਤਰੀਕੇ ਬਦਲ ਗਏ ਹਨ। ਮੈਂ ਇੱਕ ਖ਼ਬਰ ਪੜ੍ਹੀ, ਜਗਰਾਉਂ ਦਾ ਤੀਹ ਸਾਲਾ ਮਨਪ੍ਰੀਤ, ਜੋ ਕਿਸੇ ਵੇਲ਼ੇ ਨਸ਼ਿਆਂ ਖਿਲਾਫ ਨਾਟਕ ਖੇਡਦਾ ਹੁੰਦਾ ਸੀ, ਦੀ ਚਿੱਟਾ ਪੀਣ ਨਾਲ਼ ਮੌਤ ਹੋ ਗਈ। ਓਧਰ ਦੀਵਾਲ਼ੀ 'ਤੇ ਚਲਾਉਣ ਲਈ ਪਟਾਕਿਆਂ ਦੀ ਬਾਜ਼ਾਰ ਵਿੱਚ ਧੜਾਧੜ ਵਿੱਕਰੀ ਹੋ ਰਹੀ ਆ। ਲੋਕਾਂ ਨੂੰ ਸੰਦੇਸ਼ ਦੇਣਗੇ 'ਪਟਾਕੇ ਨਾ ਚਲਾਓ।' ਤੂੰ ਕਹਿਣਾ ਮੈਂ ਤੈਨੂੰ ਰੋਜ਼ ਖ਼ਬਰਾਂ ਸੁਣਾਉਣ ਲੱਗ ਪੈਨਾ। ਸਾਰਿਆਂ ਨੇ ਇਹ ਪੜ੍ਹੀਆਂ ਹੁੰਦੀਆਂ, ਪਰ ਯਾਰ ਤੇਰੇ ਨਾਲ਼ ਗੱਲ ਕਰਕੇ ਮੇਰੇ ਮਨ 'ਤੇ ਪਿਆ ਭਾਰ ਹਲਕਾ ਹੋ ਜਾਂਦੈ। ਉਂਝ ਅਸੀਂ ਵੀ ਧਾਨ ਮੰਡੀ ਸੁੱਟ ਆਏ ਆਂ। ਹਾਲੇ ਸਿਰ ਚੜ੍ਹਿਆ ਕਰਜ਼ਾ ਵੱਢਣਾ ਫਿਰ ਅਗਲਾ ਸੋਚਾਂਗੇ।' ਉਹ ਚੁੱਪ ਹੋਇਆ ਤਾਂ ਮੇਰੇ ਮਨ 'ਚ ਦੀਆਂ ਗਲ਼ੀਆਂ ਵਿੱਚ ਫਿਰ ਗੁਲਾਮ ਜੁਗਨੀ ਦੇ ਗੀਤ ਦੇ ਅਗਲੇ ਅੰਤਰੇ ਦੇ ਬੋਲ ਸੁਣਾਈ ਦੇਣ ਲਗਦੇ ਹਨ, 'ਸੁਣਕੇ ਜੁੜਨ ਦੰਦ ਗਊਆਂ ਖਾਣ ਗੰਦ-ਮੰਦ/ ਫੁੱਲ-ਬੂਟੇ ਖਾਂਦੀਆਂ ਨੇ ਭੇਡਾਂ/ ਯਾਰ ਸਭ ਖਾਊ ਏਥੇ ਕੀ ਨਈਂ ਵਿਕਾਊ ਏਥੇ/ ਬੱਸ ਹੁਣ ਪੈਸੇ ਦੀਆਂ ਖੇਡਾਂ/ ਉੱਜੜਨ ਸੱਚੇ-ਸੁੱਚੇ ਹੁੰਦੇ ਨੇ ਜੋ ਲੰਡੇ-ਲੁੱਚੇ/ ਦੁਨੀਆਂ 'ਚ ਵਸਦੇ ਨੇ ਘੁੱਗ/ ਨੀਂ ਜਿੰਦੜੀਏ ਕਲਯੁੱਗ ਇਹ ਕਲਯੁੱਗ।'

**ਸੰਪਰਕ:** 98144-30874

# ਇੱਕ ਇਤਿਹਾਸ : ਹਰਦੀਪ ਮਹਿਣਾ

ਅਤਰਜੀਤ

ਸੱਤਰਵਿਆਂ 'ਚ ਜਦੋਂ ਨਕਸਲਬਾੜੀ ਲਹਿਰ ਪੀਕ 'ਤੇ ਸੀ, ਕਮਿਊਨਿਸਟ ਪਾਰਟੀ ਐੱਮ.ਐੱਲ. ਦੁਆਰਾ ਵਿਅਕਤੀਗਤ ਐਕਸ਼ਨਾਂ ਦਾ ਜ਼ੋਰ ਸੀ ਤਾਂ ਨਾਗੀ ਰੈਡੀ ਗਰੁੱਪ ਨਾਲ ਜਾਣੇ ਜਾਂਦੇ ਵੱਖ ਹੋਏ ਆਗੂਆਂ ਨੇ ਜਨਤਕ ਲੀਹ ਦੀ ਵਕਾਲਤ ਕਰਦਿਆਂ ਇਨਕਲਾਬੀ ਖਾੜਕੂ ਲਹਿਰ ਸਿਰਜਣ ਲਈ ਹਰੇਕ ਵਰਗ ਦੀਆਂ ਜੱਥੇਬੰਦੀਆਂ ਉਸਾਰਨ ਨੂੰ ਤਰਜੀਹ ਦਿੱਤੀ। ਨੌਜਵਾਨ ਮੁੰਡੇ-ਕੁੜੀਆਂ ਦੀਆਂ ਪਲਕਾਂ ਉੱਪਰ ਇੱਕੋ-ਇੱਕ ਇਨਕਲਾਬ ਦਾ ਸੁਪਨਾ ਲਰਜ਼ ਰਿਹਾ ਸੀ। ਇਉਂ ਹੀ ਤਾਂ ਲੱਗਦਾ ਸੀ ਕਿ ਇਨਕਲਾਬ ਤਾਂ ਬਸ ਬੂਹਾਂ 'ਤੇ ਹੀ ਖੜ੍ਹਾ ਹੈ। ਲਟ-ਲਟ ਬਲਦੇ ਜੋਸ਼ ਤੇ ਉਤਸ਼ਾਹ ਕਾਰਨ ਧਰਤੀ 'ਤੇ ਪੱਬ ਨਹੀਂ ਸੀ ਲੱਗ ਰਹੇ। ਇੱਕ ਖ਼ਾਸ ਕਿਸਮ ਦਾ ਰੁਮਾਂਟਿਕ ਤੇ ਲੁਭਾਉਣਾ ਮਾਹੌਲ ਬਣਿਆ ਹੋਇਆ ਸੀ, ਜਿਸ ਤਹਿਤ ਚਾਰੂ ਗਰੁੱਪ ਦੁਆਰਾ ਧੜਾ-ਧੜ ਹਥਿਆਰਬੰਦ ਐਕਸ਼ਨ ਕੀਤੇ ਜਾ ਰਹੇ ਸਨ।ਅੱਡ-ਅੱਡ ਜਥੇਬੰਦੀਆਂ ਤੋਂ ਇਲਾਵਾ ਉਸ ਗਰੁੱਪ ਨੇ ਸਾਹਿਤ-ਸੱਭਿਆਚਾਰ ਦੇ ਮਸਲਿਆਂ ਨੂੰ ਵੀ ਪਹਿਲ ਵਜੋਂ ਲਿਆ। ਅੰਤਰਮੁਖੀ-ਬਾਹਰਮੁਖੀ ਹਾਲਾਤ ਦਾ ਸੰਤੁਲਨ ਬਣਾ ਕੇ ਜਨਤਕ ਲੀਹ ਨੂੰ ਲਾਗੂ ਕਰਨ ਲਈ ਸਾਹਿਤ-ਸੱਭਿਆਚਾਰ ਸਭਾਵਾਂ ਦਾ ਗਠਨ, ਪੰਜਾਬ ਪੱਧਰ 'ਤੇ ਕੇਂਦਰੀ ਪੰਜਾਬੀ ਲੇਖਕ ਸਭਾ (ਗੈਰ ਸਰਕਾਰੀ), ਹੇਮ ਜਯੋਤੀ ਵਰਗੇ ਸਾਹਿਤਕ ਮੈਗਜ਼ੀਨ ਦੀ ਪ੍ਰਕਾਸ਼ਨਾ ਵਰਗੇ ਕਾਰਜ ਹੱਥੀਂ ਲਿਆ ਗਿਆ।

ਮੈਨੂੰ ਬੈਂਜੋ ਵਧੀਆ ਵਜਾਉਣੀ ਆਉਂਦੀ ਸੀ, ਪਰ ਤਾਲ ਦਾ ਅਭਿਆਸ ਨਾ ਹੋਣ ਕਰਕੇ ਤਾਲ ਤੋਂ ਉੱਖੜ ਜਾਂਦਾ ਸਾਂ। ਗੁਰਦੁਆਰੇ ਦੇ ਦੀਵਾਨਾਂ ਵਿੱਚ ਧਾਰਮਿਕ ਗੀਤ ਗਾਉਂਦਾ ਰਿਹਾ ਸਾਂ। ਆਵਾਜ਼ ਬਹੁਤ ਰਸੀਲੀ ਤੇ ਪੰਚਮ ਸੁਰ ਤੱਕ ਚਲੀ ਜਾਂਦੀ ਸੀ।ਢਾਡੀ ਅਮਰ ਸਿੰਘ ਸ਼ੌਂਕੀ ਮੇਰਾ ਆਦਰਸ਼ ਸੀ। ਆਲ ਇੰਡੀਆ ਰੇਡੀਓ ਜਲੰਧਰ ਤੋਂ ਦਿਹਾਤੀ ਪ੍ਰੋਗਰਾਮ ਸਮੇਂ ਢਾਡੀ ਪ੍ਰੋਗਰਾਮ ਪੇਸ਼ ਹੁੰਦੇ ਤਾਂ ਮੈਂ ਮੂੰਹ ਨਾਲ ਢੱਡ ਦੀਆਂ ਤਾਲਾਂ ਕੱਢਣ ਦਾ ਚੰਗਾ ਅਭਿਆਸ ਕਰ ਲਿਆ ਸੀ। ਤਾਲ ਸੁਰ ਦੇ ਸੁਮੇਲ ਦਾ ਗਿਆਨ ਵੀ ਹੋਣ ਲੱਗ ਪਿਆ ਸੀ।

ਲੋਕਾਂ ਵਿੱਚ ਚੇਤਨਾ ਪੈਦਾ ਕਰਨ ਲਈ ਪੇਂਡੂ ਡਰਾਮਾ ਮੰਡਲੀ ਦਾ ਗਠਨ ਕੀਤਾ ਗਿਆ। ਇਹ ਮਹਿਸੂਸ ਕੀਤਾ ਗਿਆ ਕਿ ਗੁਰਸ਼ਰਨ ਸਿੰਘ ਭਾਅ ਜੀ ਦੀ ਨਾਟਕ ਵਿਧਾ ਸੁਨੇਹਾ ਤਾਂ ਬਹੁਤ ਠੀਕ ਦਿੰਦੀ ਹੈ, ਪਰ ਲੋਕਾਂ ਦੇ ਚੇਤਨ-ਅਵਚੇਤਨ ਦਾ ਹਿੱਸਾ ਨਹੀਂ ਬਣਦੀ। ਨਾਟਕ ਦਾ ਇੱਕ-ਇੱਕ ਵਾਰਤਾਲਾਪ ਦਰਸ਼ਕ ਨੂੰ ਝੰਜੋੜਨ ਦਾ ਕਾਰਜ ਕਰੇ ਤੇ ਝਰਨਾਹਟ ਜਿਹੀ ਛੇੜੇ। ਭਾਅ ਜੀ ਦੇ ਨਾਟਕ ਦਿਮਾਗ਼ ਨੂੰ ਤਾਂ ਵਧੀਆ ਢੰਗ ਨਾਲ ਛੇੜਦੇ ਸਨ, ਰੂਹ ਵਿੱਚ ਤਰੰਗ ਨਹੀਂ ਸੀ ਛੇੜਦੇ।

ਇੱਧਰੋਂ-ਉੱਧਰੋਂ ਨੌਜਵਾਨ ਭਾਰਤ ਸਭਾ ਵਿੱਚ ਸਰਗਰਮ ਮੁੰਡਿਆਂ ਦੀ ਚੋਣ ਕੀਤੀ ਗਈ। ਬੇਰੁਜ਼ਗਾਰੀ ਦੇ ਥਪੇੜੇ ਸਹਿੰਦੇ ਬੀ.ਐੱਡ ਪਾਸ ਨੌਜਵਾਨ ਬੱਗਾ ਸਿੰਘ ਪਿੰਡ ਘੁੱਦਾ ਨੇ ਕਮਾਂਡ ਸੰਭਾਲੀ। ਇਸ ਤੋਂ ਪਹਿਲਾਂ ਇਨ੍ਹਾਂ ਮੁੰਡਿਆਂ 'ਚੋਂ ਕਿਸੇ ਨੇ ਸਟੇਜ 'ਤੇ ਚੜ੍ਹ ਕੇ ਵੀ ਨਹੀਂ ਸੀ ਵੇਖਿਆ। ਚੇਤਨ ਬੁੱਧ ਨੌਜਵਾਨ ਜ਼ਮੀਨੀ ਧਰਾਤਲ ਦੇ ਯਥਾਰਥ ਵਿੱਚ ਗੁੰਨ੍ਹੇ ਹੋਏ ਹੋਣ ਸਦਕਾ ਨਾਟਕ ਲਿਖਣ ਵੱਲ ਵਧੇ। ਸਾਹਿਤਕ ਮੱਸ ਰੱਖਣ ਵਾਲਾ ਘੁਲੇ ਤੋਂ ਹੀ ਕਵੀ ਬੂਟਾ ਰਾਮ ਗਹਿਰੀ ਅੱਖ (ਉਸ ਦੇ ਛਪ ਗਏ ਕਾਵਿ ਸੰਗ੍ਰਹਿ ਦਾ ਨਾਂਅ ਹੀ ਗਹਿਰੀ ਅੱਖ ਸੀ।) ਸਾਹਿਤ ਦੀਆਂ ਵਿਧਾਵਾਂ ਤੋਂ ਜਾਣੂ ਸੀ। ਨਾਟਕ 'ਪਗੜੀ ਸੰਭਾਲ ਜੱਟਾ', 'ਬੰਤਾ ਨੰਗ ਹੋ ਗਿਆ', 'ਪਗੜੀ ਸੰਭਾਲ ਜੱਟਾ' ਆਦਿ ਨਾਟਕ ਕਿਸੇ ਇੱਕ ਦੀਆਂ ਨਹੀਂ, ਸਮੂਹਕ ਕਿਰਤ ਦੀਆਂ ਰਚਨਾਵਾਂ ਸਨ। ਇਸੇ ਤਰ੍ਹਾਂ ਪੇਸ਼ਕਾਰੀ ਲਈ ਕਿਸੇ ਮੰਝੇ ਡਾਇਰੈਕਟਰ ਦੀ ਸਹਾਇਤਾ ਨਹੀਂ ਲਈ ਗਈ। ਅਮਲੀ ਘੋਲ਼ਾਂ ਵਿੱਚ ਪੈ ਕੇ ਜ਼ਿੰਦਗੀ ਦਾ ਪਲ-ਪਲ ਹੱਡਾਂ 'ਤੇ ਹੰਢਾਇਆ ਹੋਣ ਕਰਕੇ ਸਾਰੇ ਹੀ ਨਿਰਦੇਸ਼ਕ ਸਨ। ਇੱਕ-ਦੂਜੇ ਦੀਆਂ ਸਲਾਹਾਂ ਨਾਲ ਵਾਰਤਾਲਾਪਾਂ ਦੀ ਮਾਨਸਿਕਤਾਅਨੁਸਾਰ ਬੋਲਣ ਦੇ ਅੰਦਾਜ਼ ਦਾ ਅਭਿਆਸ ਕਰਦਿਆਂ ਬਗੈਰ ਕਿਸੇ ਰੂਪ ਸਜਾ ਦੇ, ਨਾਟਕੀ ਤੱਤਾਂ ਦੀ ਸਮਝ ਗੂੜ੍ਹੀ ਹੁੰਦੀ ਗਈ ਤੇ ਕਲਾ ਵਿੱਚ ਨਿਖਾਰ ਆਉਂਦਾ ਗਿਆ। ਹਰਿਆਣਾ ਦੇ ਗੂਹਲਾ ਚੀਕਾ ਵਿੱਚ ਸੈਨੇਟਰੀ ਇੰਸਪੈਕਟਰ ਬੂਟਾ ਸਿੰਘ, ਘੁੱਦਾ ਪਿੰਡ ਤੋਂ ਹੀ ਪਾਲਾ, ਰਾਮਾ ਮੰਡੀ ਤੋਂ ਮਹਿੰਦਰ, ਗੋਬਿੰਦਪੁਰਾ ਤੋਂ ਹਰਦੇਵ, ਭੈਣੀ ਮਾੜੀ ਤੋਂ ਕਰਮ ਸਿੰਘ, ਇਸੇ ਤਰ੍ਹਾਂ ਮੇਰੇ ਢਾਡੀ ਜੱਥੇ ਦੇ ਇਹ ਦੋਵੇਂ ਸਾਥੀ, ਜੱਸੀ ਵਾਲਾ ਮੰਦਰ ਰਾਹੀ, ਬੰਤ ਭੁੱਚੋ ਖੁਰਦ (ਕੋਈ ਨਾਂਅ ਭੁੱਲ ਵੀ ਸਕਦਾ ਹੈ) ਨਾਟਕਾਂ ਨੂੰ ਅੱਗੇ ਤੋਰਨ ਵਾਲੇ ਪਾਤਰ ਸਨ।

ਮੈਨੂੰ ਢਾਡੀ ਜੱਥਾ ਤਿਆਰ ਕਰਨ ਦੀ ਸਲਾਹ ਦਿੱਤੀ ਗਈ। ਮੈਂ ਅੰਮ੍ਰਿਤਸਰ ਤੋਂ ਦੋ ਢੱਡਾਂ ਖਰੀਦ ਲਿਆਇਆ। ਕਈ ਦਿਨ ਮੂੰਹ ਨਾਲ ਕੱਢੀਆਂ ਤਾਲਾਂ ਦਾ ਢੱਡ ਦਾ ਦਮ ਦੱਬਦਿਆਂ ਅਭਿਆਸ ਕਰ ਲਿਆ। ਹਰਦੀਪ ਮਹਿਣਾ ਤੇ ਬੰਤ ਭੁੱਚੋ ਖੁਰਦ ਦੀ ਚੋਣ ਕੀਤੀ ਗਈ।

ਮੈਂ ਉਦੋਂ ਭੁੱਚੋ ਕਲਾਂ ਦੇ ਸਕੂਲ ਵਿੱਚ ਪੜ੍ਹਾਉਂਦਾ ਸਾਂ ਤੇ ਧਰਮਸ਼ਾਲਾ ਦੇ ਕਮਰੇ ਵਿੱਚ ਰਿਹਾਇਸ਼ ਸੀ। ਹਰਦੀਪ ਤੇ ਬੰਤ ਰਾਤ ਨੂੰ ਮੇਰੇ ਕੋਲ ਆ ਜਾਂਦੇ। ਅਸੀਂ ਅੱਧੀ-ਅੱਧੀ ਰਾਤ ਤੱਕ ਅਭਿਆਸ ਕਰਕੇ ਢਾਡੀ ਜੱਥੇ ਨੂੰ ਰੂਪਬੱਧ ਕਰਨ ਵਿੱਚ ਸਫ਼ਲ ਹੋ ਗਏ। ਰਾਤ ਮੇਰੇ ਕੋਲ ਰਹਿ ਕੇ ਉਹ ਸਵੇਰੇ ਚਾਹ-ਪਾਣੀ ਪੀ ਕੇ ਆਪਣੇ ਰਾਹ ਲੱਗਦੇ ਤੇ ਮੈਂ ਸਕੂਲ ਜਾਣ ਦੀ ਤਿਆਰੀ ਕਰਨ ਲੱਗਦਾ। ਪਿੰਡਾਂ ਵਿੱਚ ਨੌਜਵਾਨ ਭਾਰਤ ਸਭਾਵਾਂ ਦਾ ਜਾਲ਼ ਵਿਛ ਚੁੱਕਾ ਸੀ ਤੇ ਨਾਟਕ ਮੰਡਲੀ ਤੇ ਢਾਡੀ ਜੱਥੇ ਨੂੰ ਪਿੰਡਾਂ ਤੋਂ ਧੜਾ-ਧੜ ਸੱਦੇ ਆਉਣ ਲੱਗੇ। ਅਸੀਂ ਉਸ ਪਿੰਡ ਵਿੱਚ ਸਾਈਕਲਾਂ ਰਾਹੀਂ ਪਹੁੰਚ ਜਾਂਦੇ। ਮੈਨੂੰ ਇੱਕ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ। ਸਾਈਕਲ ਦੇ ਬੁੜ੍ਹਕਣ ਨਾਲ ਬੈਂਜੋ ਬੇਸੁਰੀ ਹੋ ਜਾਂਦੀ। ਸੁਰ ਕਰਨ ਲਈ ਮਿਹਨਤ ਕਰਨੀ ਪੈਂਦੀ। ਕਈ ਵਾਰ ਚੱਲਦੇ ਪ੍ਰੋਗਰਾਮ ਦੌਰਾਨ ਕੋਈ ਯਾਰ ਢਿੱਲੀ ਹੋ ਜਾਂਦੀ। ਸ਼ਬਦਾਂ ਦੇ ਬਲ, ਆਵਾਜ਼ਾਂ ਦੀ ਬੁਲੰਦੀ ਨਾਲ ਨੁਕਸ ਢਕਿਆ ਜਾਂਦਾ।ਇਸ ਤਰ੍ਹਾਂ ਅਸੀਂ ਲੱਗਭੱਗ ਚਾਰ ਸੌ ਪਿੰਡਾਂ ਵਿੱਚ ਪ੍ਰੋਗਰਾਮ ਕਰਨ ਵਿੱਚ ਸਫ਼ਲ ਹੋਏ।

ਅਮਰ ਸਿੰਘ ਸ਼ੌਂਕੀ ਦੀਆਂ ਤਰਜ਼ਾਂ 'ਤੇ ਮੈਂ ਸੱਤ-ਅੱਠ ਗੀਤ ਤਿਆਰ ਕਰ ਲਏ। ਜਦੋਂ ਸਟੇਜ ਉੱਪਰ ਬੈਂਜੋ ਦੀ ਟੁਣਕਾਰ ਨਾਲ ਢੱਡਾਂ ਦੀ ਟਊਂ-ਟਊਂ ਹਵਾ ਵਿੱਚ ਘੁਲ ਜਾਂਦੀ ਤਾਂ ਪੰਡਾਲ ਵਿੱਚ ਸ਼ਾਂਤ ਚੁੱਪ ਵਰਤ ਜਾਂਦੀ। ਨਾਟਕਾਂ ਦੇ ਵਿਚਕਾਰ ਦਾ ਖਾਲੀ ਸਮਾਂ ਸਾਡਾ ਹੁੰਦਾ। 'ਜੱਟਾ ਸੁੱਤੈਂ ਲੰਮੀਆਂ ਤਾਣ ਕੇ', 'ਜੱਟ ਫ਼ਸਲ ਵੇਚ ਕੇ ਆਇਆ ਖ਼ਾਲੀ ਪੱਲਾ ਆਵੇ ਝਾੜਦਾ', 'ਮਿਲੇ ਨਾ ਤੇਲ ਦੀ ਢੋਲੀ ਕਤਾਰਾਂ ਵਿੱਚ ਖੜ੍ਹਿਆਂ ਨੂੰ', (ਖੇਤਾਂ ਵਿੱਚ ਇੰਜਣਾਂ ਵਾਲੇ ਟਿਊਬਵੈੱਲ ਚਾਲੂ ਹੋ ਗਏ ਸਨ।'ਗਾਂਧੀ ਟੋਪੀ ਖੱਦਰ ਦੀਏ ਤੈਨੂੰ ਸੱਥ ਦੇ ਵਿੱਚ ਜਲਾਈਏ', 'ਜੇ ਲੋਕੋ ਤੁਸੀਂ ਸੌਖੇ ਰਹਿਣਾ ਸਾਡੀ ਗੱਲ ਭੁਲਾਇਉ ਨਾ', ਮੇਰੇ ਲਿਖੇ ਗੀਤਾਂ ਨਾਲ ਅਸੀਂ ਪਿੰਡਾਂ, ਸ਼ਹਿਰਾਂ ਵਿੱਚ ਰੰਗ ਬੰਨ੍ਹਦੇ ਰਹੇ।(ਕੁੱਝ ਹੋਰ ਚੇਤੇ ਨਹੀਂ ਰਹੇ) ਸਾਡੀ ਏਨੀ ਚੜ੍ਹਾਈ ਹੋ ਗਈ ਸੀ ਕਿ ਜਿੱਥੇ ਵੀ ਵਿਦਿਆਰਥੀ ਯੂਨੀਅਨ, ਨੌਜਵਾਨ ਭਾਰਤ ਸਭਾ, ਵਾਹੀਕਾਰਾ ਯੂਨੀਅਨ (ਬਠਿੰਡਾ ਗਰੁੱਪ ਨੇ ਇਹ ਖਾੜਕੂ ਜੱਥੇਬੰਦੀ ਉਸਾਰ ਲਈ ਸੀ) ਦੇ ਹਰੇਕ ਪ੍ਰੋਗਰਾਮ ਵਿੱਚ ਡਰਾਮਾ ਮੰਡਲੀ ਦੇ ਨਾਲ ਸਾਡਾ ਜੱਥਾ ਹਾਜ਼ਰ ਹੁੰਦਾ ਸੀ। ਬਠਿੰਡੇ ਕਚਹਿਰੀਆਂ ਵਿੱਚ ਵਾਹੀਕਾਰਾ ਯੂਨੀਅਨ ਵੱਲੋਂ (ਵਿਅਕਤੀਗਤ ਐਕਸ਼ਨਾਂ ਦਾ ਬਦਲ ਪੇਸ਼ ਕਰਨ ਲਈ) ਖ਼ਾੜਕੂ ਟੱਕਰ ਸਮੇਂ ਵੀ ਜੱਥੇ ਨੂੰ ਬੁਲਾਇਆ ਗਿਆ ਸੀ, ਪਰ ਐਕਸ਼ਨ ਕਰਨ ਤੋਂ ਪਹਿਲਾਂ ਸਾਨੂੰ ਇਸ ਲਈ ਭਜਾ ਦਿੱਤਾ ਗਿਆ ਸੀ ਕਿ ਸਾਡਾ ਕੰਮ ਬੱਸ ਏਨਾ ਹੀ ਸੀ।



ਇਸੇ ਤਰ੍ਹਾਂ ਨੌਜਵਾਨ ਭਾਰਤ ਸਭਾ ਦੇ ਸੂਬਾ ਇਜਲਾਸ ਦਾ ਆਯੋਜਨ ਖਾਲੜਾ ਮੰਡੀ ਵਿੱਚ ਜਸਵੰਤ ਸਿੰਘ ਖਾਲੜਾ ਦੇ ਪ੍ਰਬੰਧ ਹੇਠ ਕੀਤਾ ਗਿਆ ਸੀ। ਸਾਡੇ ਜੱਥੇ ਨੂੰ ਬੁਲਾਵਾ ਸੀ। ਗੁਰਸ਼ਰਨ ਸਿੰਘ ਭਾਅ ਜੀ ਦੇ 'ਤੂਤਾਂ ਵਾਲਾ ਖੂਹ' ਨਾਟਕ ਖੇਡਣ ਬਾਅਦ ਸਾਨੂੰ ਸੱਦਾ ਦਿੱਤਾ ਗਿਆ। ਜਦੋਂ ਖਿੱਚਵੀਆਂ ਆਵਾਜ਼ਾਂ ਵਿੱਚ ਢੱਡ ਬੈਂਜੋ ਦੀਆਂ ਸੁਰਾਂ ਤੇ ਤਾਨਾਂ 'ਤੇ 'ਜੱਟਾ ਸੁੱਤੈਂ ਲੰਮੀਆਂ ਤਾਣ ਕੇ ਕਿਸੇ ਗੂੜ੍ਹੀ ਗ਼ਫ਼ਲਤ ਸੰਗ। ਕਈ ਕੱਕਰ ਸਿਆਲੇ ਸਿਰਾਂ ਤੋਂ ਗਏ ਚੁੱਪ ਚੁਪੀਤੇ ਲੰਘ।' ਵਾਰ ਪੇਸ਼ ਕਰ ਕੇ ਅਸੀਂ ਸਟੇਜ ਤੋਂ ਉੱਤਰੇ, ਗੁਰਸ਼ਰਨ ਭਾਅ ਜੀ ਨੇ ਸਾਨੂੰ ਵਾਰੀ-ਵਾਰੀ ਬੁੱਕਲ ਵਿੱਚ ਲੈ ਕੇ ਪਿਆਰ ਦਿੰਦਿਆਂ 'ਸਰਟੀਫਿਕੇਟ' ਦਿੱਤਾ-'ਵਾਹ ਮੁੰਡਿਓ! ਤੁਸੀਂ ਲੋਕਾਂ ਨੂੰ ਨਾਟਕ ਦੇ ਅਰਥ ਸਮਝਾ ਦਿੱਤੇ।' ਹਰਦੀਪ ਤੇ ਬੰਤ ਢੱਡਾਂ ਨੂੰ ਬੁੜ੍ਹਕਣ ਲਾ ਦਿੰਦੇ ਸਨ।

ਐਮਰਜੈਂਸੀ ਮੌਕੇ ਸਰਗਰਮੀਆਂ ਘਟ ਗਈਆਂ ਸਨ, ਪਰ ਹਰਦੀਪ ਨੇ ਬੰਤ ਅਤੇ ਮੰਦਰ ਰਾਹੀਂ ਜੱਸੀ ਨਾਲ ਕਵੀਸ਼ਰੀ ਜੱਥਾ ਤਿਆਰ ਕਰ ਲਿਆ ਸੀ। ਬੰਤ ਦੇ ਤੁਰ ਜਾਣ ਬਾਅਦ ਹਰੇਕ ਪ੍ਰੋਗਰਾਮ 'ਤੇ ਹਰਦੀਪ ਤੇ ਮੰਦਰ ਰਾਹੀਂ ਇਨਕਲਾਬੀ ਕਵੀਸ਼ਰੀ ਪੇਸ਼ ਕਰਦੇ ਆ ਰਹੇ ਸਨ।ਕੁੱਝ ਸਮਾਂ ਪਲਸ ਮੰਚ ਵਿੱਚ ਵੀ ਕਾਰਜਸ਼ੀਲ ਰਹੇ। ਉਸ ਫਰੰਟ ਤੋਂ ਕੁੱਝ ਥਾਂਈਂ ਪ੍ਰੋਗਰਾਮ ਕਰਦੇ ਰਹੇ।

ਕੋਰੋਨਾ ਕਾਲ ਦੌਰਾਨ ਉਸ ਜੀਵਨ ਸਾਥਣ ਕੋਰੋਨਾ ਦੀ ਭੇਟ ਚੜ੍ਹ ਗਈ। ਇਸ ਸੰਤਾਪ ਨੂੰ ਉਸ ਨੇ ਸਿਦਕਦਿਲੀ ਨਾਲ ਜਰਿਆ। ਆਪ ਵੀ ਬਹੁਤ ਸਾਰੀਆਂ ਸਰੀਰਕ ਸਮੱਸਿਆਵਾਂ ਨਾਲ ਜੂਝਣਾ ਪਿਆ। ਫਿਰ ਵੀ ਖੂੰਡੀ ਦੇ ਆਸਰੇ ਸਟੇਜ 'ਤੇ ਚੜ੍ਹ ਕੇ ਕਵੀਸ਼ਰੀ ਦਾ ਕਾਰਜ ਜਾਰੀ ਰੱਖਿਆ। 12 ਅਕਤੂਬਰ 2025 ਨੂੰ ਮਨਹੂਸ ਖ਼ਬਰ ਮਿਲੀ ਕਿ ਸਾਡਾ ਹਰਦੀਪ ਮਹਿਣਾ ਜ਼ਿੰਦਗੀ ਦਾ ਯੁੱਧ ਹਾਰ ਗਿਆ। ਹਰਦੀਪ ਮਹਿਣਾ ਨੇ ਆਪਣਾ ਸਰੀਰ ਵਿਗਿਆਨਕ ਖੋਜਾਂ ਲਈ ਦਾਨ ਕੀਤਾ ਹੋਇਆ ਸੀ, ਜੋ ਉਸੇ ਦਿਨ ਆਦੇਸ਼ ਹਸਪਤਾਲ ਨੂੰ ਸੌਂਪ ਦਿੱਤਾ ਗਿਆ। ਇਨ੍ਹਾਂ ਸ਼ਬਦਾਂ ਨਾਲ ਮੈਂ ਨਿਮਰ ਅਤੇ ਜ਼ਿੰਦਗੀ ਨਾਲ ਪ੍ਰਤੀਬੱਧਤਾ ਨਿਭਾਉਣ ਵਾਲੇ ਸਾਥੀ ਹਰਦੀਪ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ।

***ਸੰਪਰਕ : 94175-81936***

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.


ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਦਲਿਤ ਵੇਦਨਾ ਦਾ ਨਾਟ-ਦ੍ਰਿਸ਼

## ਲੱਛੂ ਕਬਾੜੀਆ

**(ਨਾਟਕ)**
**ਸਾਹਿਬ ਸਿੰਘ**
**ਸਫ਼ੇ-60, ਕੀਮਤ-150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**






ਫ਼ੋਕਸ

**ਚਰਚਾ ਇਕ ਪੁਸਤਕ ਦੀ**

**ਡਾ. ਚੰਦਰ ਪ੍ਰਕਾਸ਼**

ਕਿਸੇ ਰਚਨਾ ਦੀ ਸਮਾਜਿਕ ਪ੍ਰਤੀਬੱਧਤਾ 'ਵਿਚਾਰਧਾਰਕ ਪੈਂਤੜੇ' ਦੀ ਪ੍ਰਤੀਨਿਧਤਾ ਵੀ ਕਰਦੀ ਹੈ। ਇਉਂ ਰਚਨਾ ਦੀ ਵਸਤੂਗਤ ਸਮੱਗਰੀ 'ਚ ਸ਼ਾਮਲ ਸਮਾਜ ਦੀ ਆਂਤਰਿਕ ਸੰਰਚਨਾ ਸਮੋਈ ਹੁੰਦੀ ਹੈ; ਜਿਸ ਦਾ ਮੁਲਾਂਕਣ ਕਰਨਾ ਮਹੱਤਵਪੂਰਨ ਹੁੰਦਾ ਹੈ। ਇਹ ਸੰਰਚਨਾ ਪਰਿਵਰਤਨਸ਼ੀਲ ਹੈ। ਕੁਦਰਤ, ਸਾਹਿਤ, ਕਲਾ, ਸਮਾਜ, ਸੱਭਿਆਚਾਰ, ਚਿੰਤਨ ਆਦਿ ਸਭ ਸਮੇਂ ਨਾਲ ਬਦਲਦਾ ਰਹਿੰਦਾ ਹੈ।ਹਰੇਕ ਕਾਲ-ਖੰਡ ਦੇ ਆਪਣੇ ਸੁਹਜ-ਸ਼ਾਸਤਰੀ ਸੂਤਰ ਹੁੰਦੇ ਨੇ, ਜੋ ਰਚਨਾਕਾਰ ਦੀ ਸਿਰਜਣਾਤਮਕ ਪ੍ਰਤਿਭਾ ਨਾਲ ਸੰਵਾਦ ਰਚਾਉਂਦੇ ਨੇ।ਸਮਾ ਜਕ ਮਾਹੌਲ 'ਤੇ ਪੈਣ ਵਾਲੇ ਪ੍ਰਭਾਵ ਨੂੰ ਚਹੁੰ ਬੰਨਿਓਂ ਵਾਚਣ ਵਾਲਾ ਸਿਰਜਕ; ਵਿਅਕਤੀਗਤ ਪਛਾਣ ਬਣਾਉਣ ਵਿਚ ਵੀ ਕਾਮਯਾਬੀ ਹਾਸਲ ਕਰਦਾ ਹੈ।ਮਾਨਵੀ ਗੌਰਵ ਵਿਰੁੱਧ ਵਿਚਾਰ ਪ੍ਰਗਟ ਕਰਨ ਵਾਲੇ ਪੱਲੇ ਤਾਂ ਨਿੰਦਾ ਹੀ ਪੈਂਦੀ ਹੈ।ਨਾਟ-ਕਲਾ ਨੂੰ ਸਮਾਜਿਕ ਜ਼ਿੰਮੇਵਾਰੀ 'ਚ ਢਾਲਣ ਲਈ ਸਾਹਿਬ ਸਿੰਘ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ।ਸਵਾ ਸੌ ਤੋਂ ਵਧੀਕ ਨਾਟ-ਪੇਸ਼ਕਾਰੀਆਂ ਵਾਲੇ ਨਾਟਕ 'ਲੱਛੂ ਕਬਾੜੀਆ' ਦਾ ਪ੍ਰਕਾਸ਼ਨ ਰੂਪ 'ਦਲਿਤ ਸਮਾਜ ਦੀ ਜ਼ਿੰਦਗੀ ਦੇ ਧਰਾਤਲ ਨੂੰ ਸਮਝਣ-ਪਛਾਨਣ' ਦਾ ਮਾਧਿਅਮ ਬਣਦਾ ਹੈ।

(1)

'ਦਲਿਤ' ਸ਼ਬਦ ਵਿਸ਼ਾਲ ਅਰਥਾਂ ਨੂੰ ਸੰਬੋਧਤ ਹੈ। ਘੱਟ ਮਿਹਨਤਾਨੇ 'ਤੇ ਵੱਡੀ-ਲੰਮੀ ਕਿਰਤ ਕਰਦੇ ਕਾਮੇ, ਮਜ਼ਦੂਰ, ਗੁਲਾਮ, ਔਰਤਾਂ, ਵਿਭਿੰਨ ਜਾਤੀਆਂ, ਜਨ-ਜਾਤੀਆਂ ਆਦਿ ਘਣਾ ਕੁਝ ਇਸ ਦੇ ਅਧਿਐਨ ਦਾ ਕੇਂਦਰ ਬਿੰਦੂ ਬਣਦਾ ਹੈ। ਸਾਹਿਤ-ਕਲਾ ਪਿੜ 'ਚ ਮਨੁੱਖੀ ਸਰੋਕਾਰਾਂ, ਵੇਦਨਾਵਾਂ, ਸੰਵੇਦਨਾਵਾਂ ਦਾ ਪ੍ਰਗਟਾਅ ਮੁੱਖ ਟੀਚਾ ਹੋ ਨਿਬੜਦਾ ਹੈ। ਜਗੀਰੂ-ਪੂੰਜੀ ਦਿਮਾਗ ਨੂੰ 'ਵੰਗਾਰਨਾ' ਜਾਤੀ ਹਉਮੈ ਨੂੰ 'ਲਲਕਾਰਨਾ' ਅਤੇ ਨਕਾਰੇ ਨੂੰ 'ਸਵੀਕਾਰਨਾ' ਦੇ ਸੁਨੇਹੇ ਨਾਲ 'ਲੋਕ-ਪਹੁੰਚ' ਕੀਤੀ ਜਾਂਦੀ ਹੈ।ਇਹ ਪਹੁੰਚ 'ਲਿਟਰੇਚਰ ਆਫ਼ ਐਕਸ਼ਨ' ਦੀ ਧਾਰਨਾ ਮਜ਼ਬੂਤ ਕਰਦੀ ਹੈ। ਸੰਘਰਸ਼, ਬਗਾਵਤ ਸਮੇਤ। ਇਸ ਪ੍ਰਸੰਗ ਲੜੀ ਵਿਚ ਸ਼ਰਣ ਕੁਮਾਰ ਲਿੰਬਾਲੇ ਨੇ ਬਗਾਵਤ ਨੂੰ ਦਸਵਾਂ ਅਤੇ ਵੇਦਨਾ ਨੂੰ ਗਿਆਰ੍ਹਵਾਂ ਰਸ ਮੰਨਿਆ ਹੈ। ਇਹ ਸੰਕਲਪ 'ਸਤਿਅਮ, ਸ਼ਿਵਮ, ਸੁੰਦਰਮ' ਤੋਂ ਪਾਰ ਜਾ ਕੇ 'ਸਮਾਨਤਾ, ਭਾਈਚਾਰੇ, ਆਜ਼ਾਦ ਖਿਆਲਾਂ' ਨੂੰ ਤਵੱਜੋ ਦਿੰਦਾ ਹੈ।ਕਲਾ ਦੀ ਮਹੱਤਤਾ ਜੀਵਨ, ਮਨੁੱਖ ਅਤੇ ਸਮਾਜਕਾਰੀ ਦੀ ਤਿਕੜੀ ਵਿੱਚੋਂ ਆਕਾਰ ਗ੍ਰਹਿਣ ਕਰਦੀ ਹੈ।ਇਤਿਹਾਸ, ਮਿਥਿਹਾਸ ਦੀ ਮੁੜ-ਉਸਾਰੀ ਕਰਦਿਆਂ 'ਬੇਆਵਾਜ਼ਾਂ' ਨੂੰ ਸੁਣਿਆ ਜਾਂਦਾ ਹੈ; ਸੁਣਾਇਆ ਜਾਂਦਾ ਹੈ। ਵਹਾਅ ਤੋਂ ਉਲਟ।'ਲੱਛੂ ਕਬਾੜੀਆ' ਵਹਾਅ ਤੋਂ ਉਲਟ ਆਵਾਜ਼ ਨੂੰ ਸੁਣਨਾ/ਸੁਣਾਉਣਾ ਜਾਣਦੈ। ਜਿਵੇਂ 'ਫੇਰ ਦਇਆ ਸਿੰਘ ਨਾਲ ਖੱਤਰੀ ਕਿਉਂ ਚੰਗਾ ਲੱਗਦੈ, ਧਰਮ ਸਿੰਘ ਨਾਲ਼ ਜੱਟ ਕਿਉਂ ਚੰਗਾ ਲੱਗਦੈ ਜਾਂ ਤਾਂ ਦਇਆ ਸਿੰਘ ਨਾਲੋਂ ਖੱਤਰੀ ਲਾਹ ਦਿਓ, ਧਰਮ ਸਿੰਘ ਨਾਲੋਂ ਜੱਟ ਹਟਾ ਦਿਓ ਤੇ ਜਾਂ ਫਿਰ ਮੋਹਕਮ ਸਿੰਘ, ਸਾਹਿਬ ਸਿੰਘ, ਹਿੰਮਤ ਸਿੰਘ, ਨਾਲ਼ ਨਾਈ/ਛੀਂਬਾ, ਝਿਓਰ ਵੀ ਲਿਖ ਦਿਓ।' (ਸਫ਼ਾ/40)

ਇਹ ਸਮਾਜਿਕ ਦੁਵੰਡ 'ਮੁਹੱਬਤ' ਨੂੰ ਅਸਵੀਕਾਰਦੀ ਹੈ; ਲੱਛੂ ਦੇ ਸ਼ਿੰਦੇ ਪੁੱਤ ਦੀ ਜਾਨ ਲੈਂਦੀ ਹੈ, ਕਿਉਂ ਜੋ ਉਹ ਗੁਰਦੁਆਰਾ ਪ੍ਰਧਾਨ ਦੀ ਧੀ ਦੀਪੀ ਦੇ 'ਪਿਆਰ' ਨੂੰ ਸਵੀਕਾਰ ਕਰ ਬੈਠਾ ਹੈ। ਉਂਝ ਪ੍ਰਧਾਨ ਸਾਹਿਬ ਵਿਸਾਖੀ ਅਤੇ ਖ਼ਾਲਸਾ ਪੰਥ ਦੀ ਸਿਰਜਣਾ ਦੇ ਸੰਦਰਭ ਵਿਚ 'ਜਾਤ-ਪਾਤ ਦੇ ਖ਼ਾਤਮੇ' ਦਾ ਚੰਗਾ ਵਿਖਿਆਨ ਕਰਕੇ ਵਾਹ-ਵਾਹ ਖੱਟਦੇ ਨੇ।ਦੂਜੇ ਬੰਨੇ ਜ਼ਿਮੀਂਦਾਰ ਬਖ਼ਤਾਵਰ ਸਿੰਘ ਨੇ ਵੀ ਪੁਰਾਣੀ ਸਾਂਝ ਛੱਡ ਲੱਛੂ ਦੇ ਬਾਪ ਨੂੰ ਜਾਗੋ 'ਚ ਜ਼ਲੀਲ ਕੀਤਾ ਹੋਇਆ ਹੈ। ਉਸ ਨਾਲ ਤਿੰਨ ਪੀੜ੍ਹੀਆਂ ਦਾ ਸੰਤਾਪ ਚਿੰਬੜਿਆ ਰਹਿੰਦਾ ਹੈ।

ਹਾਸ਼ੀਆਗਤ ਸਮੂਹਾਂ ਦੀ ਸਾਹਿਤਕ ਦਿੱਖ, ਜ਼ਿੱਦ, ਤਾਕਤ ਇਸ ਵਿਚ ਹੈ ਕਿ ਉਹ 'ਸ਼ੋਸ਼ਣ-ਸ਼ਰਧਾ' ਨੂੰ ਸਵਾਲ ਬਣਾ 'ਸਮਾਧਾਨ' ਭਾਲਦੀ ਹੈ। ਨਾਟਕ ਦਾ ਮਹੱਤਵਪੂਰਨ ਸੰਵਾਦ ਵੀ ਇਹੋ ਕਹਿੰਦਾ ਹੈ : 'ਜੇ ਥੋਨੂੰ ਸੱਚੀਂ ਲੱਗਦੈ ਕਿ ਅਸੀਂ ਕਿਸੇ ਰਿਸ਼ੀ ਦੇ ਪੈਰਾਂ 'ਚੋਂ ਨਿਕਲੇ ਆਂ ਤਾਂ ਇਹ ਵੀ ਯਾਦ ਰੱਖੋ ਕਿ ਰੱਬ ਬਣੇ ਰਾਜੇ ਦੇ ਪੈਰਾਂ 'ਚ ਤੀਰ ਮਾਰਨ ਵਾਲੇ ਭੀਲ ਵੀ ਅਸੀਂ ਸੀ।' (ਸਫ਼ਾ/56)

(2)

ਸਮਾਜਿਕ ਊਚ-ਨੀਚ ਭਾਵਨਾ 'ਆਰਥਿਕ-ਮਾਨਤਾ' ਵੀ ਨਿਰਧਾਰਤ ਕਰਦੀ ਹੈ। ਨਿਜ਼ਾਮ ਵੱਲੋਂ ਥੋਪੀਆਂ ਮਰਿਆਦਾਵਾਂ, ਬੰਧਨ 'ਚੋਂ ਉਦੈ ਹੋਇਆ ਪ੍ਰਬੰਧ, ਆਰਥਿਕ ਅਸਾਵੇਂਪਣ ਦਾ ਕਾਰਨ-ਕਾਰਜ ਬਣਦਾ ਹੈ।'ਦਾਤੀ ਤਾਂ ਜੱਟਾਂ ਦੀ ਹੁੰਦੀ ਐ ਕਣਕ ਵੀ' ਫਿਕਰਾ, ਫ਼ਿਕਰਮੰਦੀ ਨੂੰ ਨੇੜਿਉਂ ਮਹਿਸੂਸ ਕਰਦਾ ਹੈ। ਭੋਇੰ ਦੀ ਕਾਣੀ ਵੰਡ 'ਲੋਕ-ਮਨ' ਵਿਚ ਤਲਖ਼, ਅਸੁਰੱਖਿਅਤ-ਭਾਵ ਪੈਦਾ ਕਰਦੀ ਹੈ।ਜੈਲੇ ਅਤੇ ਕੈਲੇ ਦਾ ਮਿੰਦੀ ਨਾਲ ਕੀਤਾ ਦੁਰਵਿਹਾਰ, ਘਰੇਲੂ ਵਾਤਾਵਰਨ ਵਿਗਾੜਦਾ ਹੈ।ਵਿੱਥ ਲੰਮੀ ਕਰਦਾ ਹੈ। ਸਮੂਹਿਕ ਮਾਲਕੀ ਦੇ ਹੱਕ; ਅਗਿਆਨਤਾ, ਗਰੀਬੀ, ਹੀਣਤਾ ਦੇ ਆਦੀ ਹੋਣ ਕਾਰਨ ਮਾਰੇ ਜਾਂਦੇ ਰਹੇ ਹਨ। ਸਨਮਾਨਯੋਗ ਜ਼ਿੰਦਗੀ ਜੀਣ ਲਈ 'ਨਿਆਂਇਕ ਸੂਝਤਾ' ਵੀ ਲਾਜ਼ਮੀ ਹੈ। ਚੰਗੀ ਸੇਧ, ਸੂਝ ਵਿਚ ਵਾਧਾ ਕਰਦੀ ਹੈ। ਇਸ ਸੂਝ ਨਾਲ ਜੁੜਿਆ ਹਵਾਲਾ ਵੇਖੋ: 'ਕਹਿੰਦੇ ਨੇ ਪਿੰਡ ਦੀ ਸ਼ਾਮਲਾਟ 'ਚ ਤੀਜਾ ਹਿੱਸਾ ਸਾਡੈ...ਮਿਲਿਆ ਨੀਂ ਕਦੇ ਘੜੰਮ ਚੌਧਰੀ ਲੈ ਜਾਂਦੇ ਸਾਡੀ ਜ਼ਮੀਨ!' (ਸਫ਼ਾ/47)

(3)

ਸਿਆਸੀ ਸਮਝ ਨਾਲ ਹੀ ਦਲਿਤ ਸੰਵੇਦਨਾਵਾਂ ਦੀ ਅਸਲੀ ਥਾਹ ਪਾਈ ਜਾ ਸਕਦੀ ਹੈ। ਯਥਾਰਥਕ ਮੁਲਾਂਕਣ ਲਈ ਗਹਿਰਾਈ ਤੱਕ ਜਾਣਾ ਹੀ ਪੈਂਦਾ ਹੈ। ਚੇਤੇ ਰੱਖਣਾ ਪਵੇਗਾ ਕਿ 'ਬੌਧਿਕ ਚਲਾਕੀ' ਨਾਲ਼ ਵੀ 'ਬੌਧਿਕ ਕੰਗਾਲੀ' ਪੈਦਾ ਕੀਤੀ ਜਾਂਦੀ ਹੈ। ਦਲਿਤ ਭਾਵਨਾਵਾਂ ਨੂੰ ਠੋਕਰ ਲਾਉਣ ਲਈ ਸਿਆਸਤਦਾਨਾਂ ਦੀਆਂ ਚਾਲਾਂ ਡੂੰਘਾ ਨੁਕਸਾਨ ਪਹੁੰਚਾਉਂਦੀਆਂ ਹਨ। ਰਾਜਸੀ ਹਲਕਿਆਂ ਵਿਚ ਦਲਿਤ ਸਹਿਭਾਗਤਾ ਨੂੰ ਸਰਮਾਏਦਾਰੀ ਵੱਲੋਂ ਸੰਚਾਲਤ ਕੀਤੇ ਜਾਣ ਕਰਕੇ ਇਨ੍ਹਾਂ ਨੂੰ 'ਅਧੀਏ ਪਊਏ' ਦੇ ਮੁੱਲ ਨਾਲ ਤੁਲਨਾਇਆ ਜਾਂਦਾ ਹੈ। ਹਾਸ਼ੀਆਗ੍ਰਸਤ ਧਿਰਾਂ ਦੀ ਚੇਤਨਾ ਰਾਜਨੀਤਕ-ਲਾਲਚ ਨੂੰ ਰੱਦ ਕਰਦੀ ਹੈ। ਨਾਟਕ ਪੇਂਡੂ ਜੀਵਨ ਦੇ ਦੁਰਕਾਰੇ, ਛੇਕੇ ਵਰਗ ਨੂੰ ਦਲੀਲ ਨਾਲ ਸੋਚਣ ਦੀ ਅਪੀਲ ਕਰਦਾ ਹੈ: 'ਨਹੀਂ ਚਾਹੀਦੇ ਸਾਨੂੰ ਮੁਫ਼ਤ ਦਾ ਆਟਾ, ਮੁਫ਼ਤ ਦੀ ਦਾਲ .. ਮੰਨਿਆ ਕਿ ਤੁਸੀਂ ਰੋਲ਼ ਕੇ ਰੱਖਿਐ ਅੱਜ ਇਨਕਾਰੀ ਆਂ ਅਧੀਏ ਪਊਏ ਬਣਨ ਤੋਂ ਆਹ ਸਾਂਭ.. ਥੋਡੇ ਆਹ ਅਧੀਏ ਪਊਏ ਥੋਨੂੰ ਮੁਬਾਰਕ।' (ਸਫ਼ੇ/56-57)

(4)

ਸਮਾਜ 'ਤੇ ਕਾਬਜ਼ ਜਮਾਤ ਦਾ ਹੰਕਾਰ ਪੀੜਤ ਨੂੰ ਹੋਰ ਜ਼ਖ਼ਮੀ ਕਰਦਾ ਹੈ। ਉਨ੍ਹਾਂ ਵੱਲੋਂ ਪ੍ਰਯੋਗ ਕੀਤੀ ਜਾਣ ਵਾਲੀ ਭਾਸ਼ਾਈ ਅਸ਼ਲੀਲਤਾ ਅਤੇ ਨਫ਼ਰਤ, ਸਮਾਜਿਕ ਅਪਰਾਧ ਵਿਚ ਵਾਧਾ ਕਰਦੀ ਹੈ। ਦੁਜੈਲੇ ਸਥਾਨ ਵੱਲ ਧੱਕਦੀ ਹੈ।ਇਸ ਵਰਤਾਰੇ ਨੂੰ ਸੰਘਣੇ ਅਹਿਸਾਸ ਨਾਲ ਸਮਝਣ ਦੀ ਲੋੜ ਹੈ। ਨਾਟਕਕਾਰ ਦੀ ਦਲਿਤ ਭਾਈਚਾਰੇ ਨਾਲ ਵਿਅਕਤੀਗਤ ਸਾਂਝ, ਖੁੱਲ੍ਹੇ ਵਿਹੜੇ ਅਤੇ 'ਵਿਹੜੇ ਵਾਲਿਆਂ' ਦੇ ਵਖਰੇਵੇਂ ਨੂੰ ਬਿਆਨਣ ਵਿਚ ਮਦਦਗਾਰ ਸਿੱਧ ਹੁੰਦੀ ਹੈ। ਨਾਟਕ ਪੂਰਵਲੇ ਸ਼ਬਦਾਂ 'ਚ ਸਾਹਿਬ ਸਿੰਘ ਨੇ ਲਿਖਿਆ ਹੈ।

ਦਲਿਤਾਂ ਦੇ ਵਜੂਦ, ਸਮਾਜਿਕ ਹੈਸੀਅਤ, ਇੱਛਾਵਾਂ-ਕਾਮਨਾਵਾਂ ਆਦਿ 'ਤੇ ਦਬਾਅ ਪਾ ਕੇ 'ਟਕਰਾਅ' ਸਹੇੜਿਆ ਜਾਂਦਾ ਹੈ। ਸਕੂਲ ਵਿਚ ਚੰਗੀ ਹਾਕੀ ਖੇਡ ਖੇਡਣ ਵਾਲੇ ਲੱਛੂ ਨੂੰ ਸਰਪੰਚਾਂ ਦਾ ਪੀਤਾ ਜਾਣਬੁੱਝ ਕੇ ਫੱਟੜ ਕਰਦਾ ਹੈ। ਕਾਬਲੀਅਤ ਉੱਤੇ ਗਾਲ੍ਹਾਂ ਭਾਰੂ ਪੈਂਦੀਆਂ ਨੇ-ਸਾਲ੍ਹਾ... ਪੱਗ ਕੀ ਬੰਨ੍ਹ ਲਈ, ਆਪਣੇ ਆਪ ਨੂੰ ਸਰਦਾਰ ਸਮਝਣ ਲੱਗ ਗਿਐ ਕੱਢੋ ਸਰਦਾਰੀ ਇਹਦੇ ਹੱਡਾਂ 'ਚੋਂ ਮਾਰੋ ਮਾਰੋ ਭੈਣ ਚੋ (ਸਫ਼ਾ/29)

(5)

ਦਬਾਅ ਵਿਚ ਜ਼ਿੰਦਗੀ ਸੁੰਗੜਦੀ ਹੈ, ਕਿਉਂਕਿ ਸਮਾਜਿਕ ਬਣਤਰ ਦੀ ਉੱਚ ਵਰਣ ਵਿਵਸਥਾ 'ਨਿੱਘ' ਤੋਂ ਦੂਰ ਰਹਿਣਾ ਪਸੰਦ ਕਰਦੀ ਹੈ।ਬਣੇ 'ਫਰੇਮ' 'ਚੋਂ ਬਾਹਰ ਝਾਕਣ ਵਾਲੀ ਅੱਖ ਦੀ ਕਮੀ ਖੁਰਦਰੇ ਸੰਬੰਧਾਂ ਨੂੰ ਉਕਸਾਉਂਦੀ ਹੈ।ਇਹ ਉਕਸਾਹਟ ਬੰਦੇ ਨੂੰ ਮਾਨਸਿਕ-ਸਰੀਰਕ ਰੂਪ ਵਿਚ 'ਖ਼ਾਲੀ' ਕਰਨ ਲੱਗਦੀ ਹੈ। ਇੱਥੋਂ ਤੱਕ ਕਿ ਉਸ ਦੀ 'ਨਾਮਕਰਨ-ਪਛਾਣ' ਵੀ ਗਾਇਬ ਕਰ ਦਿੱਤੀ ਜਾਂਦੀ ਹੈ। ਨਾਂਅ ਵੀ 'ਸੁੰਘੜਨ' ਲੱਗਦੇ ਨੇ। ਸਰਦਾਰਨੀ ਦੇ ਖਿਝ-ਬੋਲ 'ਚੂਏਂ ਜਿਹੇ ਨੂੰ ਘਰੇ ਛੱਡ ਕੇ ਆਇਆ ਕਰ' ਤੜਫਾਉਂਦੇ ਨੇ ਅਤੇ ਵਧੇਰੇ ਘਰੇਲੂ ਕੰਮ ਕਰਵਾਉਣ ਲਈ ਮਾਂ-ਪੁੱਤ ਨੂੰ ਅਫ਼ੀਮ ਦੀ ਚਾਟ 'ਤੇ ਲਾਉਂਦੇ ਨੇ। ਜੀਵਨ ਦੇ ਮੁੱਢਲੇ ਪੜਾਅ ਦੀ ਪਰਵਰਿਸ਼ ਨੂੰ ਵਿਸ਼ੇਸ਼ ਤਰਕੀਬ ਨਾਲ ਘੜ ਕੇ, ਸ਼ੋਸ਼ਣ ਲਈ ਤਿਆਰ ਕੀਤਾ ਜਾਂਦਾ ਹੈ। ਬੁਢਾਪੇ ਦੀ ਉਮਰ ਵਿਚ ਕੰਮ ਤੋਂ ਵੀ 'ਫਾਰਗ' ਕਰਨਾ ਅਗਲੀ ਗੱਲ ਹੈ। ਨਾਟਕ ਦੇ ਮੁੱਖ ਪਾਤਰ ਲੱਛੂ ਅਤੇ ਉਸ ਦੇ ਘਰ-ਜੀਅ ਮਿੰਦੀ, ਸ਼ਿੰਦੇ ਦੀ ਮਨੋਬਿਰਤੀ ਨੂੰ ਬਿਰਤਾਂਤ ਨਾਲ ਜੋੜ ਕੇ ਅਧਿਐਨ ਦੀ ਡੂੰਘਾਈ ਤੱਕ ਪਹੁੰਚਿਆ ਜਾ ਸਕਦਾ ਹੈ। ਸੰਕੇਤ ਮਾਤਰ ਨਾਟ-ਸੰਵਾਦ ਨਜ਼ਰ ਹੈ: 'ਹੈਅਅ ਸਾਲ਼ੀ ਕਤੀੜ ਹਟੋ ਪਿੱਛੇ ..ਭੁੱਖੇ ਨੀ ਤੋਰਨ ਲੱਗੇ ਤੁਹਾਨੂੰ ਦੇਖ ਸਾਲ਼ੇ ਕਿੱਦਾਂ ਅੰਦਰ ਨੂੰ ਭੱਜਦੇ ਐ ਪਤਾ ਨੀ ਥੋਨੂੰ ਕਿ ਅੰਦਰ ਜੱਟ ਜਿਮੀਦਾਰ ਲੰਗਰ ਛਕੀ ਜਾਂਦੇ, ਉਹ ਛਕ ਲੈਣ ਫਿਰ ਥੋਨੂੰ ਵੀ ਰੋਟੀ ਮਿਲ ਜੂ ..ਮਿਲ ਜੂ ਮਿਲ ਜੂ ਟੁੱਕੜ ਚਲੋ ਹਟੋ ..ਥੋਡੀ' (ਸਫ਼ਾ/42)

(6)

ਨਾਟਕ ਦੀ ਆਰੰਭਤਾ 'ਚ ਪਾਠਕ-ਦਰਸ਼ਕ ਨੂੰ ਸੁਚੇਤ ਕਰਦਿਆਂ ਲਿਖਿਆ ਗਿਆ ਹੈ: 'ਇਹ ਨਾਟਕ ਗੁਨਾਹ ਕਬੂਲਣ ਲਈ ਪੜ੍ਹਿਆ ਤੇ ਦੇਖਿਆ ਜਾਵੇ, ਇਹ ਨਾਟਕ ਸਦੀਆਂ ਦੇ ਧੱਕੇ ਲਈ ਸ਼ਰਮਸਾਰ ਹੋਣ ਲਈ ਹਿੱਕ ਨਾਲ ਲਾਇਆ ਜਾਵੇ, ਇਹ ਨਾਟਕ ਸੱਤਾ ਦੇ ਖਿਡਾਰੀਆਂ ਨੂੰ ਇਹ ਕਹਿ ਕੇ ਵੰਗਾਰਨ ਲਈ ਵਿਚਾਰਿਆ ਜਾਵੇ ਕਿ ਅਸੀਂ ਸੰਪੂਰਨ ਤੌਰ 'ਤੇ ਜ਼ਿੰਦਗੀ ਜਿਓਣ ਦਾ ਹੱਕ ਰੱਖਦੇ ਹਾਂ, ਆਪਣੀ ਅਣਖ-ਇੱਜ਼ਤ ਨੂੰ ਸਿਰ 'ਤੇ ਸਜਾ ਕੇ ਧੌਣ ਸਿੱਧੀ ਕਰ ਵਿਚਰਨ ਦਾ ਮਾਦਾ ਰੱਖਦੇ ਹਾਂ!' (ਸਫ਼ਾ/17) ਨਾਟਕ ਦਾ ਹਰੇਕ ਬੋਲ ਇਸ ਟਿੱਪਣੀ ਨਾਲ ਜੁੜਦਾ ਹੈ। ਬਾਬੇ ਨਾਨਕ ਦੇ ਸਿਧਾਂਤਕ ਫਲਸਫ਼ੇ 'ਕਿਰਤ ਕਰੋ, ਵੰਡ ਛਕੋ' ਨੂੰ ਹਕੀਕੀ ਰੂਪ 'ਚ ਬਦਲਣ ਲਈ 'ਬਾਬੇ' ਨੂੰ ਸੰਬੋਧਤ ਹੁੰਦੇ ਹੋਏ ਕਿਹਾ ਗਿਆ ਹੈ ਕਿ 'ਨੀਚਾਂ ਅੰਦਰ ਨੀਚ ਜਾਤ' ਉਚਾਰਨ ਵਾਲ਼ਿਆਂ ਆਪਣੇ ਲੋਕਾਂ ਨੂੰ ਮਤ ਦੇ। ਇਉਂ ਬੇਗ਼ਮਪੁਰਾ ਵਸਾਉਣ ਵਾਲੇ ਰਵਿਦਾਸ ਮਹਾਰਾਜ ਜੀ ਨੂੰ ਵੀ ਦਿਲੀ ਇੱਛਾ ਜ਼ਾਹਰ ਕੀਤੀ ਹੈ ਕਿ 'ਸਾਡੇ ਹਿੱਸੇ ਤਾਂ ਗ਼ਮ ਈ ਗ਼ਮ ਆਏ ਸਾਡਾ ਵੀ ਜੀਅ ਕਰਦੈ ਕਿ ਚੰਗੇ ਚੰਗੇ ਲੱਗੀਏ ਹੱਸਦੇ ਮੁਸਕਰਾਉਂਦੇ ਰਹੀਏ ਪਰ ਚਿਹਰੇ ਤਣੇ ਈ ਰਹਿੰਦੇ ਆ..(ਸਫ਼ਾ/54)

(7)

ਦਲਿਤ ਸਾਹਿਤ ਦੀਆਂ ਸ਼ੈਲੀਗਤ ਵਿਸ਼ੇਸ਼ਤਾਈਆਂ ਤੋਂ ਪਤਾ ਚੱਲਦਾ ਹੈ ਕਿ ਇਸ ਵਿਚਲੀ ਭਾਸ਼ਾਈ ਸੁਰ ਤਿੱਖੀ ਹੈ।ਕਠੋਰ ਹੈ। ਲਹਿਜ਼ਾ, ਵਾਰਤਕਨੁਮਾ ਹੈ।ਸਿੱਧੀ, ਸਹਿਜ, ਸਰਲ, ਸਪੱਸ਼ਟ ਭਾਸ਼ਾ ਦੇ ਨਾਲ 'ਅਣਜਾਣ' ਸ਼ਬਦਾਵਲੀ ਵੀ ਸਾਹਮਣੇ ਆਉਂਦੀ ਹੈ, ਜਿਸ ਤੋਂ ਖ਼ਾਸ ਬੁੱਧੀਜੀਵੀ ਪਾਸਾ ਵੱਟਦੇ ਹਨ। ਦੁਸ਼ਵਾਰੀਆਂ, ਜ਼ੁਲਮ ਨੂੰ ਜਾਣਦੇ 'ਸ਼ਬਦ' ; ਅਰਥਾਂ ਤੋਂ ਪਾਰ ਜਾਂਦੇ ਨੇ।ਵਾਰ ਕਰਦੇ ਨੇ। ਅਪਮਾਨ ਸਹਿੰਦੇ ਬੰਦਿਆਂ ਦੀ ਹੋਣੀ ਬਿਆਨ ਕਰਨ ਵੇਲੇ ਕਲਮ, ਅਸਲ ਸ਼ਬਦਾਂ ਤੱਕ ਪਹੁੰਚ ਕਰਨ ਦੀ ਕੋਸ਼ਿਸ਼ ਕਰਦੀ ਹੈ। ਨਾਟਕਕਾਰ ਦੇ ਕਲਮ-ਬੋਲ ਪਾਤਰ, ਘਟਨਾ, ਵਿਸ਼ੇ ਨਾਲ ਮੇਲ ਖਾ ਕੇ ਰਚਨਾ ਨੂੰ ਮੁੱਲਵਾਨ ਬਣਾਉਂਦੇ ਨੇ। ਉਦਾਹਰਣ ਲਈ: 'ਛੱਤ!.. ਕਾਹਤੋਂ ਸਾਡੇ ਫੱਟਾਂ 'ਤੇ ਲੂਣ ਭੁੱਕਦੇ ਓ, ਛੱਤਾਂ ਆਲ਼ੇ ਘਰ ਹੋਰ ਹੁੰਦੇ ਐ..(ਗੁੱਸੇ ਨਾਲ ਕੁਰਸੀ ਵੱਲ ਜਾਂਦਾ ਹੈ).. ਔਹ ਬੋਰੇ 'ਚ ਪਿਆ ਉਹ ਝੰਡਾ ਲੈ ਜਾਵੀਂ..ਜੇ ਮੈਂ ਹੱਥ ਲਾਇਆ ਤਾਂ ਆਖੇਂਗਾ ਕਿ ਝੰਡਾ ਭਿੱਟਿਆ ਗਿਆ।' (ਸਫ਼ਾ/55)

(8)

ਜ਼ਿੰਦਗੀ 'ਚ ਫੈਲੀ ਭਿਆਨਕ ਗ਼ੈਰ-ਮਨੁੱਖਤਾ ਨੂੰ ਚਿਤਰਦੇ 'ਪ੍ਰਤੀਕ' ਵੇਦਨਾਵਾਂ ਨੂੰ ਸੰਚਾਰਤ ਕਰਦੇ ਹਨ। ਰਚਨਾਵਾਂ ਨੂੰ ਬਲ ਦਿੰਦੇ ਹਨ। ਪਰੰਪਰਾਗਤ ਪ੍ਰਤੀਕਾਂ ਦੀ ਥਾਂ ਕਰੂਰ ਜੀਵਨ ਪੱਧਤੀ 'ਚੋਂ ਚੁਣੇ ਚਿੰਨ੍ਹ ਪਾਠਕ-ਦਰਸ਼ਕ ਦੇ ਦਿਮਾਗੀ ਸਤਰ ਨੂੰ ਠਕੋਰਦੇ ਹਨ। ਕਬਾੜ, ਕਾਪੀ, ਕੇਲਾ, ਕੌਲਾ, ਕਮੀਜ਼, ਬੋਰੀ, ਦੀਵਾ, ਝੰਡਾ, ਅਧੀਏ ਪਊਏ, ਚੁੰਨੀ, ਪੱਗ ਆਦਿ ਵਿਸ਼ੇਸ਼ ਅਰਥਾਂ ਵਜੋਂ ਹਾਜ਼ਰੀ ਲਗਵਾਉਂਦੇ ਨੇ। ਲੱਛੂ ਕਬਾੜੀਏ ਦੀ ਬੋਰੀ 'ਚੋਂ ਵਸਤਾਂ ਨਿਕਲਦੀਆਂ ਜਾਂਦੀਆਂ ਨੇ; ਮੰਚ-ਭਾਵ ਉਜਾਗਰ ਹੁੰਦੇ ਜਾਂਦੇ ਨੇ। ਪ੍ਰਤੀਕਮਈ ਸ਼ੈਲੀ ਨਾਟਕੀ ਬਣਤਰ ਨੂੰ ਠੋਸ ਵੀ ਕਰਦੀ ਹੈ ਅਤੇ ਦਲਿਤ ਸਾਹਿਤ ਦੇ ਕਾਵਿ-ਸ਼ਾਸਤਰੀ ਨੁਕਤੇ ਦੀ ਵੀ ਹਾਮੀ ਭਰਦੀ ਹੈ।ਇਸ ਤਰ੍ਹਾਂ ਇਹ ਨਾਟਕ ਵੇਗਮਈ ਤਜਰਬਿਆਂ ਦੀ ਪੇਸ਼ਕਾਰੀ ਕਰਦਾ ਹੈ: 'ਸਰਦਾਰਾਂ ਦੇ ਜਵਾਕਾਂ ਵਾਂਗ ਸਾਡੇ ਕੋਲ ਰੁਮਾਲ ਤਾਂ ਹੁੰਦੇ ਨਹੀਂ ਸੀ ਚਿੱਟੇ ਰੰਗ ਦੇ ਬੀਬੀ ਕਿਸੇ ਖੇਸੀ ਨਾਲੋਂ ਨਿੱਕਾ ਜਿਹਾ ਟੋਟਾ ਕੱਟ ਲੈਂਦੀ ਤੇ ਮੇਰੇ ਜੂੜੇ 'ਤੇ ਟਿਕਾ ਦਿੰਦੀ, ਫਿਰ ਕੋਈ ਸੇਬਾ ਜਾਂ ਰੱਸੀ ਲੱਭ ਕੇ ਬੰਨ੍ਹ ਦਿੰਦੀ, ਮੈਂ ਆੜੀਆਂ ਨਾਲ਼ ਖੇਡਣ ਨਿਕਲ ਜਾਂਦਾ', ਬੀਬੀ ਗਲੀ 'ਚ ਖੜ ਕੇ ਕਹਿੰਦੀ, 'ਮੇਰਾ ਲੱਛੂ ਵੀ ਸਰਦਾਰ ਐ, ਸਰਦਾਰ ਲਛਮਣ ਸਿੰਘ' (ਸਫ਼ਾ/28)

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਿਹਤ ਦੀ ਤੰਦਰੁਸਤੀ ਦਾ ਵਿਧੀ ਵਿਧਾਨ

## ਸਿਹਤ ਅਤੇ ਆਹਾਰ ਵਿਗਿਆਨ


**ਡਾ. ਅਜਾਇਬ ਸਿੰਘ**
**ਪੰਨੇ : 197, ਮੁੱਲ : 300 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

**ਸਾਹਿਤ ਚਿੰਤਨ**

**ਹਰਪ੍ਰੀਤ ਕੁਮਾਰ**

ਮਨੁੱਖੀ ਸਰੀਰ ਇਕ ਪ੍ਰਭਾਵਸ਼ਾਲੀ ਪ੍ਰਕਿਰਿਆਵਾਂ ਦੀ ਲੜੀ ਹੈ, ਜਿਸ ਵਿੱਚ ਹਰੇਕ ਅੰਗ ਦੀ ਆਪਣੀ ਵਿਲੱਖਣ ਭੂਮਿਕਾ ਹੈ। ਹਿਰਦਾ, ਦਿਮਾਗ਼, ਜਿਗਰ, ਮਿਹਦਾ, ਫੇਫੜੇ, ਅੰਤੜੀਆਂ, ਗੁਰਦੇ ਅਤੇ ਚਮੜੀ ਵਰਗੇ ਅੰਗ ਸਿਰਫ਼ ਭੌਤਿਕ ਤੌਰ 'ਤੇ ਨਹੀਂ, ਸਗੋਂ ਜੀਵਨ ਦੇ ਸਰੋਤ ਵਜੋਂ ਕੰਮ ਕਰਦੇ ਹਨ। ਸਰੀਰਕ ਤੰਦਰੁਸਤੀ ਨੂੰ ਬਣਾਏ ਰੱਖਣ ਲਈ ਇਨ੍ਹਾਂ ਅੰਗਾਂ ਦੇ ਕੁਦਰਤੀ ਕਾਰਜ ਨੂੰ ਸਮਝਣਾ ਅਤੇ ਉਨ੍ਹਾਂ ਦੀ ਸੰਭਾਲ ਕਰਨੀ ਜ਼ਰੂਰੀ ਹੈ। ਡਾ. ਅਜਾਇਬ ਸਿੰਘ ਦੀ ਇਸ ਪੁਸਤਕ 'ਸਿਹਤ ਅਤੇ ਆਹਾਰ ਵਿਗਿਆਨ' ਵਿੱਚ ਲੇਖਕ ਨੇ ਅੰਦਰੂਨੀ ਅੰਗਾਂ ਦੇ ਕਾਰਜਾਂ ਦਾ ਵਰਣਨ ਕਰਕੇ ਪਾਠਕਾਂ ਨੂੰ ਸਰੀਰ-ਚੇਤਨਾ ਵੱਲ ਮੋੜਨ ਦੀ ਕੋਸ਼ਿਸ਼ ਕੀਤੀ ਹੈ।

ਦਿਮਾਗ਼ ਮਨੁੱਖੀ ਚੇਤਨਾ, ਸੂਝ-ਬੂਝ ਅਤੇ ਸਰੀਰਕ ਗਤੀਵਿਧੀਆਂ ਦਾ ਕੇਂਦਰ ਹੈ। ਇਹ ਪੁਸਤਕ ਦਿਮਾਗ਼ ਦੀ ਕਾਰਗੁਜ਼ਾਰੀ ਨੂੰ ਸਿਰਫ਼ ਇੱਕ ਮਾਸ ਦੇ ਟੁਕੜੇ ਵਜੋਂ ਨਹੀਂ, ਸਗੋਂ ਇੱਕ 'ਚਿੱਤ-ਕੇਂਦਰ' ਵਜੋਂ ਵੇਖਦੀ ਹੈ, ਜੋ ਸਰੀਰ ਅਤੇ ਮਨ ਨੂੰ ਜੋੜਦਾ ਹੈ। ਵਿਗਿਆਨਕ ਅਧਿਐਨਾਂ ਨੂੰ ਆਧਾਰ ਬਣਾਉਂਦਿਆਂ ਲੇਖਕ ਨੇ ਦੱਸਿਆ ਕਿ ਚਿੰਤਾ, ਤਣਾਅ, ਨਕਾਰਾਤਮਕ ਵਿਚਾਰ ਅਤੇ ਅਣਸੁਲਝੇ ਮਨੋਵਿਗਿਆਨਕ ਵਿਘਟਨ, ਦਿਮਾਗ਼ ਰਾਹੀਂ ਸਰੀਰਕ ਰੋਗਾਂ ਨੂੰ ਜਨਮ ਦਿੰਦੇ ਹਨ। ਆਧੁਨਿਕ ਖੇਤੀ, ਰਸਾਇਣਕ ਖਾਦਾਂ ਅਤੇ ਸਟੋਰ ਹੋਏ ਭੋਜਨ ਨੇ ਖਣਿਜ ਪਦਾਰਥਾਂ ਦੀ ਭਾਰੀ ਘਾਟ ਪੈਦਾ ਕਰ ਦਿੱਤੀ ਹੈ। ਕੈਲਸ਼ੀਅਮ, ਲੋਹ, ਜ਼ਿੰਕ, ਮੈਗਨੀਸ਼ੀਅਮ ਅਤੇ ਸੋਡੀਅਮ ਵਰਗੇ ਮਿਨਰਲਜ਼ ਨਾ ਸਿਰਫ਼ ਹੱਡੀਆਂ ਅਤੇ ਦੰਦਾਂ ਲਈ, ਸਗੋਂ ਨਿੱਕੀ-ਨਿੱਕੀ ਕੋਸ਼ਿਕਾ ਦੀ ਸਹੀ ਕਾਰਗੁਜ਼ਾਰੀ ਲਈ ਵੀ ਜ਼ਰੂਰੀ ਹਨ। ਇਹ ਮਿਨਰਲਜ਼ ਖ਼ਾਸ ਕਰਕੇ ਤਾਜ਼ਾ ਹਰੀਆਂ ਸਬਜ਼ੀਆਂ, ਮਿੱਟੀ ਵਾਲੇ ਫਲਾਂ, ਅੰਕੁਰਿਤ ਅਨਾਜ ਅਤੇ ਕੁਦਰਤੀ ਜੂਸਾਂ ਰਾਹੀਂ ਮਿਲ ਸਕਦੇ ਹਨ।ਲੇਖਕ ਕੁਦਰਤ ਨੂੰ ਸਰੋਤ ਮੰਨਦੇ ਹੋਏ ਕਹਿੰਦਾ ਹੈ ਕਿ 'ਰਸੋਈ ਅੰਦਰ ਸਾਡੇ ਭਵਿੱਖ ਦੀ ਲਿਖਤ ਹੈ।' ਕੱਚੇ ਭੋਜਨ (ਜਿਵੇਂ ਕਿ ਫਲ, ਕੱਚੀਆਂ ਸਬਜ਼ੀਆਂ, ਅੰਕੁਰਿਤ ਅਨਾਜ, ਨਟਸ) ਦੀ ਸਿਫਾਰਸ਼ ਕੀਤੀ ਗਈ ਹੈ, ਕਿਉਂਕਿ ਇਨ੍ਹਾਂ ਵਿੱਚ ਜੀਵੰਤ ਐਂਜ਼ਾਈਮਜ਼, ਫਾਈਬਰ, ਕਲੋਰੋਫ਼ਿਲ ਅਤੇ ਲਿਵ ਇਲੈਕਟ੍ਰੋਨਜ਼ ਹੁੰਦੇ ਹਨ, ਜੋ ਸਰੀਰ ਨੂੰ ਆਵਸ਼ਕ ਊਰਜਾ ਪ੍ਰਦਾਨ ਕਰਦੇ ਹਨ। ਲੇਖਕ ਪਕਾਈ ਗਈ ਖ਼ੁਰਾਕ ਦੀ ਤੁਲਨਾ ਵਿੱਚ ਕੱਚੇ ਭੋਜਨ ਨੂੰ ਸਰੀਰਕ ਸ਼ੁੱਧੀ ਅਤੇ ਰੋਗ-ਨਿਰੋਧਕ ਸ਼ਕਤੀ ਵਧਾਉਣ ਵਾਲਾ ਦੱਸਦਾ ਹੈ। ਸਿਹਤ ਕੁਦਰਤ ਦੇ ਨਿਯਮਾਂ ਨੂੰ ਮੰਨਣ ਨਾਲ ਸੁਭਾਵਿਕ ਹੈ। ਬਿਮਾਰੀ ਸਰੀਰ ਦੀ ਨਹੀਂ, ਬਲਕਿ ਜੀਵਨ ਸ਼ੈਲੀ ਦੀਆਂ ਗਲਤ ਆਦਤਾਂ, ਗਲਤ ਖਾਣ-ਪੀਣ ਕਾਰਨ ਹੁੰਦੀ ਹੈ। ਰਾਤ ਨੂੰ ਜਲਦੀ ਸੌਣਾ, ਸਵੇਰ ਜਲਦੀ ਜਾਗਣਾ, ਸਧਾਰਨ ਅਤੇ ਸੁਚੱਜੀ ਖ਼ੁਰਾਕ, ਸ਼ੁੱਧ ਹਵਾ ਅਤੇ ਸਾਫ਼ ਪਾਣੀ ਇਹ ਸਭ ਕੁਝ ਉਨ੍ਹਾਂ ਮੁੱਢਲੇ ਸਿਧਾਂਤਾਂ ਦਾ ਹਿੱਸਾ ਹਨ, ਜੋ ਸਿਹਤ ਦੀ ਗਾਰੰਟੀ ਦਿੰਦੇ ਹਨ।




ਆਧੁਨਿਕ ਦਵਾਈਆਂ ਦੀ ਥਾਂ 'ਵਰਤ' (fasting) ਨੂੰ ਸਰੀਰਕ ਅਤੇ ਆਤਮਿਕ ਸ਼ੁੱਧੀ ਦਾ ਮੂਲ ਮੰਨਿਆ ਹੈ। ਵਰਤ ਰਾਹੀਂ ਸਰੀਰ ਨੂੰ ਆਰਾਮ ਮਿਲਦਾ ਹੈ, ਸਾਰੇ ਅੰਗ ਰੀ-ਸੈਟ ਹੁੰਦੇ ਹਨ ਅਤੇ ਰੋਗ-ਨਿਰੋਧਕ ਤਾਕਤ ਨੂੰ ਬੜ੍ਹਾਵਾ ਮਿਲਦਾ ਹੈ। ਪਾਣੀ ਵਰਤ, ਫਲ ਵਰਤ ਅਤੇ ਲੇਮਨ ਹਨੀ ਵਰਤ ਵਰਗੀਆਂ ਥੈਰਾਪੀਆਂ ਦੀ ਚਰਚਾ ਕੀਤੀ ਗਈ ਹੈ। ਵੀਟ ਗ੍ਰਾਸ ਨੂੰ ਹਰੀ ਸਿਹਤ ਦਾ ਸਰੋਤ ਦੱਸਿਆ ਗਿਆ ਹੈ। ਪ੍ਰਾਣਾਯਾਮ, ਆਸਨ, ਧਿਆਨ ਅਤੇ ਸ਼ਵਾਸ-ਸੁੱਧੀ ਉੱਤੇ ਭਰੋਸਾ ਰੱਖਦਿਆਂ ਲੇਖਕ ਨੇ ਦਰਸਾਇਆ ਹੈ ਕਿ ਯੋਗਾ ਰਾਹੀਂ ਮਨ-ਸਰੀਰ-ਆਤਮਾ ਦਾ ਤਾਲਮੇਲ ਬਣਦਾ ਹੈ, ਜੋ ਸਾਰੀਆਂ ਬਿਮਾਰੀਆਂ ਦੀ ਜੜ੍ਹ ਨੂੰ ਖਤਮ ਕਰ ਸਕਦਾ ਹੈ। ਤਣਾਅ ਸਾਰੇ ਰੋਗਾਂ ਦੀ ਜੜ੍ਹ ਦੱਸਿਆ ਗਿਆ ਹੈ। ਸਾਰੇ ਰੋਗ ਪੇਟ ਤੋਂ ਸ਼ੁਰੂ ਹੁੰਦੇ ਹਨ। ਆਧੁਨਿਕ ਫਾਸਟ ਫੂਡ, ਜ਼ਰੂਰੀ ਫਾਈਬਰ ਦੀ ਘਾਟ ਅਤੇ ਢੁਕਵੀਂ ਪਾਣੀ ਦੀ ਵਰਤੋਂ ਨਾ ਹੋਣ ਨੂੰ ਮਿਹਦੇ ਦੀ ਬਿਮਾਰੀ ਦਾ ਮੁੱਖ ਕਾਰਨ ਬਣਦੇ ਹਨ। ਇਲਾਜ ਵਜੋਂ ਅੰਕੁਰਿਤ ਅਨਾਜ, ਆਮਲਾ, ਅਲਸੀ ਦੇ ਬੀਜ, ਤਾਜ਼ਾ ਜੂਸ ਦੀ ਸਿਫਾਰਸ਼ ਕੀਤੀ ਗਈ ਹੈ।ਹਾਈ ਫੈਟ ਡਾਇਟ, ਤਣਾਅ ਅਤੇ ਵਿਰਾਸਤੀ ਕਾਰਨਾਂ ਨਾਲ ਜੁੜਿਆ ਹੋਇਆ ਦੱਸਿਆ ਗਿਆ ਹੈ। ਕੁਦਰਤੀ ਇਲਾਜ ਵਿਚ ਨਿੰਬੂ ਪਾਣੀ, ਕਰੀ ਪੱਤੇ ਅਤੇ ਨਿਯਮਤ ਕਸਰਤ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ। ਲੋਅ ਸ਼ੂਗਰ ਦੀ ਘਾਟ ਹੋਣ ਕਰਕੇ ਚੱਕਰ, ਥਕਾਵਟ, ਚਿੜਚਿੜਾਪਨ ਆਉਂਦੇ ਹਨ। ਇਸ ਲਈ ਨਿਯਮਤ ਖੁਰਾਕ, ਖਜੂਰ, ਨਾਰੀਅਲ ਪਾਣੀ ਅਤੇ ਛੋਟੇ-ਛੋਟੇ ਭੋਜਨ ਲੈਣ ਦੀ ਸਿਫਾਰਸ਼ ਕੀਤੀ ਗਈ ਹੈ।ਡਾਇਬਟੀਜ਼ ਨੂੰ ਆਧੁਨਿਕ ਸਮੇਂ ਦੀ ਮਹਾਮਾਰੀ ਕਿਹਾ ਗਿਆ ਹੈ।

ਦਿਲ ਨੂੰ ਹਿਰਦੇ ਨਾਲ ਜੋੜ ਕੇ ਸਿਰਫ਼ ਰਕਤ-ਸੰਚਾਰਕ ਅੰਗ ਨਹੀਂ, ਸਗੋਂ ਭਾਵਨਾਤਮਕ ਕੇਂਦਰ ਹਨ। ਡਰ, ਮੋਹ, ਲਾਲਚ ਇਹ ਸਭ ਦਿਲ ਨੂੰ ਦਵਾਉਂਦੇ ਹਨ। ਇਲਾਜ ਵਿੱਚ ਆਨੰਦਮਈ ਜੀਵਨ, ਸ਼ੁੱਧ ਆਹਾਰ, ਬਿਨਾਂ ਤੇਲ ਤੇ ਮਿਰਚਾਂ ਵਾਲਾ ਭੋਜਨ ਅਤੇ ਯੋਗ ਦੀ ਲੋੜ ਹੈ।ਸਰੀਰ ਵਿੱਚ ਚਰਬੀ ਪਿਘਲਾਉਣ ਲਈ ਹਲਕੇ ਜੂਸ, ਪਿਆਜ਼, ਨਿੰਬੂ, ਆਲਸੀ ਦੇ ਬੀਜ ਅਤੇ ਵਿਟਾਮਿਨ 3 ਨੂੰ ਮਾਫਿਕ ਦੱਸਿਆ ਗਿਆ ਹੈ। ਵਧੇਰੇ ਮੋਟਾਪਾ ਸਰੀਰ ਦੀ ਆਲਸੀ ਜੀਵਨ ਸ਼ੈਲੀ ਦਾ ਨਤੀਜਾ ਹੈ। ਇਹ ਪੁਸਤਕ 'ਭੁੱਖ ਨੂੰ ਭੋਜਨ ਨਾਲ ਨਹੀਂ, ਸੂਝ-ਬੂਝ ਨਾਲ ਸੰਭਾਲਣ' ਦੀ ਸਿਫਾਰਸ਼ ਕਰਦੀ ਹੈ। ਵਰਤ, ਛੋਟੇ ਭੋਜਨ, ਰਾਤ ਨੂੰ ਹਲਕਾ ਖਾਣਾ ਅਤੇ ਤਾਜ਼ੀ ਹਵਾ ਇਹ ਸਭ ਕੁਦਰਤੀ ਇਲਾਜ ਹਨ। ਇਲਾਜ ਵਿੱਚ ਸਹੀ ਸੰਗਤ, ਰੁਚਿਕ ਆਹਾਰ, ਸਰੀਰਕ ਕਸਰਤ ਅਤੇ ਆਤਮਿਕ ਉਤਸ਼ਾਹ ਦੇਣ ਵਾਲੀਆਂ ਗਤੀਵਿਧੀਆਂ ਦੀ ਸਿਫਾਰਸ਼ ਕੀਤੀ ਗਈ ਹੈ। ਸਵੇਰ ਦਾ ਸਮਾਂ ਸਰੀਰਕ ਵਿਸ਼ੁੱਧੀ ਲਈ ਸਭ ਤੋਂ ਵਧੀਆ ਹੁੰਦਾ ਹੈ। ਸਵੇਰੇ ਖਾਲੀ ਪੇਟ ਇੱਕ ਗਲਾਸ ਗੁਣਗੁਣਾ ਜਾਂ ਨਿੰਬੂ ਪਾਣੀ ਜਾਂ ਫਿਰ ਆਮਲਾ-ਅਲਸੀ ਵਾਲਾ ਤਾਜ਼ਾ ਜੂਸ ਲੈਣਾ ਚੰਗਾ ਮੰਨਿਆ ਜਾਂਦਾ ਹੈ। ਇਹ ਲਿਵਰ, ਕਿਡਨੀ ਅਤੇ ਪੇਟ ਦੀ ਸਾਫ਼-ਸਫਾਈ ਕਰਦਾ ਹੈ। ਲੱਗਭੱਗ 8-10 ਗਲਾਸ (2.5-3 ਲੀਟਰ) ਪਾਣੀ ਰੋਜ਼ ਪੀਣਾ ਚਾਹੀਦਾ ਹੈ। ਹਾਲਾਂਕਿ ਇਹ ਇਨਸਾਨ ਦੇ ਕੰਮ ਅਤੇ ਭੋਜਨ 'ਤੇ ਨਿਰਭਰ ਕਰਦਾ ਹੈ। ਖਾਣੇ ਨਾਲ ਪਾਣੀ ਨਾ ਪੀਣਾ ਇਹ ਵਿਸ਼ੇਸ਼ ਸਿਫਾਰਸ਼ ਕੀਤੀ ਗਈ ਹੈ।ਫਲ ਸਰੀਰ ਲਈ ਲਾਭਕਾਰੀ ਹਨ, ਪਰ ਉਨ੍ਹਾਂ ਨਾਲ ਸਰੀਰ ਨੂੰ ਸੰਪੂਰਨ ਪ੍ਰੋਟੀਨ ਅਤੇ ਲੋਹਾ ਨਹੀਂ ਮਿਲਦਾ। ਇਸ ਲਈ ਫਲਾਂ ਦੇ ਨਾਲ ਅੰਕੁਰਿਤ ਅਨਾਜ, ਹਰੀਆਂ ਸਬਜ਼ੀਆਂ ਅਤੇ ਨਟਸ ਵੀ ਸ਼ਾਮਲ ਹੋਣੇ ਚਾਹੀਦੇ ਹਨ। ਲੇਖਕ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਜਦ ਤੱਕ ਇਨਸਾਨ ਆਪਣੇ ਵਿਚਾਰ, ਆਚਾਰ ਅਤੇ ਆਹਾਰ ਨੂੰ ਕੁਦਰਤ ਦੇ ਨਿਯਮਾਂ ਦੇ ਅਨੁਸਾਰ ਨਹੀਂ ਬਦਲੇਗਾ, ਤਦ ਤੱਕ ਕੋਈ ਇਲਾਜ ਪੂਰਨ ਨਹੀਂ ਹੋ ਸਕਦਾ। ਨੈਚਰੋਪੈਥੀ, ਯੋਗ, ਆਤਮ ਵਿਸ਼ਵਾਸ ਅਤੇ ਸੰਤੁਲਿਤ ਖ਼ੁਰਾਕ ਹੀ ਦੀਰਘਕਾਲੀ ਇਲਾਜ ਹੈ।ਲੇਖਕ ਇਸ ਗੱਲ ਨੂੰ ਕਦੇ ਨਹੀਂ ਕਹਿੰਦੇ ਕਿ ਦਵਾਈਆਂ ਠੁਕਰਾਈਆਂ ਜਾਣ, ਪਰ ਉਹ ਇਹ ਜ਼ਰੂਰ ਆਖਦਾ ਹੈ ਕਿ ਜਿਵੇਂ-ਜਿਵੇਂ ਜੀਵਨ ਸ਼ੈਲੀ ਕੁਦਰਤੀ ਤਰੀਕੇ ਨਾਲ ਬਦਲੇਗੀ, ਦਵਾਈਆਂ ਦੀ ਲੋੜ ਘਟੇਗੀ। ਇਨਸਾਨ ਆਪਣੇ ਮਨ 'ਤੇ ਕਾਬੂ ਕਰਕੇ ਕੁਦਰਤੀ ਇਲਾਜ ਨਾਲ਼ ਤੰਦਰੁਸਤ ਹੋ ਸਕਦਾ ਹੈ।

'ਤੰਦਰੁਸਤੀ ਅਤੇ ਕੁਦਰਤੀ ਇਲਾਜ' ਇੱਕ ਐਸਾ ਲੇਖ ਹੈ, ਜੋ ਸਿਰਫ਼ ਸਿਹਤ ਸੰਬੰਧੀ ਜਾਣਕਾਰੀ ਨਹੀਂ ਦਿੰਦਾ ਸਗੋਂ ਪਾਠਕ ਦੇ ਜੀਵਨ, ਰੂਪ ਅਤੇ ਸੋਚ ਵਿਚ ਬੇਹੱਦ ਲਾਭਦਾਇਕ ਤਬਦੀਲੀਆਂ ਲਿਆਉਂਦਾ ਹੈ। ਇਹ ਪੁਸਤਕ ਤਿੰਨ ਮੁੱਖ ਭਾਗਾਂ 'ਚ ਵਿਭਾਜਿਤ ਹੈ, ਜੋ ਸਰੀਰ ਦੀ ਬਣਤਰ ਤੋਂ ਲੈ ਕੇ ਰੋਗਾਂ ਦੇ ਨੈਚਰੂਲਪੈਥੀ ਇਲਾਜ ਅਤੇ ਆਮ ਜੀਵਨ ਦੀ ਸਿਹਤਮਈ ਸ਼ੈਲੀ ਨੂੰ ਉਜਾਗਰ ਕਰਦੇ ਹਨ। ਲੇਖਕ ਨੇ ਮਨੁੱਖੀ ਸਰੀਰ ਦੇ ਅੰਦਰੂਨੀ ਅੰਗਾਂ, ਉਨ੍ਹਾਂ ਦੀ ਕਾਰਗੁਜ਼ਾਰੀ ਤੇ ਸਰੀਰ ਦੀ ਕੁਦਰਤੀ ਤਾਕਤ 'ਤੇ ਵਿਸ਼ਵਾਸ ਰੱਖਣ ਦੀ ਗੱਲ ਕੀਤੀ ਹੈ। ਦਿਮਾਗ, ਖਣਿਜ ਪਦਾਰਥ, ਪਾਣੀ, ਕੱਚਾ ਭੋਜਨ, ਵਰਤ ਅਤੇ ਯੋਗ ਨੂੰ ਸਿਹਤ ਦੀ ਕੁੰਜੀ ਦੱਸਿਆ ਗਿਆ ਹੈ। 'ਤੰਦਰੁਸਤ ਹੋਣਾ ਸੁਭਾਵਕ ਹੈ' ਵਰਗੇ ਸਿਧਾਂਤ ਮਨੁੱਖ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਦੀ ਪ੍ਰੇਰਨਾ ਦਿੰਦੇ ਹਨ। ਤਣਾਅ, ਪੇਟ ਦੇ ਰੋਗ, ਦਿਲ, ਮਗਜ਼, ਚਮੜੀ, ਅੰਗ-ਵਿਸ਼ੇਸ਼ ਅਤੇ ਹੋਰ ਅਨੇਕਾਂ ਬਿਮਾਰੀਆਂ ਦਾ ਹੱਲ ਨੈਚਰੂਲ ਢੰਗ ਨਾਲ ਦੱਸਿਆ ਗਿਆ ਹੈ।


ਲੇਖਕ ਵਿਗਿਆਨਕ ਜਾਣਕਾਰੀ ਦੇ ਨਾਲ ਰੋਜ਼ਾਨਾ ਦੀ ਜੀਵਨਸ਼ੈਲੀ ਨੂੰ ਜੋੜ ਕੇ ਕੁਦਰਤ ਦੇ ਨਿਯਮਾਂ ਅਨੁਸਾਰ ਚੱਲਣ ਲਈ ਪ੍ਰੇਰਦਾ ਹੈ ਅਤੇ ਦਵਾਈ ਤੋਂ ਬਿਨਾਂ ਤੰਦਰੁਸਤ ਰਹਿਣ ਦੇ ਗੁਰ ਦੱਸਦਾ ਹੈ। ਵਿਟਾਮਿਨ, ਮਿਨਰਲ ਅਤੇ ਰਸ ਭਰੇ ਪਦਾਰਥਾਂ ਦੀ ਮਹੱਤਤਾ ਨੂੰ ਵਿਗਿਆਨਕ ਅਤੇ ਅਨੁਭਵ ਦੋਵਾਂ ਨਾਲ ਲਿਖਿਆ ਗਿਆ ਹੈ। ਇਹ ਪੁਸਤਕ ਇੱਕ ਆਮ ਇਨਸਾਨ ਨੂੰ ਆਪਣੀ ਸਿਹਤ ਲਈ ਜਾਗਰੂਕ ਬਣਾਉਂਦੀ ਹੈ। ਇਸ ਵਿੱਚ ਕਿਤਾਬੀ ਗਿਆਨ ਨਹੀਂ, ਸਗੋਂ ਅਮਲੀ ਜੀਵਨ ਵਿੱਚ ਲਾਗੂ ਹੋਣ ਵਾਲੇ ਉਪਾਅ ਦਿੱਤੇ ਗਏ ਹਨ। ਲੇਖਕ ਹਮੇਸ਼ਾ ਇਹ ਦੱਸਦਾ ਹੈ ਕਿ 'ਕਿਸੇ ਵੀ ਰੋਗ ਤੋਂ ਬਚਣ ਦੀ ਪਹਿਲੀ ਰਾਖੀ-ਸਰੀਰ ਨੂੰ ਸਮਝਣਾ, ਸੁਣਨਾ ਅਤੇ ਕੁਦਰਤ ਨਾਲ ਜੁੜਨਾ ਹੈ।' ਇਹ ਕਿਤਾਬ ਪਾਠਕਾਂ ਲਈ ਨਾ ਸਿਰਫ਼ ਇਕ ਮਾਰਗਦਰਸ਼ਕ ਹੈ, ਸਗੋਂ ਜੀਵਨ ਦਾ ਮੂਲ ਹੈ, ਜਿਸ ਰਾਹੀਂ ਆਦਮੀ ਦੁੱਖ ਰਹਿਤ, ਰੋਗ ਰਹਿਤ ਤੰਦਰੁਸਤ ਅਤੇ ਸੰਤੁਸ਼ਟ ਜੀਵਨ ਵੱਲ ਵਧ ਸਕਦਾ ਹੈ।

# ਪੁਸਤਕ ਰੀਵਿਊ

## ਤੂੰ ਕਾਹਦਾ ਪਟਵਾਰੀ

**(2024 ਦਾ ਚੋਣਵਾਂ ਹਾਸ ਵਿਅੰਗ)**
**ਮੰਗਤ ਕੁਲਜਿੰਦ, ਜਗਦੀਸ਼ ਰਾਏ ਕੁਲਰੀਆਂ**
**ਪੰਨੇ-152, ਮੁੱਲ-250 ਰੁਪਏ**
**ਸ਼ਿਲਾਲੇਖ ਪਬਲਿਸ਼ਰਜ਼, ਦਿੱਲੀ**

ਪੰਜਾਬੀ ਹਾਸ ਵਿਅੰਗ ਅਕਾਦਮੀ ਵੱਲੋਂ ਹਰ ਸਾਲ ਪੰਜਾਬੀ ਭਾਸ਼ਾ ਦੇ ਚੋਣਵੇਂ ਹਾਸ ਵਿਅੰਗ ਨੂੰ ਲੈ ਕੇ ਪੁਸਤਕ ਸੰਪਾਦਿਤ ਕੀਤੇ ਜਾਣ ਦੀ ਜ਼ਿੰਮੇਵਾਰੀ ਇੱਕ ਦਹਾਕੇ ਤੱਕ ਹਾਸ ਵਿਅੰਗ ਅਕਾਦਮੀ ਦੇ ਪ੍ਰਧਾਨ ਕੇ.ਐੱਲ ਗਰਗ ਆਪ ਸੰਭਾਲਦੇ ਰਹੇ। ਪਿਛਲੇ ਸਾਲ ਤੋਂ ਇਹ ਸਾਹਿਤਕ ਕਾਰਜ ਉਨ੍ਹਾਂ ਦੀ ਨਿਗਰਾਨੀ ਹੇਠ ਦੋ ਉਦਮੀ ਵਿਅੰਗ ਲੇਖਕਾਂ ਮੰਗਤ ਕੁਲਜਿੰਦ ਤੇ ਜਗਦੀਸ਼ ਰਾਏ ਕੁਲਰੀਆਂ ਵੱਲੋਂ ਕੀਤਾ ਜਾ ਰਿਹਾ ਹੈ। ਇਸ ਸਾਲਾਨਾ ਪੁਸਤਕ ਲੜੀ ਦੀ 12ਵੀਂ ਪੁਸਤਕ 'ਤੂੰ ਕਾਹਦਾ ਪਟਵਾਰੀ' ਦੇ ਨਾਂਅ ਹੇਠ ਛਪੀ ਹੈ, ਜਿਸ ਵਿਚ ਸੰਨ 2024 ਵਿਚ ਵੱਖ-ਵੱਖ ਥਾਈਂ ਛਪੇ 37 ਚੋਣਵੇਂ ਹਾਸ ਵਿਅੰਗ ਲੇਖ ਸ਼ਾਮਲ ਕੀਤੇ ਗਏ ਹਨ। ਪੁਸਤਕ ਖੇਤੀਬਾੜੀ ਅਧਾਰਤ ਪੰਜਾਬ ਦੇ ਅਰਥਚਾਰੇ ਦਾ ਕੇਂਦਰੀ ਧੁਰਾ ਸਮਝੇ ਜਾਂਦੇ ਸਰਕਾਰੀ ਮੁਲਾਜ਼ਮ ਪਟਵਾਰੀ ਨੂੰ ਸ਼ਕਤੀ ਦੇ ਅਜਿਹੇ ਸਿੰਬਲ ਵਜੋਂ ਉਭਾਰਦੀ ਹੈ, ਜਿਸ ਦਾ ਪ੍ਰਭਾਵ ਜੀਵਨ ਦੇ ਹਰ ਖੇਤਰ 'ਤੇ ਪੈਂਦਾ ਹੈ। ਪੁਸਤਕ ਪਾਠ ਕਰਦਿਆਂ ਪਾਠਕਾਂ ਦਾ ਵਾਹ ਸਿਰਫ ਤ੍ਰਿਲੋਕ ਢਿੱਲੋਂ ਦੇ ਵਿਅੰਗ ਲੇਖ 'ਤੂੰ ਕਾਹਦਾ ਪਟਵਾਰੀ' ਵਿਚਲੇ ਮਾਲ ਮਹਿਕਮੇ ਦੇ ਧੱਕੜ ਪਟਵਾਰੀ ਨਾਲ ਹੀ ਨਹੀਂ ਪੈਂਦਾ, ਸਗੋਂ ਉਹ ਰਾਜਨੀਤਕ, ਆਰਥਿਕ, ਸਮਾਜਿਕ, ਸੱਭਿਆਚਾਰਕ, ਪ੍ਰਸ਼ਾਸਨਿਕ, ਸਾਹਿਤਕ ਤੇ ਵਿਦਿਅਕ ਖੇਤਰ ਦੇ ਪਟਵਾਰੀਆਂ ਦੀ ਸ਼ਕਤੀ ਤੋਂ ਵੀ ਚੰਗੀ ਤਰ੍ਹਾਂ ਜਾਣੂ ਹੋ ਕੇ ਇਹਨਾਂ ਨਾਲ ਨਜਿੱਠਣ ਦੀ ਰਣਨੀਤੀ ਬਣਾਉਣ ਲੱਗਦੇ ਹਨ।




ਪੁਸਤਕ ਵਿਚ ਸ਼ਾਮਲ ਵਿਅੰਗ ਲੇਖ ਸਮਕਾਲੀਨ ਮਨੁੱਖ ਤੇ ਮਨੁੱਖਤਾ ਵਿਰੋਧੀ ਵਰਤਾਰਿਆਂ ਪ੍ਰਤੀ ਆਪਣੀ ਨਰਾਜ਼ਗੀ ਤੇ ਅਸਹਿਮਤੀ ਦਾ ਪ੍ਰਗਟਾਵਾ ਕਰਨ ਵੇਲੇ ਰੁੱਖੀ ਤੇ ਕਠੋਰ ਭਾਸ਼ਾ ਵਰਤਣ ਦੀ ਬਜਾਇ ਹਾਸੇ-ਹਾਸੇ ਵਿੱਚ ਹੀ ਇਹਨਾਂ ਵਰਤਾਰਿਆਂ ਨੂੰ ਆਪਣੀ ਟਕੋਰ ਦਾ ਨਿਸ਼ਾਨਾ ਬਣਾ ਲੈਂਦੇ ਹਨ। ਭ੍ਰਿਸ਼ਟਾਚਾਰ, ਅਨੈਕਿਤਾ, ਭਾਈ-ਭਤੀਜਾਵਾਦ, ਹਿੰਸਾ, ਮਹਿੰਗਾਈ, ਬੇਰੁਜ਼ਗਾਰੀ, ਅਨਪੜ੍ਹਤਾ ਤੇ ਅਗਿਆਨਤਾ ਵਰਗੇ ਨਾਂਹ-ਪੱਖੀ ਵਰਤਾਰੇ ਕਾਰਪੋਰੇਟ ਜਗਤ ਪੱਖੀ ਰਾਜਨੀਤਕ ਪ੍ਰਬੰਧ ਦੀ ਹੀ ਦੇਣ ਹਨ, ਇਸ ਲਈ ਪੁਸਤਕ ਵਿਚਲੇ ਵਧੇਰੇ ਵਿਅੰਗ ਇਸ ਪ੍ਰਬੰਧ ਨੂੰ ਆਪਣੇ ਨਿਸ਼ਾਨੇ 'ਤੇ ਰੱਖਦੇ ਹਨ। ਤਰਸੇਮ ਭੰਗੂ ਦਾ ਲੇਖ 'ਸੜੇ ਅੰਬਾਂ ਦੀ ਟੋਕਰੀ, ਪਰਮਜੀਤ ਢੀਂਗਰਾ ਦਾ ਲੇਖ 'ਕਾਲੀਆਂ ਭੇਡਾਂ', ਮੰਗਤ ਕੁਲਜਿੰਦ ਦਾ ਲੇਖ 'ਟਪੂਸੀ ਮਾਰ ਗਿਰਗਿਟੀਏ', ਪ੍ਰਤਾਪ ਪਾਰਸ ਗੁਰਦਾਸਪੁਰੀ ਦਾ ਲੇਖ 'ਗਰੰਟੀ ਤੇ ਗਰੰਟੀ', ਹਰੀ ਕਾਦਿਆਨੀ ਦਾ ਲੇਖ 'ਪੇਸ਼ੀ ਦਾ ਭੂਤ' ਤੇ ਜਸਵੀਰ ਭਲੂਰੀਆ ਦਾ ਲੇਖ 'ਨੇਤਾ ਆਲੂ ਮੱਲ' ਆਦਿ ਦੇਸ਼ ਦੀ ਰਾਜਨੀਤਕ ਤੇ ਪ੍ਰਬੰਧਕੀ ਵਿਵਸਥਾ 'ਤੇ ਕਰਾਰੀ ਚੋਟ ਮਾਰਨ ਵਿਚ ਪੂਰੀ ਤਰ੍ਹਾਂ ਸਫਲ ਰਹੇ ਹਨ।

ਸਿਰਮੌਰ ਹਾਸ ਵਿਅੰਗ ਲੇਖਕ ਕੇ.ਐੱਲ. ਗਰਗ ਦਾ ਲੇਖ 'ਬੁਢਾਪਾ ਟਾਲਣ ਦੇ ਨੁਸਖੇ' ਬੁਢਾਪੇ ਨੂੰ ਜੀਵਨ ਦੀ ਹਕੀਕਤ ਵਜੋਂ ਹੱਸ ਕੇ ਪ੍ਰਵਾਨ ਕਰਨ ਦੀ ਸਲਾਹ ਦਿੰਦਿਆਂ ਇਸ ਨੂੰ ਛੁਪਾਉਣ ਵਾਲੀ ਮਾਨਸਿਕਤਾ ਨੂੰ ਵੰਗਾਰਦਾ ਹੈ। ਸਵਾਮੀ ਸਰਬਜੀਤ ਦਾ ਲੇਖ 'ਸਾਡੇ ਸਾਇੰਸ ਵਾਲੇ ਭਗਵਾਨੋ ਭੈਣ ਜੀ' ਮਨੁੱਖੀ ਪ੍ਰਗਤੀ ਵਿਚ ਬਾਧਕ ਵਹਿਮਾਂ-ਭਰਮਾਂ ਵਿਰੁੱਧ ਮੋਰਚਾ ਖੋਲ੍ਹਦਿਆਂ ਭਗਵਾਨੋ ਭੈਣ ਜੀ ਦੀ ਪਾਤਰ ਉਸਾਰੀ ਕਹਾਣੀ ਵਾਂਗ ਹੀ ਕਰ ਜਾਂਦਾ ਹੈ। ਡਾ. ਮੋਨੋਜੀਤ, ਸੁਖਮਿੰਦਰ ਸੇਖੋਂ, ਮਾਲਵਿੰਦਰ ਸ਼ਾਇਰ ਤੇ ਡਾ. ਫਕੀਰ ਚੰਦ ਸ਼ੁਕਲਾ ਆਦਿ ਲੇਖਕਾਂ ਦੇ ਹਾਸ ਵਿਅੰਗ ਲੇਖ ਮਨੁੱਖੀ ਜੀਵਨ ਦੀ ਅਗਵਾਈ ਕਰਨ ਦਾ ਦਾਅਵਾ ਕਰਨ ਵਾਲੇ ਲੇਖਕ ਤੇ ਬੁੱਧੀਜੀਵੀ ਵਰਗ ਦੇ ਕੱਚੇ ਚਿੱਠੇ ਫਰੋਲਣ ਸੰਬੰਧੀ ਆਪਣੇ ਵੱਲੋਂ ਕੋਈ ਕਸਰ ਬਾਕੀ ਨਹੀਂ ਰੱਖਦੇ। ਪੁਸਤਕ ਵਿਚ ਸ਼ਾਮਲ ਲੇਖ ਵੀ ਪਾਠਕੀ ਬਿਰਤੀਆਂ ਨੂੰ ਆਪਣੇ ਨਾਲ ਜੋੜਨ ਵਿਚ ਸਫ਼ਲ ਰਹੇ ਹਨ। ਇਸ ਪੁਸਤਕ ਦਾ ਹਾਰਦਿਕ ਸਵਾਗਤ ਕਰਦਿਆਂ ਮੈਂ ਦੋਵੇਂ ਸੰਪਾਦਕਾਂ ਤੋਂ ਉਮੀਦ ਕਰਦਾ ਹਾਂ ਕਿ ਉਹ ਸੰਨ 2025 ਦੇ ਚੋਣਵੇਂ ਹਾਸ ਵਿਅੰਗ ਲੇਖਾਂ ਦੀ ਪੁਸਤਕ ਦੀ ਸੰਪਾਦਨਾ ਕਰਨ ਵੇਲੇ 'ਚੋਣਵੇਂ' ਸ਼ਬਦ ਦੇ ਅਰਥ ਨੂੰ ਹੋਰ ਵੀ ਅਰਥ ਭਰਪੂਰ ਬਣਾਉਣਗੇ।

**—ਨਿਰੰਜਣ ਬੋਹਾ**

## ਟਰੈਂਡ

**(ਕਹਾਣੀ-ਸੰਗ੍ਰਹਿ)**
**ਗੁਰਮੇਲ ਸਿੰਘ ਬੌਡੇ**
**ਪੰਨੇ-112, ਕੀਮਤ-250 ਰੁਪਏ**
**ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ**

ਦੋ ਦਰਜਨ ਤੋਂ ਉੱਪਰ ਕਿਤਾਬਾਂ ਰਚ ਚੁੱਕੇ ਸਾਹਿਤਕਾਰ ਗੁਰਮੇਲ ਸਿੰਘ ਬੌਡੇ ਦੀ ਅਗਲੀ ਪੁਸਤਕ 'ਟਰੈਂਡ' ਇੱਕ ਕਹਾਣੀ-ਸੰਗ੍ਰਹਿ ਹੈ, ਜੋ 11 ਕਹਾਣੀਆਂ 'ਤੇ ਅਧਾਰਤ ਹੈ। ਇਕ ਦੁਰਘਟਨਾ 'ਚ ਮਿਲੀ ਸਰੀਰਕ ਊਣਤਾਈ ਵੀ ਉਸ ਦੀ ਸਿਰਜਣਾਤਮਕਤਾ ਦੇ ਰਾਹ ਵਿੱਚ ਨਹੀਂ ਆਈ ਤੇ ਉਹ ਆਪਣੇ ਰੋਜ਼ਮਰ੍ਹਾ ਦੇ ਜੀਵਨ ਨਾਲ ਇਸ ਖੇਤਰ ਵਿੱਚ ਵੀ ਅੱਗੇ ਵਧਦਾ ਗਿਆ। ਇਹਨਾਂ ਕਹਾਣੀਆਂ ਵਿੱਚੋਂ ਜਿੱਥੇ ਕਥਾਕਾਰ ਦੀ ਨਿਵੇਕਲੀ ਸ਼ੈਲੀ ਦੇ ਦਰਸ਼ਨ ਹੁੰਦੇ ਹਨ, ਉਥੇ ਆਧੁਨਿਕ ਸਮਾਜ ਵਿੱਚ ਪ੍ਰਚਲਿਤ ਨਵੇਂ ਸਰੋਕਾਰਾਂ ਦਾ ਪ੍ਰਤੱਖ ਚਿੱਤਰ ਵੀ ਦਿਸਦਾ ਹੈ। ਉਸ ਦੀਆਂ ਕਥਾਵਾਂ ਦੇ ਪਾਤਰ ਇਸ ਸਮਾਜ ਵਿੱਚ ਵਿਚਰ ਰਹੇ ਆਮ ਲੋਕ ਹਨ ਅਤੇ ਇਹ ਪਾਤਰ ਕਹਾਣੀਕਾਰ ਦੇ ਅਨੁਭਵਾਂ ਅਤੇ ਆਧੁਨਿਕ ਸਮਾਜਿਕ ਬਣਤਰ ਵਿਚਲੇ ਕਿਰਦਾਰਾਂ ਦੇ ਜੀਵਨਾਂ ਵਿਚੋਂ ਹੀ ਇਹਨਾਂ ਕਹਾਣੀਆਂ ਦਾ ਵਿਸ਼ਾ ਬਣਦੇ ਹਨ। ਇਸ ਸੰਗ੍ਰਹਿ ਦੀ ਪਹਿਲੀ ਕਹਾਣੀ 'ਟਰੈਂਡ' ਜਿਸ ਤੋਂ ਇਸ ਪੁਸਤਕ ਦਾ ਸਿਰਲੇਖ ਵੀ ਲਿਆ ਗਿਆ ਹੈ, ਅਸਲ ਵਿੱਚ ਵਿਦੇਸ਼ੀ ਬਿਜ਼ਨਸਮੈਨਾਂ ਦੁਆਰਾ ਅਪਣਾਏ ਜਾ ਰਹੇ ਟਰੈਂਡਾਂ ਦੀ ਕਹਾਣੀ ਹੈ। ਇਹ ਬਿਜ਼ਨਸਮੈਨ ਕਿਵੇਂ ਨੁਕਸ ਵਾਲੇ ਸਾਮਾਨ ਨੂੰ ਟਰੈਂਡ ਬਣਾ ਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਪਹੁੰਚਾਉਂਦੇ ਹਨ ਤੇ ਕਿਵੇਂ ਉਸ ਨੂੰ ਫੈਸ਼ਨ ਵਜੋਂ ਪ੍ਰਚਲਿਤ ਕੀਤਾ ਜਾਂਦਾ ਹੈ, ਇਸ ਕਹਾਣੀ ਦਾ ਕਥਾਨਕ ਇਸ ਵਰਤਾਰੇ ਦੁਆਲੇ ਹੀ ਘੁੰਮਦਾ ਹੈ। 'ਔਜ਼ਾਰਾਂ ਦੀ ਗੁਫ਼ਤਗੂ' ਇੱਕ ਪ੍ਰਤੀਕਾਤਮਕ ਕਹਾਣੀ ਹੈ, ਜਿਸ ਵਿੱਚ ਭਾਈ ਲਾਲੋ ਦੇ ਔਜ਼ਾਰ ਸੰਵਾਦ ਰਚਾਉਂਦੇ ਹਨ ਤੇ ਨਾਲ ਹੀ ਕਹਾਣੀਕਾਰ ਨੇ ਆਧੁਨਿਕ ਵਸਤੂਵਾਦੀ ਯੁੱਗ ਵਿੱਚ ਗੁਰੂ ਨਾਨਕ ਦੇ ਨਜ਼ਰੀਏ ਨੂੰ ਪੈਸਾ ਕਮਾਉਣ ਲਈ ਵਰਤੀ ਜਾਂਦੀ ਇਕ ਵਸਤੂ ਵਾਂਗ ਸਥਾਪਤ ਕੀਤਾ ਹੈ। 'ਉਪਰੇਸ਼ਨ ਕਲੀਨ' ਦਾ ਬਿਰਤਾਂਤ 1947, 1984 ਤੋਂ ਅੱਗੇ ਵੱਧ ਅਜੋਕੇ ਯੁੱਗ ਦੇ ਕਈ ਪੱਖਾਂ ਤੱਕ ਦੀ ਗੱਲ ਕਰਦਾ ਹੈ ਤੇ ਇਸ ਸਮਾਜ ਵਿੱਚ ਪ੍ਰਚਲਿਤ ਭ੍ਰਿਸ਼ਟਾਚਾਰ ਦੀ ਤਸਵੀਰਕਸ਼ੀ ਕਰਦਾ ਹੈ। ਕਹਾਣੀ 'ਚੰਨ ਸੂਰਜ' ਅੰਧਵਿਸ਼ਵਾਸ ਅਤੇ ਵਿਗਿਆਨਕ ਤਰਕ ਵਿੱਚ ਸੰਤੁਲਨ ਬਿਠਾਉਂਦੀ ਕਹਾਣੀ ਹੈ ਅਤੇ ਨਾਲ਼ ਹੀ ਪੰਜਾਬੀ ਸੱਭਿਆਚਾਰ ਦੀ ਸੁੰਦਰਤਾ ਵੀ ਚਿਤਰਤ ਕਰਦੀ ਹੈ। ਕਹਾਣੀ 'ਹੋਂਦ' ਅਤੇ ਕਹਾਣੀ 'ਰੋਡ ਸ਼ੋਅ' ਵਿੱਚ ਡੇਰੇਵਾਦ ਨੂੰ ਵਿਸ਼ਾ ਬਣਾਇਆ ਗਿਆ ਹੈ ਅਤੇ ਦੱਸਿਆ ਗਿਆ ਹੈ ਕਿ ਲੋਕਾਂ ਦੀ ਮਾਨਸਿਕਤਾ ਨਾਲ ਖਿਲਵਾੜ ਕਰਕੇ ਉਹਨਾਂ ਦੇ ਵਿਸ਼ਵਾਸ ਨੂੰ ਕਿਵੇਂ ਵਪਾਰ ਦਾ ਸਾਧਨ ਬਣਾਇਆ ਜਾਂਦਾ ਹੈ। ਕਹਾਣੀ 'ਗ਼ਦਰੀ ਮੇਲਾ' ਸਮਾਜ ਦੀ ਸੰਘਰਸ਼ਸ਼ੀਲ ਜਮਾਤ ਦੀ ਗੱਲ ਕਰਦੀ ਹੋਈ ਉਹਨਾਂ ਦੇ ਮਨ ਵਿੱਚ ਸੰਘਰਸ਼ ਦੌਰਾਨ ਪਨਪ ਰਹੇ ਲਾਲਚ, ਮਾਇਆ ਮੋਹ ਅਤੇ ਆਪਸੀ ਰੰਜ਼ਿਸ਼ਾਂ ਨੂੰ ਬਿਆਨ ਕਰਦੀ ਹੈ। ਇਸੇ ਤਰ੍ਹਾਂ ਕਹਾਣੀ 'ਫਰਿਸ਼ਤਾ' ਅਤੇ ਕਹਾਣੀ 'ਪਹਿਲੀ ਨਵੰਬਰ' ਇਸ ਸਭ ਤੋਂ ਵੱਡੇ ਲੋਕਤੰਤਰ ਵਿਚਲੇ ਸਮਾਜਿਕ ਅਤੇ ਰਾਜਨੀਤਕ ਨਿਜ਼ਾਮ ਦੇ ਕਈ ਪੋਲ ਖੋਲ੍ਹਦੀ ਹੋਈ ਹਮਦਰਦੀ ਦੇ ਅਸਲ ਮਾਇਨੇ ਬਿਆਨ ਕਰਦੀ ਹੈ। ਕਹਾਣੀਕਾਰ ਇਹ ਦਰਸਾਉਂਦਾ ਹੈ ਕਿ ਕੁਰਸੀ ਪ੍ਰਾਪਤ ਕਰਨ ਲਈ ਅਤੇ ਵੋਟਾਂ ਜਿੱਤਣ ਲਈ ਇਹ ਰਾਜਨੇਤਾ ਕਿਸੇ ਵੀ ਹੱਦ ਤੱਕ ਡਿੱਗ ਸਕਦਾ ਹੈ।




ਇਸ ਢੰਗ ਨਾਲ ਇਸ ਸੰਗ੍ਰਹਿ ਦੀਆਂ ਕਹਾਣੀਆਂ ਨਵੇਂ ਸਮੇਂ ਵਿੱਚ ਪ੍ਰਚਲਿਤ ਅਸਮਾਜਿਕ ਤੱਤਾਂ ਨੂੰ ਜਿੱਥੇ ਭੰਡਦੀਆਂ ਹਨ, ਉਥੇ ਇਤਿਹਾਸ ਵਿੱਚ ਉਸ ਦੀਆਂ ਜੜ੍ਹਾਂ ਤੱਕ ਪੁੱਜਣ ਦਾ ਵਸੀਲਾ ਵੀ ਬਣਦੀਆਂ ਹਨ। ਇਸ ਪੁਸਤਕ ਦਾ ਵਿਸ਼ਾ-ਵਸਤੂ ਕਹਾਣੀਕਾਰ ਦੀ ਗੰਭੀਰਤਾ, ਵਿਲੱਖਣ ਨਜ਼ਰੀਏ ਅਤੇ ਕਲਾਕਾਰੀ ਦੀ ਹਾਮੀ ਭਰਦੀ ਹੈ। ਕਹਾਣੀ-ਸੰਗ੍ਰਹਿ ਦੀ ਭਾਸ਼ਾ ਸਰਲ ਤੇ ਠੇਠ ਹੈ ਅਤੇ ਕਹਾਣੀਕਾਰ ਨੇ ਨਿਵੇਕਲੀਆਂ ਸ਼ੈਲੀਆਂ ਦੀ ਵਰਤੋਂ ਕੀਤੀ ਹੈ। ਆਸ ਕੀਤੀ ਜਾਂਦੀ ਹੈ ਕਿ ਇਸ ਕਹਾਣੀ-ਸੰਗ੍ਰਹਿ ਨੂੰ ਪਾਠਕਾਂ ਵੱਲੋਂ ਪਸੰਦ ਕੀਤਾ ਜਾਵੇਗਾ।

**— ਡਾ. ਸੰਦੀਪ ਰਾਣਾ**


## ਸੱਜਰਾ ਸਾਹਿਤ





**ਸੁਣ ਨੀ ਜਿੰਦੇ ਮੇਰੀਏ**
ਮੰਗਾ ਸਿੰਘ ਬਾਸੀ
ਮੁੱਲ : 250, ਸਫ਼ੇ : 112
ਚੇਤਨਾ ਪ੍ਰਕਾਸ਼ਨ, ਲੁਧਿਆਣਾ





**ਸੋਚਾਂ ਦੇ ਖੰਭ**
ਮਨਪ੍ਰੀਤ ਕਲੇਰ
ਮੁੱਲ : 250, ਸਫ਼ੇ : 112
ਚੇਤਨਾ ਪ੍ਰਕਾਸ਼ਨ, ਲੁਧਿਆਣਾ




**ਦੇਵਿੰਦਰ ਦੀਦਾਰ ਸਮੀਖਿਆ ਸੰਸਾਰ**
ਸੰਪਾ. ਗੁਰਵੰਤ ਸਿੰਘ, ਡਾ. ਪਰਮਜੀਤ ਸਿੰਘ ਕਲਸੀ
ਮੁੱਲ : 295, ਸਫ਼ੇ : 172
ਕਲਸੀ ਬ੍ਰਦਰਜ਼, ਗੁਰਦਾਸਪੁਰ




**ਇਹ ਕੌਣ ਜੋਗੀ ?**
ਪਰਮਜੀਤ ਕੌਰ ਸਰਹਿੰਦ
ਮੁੱਲ : 395, ਸਫ਼ੇ : 114
ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ




**ਅਮਰ-ਗੀਤ**
ਅਮਰਜੀਤ ਸਿੰਘ ਧਨੋਆ,
ਹਰਜਿੰਦਰ ਕੌਰ ਧਨੋਆ
ਮੁੱਲ : 250, ਸਫ਼ੇ : 135
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

# ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਮੀਟਿੰਗ

**ਵੈਨਕੂਵਰ**-ਪੰਜਾਬੀ ਲੇਖਕ ਮੰਚ ਵੈਨਕੂਵਰ ਦੀ ਇੱਕ ਅਹਿਮ ਮੀਟਿੰਗ ਗੁਰਦੀਪ/ਜਰਨੈਲ ਆਰਟਸ ਅਕੈਡਮੀ-12885-85 ਐਵੇਨਿਊ ਸਰੀ ਵਿਖੇ ਹੋਈ। ਸਭ ਤੋਂ ਪਹਿਲਾਂ ਵਿੱਛੜੇ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਸ਼ਰਧਾਂਜਲੀ



ਅਰਪਣ ਕਰਨ ਸਮੇਂ ਇਸ ਵਾਰ ਪੰਜਾਬੀ ਲੇਖਕ ਮੰਚ ਵੈਨਕੂਵਰ ਦੇ ਮੁੱਢਲੇ ਮੈਂਬਰਾਂ ਵਿੱਚੋਂ ਵਿੱਛੜੇ ਮਹਿੰਦਰ ਸੂਮਲ ਦੇ ਅਚਾਨਕ ਚਲਾਣੇ ਉੱਤੇ ਮੈਂਬਰਾਂ ਜਰਨੈਲ ਸਿੰਘ ਸੇਖਾ, ਅਜਮੇਰ ਰੋਡੇ, ਮੰਗਾ ਬਾਸੀ ਨੇ ਇਕ ਮਿੰਟ ਮੌਨ ਰਹਿ ਕੇ ਉਸ ਨੂੰ ਸ਼ਰਧਾਂਜਲੀ ਅਰਪਣ ਕੀਤੀ।ਕੋਆਰਡੀਨੇਟਰ ਸੁਰਜੀਤ ਕਲਸੀ ਨੇ ਲੇਖਕ ਮੰਚ ਦੀਆਂ ਪਿਛਲੀਆਂ ਦੋ ਮੀਟਿੰਗਾਂ ਦੀਆਂ ਰਿਪੋਰਟਾਂ ਸਾਂਝੀਆਂ ਕੀਤੀਆਂ। ਸਾਲਾਨਾ ਜਨਰਲ ਮੀਟਿੰਗ 2025 ਦੀ ਰਿਪੋਰਟ ਵਿਕਟੋਰੀਆ ਨੂੰ ਭੇਜਣ, 7 ਬੋਰਡ ਮੈਂਬਰਾਂ 'ਚ ਤਬਦੀਲੀ ਨਾ ਕਰਨ, ਸਹਿ ਸਕੱਤਰ ਤੇ ਖਜ਼ਾਨਚੀ ਦੀ ਖਾਲੀ ਥਾਂ ਭਰਨ ਸੰਬੰਧੀ ਆਦਿ ਮਤੇ ਪਾਸ ਕੀਤੇ ਗਏ। ਰਚਨਾਵਾਂ ਦੇ ਦੌਰ ਵਿਚ ਸ਼ੁਰੂ ਵਿਚ ਜਗਜੀਤ ਸੰਧੂ ਨੂੰ ਵਿਸ਼ੇਸ਼ ਸਮਾਂ ਦਿੱਤਾ ਗਿਆ। ਇਸ ਉਪਰੰਤ ਅਮਰੀਕ ਪਲਾਹੀ ਨੇ ਜਗਜੀਤ ਦੀ ਵਿਦਾਇਗੀ ਵਿਚ ਚਾਹ-ਪਾਣੀ ਦੇ ਆਪਣੇ ਵਧੀਆ ਪ੍ਰੋਗਰਾਮ ਨਾਲ ਸਾਰਿਆਂ ਨੂੰ ਚਾਹ ਦਾ ਸੱਦਾ ਦਿੱਤਾ। ਇਸ ਉਪਰੰਤ ਇਕ ਨਵੇਂ ਮੈਂਬਰ ਬਣੇ ਸੁਖਜੀਵਨ ਸਿੰਘ ਨੇ ਆਪਣੀ ਜਾਣ-ਪਛਾਣ ਕਰਾਈ। ਉਪਰੰਤ ਕਵਿੰਦਰ ਚਾਂਦ, ਇੰਦਰਜੀਤ ਧਾਮੀ, ਇੰਦਰੇਸ਼, ਦੇਵਿੰਦਰ ਕੌਰ, ਹਰਜਿੰਦਰ ਚੀਮਾ ਤੇ ਪ੍ਰੇਮਦੀਪ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਅਖ਼ੀਰ ਵਿਚ ਸੁਰਜੀਤ ਕਲਸੀ ਨੇ ਪੰਜਾਬੀ ਸਾਹਿਤ ਸਭਾ ਐਬਟਸਫੋਰਡ ਵੱਲੋਂ ਛਾਪੇ ਕਾਵਿ-ਸੰਗ੍ਰਹਿ 'ਸ਼ਬਦਾਂ ਦੀ ਸਾਂਝ' ਵਿੱਚੋਂ ਆਪਣੀਆਂ ਦੋ ਕਵਿਤਾਵਾਂ ਸੁਣਾਈਆਂ।

# ਜਿੰਗਾ ਸਿੰਘ ਦਾ ਨਾਵਲ 'ਭਾਰੀਆਂ ਪੰਡਾਂ' ਲੋਕ ਅਰਪਣ



**ਫਗਵਾੜਾ**-ਸ਼ਾਇਰਾਂ ਦੀ ਦੁਨੀਆ ਵੱਲੋਂ ਡਾ. ਅੰਬੇਡਕਰ ਭਵਨ ਅਰਬਨ ਅਸਟੇਟ ਫਗਵਾੜਾ ਵਿਖੇ ਇਕ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਕਰਕੇ ਜਿੰਗਾ ਸਿੰਘ ਦਾ ਦੂਸਰਾ ਨਾਵਲ 'ਭਾਰੀਆਂ ਪੰਡਾਂ' ਨਾਮਵਰ ਸਾਹਿਤਕਾਰਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਗਿਆ।

ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਪ੍ਰੋ. ਸੰਧੂ ਵਰਿਆਣਵੀ, ਡਾ. ਸੋਮਾ ਸਬਲੋਕ, ਡਾ. ਸੁਰਜੀਤ ਸਿੰਘ ਬਰਾੜ, ਐੱਸ ਐੱਲ ਵਿਰਦੀ ਅਤੇ ਮੰਚ ਦੇ ਪ੍ਰਧਾਨ ਜਗਦੀਸ਼ ਰਾਣਾ ਸੁਸ਼ੋਭਿਤ ਹੋਏ।ਮੰਚ ਦਾ ਸੰਚਾਲਨ ਕਰਦਿਆਂ ਗੁਰਦੀਪ ਸਿੰਘ ਸੈਣੀ ਨੇ ਦੱਸਿਆ ਕਿ ਲੱਗਭੱਗ ਦੋ ਦਹਾਕੇ ਪਹਿਲਾਂ ਜਿੰਗਾ ਸਿੰਘ ਦਾ ਨਾਵਲ 'ਕੋਈ ਕੋਈ ਤਾਰਾ' ਆਇਆ ਸੀ ਤੇ ਹੁਣ ਲੰਮੇ ਅਰਸੇ ਬਾਅਦ ਉਹ ਆਪਣੇ ਦੂਜੇ ਨਾਵਲ 'ਭਾਰੀਆਂ ਪੰਡਾਂ' ਨਾਲ ਮੁੜ ਹਾਜ਼ਰ ਹੋਇਆ ਹੈ।

ਮੰਚ ਦੇ ਪ੍ਰਧਾਨ ਜਗਦੀਸ਼ ਰਾਣਾ ਨੇ ਕਿਹਾ ਕਿ ਜਿੰਗਾ ਸਿੰਘ ਇਕ ਵਧੀਆ ਨਾਵਲਕਾਰ ਹੋਣ ਦੇ ਨਾਲ-ਨਾਲ ਉਮਦਾ ਗ਼ਜ਼ਲ ਵੀ ਕਹਿੰਦਾ ਹੈ। ਸ਼ਾਇਰ ਕੁਲਬੀਰ ਸਿੰਘ ਕੰਵਲ ਨੇ ਆਪਣੇ ਸ਼ਬਦਾਂ ਨਾਲ ਜਿੰਗਾ ਸਿੰਘ ਬਾਰੇ ਸਾਂਝ ਪਾਉਂਦਿਆਂ ਉਸ ਨੂੰ ਇਕ ਕਰਮਠ ਯੋਧਾ ਦੱਸਿਆ। ਲੈਕ. ਜਸਵਿੰਦਰ ਸਿੰਘ ਜੱਸੀ ਨੇ ਜਿੰਗਾ ਸਿੰਘ ਬਾਰੇ ਜਸਵੀਰ ਸਿੰਘ ਸ਼ਾਇਰ ਦਾ ਲਿਖਿਆ ਪਰਚਾ ਪੜ੍ਹਿਆ।ਪ੍ਰੋ. ਸੰਧੂ ਵਰਿਆਣਵੀ, ਐੱਸ.ਐੱਲ. ਵਿਰਦੀ, ਡਾ. ਸੁਰਜੀਤ ਬਰਾੜ ਤੇ ਚਰਨਜੀਤ ਗਿੱਲ ਸਮਾਲਸਰ ਨੇ ਜਿੰਗਾ ਸਿੰਘ ਦੇ ਨਾਵਲ ਬਾਰੇ ਵਿਸਥਾਰ ਨਾਲ ਗੱਲ ਕਰਦਿਆਂ ਕਿਹਾ ਕਿ ਉਸ ਦੇ ਨਾਵਲ ਦੇ ਪਾਤਰ ਆਮ ਪੇਂਡੂ ਦਲਿਤ ਗ਼ਰੀਬ ਲੋਕ ਹਨ, ਜੋ ਸਮੇਂ ਦੀਆਂ ਮਾਰਾਂ ਝੱਲਦੇ ਹੋਏ ਅੱਗੇ ਵਧਦੇ ਹਨ।ਬੁਲਾਰਿਆਂ ਨੇ ਕਿਹਾ ਕਿ ਅਸਲ ਵਿਚ ਜਿੰਗਾ ਸਿੰਘ ਦੁਨੀਆ ਭਰ ਦੇ ਦਰੜੇ ਜਾ ਰਹੇ ਲੋਕਾਂ ਦੀ ਬਾਤ ਪਾਉਂਦਾ ਹੈ।ਇਸ ਮੌਕੇ ਸ਼ਾਇਰਾਂ ਦੀ ਦੁਨੀਆ ਵੱਲੋਂ ਜਿੰਗਾ ਸਿੰਘ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਜਿੰਗਾ ਸਿੰਘ ਬਾਰੇ ਸਨਮਾਨ ਪੱਤਰ ਨਾਵਲਕਾਰ ਗੁਰਨਾਮ ਬਾਵਾ ਨੇ ਪੜ੍ਹਿਆ।

ਮੌਕੇ 'ਤੇ ਹੋਏ ਕਵੀ ਦਰਬਾਰ ਵਿੱਚ ਜਸਵਿੰਦਰ ਫਗਵਾੜਾ, ਨੱਕਾਸ਼ ਚਿੱਤੇਵਾਣੀ, ਸੰਧੂ ਵਰਿਆਣਵੀ, ਰੇਸ਼ਮ ਚਿੱਤਰਕਾਰ, ਜਗਦੀਸ਼ ਰਾਣਾ, ਸੋਹਣ ਸਹਿਜਲ, ਜੰਗੀਰ ਸਿੰਘ ਖੋਖਰ, ਗੁਰਦੀਪ ਸਿੰਘ ਸੈਣੀ, ਜਸਵਿੰਦਰ ਸਿੰਘ ਜੱਸੀ, ਬਲਬੀਰ ਕੌਰ ਬੱਬੂ ਸੈਣੀ, ਸਾਹਿਬਾਂ ਜੀਟਨ ਕੌਰ, ਮਿੱਤਰ ਮਨਜੀਤ, ਕੀਮਤੀ ਕੈਸਰ, ਸ਼ਾਮ ਸਰਗੁੰਦੀ, ਗੁਰਮੁਖ ਲੁਹਾਰ, ਰਾਜ ਸੰਧੂ, ਦੀਪ ਜਗਤਪੁਰੀ, ਮਨੋਜ ਫਗਵਾੜਵੀ, ਦੀਪ ਸ਼ੇਰਗਿੱਲ, ਤਰਨਜੀਤ ਸਿੰਘ, ਹਰਮਿੰਦਰ ਹੈਰੀ, ਹਰਬਿਲਾਸ ਬੱਧਣ, ਭਿੰਡਰ ਪਟਵਾਰੀ, ਸੀਰਤ ਸਿਖਿਆਰਥੀ, ਬਸੰਤ ਕੁਮਾਰ ਸ਼ਾਯਦ ਅਤੇ ਮਨਪ੍ਰੀਤ ਸਿੰਘ ਨੇ ਆਪਣੀਆਂ ਰਚਨਾਵਾਂ ਨਾਲ ਖ਼ੂਬ ਰੰਗ ਬੰਨ੍ਹਿਆ।ਇਸ ਮੌਕੇ ਹਰੀਸ਼ ਭੰਡਾਰੀ, ਬੰਸੋ ਦੇਵੀ, ਸੁਰਿੰਦਰ ਕੁਮਾਰ ਬਿਰਹਾ ਅਤੇ ਚੈਨ ਮਤਫੱਲੂ ਤੇ ਪੀਟਾ ਕੁਮਾਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।

# ਡਾ. ਸਾਹਿਲ ਦੇ ਨਾਵਲ 'ਖੋਰਾ' 'ਤੇ ਹੋਈ ਭਖਵੀਂ ਵਿਚਾਰ-ਗੋਸ਼ਟੀ



**ਹੁਸ਼ਿਆਰਪੁਰ** : ਇੱਥੇ ਦ੍ਰਿਸ਼ਟੀ ਦਾ ਵਿਜ਼ਨ ਮੰਚ, ਹੁਸ਼ਿਆਰਪੁਰ ਵੱਲੋਂ ਨਾਵਲਕਾਰ ਡਾ. ਧਰਮਪਾਲ ਸਾਹਿਲ ਦੇ ਨਵ-ਪ੍ਰਕਾਸ਼ਿਤ ਆਂਚਲਿਕ ਨਾਵਲ 'ਖੋਰਾ' 'ਤੇ ਭਖਵੀਂ ਵਿਚਾਰ ਚਰਚਾ ਆਯੋਜਿਤ ਕੀਤੀ ਗਈ। ਵਿੱਦਿਆ ਮੰਦਰ, ਸਕੂਲ ਸ਼ਿਮਲਾ ਪਹਾੜੀ ਵਿਖੇ ਆਯੋਜਿਤ ਇਸ ਵਿਚਾਰ ਗੋਸ਼ਟੀ ਵਿੱਚ ਮੁੱਖ ਵਕਤਾ ਡਾ. ਵਿਜੈ ਭੱਟੀ ਨੇ ਨਾਵਲ ਦੇ ਵਿਸ਼ਾ ਅਤੇ ਕਲਾ ਪੱਖ 'ਤੇ ਬੋਲਦਿਆਂ ਕਿਹਾ, "ਖੋਰਾ" ਨਾਵਲ ਕੰਢੀ ਖੇਤਰ ਦਾ ਇੱਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਹੈ। ਇਹ ਨਾਵਲ ਕੰਢੀ ਖੇਤਰ ਵਿੱਚ ਭਾਸ਼ਾ, ਸੱਭਿਆਚਾਰ, ਪਰਿਆਵਰਣ, ਜ਼ਮੀਨ, ਜੰਗਲ, ਰਿਸ਼ਤਿਆਂ, ਨੈਤਿਕ ਕਦਰਾਂ-ਕੀਮਤਾਂ ਆਦਿ ਨੂੰ ਲੱਗੇ ਖੋਰੇ ਦੀ ਗੱਲ ਕਰਦਾ ਹੈ। ਚਰਚਾ ਦੀ ਲੜੀ ਨੂੰ ਅੱਗੇ ਤੋਰਦਿਆਂ ਕਥਾਕਾਰ ਪੰਮੀ ਦਿਵੇਦੀ ਨੇ ਕੰਢੀ ਖੇਤਰ ਵਿਚਲੇ ਆਪਣੇ ਅਨੁਭਵਾਂ ਦੇ ਆਧਾਰ 'ਤੇ ਨਾਵਲ ਦੇ ਪਾਤਰਾਂ ਦੀ ਚਰਿੱਤਰ ਉਸਾਰੀ ਦੀ ਪੁਸ਼ਟੀ ਕੀਤੀ। ਡਾ. ਅਰਮਨਪ੍ਰੀਤ, ਡਾ. ਭੁਪਿੰਦਰ ਸਿੰਘ ਨੇ ਮਾਲਵਾ, ਮਾਝਾ, ਦੁਆਬਾ ਵਾਂਗ ਕੰਢੀ ਦੇ ਪਾਤਰਾਂ ਦੀ ਕਾਵਿਆਤਮਕ ਢੰਗ ਨਾਲ ਜਾਣ-ਪਛਾਣ ਕਰਾਈ। ਡਾ. ਹਰਪ੍ਰੀਤ ਨੇ 'ਖੋਰਾ' ਨਾਵਲ ਵਿੱਚ ਦੱਸੇ ਗਏ ਖੋਰੇ 'ਤੇ ਅੰਕੁਸ਼ ਲਾਉਣ ਲਈ ਲੋਕਾਂ ਨੂੰ ਪ੍ਰੇਰਿਤ ਹੋਣ ਦੀ ਅਪੀਲ ਕੀਤੀ। ਬਲਜਿੰਦਰ ਮਾਨ ਨੇ ਨਾਵਲ ਦੇ ਪਾਤਰਾਂ ਦੇ ਮਨੋਵਿਗਿਆਨ ਦੀ ਗੱਲ ਕਰਦਿਆਂ ਖੋਰਾ ਤੇ ਫਿਲਮ ਨਿਰਮਾਣ ਕਰਕੇ ਇਸ ਨੂੰ ਜਨ-ਜਨ ਤੱਕ ਪਹੁੰਚਾਉਣ ਦੀ ਲੋੜ ਦੱਸਿਆ। ਪਰਵਿੰਦਰ ਸਿੰਘ, ਕੁਲਵਿੰਦਰ ਜੰਡਾ, ਇੰਦਰਜੀਤ ਚੌਧਰੀ ਨੇ ਵੀ ਨਾਵਲ 'ਤੇ ਆਪਣੇ ਪ੍ਰਤੀਕਰਮ ਦਿੱਤੇ। ਕਹਾਣੀਕਾਰ ਰਜਿੰਦਰ ਸਿੰਘ ਢੱਡਾ ਨੇ ਕੰਢੀ ਦੇ ਅਮੀਰ ਸੱਭਿਆਚਾਰ ਵਿੱਚ ਰਿਸ਼ਤਿਆਂ ਦੀ ਪ੍ਰਸੰਗਕਤਾ 'ਤੇ ਚਾਨਣਾ ਪਾਇਆ। ਮੰਚ ਦੀ ਸੰਚਾਲਨਾ ਕਰਦਿਆਂ ਅਮਰੀਕ ਸਿੰਘ ਦਿਆਲ ਨੇ ਵੀ ਨਾਵਲ ਦੇ ਕਥਾਨਕ ਅਤੇ ਬੋਲੀ 'ਤੇ ਸਾਰਥਕ ਟਿੱਪਣੀਆਂ ਕੀਤੀਆਂ। ਅਖੀਰ ਵਿੱਚ ਨਾਵਲਕਾਰ ਡਾ. ਸਾਹਿਲ ਨੇ ਨਾਵਲ ਦੀ ਰਚਨਾ ਪ੍ਰਕਿਰਿਆ ਬਾਬਤ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿੱਤੇ।

# ਪੁਸਤਕ 'ਵਿਚਾਰ ਤੇ ਸੰਵਾਦ' ਦਾ ਲੋਕ ਅਰਪਣ ਹੋਇਆ



**ਬਰਨਾਲਾ** : ਬੀਤੇ ਦਿਨੀਂ ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਪੁਸਤਕ 'ਵਿਚਾਰ ਤੇ ਸੰਵਾਦ' ਦਾ ਲੋਕ ਅਰਪਣ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰਧਾਨ ਅਤੇ ਸੰਪਾਦਕੀ ਮੰਡਲ ਦੇ ਮੁੱਖ ਸੰਪਾਦਕ ਤੇਜਾ ਸਿੰਘ ਤਿਲਕ ਨੇ ਦੱਸਿਆ ਕਿ ਪੰਜਾਬੀ ਸਾਹਿਤ ਸਭਾ ਦੀ ਸਾਬਕਾ ਕਾਰਜਕਾਰਨੀ ਵੱਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਸਾਲ 2022-24 ਦੌਰਾਨ ਸਭਾ ਵੱਲੋਂ ਕਰਵਾਈਆਂ ਗਈਆਂ ਗੋਸ਼ਟੀਆਂ ਸਮੇਂ ਪੜ੍ਹੇ ਗਏ ਪੇਪਰਾਂ ਦੀ ਸਾਂਝੀ ਪੁਸਤਕ 'ਵਿਚਾਰ ਤੇ ਸੰਵਾਦ' ਦੀ ਪ੍ਰਕਾਸ਼ਨਾ ਕਰਵਾਈ ਗਈ ਹੈ, ਜਿਸ ਦੇ ਸੰਪਾਦਕੀ ਮੰਡਲ ਵਿਚ ਤੇਜਾ ਸਿੰਘ ਤਿਲਕ, ਤੇਜਿੰਦਰ ਚੰਡਿਹੋਕ ਅਤੇ ਮਾਲਵਿੰਦਰ ਸ਼ਾਇਰ ਸ਼ਾਮਲ ਹਨ। ਇਸ ਪੁਸਤਕ ਵਿਚ ਵੱਖ-ਵੱਖ ਪੁਸਤਕਾਂ 'ਤੇ ਵਿਦਵਾਨਾਂ ਵੱਲੋਂ ਲਿਖੇ ਗਏ ਸਤਾਰਾਂ ਪੇਪਰ ਸ਼ਾਮਲ ਕੀਤੇ ਹਨ।

ਇਸ ਸੰਬੰਧੀ ਬੋਲਦਿਆਂ ਸੰਪਾਦਕੀ ਮੰਡਲ ਦੇ ਮੈਂਬਰ ਮਾਲਵਿੰਦਰ ਸ਼ਾਇਰ ਨੇ ਆਖਿਆ ਕਿ ਪੰਜਾਬੀ ਸਾਹਿਤ ਸਭਾ ਦੀ ਟੀਮ ਨੇ ਇਹ ਪੁਸਤਕ ਪ੍ਰਕਾਸ਼ਿਤ ਕਰਕੇ ਸਭਾ ਦੇ ਇਤਿਹਾਸ ਵਿਚ ਵਾਧਾ ਕੀਤਾ ਹੈ। ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਆਖਿਆ ਕਿ ਇਹ ਪੁਸਤਕ ਖੋਜ ਕਾਰਜਾਂ ਲਈ ਲਾਹੇਵੰਦ ਸਾਬਤ ਹੋਵੇਗੀ। ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਇਸ ਪੁਸਤਕ ਲਈ ਖ਼ੁਸ਼ੀ ਜ਼ਾਹਰ ਕਰਦਿਆਂ ਸਭਾ ਦਾ ਧੰਨਵਾਦ ਕੀਤਾ। ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ 1955 ਤੋਂ ਹੁਣ ਤੱਕ 24 ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ। ਇਹ 25ਵੀਂ ਪੁਸਤਕ ਛਾਪੀ ਗਈ ਹੈ।ਇਸ ਲੋਕ ਅਰਪਣ ਸਮੇਂ ਮਨਦੀਪ ਕੁਮਾਰ, ਰਘਬੀਰ ਸਿੰਘ ਗਿੱਲ ਕੱਟੂ, ਮਹਿੰਦਰ ਸਿੰਘ ਰਾਹੀ, ਰਾਮ ਸਰੂਪ ਸ਼ਰਮਾ, ਪਵਨ ਪਰਿੰਦਾ ਅਤੇ ਮੇਜਰ ਸਿੰਘ ਗਿੱਲ ਆਦਿ ਹਾਜ਼ਰ ਸਨ।

# ਸਾਹਿਤ ਦੀ ਹਰ ਵਿਧਾ ਦੀ ਤਕਨੀਕੀ ਸਿੱਖਿਆ 'ਚ ਮੁਹਾਰਤ ਲਾਜ਼ਮੀ : ਰਣਜੀਤ ਸਿੰਘ ਧੂਰੀ



**ਸੰਗਰੂਰ**-ਆਪ-ਮੁਹਾਰੀ ਸਾਹਿਤਕ ਸਿਰਜਣਾ ਕਦੇ ਵੀ ਪਾਠਕਾਂ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ, ਇਸ ਲਈ ਹਰ ਵਿਧਾ ਦੀ ਤਕਨੀਕੀ ਸਿੱਖਿਆ ਵਿੱਚ ਮੁਹਾਰਤ ਹੋਣੀ ਲਾਜ਼ਮੀ ਹੈ। ਇਹ ਸ਼ਬਦ ਸਿਰਮੌਰ ਪੰਜਾਬੀ ਸਾਹਿਤਕਾਰ ਰਣਜੀਤ ਸਿੰਘ ਧੂਰੀ ਨੇ ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਲੇਖਕ ਭਵਨ ਸੰਗਰੂਰ ਵਿਖੇ ਮਹਾਂਰਿਸ਼ੀ ਵਾਲਮੀਕ ਦੇ ਆਗਮਨ ਪੁਰਬ ਨੂੰ ਸਮਰਪਿਤ ਕਰਵਾਏ ਗਏ ਸੈਮੀਨਾਰ ਅਤੇ ਕਵੀ ਦਰਬਾਰ ਵਿੱਚ ਬੋਲਦਿਆਂ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਹੇ। ਵਿਚਾਰ-ਚਰਚਾ ਨੂੰ ਅੱਗੇ ਤੋਰਦਿਆਂ ਉੱਘੇ ਸਾਹਿਤਕਾਰ ਅਮਰ ਗਰਗ ਕਲਮਦਾਨ ਨੇ ਕਿਹਾ ਕਿ ਪੰਜਾਬੀਆਂ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਰਾਮਾਇਣ, ਵੇਦ ਅਤੇ ਮਹਾਂਭਾਰਤ ਦੀ ਰਚਨਾ ਪੰਜਾਬ ਵਿੱਚ ਹੀ ਹੋਈ ਹੈ। ਡਾ. ਮਨੀਸ਼ਾ ਰਾਣੀ ਨੇ ਕਿਹਾ ਕਿ ਰਾਮਾਇਣ ਅਤੇ ਯੋਗ ਵਸ਼ਿਸ਼ਟ ਗ੍ਰੰਥਾਂ ਦਾ ਅਧਿਐਨ ਵਿਗਿਆਨਕ ਦ੍ਰਿਸ਼ਟੀਕੋਣ ਦੇ ਆਧਾਰ 'ਤੇ ਕਰਨ ਦੀ ਜ਼ਰੂਰਤ ਹੈ। ਅੰਤ ਵਿੱਚ ਕਰਮ ਸਿੰਘ ਜ਼ਖ਼ਮੀ ਨੇ ਸਾਰੇ ਆਏ ਸਾਹਿਤਕਾਰਾਂ ਲਈ ਧੰਨਵਾਦੀ ਸ਼ਬਦ ਕਹੇ ਅਤੇ ਮੰਚ ਸੰਚਾਲਨ ਦੀ ਭੂਮਿਕਾ ਰਜਿੰਦਰ ਸਿੰਘ ਰਾਜਨ ਨੇ ਬਾਖ਼ੂਬੀ ਨਿਭਾਈ।

# ਮਾਲਵਾ ਲਿਖਾਰੀ ਸਭਾ ਵੱਲੋਂ ਸ਼ੌਂਕੀ, ਬਾਲੀਆਂ, ਨੂਰਮੀਤ, ਝੱਮਟ ਤੇ ਹੋਸ਼ੀ ਨੂੰ ਪੁਰਸਕਾਰ

**ਸੰਗਰੂਰ**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਦੀ ਕਾਰਜਕਾਰਨੀ ਦੀ ਇਕੱਤਰਤਾ ਸਭਾ ਦੇ ਪ੍ਰਧਾਨ ਕਰਮ ਸਿੰਘ ਜ਼ਖ਼ਮੀ ਦੀ ਪ੍ਰਧਾਨਗੀ ਵਿੱਚ ਲੇਖਕ ਭਵਨ ਸੰਗਰੂਰ ਵਿਖੇ ਹੋਈ। ਇਸ ਇਕੱਤਰਤਾ ਵਿੱਚ ਸਰਬਸੰਮਤੀ ਨਾਲ ਸਾਲ 2025 ਦੇ ਸਾਲਾਨਾ ਪੁਰਸਕਾਰਾਂ ਲਈ ਸਾਹਿਤਕਾਰਾਂ ਦੇ ਨਾਵਾਂ ਦੀ ਚੋਣ ਕੀਤੀ ਗਈ, ਜਿਸ ਅਨੁਸਾਰ ਡਾ. ਪ੍ਰੀਤਮ ਸੈਣੀ ਵਾਰਤਕ ਪੁਰਸਕਾਰ ਗੁਲਜ਼ਾਰ ਸਿੰਘ ਸ਼ੌਂਕੀ ਨੂੰ, ਗੁਰਮੇਲ ਮਡਾਹੜ ਗਲਪ ਪੁਰਸਕਾਰ ਸੁਖਵਿੰਦਰ ਸਿੰਘ ਬਾਲੀਆਂ ਨੂੰ, ਲੋਕ ਕਵੀ ਸੰਤ ਰਾਮ ਉਦਾਸੀ ਕਵਿਤਾ ਪੁਰਸਕਾਰ ਜੋਗਿੰਦਰ ਨੂਰਮੀਤ ਨੂੰ, ਕਵੀ ਗੁਰਬੀਰ ਸਿੰਘ ਬੀਰ ਵਿਰਾਸਤੀ ਪੁਰਸਕਾਰ ਪੰਥਕ ਕਵੀ ਲਾਭ ਸਿੰਘ ਝੱਮਟ ਨੂੰ ਅਤੇ ਮੇਘ ਗੋਇਲ ਨਵ-ਪ੍ਰਤਿਭਾ ਪੁਰਸਕਾਰ ਪਵਨ ਕੁਮਾਰ ਹੋਸ਼ੀ ਨੂੰ ਦੇਣ ਦਾ ਫ਼ੈਸਲਾ ਕੀਤਾ ਗਿਆ। ਇਹ ਪੁਰਸਕਾਰ 2 ਨਵੰਬਰ 2025 ਦਿਨ ਐਤਵਾਰ ਨੂੰ ਲੇਖਕ ਭਵਨ ਸੰਗਰੂਰ ਵਿਖੇ ਹੋਣ ਵਾਲੇ ਸਭਾ ਦੇ ਸਾਲਾਨਾ ਸਮਾਗਮ ਵਿੱਚ ਦਿੱਤੇ ਜਾਣਗੇ। ਸਭਾ ਦੇ ਪ੍ਰੈੱਸ ਸਕੱਤਰ ਪਵਨ ਕੁਮਾਰ ਹੋਸ਼ੀ ਨੇ ਦੱਸਿਆ ਕਿ ਇਸ ਮੌਕੇ ਸ੍ਰੀ ਅਮਰ ਗਰਗ ਕਲਮਦਾਨ ਦੀ ਪੁਸਤਕ 'ਸੁਲੋਚਨਾ' ਉੱਪਰ ਗੋਸ਼ਟੀ ਵੀ ਕਰਵਾਈ ਜਾਵੇਗੀ।

# ਰਾਜ ਕੁਮਾਰ ਰਾਜ ਦੇ ਦੇਹਾਂਤ 'ਤੇ ਦੁੱਖ ਪ੍ਰਗਟ

**ਅੰਮ੍ਰਿਤਸਰ**-ਸਾਹਿਤਕ ਹਲਕਿਆਂ ਵਿਚ ਇਹ ਖਬਰ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਗੁਰੂ ਨਗਰੀ ਤੋਂ ਪੰਜਾਬੀ ਜ਼ੁਬਾਨ ਦੇ



ਮਸ਼ਹੂਰ ਹਾਸਰਸ ਸਟੇਜੀ ਸ਼ਾਇਰ ਅਤੇ ਸਾਹਿਤਕਾਰ ਰਾਜ ਕੁਮਾਰ ਰਾਜ ਬੀਤੇ ਦਿਨੀਂ ਅਕਾਲ ਚਲਾਣਾ ਕਰ ਗਏ ਹਨ। ਉਹ ਪਿਛਲੇ ਕੁਝ ਦਿਨਾਂ ਤੋਂ ਸਿਹਤ ਢਿੱਲੀ-ਮੱਠੀ ਹੋਣ ਕਰਕੇ ਜ਼ੇਰੇ ਇਲਾਜ ਸਨ। ਕਹਾਣੀਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਮਾਝੇ ਦੇ ਜ਼ਿਲ੍ਹਾ ਗੁਰਦਾਸਪੁਰ ਦੇ ਪੁਰਾਤਨ ਸਰਹੱਦੀ ਕਸਬੇ ਕਲਾਨੌਰ 'ਚ 1954 ਨੂੰ ਜਨਮੇ ਰਾਜ ਕੁਮਾਰ ਰਾਜ ਕੁਲਵਕਤੀ ਲੇਖਕ ਸਨ। ਉਹ ਲੋਕ ਸ਼ਾਇਰ ਵਿਧਾਤਾ ਸਿੰਘ ਤੀਰ, ਕਰਤਾਰ ਸਿੰਘ ਬਲੱਗਣ, ਗੁਰਬਚਨ ਪ੍ਰਵਾਨਾ, ਤ੍ਰਿਲੋਕ ਸਿੰਘ ਦਿਵਾਨਾ, ਹਰਬੰਸ ਸਿੰਘ ਨਾਗੀ ਅਤੇ ਦੇਵ ਦਰਦ ਹੁਰਾਂ ਨਾਲ ਅੰਮ੍ਰਿਤਸਰ ਦੇ ਕੰਪਨੀ ਬਾਗ ਵਿਚ ਹੁੰਦੇ ਰਹੇ ਵਿਰਾਸਤੀ ਸਾਵਣ ਕਵੀ ਦਰਬਾਰ ਵਿਚ ਵੀ ਹਿੱਸਾ ਲੈਂਦੇ ਰਹੇ ਸਨ।

# 'ਪੰਜਾਬੀ ਹੈਰੀਟੇਜ ਸੱਥ' ਮੈਗਜ਼ੀਨ ਰਿਲੀਜ਼



**ਚੰਡੀਗੜ੍ਹ** : ਅਦਾਰਾ 'ਸੰਵੇਦਨਾ' ਚੰਡੀਗੜ੍ਹ ਵੱਲੋਂ ਜੇਹਲਮ ਹਾਲ, ਕਿਸਾਨ ਭਵਨ, ਚੰਡੀਗੜ੍ਹ ਵਿਖੇ 'ਪੰਜਾਬੀ ਹੈਰੀਟੇਜ ਸੱਥ' ਮੈਗਜ਼ੀਨ ਲੋਕ ਅਰਪਣ ਅਤੇ ਸਨਮਾਨ ਸਮਾਗਮ ਰਚਾਇਆ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਵੱਲੋਂ ਕੀਤੀ ਗਈ ਅਤੇ ਡਾ. ਲਾਭ ਸਿੰਘ ਖੀਵਾ, ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।ਸਿਡਨੀ ਵਿੱਚ ਯਮਲਾ ਜੱਟ ਵਜੋਂ ਜਾਣੇ ਜਾਂਦੇ ਬੁਲੰਦ ਆਵਾਜ਼ ਦੇ ਮਾਲਕ ਗਾਇਕ ਦਵਿੰਦਰ ਸਿੰਘ ਧਾਰੀਆ, ਨਰਿੰਦਰਪਾਲ ਸਿੰਘ (ਇਟਲੀ) ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਧਾਨਗੀ ਮੰਡਲ 'ਚ ਡਾ. ਦਵਿੰਦਰ ਸਿੰਘ ਬੋਹਾ ਵੀ ਸ਼ਾਮਲ ਸਨ।ਸਮਾਗਮ 'ਚ 'ਪੰਜਾਬੀ ਹੈਰੀਟੇਜ ਸੱਥ' ਮੈਗਜ਼ੀਨ ਰਿਲੀਜ਼ ਵੀ ਕੀਤਾ ਗਿਆ।

ਸਮਾਗਮ ਦੇ ਕੋਆਰਡੀਨੇਟਰ ਇੰਦਰਜੀਤ ਪ੍ਰੇਮੀ ਨੇ ਕਿਹਾ ਹਰਕੀਰਤ ਸਿੰਘ ਸੰਧਰ ਵੱਲੋਂ ਪ੍ਰਵਾਸ ਹੰਢਾਉਂਦਿਆਂ ਭਾਰਤੀਆਂ ਦੇ ਆਸਟਰੇਲੀਆ ਵੱਲ ਪ੍ਰਵਾਸ ਦੇ ਲਗਭਗ ਚਾਰ ਹਜ਼ਾਰ ਸਾਲ ਪਹਿਲਾਂ ਦੇ ਸਮੇਂ ਨੂੰ ਆਪਣੀ ਪਲੇਠੀ ਪੁਸਤਕ 'ਜਦੋਂ ਤੁਰੇ ਸੀ' ਰਾਹੀਂ ਬਿਆਨਿਆ ਹੈ। ਇਸੇ ਤਰ੍ਹਾਂ ਉਨ੍ਹਾਂ ਕਿਸਾਨ ਨਾਮਾ, ਮੇਰੇ ਹਿੱਸੇ ਦਾ ਲਾਹੌਰ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਪੁਸਤਕਾਂ ਰਾਹੀਂ ਇੱਕ ਪਰਪੱਕ ਲੇਖਕ ਹੋਣ ਦਾ ਸਬੂਤ ਦਿੱਤਾ ਹੈ।ਧਰਮਿੰਦਰ ਔਲਖ (ਪ੍ਰਬੰਧਕੀ ਸੰਪਾਦਕ) ਨੇ 'ਪੰਜਾਬੀ ਹੈਰੀਟੇਜ ਸੱਥ' ਮੈਗਜ਼ੀਨ ਬਾਰੇ ਚਾਨਣਾ ਪਾਇਆ। ਮੈਗਜ਼ੀਨ ਦੇ ਮੁੱਖ ਸੰਪਾਦਕ ਹਰਕੀਰਤ ਸਿੰਘ ਸੰਧੂ ਨੇ ਆਪਣੇ ਹੁਣ ਤੱਕ ਦੇ ਸਾਹਿਤਕ ਸਫਰ ਬਾਰੇ ਖੁੱਲ੍ਹ ਕੇ ਗੱਲਬਾਤ ਕੀਤੀ। ਉਨ੍ਹਾਂ ਆਸਟਰੇਲੀਆ ਵਿਖੇ ਪੰਜਾਬੀਆਂ ਵੱਲੋਂ ਹਜ਼ਾਰਾਂ ਸਾਲ ਪਹਿਲਾਂ ਕੀਤੇ ਪ੍ਰਵਾਸ ਬਾਰੇ ਵਿਚਾਰ ਪ੍ਰਗਟਾਏ। ਇਸੇ ਤਰ੍ਹਾਂ ਉਨ੍ਹਾਂ ਜ਼ਿਲ੍ਹਾ ਹੁਸ਼ਿਆਰਪੁਰ ਦੀ ਪਿੱਠ ਭੂਮੀ ਨੂੰ ਇਤਿਹਾਸ-ਮਿਥਿਹਾਸ ਦੀ ਅਮੀਰ ਵਿਰਾਸਤ ਆਖਿਆ। ਉਨ੍ਹਾਂ ਲਾਹੌਰ ਨਾਲ਼ ਜੁੜੀਆਂ ਆਪਣੀਆਂ ਯਾਦਾਂ ਤਾਜ਼ਾ ਕੀਤੀਆਂ ਅਤੇ ਇਸੇ ਤਰ੍ਹਾਂ ਕਿਸਾਨੀ ਅੰਦੋਲਨ ਦੀਆਂ ਅਸਲ ਘਟਨਾਵਾਂ ਬਾਰੇ ਆਪਣੇ ਵਿਚਾਰ ਪ੍ਰਗਟਾਏ। ਪ੍ਰਿੰਸੀਪਲ ਸਤਨਾਮ ਸਿੰਘ ਸ਼ੋਕਰ ਨੇ ਆਖਿਆ ਕਿ ਪੰਜਾਬੀਆਂ ਵਿੱਚ ਪੜ੍ਹਨ ਦੀ ਰੁਚੀ ਦਿਨੋ-ਦਿਨ ਘੱਟ ਹੋਣ ਅਤੇ ਮੈਗਜ਼ੀਨਾਂ ਦੇ ਛੇਤੀ ਬੰਦ ਹੋ ਜਾਣ ਦੇ ਦੁਖਾਂਤ ਨੂੰ ਸਾਂਝਾ ਕੀਤਾ। ਇਸ ਮੌਕੇ ਦਵਿੰਦਰ ਸਿੰਘ ਧਾਰੀਆ ਜੋ ਮਰਹੂਮ ਗਾਇਕ ਯਮਲਾ ਜੱਟ ਨਾਲ਼ ਬਹੁਤ ਲੰਮਾ ਸਮਾਂ ਰਹੇ, ਨੇ ਉਨ੍ਹਾਂ ਦੇ ਬਹੁਤ ਸਾਰੇ ਗੀਤ ਗਾ ਕੇ ਸੁਣਾ ਕੇ ਸਮਾਗਮ ਵਿੱਚ ਵੱਖਰਾ ਭਰ ਦਿੱਤਾ। ਡਾ. ਲਾਭ ਸਿੰਘ ਖੀਵਾ ਨੇ ਆਖਿਆ ਕਿ ਇਹ ਮੈਗਜ਼ੀਨ ਦਿੱਖ ਪੱਖੋਂ ਉੱਚ ਪਾਏ ਦਾ ਹੈ ਪਰ ਸਾਨੂੰ ਇਸ ਦੇ ਮੈਟਰ ਵਿੱਚ ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਨੂੰ ਖਾਸ ਤਵੱਜੋਂ ਦੇਣੀ ਚਾਹੀਦੀ ਹੈ। ਪੰਜਾਬੀ ਮਾਂ ਬੋਲੀ ਨੂੰ ਦਰਪੇਸ਼ ਮਸਲਿਆਂ ਅਤੇ ਸੰਕਟਾਂ ਬਾਰੇ ਖੁੱਲ੍ਹ ਕੇ ਲਿਖਣਾ ਬਣਦਾ ਹੈ।ਇਸ ਮੌਕੇ ਡਾ. ਦਵਿੰਦਰ ਸਿੰਘ ਬੋਹਾ, ਕੇ. ਪੀ. ਸਿੰਘ, ਪਰਮਜੀਤ ਸਿੰਘ, ਕਰਨਲ ਜਗਤਾਰ ਸਿੰਘ ਮੁਲਤਾਨੀ, ਕਹਾਣੀਕਾਰ ਪਰਮਜੀਤ ਮਾਨ, ਸਰੂਪ ਸਿਆਲ਼ਵੀ, ਜੇ.ਐੱਸ.ਮਹਿਰਾ, ਡਾ. ਅਵਤਾਰ ਸਿੰਘ ਪਤੰਗ, ਪਾਲ ਅਜਨਬੀ, ਪੰਡਤਰਾਓ ਧਰਨੇਕਰ ਆਦਿ ਨੇ ਵੀ ਆਪਣੇ ਆਪਣੇ ਵਿਚਾਰ ਰੱਖੇ ਗਏ। ਮੰਚ ਸੰਚਾਲਨ ਸੁਰਜੀਤ ਸੁਮਨ ਵੱਲੋਂ ਕੀਤਾ ਗਿਆ।

# 'ਬ੍ਰਾਹਮਣਵਾਦ ਤੇ ਜਨਵਿਮਰਸ਼' ਦਾ ਰਿਲੀਜ ਸਮਾਗਮ 26 ਨੂੰ

**ਜਲੰਧਰ** : ਪ੍ਰਗਤੀਸ਼ੀਲ ਲੇਖਕ ਸੰਘ (ਪ੍ਰਲੇਸ) ਇਕਾਈ ਜਲੰਧਰ ਵੱਲੋਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਡਾ. ਸੇਵਾ ਸਿੰਘ ਦੀ ਪੁਸਤਕ 'ਬ੍ਰਾਹਮਣਵਾਦ ਅਤੇ ਜਨਵਿਮਰਸ਼' ਦਾ ਰਿਲੀਜ਼ ਸਮਾਗਮ 26 ਅਕਤੂਬਰ ਦਿਨ ਐਤਵਾਰ ਸ਼ਾਮ 3.30 ਵਜੇ ਹੋਵੇਗੀ। ਇਸ ਪੁਸਤਕ ਦਾ ਅਨੁਵਾਦ ਸ਼ਾਇਰਾ ਤੇ ਪ੍ਰਸਿੱਧ ਅਨੁਵਾਦਕ ਪ੍ਰਕਾਸ਼ ਕੌਰ ਸੰਧੂ ਵੱਲੋਂ ਕੀਤਾ ਗਿਆ ਹੈ। ਪ੍ਰਕਾਸ਼ ਕੌਰ ਸੰਧੂ ਨੇ ਹਿੰਦੀ 'ਚ ਰਚਨਾਕਾਰੀ ਤੋਂ ਬਿਨਾਂ ਇਕ ਦਰਜਨ ਜਗਤ ਪ੍ਰਸਿੱਧ ਪੁਸਤਕਾਂ ਦਾ ਅਨੁਵਾਦ ਕੀਤਾ ਹੈ। ਇਸ ਤੋਂ ਇਲਾਵਾ ਲਗਭਗ ਅੱਧੀ ਦਰਜਨ ਪੁਸਤਕਾਂ ਤਕਨੀਕੀ ਵਿਸ਼ਿਆਂ ਨਾਲ ਸੰਬੰਧਿਤ ਹਨ ਜੋ ਉਸਨੇ ਅੰਗਰੇਜ਼ੀ-ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਹਨ। ਡਾ. ਸੇਵਾ ਸਿੰਘ ਦੀ ਇਹ ਪੁਸਤਕ ਦੱਸਦੀ ਹੈ ਕਿ ਕਿਵੇਂ ਬ੍ਰਾਹਮਣਵਾਦੀ ਵਿਚਾਰਧਾਰਾ ਵਾਲਿਆਂ ਨੇ ਸਮਾਜ ਅੰਦਰ ਛੂਆ-ਛੂਤ, ਅਸ਼ੁੱਧ, ਮਲੇਛ ਅਤੇ ਦਲਿਤ ਵਰਗ ਪੈਦਾ ਕੀਤੇ ਤੇ ਇਹਨਾਂ ਦੇ ਪਰਛਾਵਿਆਂ ਤੋਂ ਵੀ ਪਰ੍ਹੇ ਰਹਿਣ ਦੇ ਸਿਧਾਂਤ ਪੈਦਾ ਕੀਤੇ। ਇਹਨਾਂ ਦੇ ਵਿਰੋਧ ਵਿੱਚ ਚੇਤਨਾ ਦੀਆਂ ਨਵੀਆਂ ਸਮਾਜਿਕ ਲਹਿਰਾਂ ਉਤਪੰਨ ਹੋਈਆਂ। ਪੁਸਤਕ ਵਿੱਚ ਜਨਵਿਮਰਸ਼ ਦੇ ਬਹੁਤ ਸਾਰੇ ਮਸਲੇ ਉਭਾਰੇ ਗਏ ਹਨ। ਪ੍ਰਗਤੀ ਸ਼ੀਲ ਲੇਖਕ ਸੰਘ ਦੇ ਜਰਨਲ ਸਕੱਤਰ ਭਗਵੰਤ ਰਸੂਲਪੁਰੀ ਨੇ ਦੱਸਿਆ ਕਿ ਰਿਲੀਜ ਸਮਾਗਮ ਦੇ ਨਾਲ ਨਾਲ ਪੁਸਤਕ ਉੱਤੇ ਹਾਜ਼ਰ ਸਾਹਿਤਕਾਰਾਂ ਵੱਲੋਂ ਚਰਚਾ ਵੀ ਕੀਤੀ ਜਾਵੇਗੀ। ਸਭ ਨੂੰ ਸਮਾਗਮ ਵਿੱਚ ਪੁੱਜਣ ਦਾ ਹਾਰਦਿਕ ਸੱਦਾ ਹੈ।

# ਮਨਿੰਦਰ ਕੌਰ ਦੇ ਬਾਲ ਸੰਗ੍ਰਹਿ 'ਚੱਟ ਗਈ ਮਲਾਈ' ਦਾ ਲੋਕ-ਅਰਪਣ



**ਪਟਿਆਲਾ**- ਪੰਜਾਬੀ ਸਾਹਿਤ ਸਭਾ (ਰਜਿ.) ਪਟਿਆਲਾ ਵੱਲੋਂ ਮਨਿੰਦਰ ਕੌਰ ਦੇ ਪਲੇਠੇ ਬਾਲ ਕਾਵਿ-ਸੰਗ੍ਰਹਿ 'ਚੱਟ ਗਈ ਮਲਾਈ' ਦਾ ਲੋਕ-ਅਰਪਣ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਦੇ ਲੈਕਚਰ ਹਾਲ ਵਿਖੇ ਕੀਤਾ ਗਿਆ। ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਡਾ. ਦਰਸ਼ਨ ਸਿੰਘ 'ਆਸ਼ਟ', ਗੁਰਸ਼ਰਨ ਕੌਰ, ਤਰਸੇਮ ਤੋਂ ਇਲਾਵਾ ਚਰਨਜੀਤ ਸਿੰਘ ਗਰੋਵਰ, ਮਨਵਿੰਦਰ ਕੌਰ ਭੁੱਲਰ ਅਤੇ ਜੰਗ ਸਿੰਘ ਫੱਟੜ ਸ਼ਾਮਲ ਸਨ। ਸਮਾਗਮ ਦੇ ਆਰੰਭ ਵਿਚ ਡਾ. ਦਰਸ਼ਨ ਸਿੰਘ 'ਆਸ਼ਟ' ਨੇ ਹਾਜ਼ਰੀਨ ਦਾ ਸੁਆਗਤ ਕਰਦਿਆਂ ਮਨਿੰਦਰ ਕੌਰ ਦੇ ਬਾਲ ਕਾਵਿ-ਸੰਗ੍ਰਹਿ 'ਚੱਟ ਗਈ ਮਲਾਈ' ਦੇ ਹਵਾਲੇ ਨਾਲ ਕਿਹਾ ਕਿ ਬੱਚਿਆਂ ਦੇ ਚਰਿੱਤਰ ਨਿਰਮਾਣ ਵਿਚ ਬਾਲ ਸਾਹਿਤ ਦੀ ਅਹਿਮ ਭੂਮਿਕਾ ਹੁੰਦੀ ਹੈ, ਜੋ ਬੱਚਿਆਂ ਨੂੰ ਨਿੱਗਰ ਕਦਰਾਂ-ਕੀਮਤਾਂ ਨਾਲ ਜੋੜ ਕੇ ਉਨ੍ਹਾਂ ਦੇ ਮਨਾਂ ਵਿਚ ਮਾਤ ਭਾਸ਼ਾ ਪ੍ਰਤੀ ਸਨੇਹ ਉਜਾਗਰ ਕਰਦਾ ਹੈ। ਗੁਰਸ਼ਰਨ ਕੌਰ ਨੇ ਕਿਹਾ ਕਿ ਵਿਸ਼ਵ ਵਿਚ ਵੱਡੇ-ਵੱਡੇ ਲੇਖਕਾਂ ਨੇ ਬਾਲ ਸਾਹਿਤ ਦੀ ਸਿਰਜਣਾ ਨੂੰ ਪਹਿਲ ਦਿੱਤੀ ਹੈ ਜੋ ਪ੍ਰਸ਼ੰਸਾਤਮਕ ਰੁਝਾਨ ਹੈ। ਮੁੱਖ ਮਹਿਮਾਨ ਤਰਸੇਮ ਨੇ ਮਨਿੰਦਰ ਕੌਰ ਦੀ ਪੁਸਤਕ ਦੇ ਹਵਾਲੇ ਨਾਲ ਬਾਲ ਸਾਹਿਤ ਦੀ ਰਚਨਾ ਕਰਨ ਵਾਲੇ ਲਿਖਾਰੀਆਂ ਨੂੰ ਬਾਰੀਕੀਆਂ ਵੱਲ ਵਿਸ਼ੇਸ਼ ਧਿਆਨ ਦੇਣ ਦੇ ਅਹਿਮ ਨੁਕਤੇ ਸਾਂਝੇ ਕੀਤੇ। ਚਰਨਜੀਤ ਗਰੋਵਰ, ਮਨਵਿੰਦਰ ਕੌਰ ਭੁੱਲਰ, ਸਤਪਾਲ ਭੀਖੀ ਨੇ ਵੀ ਚਰਚਾ ਵਿੱਚ ਭਾਗ ਲਿਆ। ਚਰਚਾ ਨੂੰ ਅੱਗੇ ਤੋਰਦਿਆਂ ਸੁਖਦੇਵ ਸਿੰਘ ਚਹਿਲ, ਸੁਖਜੀਵਨ ਅਤੇ ਹਰਪ੍ਰੀਤ ਸਿੰਘ ਆਦਿ ਨੇ ਪੁਸਤਕ ਦੇ ਵਿਸ਼ਾ ਵਸਤੂ ਅਤੇ ਕਲਾ ਪੱਖ ਬਾਰੇ ਵੱਖ-ਵੱਖ ਪੱਖਾਂ ਤੋਂ ਮੁੱਲਵਾਨ ਸਾਂਝੇ ਕੀਤੇ। ਆਪਣੀ ਪੁਸਤਕ ਉਪਰ ਹੋਈ ਸਮੁੱਚੀ ਚਰਚਾ ਨੂੰ ਧਿਆਨ ਵਿਚ ਰੱਖਦੇ ਹੋਏ ਪੁਸਤਕ ਲੇਖਿਕਾ ਮਨਿੰਦਰ ਕੌਰ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਖ਼ੁਸ਼ੀ ਹੈ ਕਿ ਉਸ ਦੇ ਪਲੇਠੇ ਬਾਲ ਕਾਵਿ ਸੰਗ੍ਰਹਿ ਨੂੰ ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਲੋਕ ਅਰਪਣ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਜਨਰਲ ਸਕੱਤਰ ਦਵਿੰਦਰ ਪਟਿਆਲਵੀ, ਬਲਬੀਰ ਸਿੰਘ ਦਿਲਦਾਰ, ਨਵਦੀਪ ਸਿੰਘ ਮੁੰਡੀ, ਉਂਕਾਰ ਸਿੰਘ ਤੇਜੇ, ਸਤਨਾਮ ਕੌਰ ਸਾਹਨੀ, ਗੁਰਪ੍ਰੀਤ ਕੌਰ, ਰਾਜਪਾਲ ਕੌਰ ਅਤੇ ਅਲਕਾ ਅਰੋੜਾ ਨੇ ਵੀ ਪੁਸਤਕ ਦੇ ਹਵਾਲੇ ਨਾਲ ਬਾਲ ਸਾਹਿਤ ਬਾਰੇ ਵਿਸ਼ੇਸ਼ ਟਿੱਪਣੀਆਂ ਕੀਤੀਆਂ। ਜੰਗ ਸਿੰਘ ਫੱਟੜ ਨੇ ਕਾਵਿ-ਰਮਜ਼ਾਂ ਦੀ ਬਾਤ ਪਾਉਂਦੀ ਵਿਸ਼ੇਸ਼ ਨਜ਼ਮ ਸਾਂਝੀ ਕੀਤੀ। ਮੰਚ ਸੰਚਾਲਨ ਦੀ ਭੂਮਿਕਾ ਜਨਰਲ ਸਕੱਤਰ ਪਟਿਆਲਵੀ ਨੇ ਬਾਖ਼ੂਬੀ ਨਿਭਾਈ।

# ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਸਨਮਾਨ ਸਮਾਗਮ 26 ਨੂੰ

**ਲੁਧਿਆਣਾ** : ਪੰਜਾਬੀ ਸਹਿਤ ਅਕਾਡਮੀ ਲੁਧਿਆਣਾ ਵੱਲੋਂ 26 ਅਕਤੂਬਰ, 2025 ਦਿਨ ਐਤਵਾਰ ਸਵੇਰੇ 10 ਵਜੇ ਪੰਜਾਬੀ ਭਵਨ, ਲੁਧਿਆਣਾ ਵਿਖੇ 12 ਸ਼ਖ਼ਸੀਅਤਾਂ ਨੂੰ ਵੱਖ ਵੱਖ ਪੁਰਸਕਾਰ ਪ੍ਰਦਾਨ ਕੀਤੇ ਜਾਣਗੇ। ਸਨਮਾਨ ਸਮਾਗਮ ਦੀ ਪ੍ਰਧਾਨਗੀ ਡਾ. ਸ. ਸ. ਜੌਹਲ ਕਰਨਗੇ। ਅਤੇ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ ਮੁੱਖ ਮਹਿਮਾਨ ਹੋਣਗੇ। ਉਨ੍ਹਾਂ ਦਾ ਸੁਆਗਤ ਅਕਾਡਮੀ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਕਰਨਗੇ। ਤੇ ਮੰਚ ਸੰਚਾਲਨ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਕਰਨਗੇ। ਪਹਿਲੇ ਭਾਗ ਵਿਚ ਡਾ. ਸਾਧੂ ਸਿੰਘ ਨੂੰ ਡਾ. ਰਵਿੰਦਰ ਸਿੰਘ ਰਵੀ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਗੁਰਮੇਲ ਸਿੰਘ ਪੜ੍ਹਨਗੇ। ਹਰਭਜਨ ਸਿੰਘ ਬਾਜਵਾ ਨੂੰ ਮੱਲ ਸਿੰਘ ਰਾਮਪੁਰੀ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਅਨੂਪ ਸਿੰਘ ਪੜ੍ਹਨਗੇ। ਜਤਿੰਦਰ ਪਨੂੰ ਨੂੰ ਜਗਜੀਤ ਸਿੰਘ ਆਨੰਦ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਭਗਵੰਤ ਰਸੂਲਪੁਰੀ ਪੜ੍ਹਨਗੇ। ਡਾ. ਧਰਮ ਸਿੰਘ ਨੂੰ ਕਰਤਾਰ ਸਿੰਘ ਸ਼ਮਸ਼ੇਰ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਹੀਰਾ ਸਿੰਘ ਪੜ੍ਹਨਗੇ। ਸਿਧਾਰਥ ਨੂੰ ਅੰਮ੍ਰਿਤਾ ਇਮਰੋਜ਼ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਸੁਰਜੀਤ ਸਿੰਘ ਪੜ੍ਹਨਗੇ। ਡਾ. ਆਤਮਜੀਤ ਨੂੰ ਗੁਰਸ਼ਰਨ ਸਿੰਘ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਸੋਮਪਾਲ ਹੀਰਾ ਪੜ੍ਹਨਗੇ। ਡਾ. ਕੰਵਲਜੀਤ ਢਿੱਲੋਂ ਨੂੰ ਪ੍ਰੋ. ਨਿਰਪਜੀਤ ਕੌਰ ਗਿੱਲ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਪਰਮਜੀਤ ਸਿੰਘ ਪੜ੍ਹਨਗੇ। ਜਸਬੀਰ ਮੰਡ ਨੂੰ ਅਮੋਲ ਪ੍ਰਤਾਪ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਗੁਰਮੁਖ ਸਿੰਘ ਪੜ੍ਹਨਗੇ। ਨੀਤੂ ਅਰੋੜਾ ਨੂੰ ਜਗਜੀਤ ਸਿੰਘ ਲਾਇਲਪੁਰੀ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਅਰਵਿੰਦਰ ਕੌਰ ਕਾਕੜਾ ਪੜ੍ਹਨਗੇ। ਮੀਤ ਮਨਮੋਲ ਨੂੰ ਡਾ. ਮੋਹਨਜੀਤ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਪ੍ਰਭਜੋਤ ਸੋਹੀ ਪੜ੍ਹਨਗੇ। ਰਮਨ ਸੰਧੂ ਨੂੰ ਕੁਲਵੰਤ ਜਗਰਾਉਂ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਡਾ. ਜਗਵਿੰਦਰ ਜੋਧਾ ਖੋਜ ਪੱਤਰ ਪੜ੍ਹਨਗੇ। ਦੇਵ ਰਾਜ ਦਾਦਰ ਨੂੰ ਕੁਲਵੰਤ ਜਗਰਾਉਂ ਪੁਰਸਕਾਰ ਦਿੱਤਾ ਜਾਵੇਗਾ ਤੇ ਉਸ 'ਤੇ ਖੋਜ ਪੱਤਰ ਡਾ. ਸ਼ਮਸ਼ੇਰ ਮੋਹੀ ਪੜ੍ਹਨਗੇ। ਦੂਜੇ ਭਾਗ ਵਿੱਚ ਸਨਮਾਨਾਂ ਦੀ ਰਸਮ ਹੋਵੇਗੀ ਅਤੇ ਡਾ. ਪਾਲ ਕੌਰ ਵੱਲੋਂ ਸਭ ਦਾ ਧੰਨਵਾਦ ਕੀਤਾ ਜਾਵੇਗਾ। ਪ੍ਰਬੰਧਕੀ ਟੀਮ ਵੱਲੋਂ ਸਭ ਨੂੰ ਸਨਮਾਨ ਸਮਾਗਮ ਵਿੱਚ ਪੁੱਜਣ ਦੀ ਅਪੀਲ ਕੀਤਾ ਹੈ।

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

**ਪ੍ਰਵਾਸੀ ਮਜ਼ਦੂਰ-ਬਹੁਪੱਖੀ ਵਿਸ਼ਲੇਸ਼ਣ**

**ਕੱਟੜ ਧਾਰਮਿਕ ਤੇ ਰੂੜ੍ਹੀਵਾਦੀ ਦੇਸ਼ਾਂ 'ਚ ਔਰਤਾਂ 'ਤੇ ਤਸ਼ੱਦਦ : ਨਸੀਮ ਅੰਸਾਰੀ ਕੋਚਰ**

**'ਮਨਕਥੀਆਂ' : ਬਿੰਦਰ ਬਸਰਾ (ਫੋਕਸ) ਡਾ. ਸੰਦੀਪ ਰਾਣਾ**


**ਹਰੀ ਸਿੰਘ ਤੂਤ ਦੀਆਂ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ**

# ਸਮਕਾਲ

---- ਭਗਵੰਤ ਰਸੂਲਪੁਰੀ----

## ਸਿਰਜਣਾ: ਨਵਤੇਜ ਸਿੰਘ-ਸੁਖਬੀਰ 'ਤੇ ਸਮੱਗਰੀ

ਸਿਰਜਣਾ-218 ਅੰਕ (ਅਕਤੂਬਰ-ਦਸੰਬਰ,2025 ਅੰਕ ਛਪ ਕੇ ਪੁੱਜਾ ਹੈ। 'ਨਵਤੇਜ ਸਿੰਘ ਤੇ ਸੁਖਬੀਰ ਦੀ ਜਨਮ ਸ਼ਤਾਬਦੀ' ਦੇ ਪ੍ਰਸੰਗ ਵਿੱਚ ਪੰਜਾਬੀ ਪ੍ਰਗਤੀਵਾਦੀ ਸਾਹਿਤਕ ਲਹਿਰ ਦੇ ਦੋ ਵੱਡੇ ਲੇਖਕ ਨਵਤੇਜ-ਸੁਖਬੀਰ ਦਾ ਜ਼ਿਕਰਸੰਪਾਦਕੀ 'ਚਕੀਤਾ ਗਿਆ ਹੈ, 'ਬਦਕਿਸਮਤੀ ਨਾਲ ਕੈਂਸਰ ਦੀ ਨਾਮੁਰਾਦ ਬੀਮਾਰੀ ਨਵਤੇਜ ਨੂੰ ਤਾਂ ਸਮੇਂ ਤੋਂ ਬਹੁਤ ਪਹਿਲਾਂ ਖੋਹ ਕੇ ਲੈ ਗਈ ਸੀ। ਸੁਖਬੀਰ ਨੇ ਅਵੱਸ ਚੋਖੀ ਭਰਵੀਂ ਉਮਰ ਭੋਗ ਕੇ ਸੰਸਾਰ ਨੂੰ ਅਲਵਿਦਾ ਆਖੀ। ਦੋਹਾਂ ਦੀ ਸਾਹਿਤਕ ਦੇਣ ਬਹੁਤ ਵੱਡਮੁੱਲੀ ਹੈ।' ਸੁਕੀਰਤ ਦਾ 'ਨਵਤੇਜ ਸਿੰਘ ਦੀ ਸਾਹਿਤ ਸਿਰਜਣਾ' ਬਾਰੇ ਲੇਖ ਪ੍ਰਕਾਸ਼ਤ ਹੋਇਆ ਹੈ। ਉਸ ਨੇ ਕੁਝ ਕਹਾਣੀਆਂ ਦੇ ਹਵਾਲੇ ਨਾਲ ਉਸ ਦੀ ਵੱਡੇ ਕਹਾਣੀਕਾਰ ਦੇ ਤੌਰ ਤੇ ਪਛਾਣ ਕੀਤੀ ਹੈ। ਅਗਲੇ ਪੰਨੇ 'ਤੇ ਨਵਤੇਜ ਦੀ ਪ੍ਰਸਿੱਧ ਕਹਾਣੀ 'ਬਾਸਮਤੀ ਦੀ ਮਹਿਕ' ਪ੍ਰਕਾਸ਼ਤ ਕੀਤੀ ਹੈ। 'ਲਿਖਤੁਮ ਸੁਖਬੀਰ' ਵਿੱਚ ਚੰਦਰ ਮੋਹਨ ਸੁਖਬੀਰ ਦੀ ਸਾਹਿਤ ਸਾਧਨਾ ਦਾ ਬਹੁ ਪੱਖੀ ਵਿਸ਼ਲੇਸ਼ਣ ਕਰਦਾ ਹੈ। ਸੁਖਬੀਰ ਦੀਆਂ ਸੱਤ ਕਵਿਤਾਵਾਂ ਅਤੇ 'ਨਵੇਂ ਮਨੁੱਖ ਦੀ ਸਿਰਜਣਾ' ਦੋ ਰਚਨਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਪ੍ਰਮੁੱਖ ਸਾਇਰ ਵਜੋਂ ਮਦਨ ਵੀਰਾ ਦੀਆਂ ਛੇ ਕਵਿਤਾਵਾਂ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਰਾਜਪ੍ਰੀਤ ਕੌਰ ਬੈਨੀਪਾਲ ਨੇ ਆਪਣੀ ਕਹਾਣੀ 'ਸਰਗਮ ਵਿਹੂਣੇ ਸਾਜ਼' ਵਿੱਚ ਇਕ ਬਾਲ ਤੋਂ ਬਾਲਗ ਵੱਲ ਵੱਧ ਰਹੇ ਮੁੰਡੇ ਦੀ ਮਾਨਸਿਕਤਾ ਦੀਆਂ ਮਨੋਵਿਗਿਆਨਕ ਪਰਤਾਂ ਨੂੰ ਬੜੀ ਸਮਰੱਥਾ ਨਾਲ ਪੇਸ਼ ਕੀਤਾ ਹੈ। ਸੰਪਾਦਕੀ ਟਿੱਪਣੀ ਨਾਲ ਛਪੀ ਇਹ ਕਹਾਣੀ ਵਾਕਿਆ ਹੀ ਮਹੱਤਵਪੂਰਨ ਹੈ। ਇਸ ਤੋਂ ਇਲਾਵਾ ਮਹਿੰਦਰਪਾਲ ਸਿੰਘ ਧਾਲੀਵਾਲ (ਨਵਾਂ ਕਲਯੁਗ), ਅਲਫ਼ਾਜ਼ (ਕੀੜਾ) ਕਹਾਣੀਆਂ ਵੀ ਪ੍ਰਕਾਸ਼ਤ ਹੋਈਆਂ ਹਨ। ਨਵੇਂ ਲੇਖਕਾਂ ਨੂੰ ਪਹਿਲਾਂ ਹੀ ਚਰਚਿਤ ਕਹਾਣੀਆਂ ਦੇ ਨਾਂ ਰੱਖਣ ਤੋਂ ਗੁਰੇਜ਼ ਕਰਨੀ ਚਾਹੀਦੀ ਹੈ। ਬਲਦੇਵ ਚੱਕ ਸਕੰਦਰ ਦੀ ਵਾਰਤਾ 'ਦਿੱਤਾ ਹੀ ਦੇਵਣਾ' ਦਿਲਚਸਪ ਹੈ। ਸੁਖਪਾਲ ਸੰਘੇੜਾ ਨੇ 'ਪੰਜਾਬੀ ਕਵਿਤਾ ਵਿਚ 'ਗ਼ੁਲਾਮ ਮਾਨਸਿਕਤਾ' ਕਾਵਿ ਦੇ ਪਿਤਾਮਾ ਸ਼ੇਖ ਫਰੀਦ' ਫਰੀਦ ਦੀ ਕਵਿਤਾ ਦੇ ਪ੍ਰਸੰਗ ਵਿੱਚ ਕੁਝ ਅਛੂਤੀਆਂ ਧਾਰਨਾਵਾਂ ਪੇਸ਼ ਕੀਤੀਆਂ ਹਨ। ਬਲਜੀਤ ਬਾਸੀ ਨੇ ਸ਼ਬਦ ਝਰੋਖਾ ਤਹਿਤ 'ਘੂੰਆਂ ਜਿਹਾ' ਸ਼ਬਦ ਦੀ ਚਿਹਨਕਾਰੀ ਨੂੰ ਵਿਸਥਾਰ ਨਾਲ ਖੋਲ੍ਹਿਆਂ ਹੈ। ਨੌਜਵਾਨ ਕਥਾਕਾਰ ਆਗ਼ਾਜ਼ਬੀਰ ਨੇ 'ਫੋ ਮੋ' ਕਹਾਣੀ ਦੇ ਪ੍ਰਸੰਗ ਵਿੱਚ ਸੁਕੀਰਤ ਨਾਲ ਕਹਾਣੀ ਦੇ ਆਰ-ਪਾਰ ਫੈਲੇ ਸੰਸਾਰ ਨੂੰ ਵਿਸਥਾਰ ਨਾਲ ਸਮਝਣ ਦਾ ਉਪਰਾਲਾ ਕੀਤਾ ਹੈ। ਅੰਤ 'ਚ ਕੁਝ ਕਿਤਾਬਾਂ ਦੇ ਰੀਵਿਊ ਪ੍ਰਕਾਸ਼ਤ ਕੀਤੇ ਗਏ ਹਨ।




ਇਸ ਅੰਕ ਦੇ ਸਫ਼ੇ: 96, ਮੁੱਲ:50ਰੁਪਏ, ਸੰਪਾਦਕ : ਰਘਬੀਰ ਸਿੰਘ (+91-172-2601693)ਰਚਨਾਵਾਂ ਭੇਜਣ ਲਈ: sirjanasahitak@gmail.com

## ਸਮਕਲੀਨ ਪੰਜਾਬੀ ਦਲਿਤ ਕਹਾਨੀਆਂ : ਜਸਵਿੰਦਰ ਕੌਰ ਬਿੰਦਰਾ

ਜਸਵਿੰਦਰ ਕੌਰ ਬਿੰਦਰਾ ਨੇ ਪੰਜਾਬੀ ਕਹਾਣੀ ਨੂੰ ਹਿੰਦੀ ਵਿੱਚ ਅਨੁਵਾਦ ਕਰਨ ਦਾ ਬੀੜਾ ਕਈ ਸਾਲਾਂ ਤੋਂ ਚੁੱਕਿਆ ਹੋਇਆ ਹੈ। ਬਿਦਰਾ ਨੇ ਅਨੇਕਾਂ ਪ੍ਰਸਿੱਧ ਕਹਾਣੀਆਂ ਨੂੰ ਅਨੁਵਾਦ ਕਰਕੇ ਉਸ ਨੂੰ ਪੁਸਤਕ ਰੂਪ ਵਿੱਚ ਸੰਪਾਦਤ ਕਰਕੇ ਹਿੰਦੇ ਦੇ ਵੱਡੇ-ਵੱਡੇ ਪ੍ਰਕਾਸ਼ਕਾਂ ਕੋਲੋਂ ਛਪਵਾਇਆ ਵੀ ਹੈ। ਹੱਥਲੀ ਪੁਸਤਕ ਇਸ ਗੱਲ ਦੀ ਪ੍ਰੋੜਤਾ ਵੀ ਕਰਦੀ ਹੈ। ਜਸਵਿੰਦਰ ਬਿੰਦਰਾ ਨੇ ਪੰਜਾਬੀ ਦੀਆਂ ਕੁਝ ਪ੍ਰਸਿੱਧ ਤੇ ਚਰਚਾ ਵਿੱਚ ਰਹੀਆਂ ਦਲਿਤ ਜੀਵਨ ਦੀਆਂ ਕਹਾਣੀਆਂ ਦੀ ਚੋਣ ਤੇ ਅਨੁਵਾਦ ਕਰਕੇ ਉਸਨੂੰ ਪੁਸਤਕ ਰੂਪ ਵਿੱਚ ਸਾਂਭ ਦਿੱਤਾ ਹੈ। ਹਿੰਦੀ ਦੇ ਪਾਠਕ ਨਿਸਚੇ ਹੀ ਪੰਜਾਬੀ ਵਿੱਚ ਲਿਖੀ ਜਾ ਰਹੀ ਦਲਿਤ ਕਹਾਣੀ ਦੀ ਪਛਾਣ ਕਰ ਸਕਦੇ ਹਨ। ਬਿੰਦਰਾ ਦਾ ਇਹ ਬਹੁਤ ਹੀ ਠੋਸ ਤੇ ਨਿੱਘਰ ਕੰਮ ਹੈ। ਦੋ-ਤਿੰਨ ਕਹਾਣੀਕਾਰਾਂ ਨੂੰ ਛੱਡ ਕੇ ਬਾਕੀ ਕਹਾਣੀਕਾਰ ਦਲਿਤ ਪਿਛੋਕੜ ਵਾਲੇ ਹਨ। ਕਿਤਾਬ ਦੇ ਆਰੰਭ ਵਿੱਚ ਬਿੰਦਰਾ ਨੇ ਦਲਿਤ ਕਹਾਣੀ ਦੇ ਕੁਝ ਠੋਸ ਨੁਕਤੇ ਉਭਾਰਨ ਦਾ ਯਤਨ ਕੀਤਾ ਹੈ। ਪੁਸਤਕ ਵਿੱਚ ਅਜਮੇਰ ਸਿੱਧੂ (ਕਾਂਟੇ ਕਾ ਜ਼ਖ਼ਮ). ਆਗ਼ਾਜ਼ਬੀਰ (ਨਿਸਚਯ), ਅੰਮ੍ਰਿਤਪਾਲ ਕਲੇਰ (ਮੌਸੀ ਵੋਹ ਨਹੀਂ ਰਹੀ), ਕੁਲਬੀਰ ਬਡੇਸਰੋਂ (ਬਾਹਰੀ ਬੈਠਕ), ਗੁਰਮੀਤ ਕੜਿਆਲਵੀ (ਦ੍ਰੋਣਾਚਾਰੀਯਾ), ਗੁਰਮੀਤ ਸਿੰਘ ਆਰਿਫ਼ (ਚੀਸ), ਜਿੰਦਰ (ਸਿਆਸਤ ਖੇਲ ਸਿਆਸਤ), ਦਰਸ਼ਨ ਸਿੰਘ ਗੁਰੂ (ਬਾਦਲੋਂ ਦੇ ਸੂਰਜ), ਦਵਿੰਦਰ ਮੰਡ (ਨਸਲ), ਬਲੀਜੀਤ (ਤ੍ਰਿਕੋਣਾ ਘਰ), ਭਗਵੰਤ ਰਸੂਲਪੁਰੀ (ਠੋਕਰ), ਵਿਪਨ ਕੁਮਾਰ (ਗੱਡਾ), ਸੁਕੀਰਤ (ਬ੍ਰਹਮ ਅਸਤਰ), ਸਰੂਪ ਸਿਆਲਵੀ (ਅੰਬੇਡਕਰੀ), ਸਰਘੀ (ਲਪਟੇਂ), ਸਵਾਮੀ ਸਰਬਜੀਤ (ਜੁਗਨੂ ਸਦਾ ਜਗਮਗਾਤੇ ਰਹੇਂ) ਆਦਿ ਕਹਾਣੀਆਂ ਦੇ ਹਿੰਦੀ ਅਨੁਵਾਦ ਪ੍ਰਕਾਸ਼ਤ ਕੀਤੇ ਹਨ।




ਸਮਕਲੀਨ ਪੰਜਾਬੀ ਦਲਿਤ ਕਹਾਨੀਆਂ (ਚਇਨ ਵ ਅਨੁਵਾਦ: ਜਸਵਿੰਦਰ ਕੌਰ ਬਿੰਦਰਾ), ਸਫ਼ੇ: 191, ਮੁੱਲ :499 ਰੁਪਏ, ਪ੍ਰਕਾਸ਼ਕ: ਰਿਗੀ ਪਬਲੀਕੇਸ਼ਨ, ਖੰਨਾ, ਸੰਪਰਕ: 91-93577-10014,94654-68291, info@rigipublication.com

## ਤੋਹ.ਫ਼ਾ ਔਰ ਤੋਹ.ਫ਼ਾ :ਸੁਰਿੰਦਰ ਗੀਤ

'ਤੋਹਫ਼ਾ ਔਰ ਤੋਹਫ਼ਾ' ਸੁਰਿੰਦਰ ਗੀਤ ਦੀਆਂ ਪੰਜਾਬੀ ਕਹਾਣੀਆਂ ਦੀ ਅਨੁਵਾਦ ਪੁਸਤਕ ਹੈ। ਜਿਸ ਨੂੰ ਅਨੁਵਾਦ ਕੀਤਾ ਹੈ ਪ੍ਰਸਿੱਧ ਅਨੁਵਾਦਕ ਸੁਭਾਸ਼ ਨੀਰਵ ਨੇ। ਅਤੇ ਇਸ ਨੂੰ ਹਿੰਦੀ ਦੇ ਵੱਡੇ ਪ੍ਰਕਾਸ਼ਨ ਹਾਊਸ 'ਵਾਣੀ ਪ੍ਰਕਾਸ਼ਨ' ਨੇ ਪ੍ਰਕਾਸ਼ਤ ਕੀਤਾ ਹੈ। ਭੂਮਿਕਾ ਵਿੱਚ ਡਾ. ਭੀਮ ਇੰਦਰ ਸਿੰਘ ਨੇ ਗੀਤ ਦੀਆਂ ਕਹਾਣੀਆਂ ਦਾ ਬਹੁਪੱਖੀ ਵਿਸ਼ਲੇਸ਼ਣ ਕੀਤਾ ਹੈ। 'ਦੋ ਸ਼ਬਦ' ਵਿੱਚ ਸੁਰਿੰਦਰ ਗੀਤ ਨੇ ਆਪਣੀ ਕਹਾਣੀ ਦੀ ਸਿਰਜਣਾ ਦੇ ਪਿਛੋਕੜ ਨੂੰ ਬਿਆਨ ਕੀਤਾ ਹੈ। ਫਲੈਪ ਉੱਤੇ ਬਲਬੀਰ ਮਾਧੋਪੁਰੀ ਦੀ ਗੰਭੀਰ ਟਿੱਪਣੀ ਦਿੱਤੀ ਗਈ ਹੈ। ਇਨ੍ਹਾਂ ਕਹਾਣੀਆਂ ਵਿੱਚੋਂ ਹਿੰਦੀ ਦੇ ਪਾਠਕ ਪਰਵਾਸ ਦੇ ਭਿੰਨ-ਭਿੰਨ ਅਨੁਭਵਾ ਨੂੰ ਮਹਿਸੂਸ ਕਰ ਸਕਦੇ ਹਨ। ਸਮਾਜਿਕ ਤੇ ਸਭਿਆਚਾਰਕ ਯਥਾਰਥ ਇਨ੍ਹਾਂ ਕਹਾਣੀਆਂ ਦੇ ਬਿਰਤਾਂਤ ਵਿੱਚ ਕਾਰਜਸ਼ੀਲ ਹੈ। ਹੱਥਲੇ ਸੰਗ੍ਰਹਿ ਵਿੱਚ ਸੁਰਿੰਦਰ ਗੀਤ ਦੀਆਂ-ਤਾਏ ਕੇ-ਚੋਰ ਉਚੱਕੇ ਨਹੀਂ, ਗਰਮ ਪਾਨੀ, ਤੋਹਫ਼ਾ, ਕੈਨੇਡਾ ਦੀ ਟਿਕਟ, ਬੇਟੀ ਦਾ ਕਰਜ਼, ਬਦਲਤੇ ਰਿਸ਼ਤੇ, ਮੈਂ ਅੱਛੀ ਮਾਂ ਹੂੰ, ਬੇਘਰ ਲੋਗ, ਖੇਤ ਕੇ ਕੋਨੇ ਮੇਂ, ਗੁਨਾਹ, ਨਈ ਜੂਤੀ, ਕੁਰਬਾਨੀ, ਕਯਾ ਜ਼ਰੂਰਤ ਥੀ ਪਾਪੜ ਬੇਲਨੇ ਕੀ, ਤੀਨ ਪੀੜ੍ਹੀਆਂ, ਮਾਂ, ਇਕ ਅੰਤ, ਇਕ ਸ਼ੁਰੂਆਤ ਆਦਿ ਕਹਾਣੀਆਂ ਹਿੰਦੀ ਪਾਠਕਾਂ ਨੂੰ ਪੜ੍ਹਨ ਨੂੰ ਮਿਲਣਗੀਆਂ। ਕਿਤਾਬ ਬਹੁਤ ਖ਼ੂਬਸੂਰਤ ਦਿੱਖ ਨਾਲ ਪ੍ਰਕਾਸ਼ਤ ਹੋਈ ਹੈ। ਅਨੁਵਾਦਕ ਸੁਭਾਸ਼ ਨੀਰਵ ਨੇ ਕਹਾਣੀਆਂ ਦਾ ਅਨੁਵਾਦ ਕਰਨ ਲੱਗਿਆ ਕਾਫੀ ਮਿਹਨਤ ਕੀਤੀ ਹੈ। ਉਨ੍ਹਾਂ ਹਿੰਦੀ ਮੁਹਾਵਰਾ ਕਾਇਮ ਰੱਖਿਆ ਹੈ।




'ਤੋਹਫ਼ਾ ਔਰ ਤੋਹਫ਼ਾ' ਮੂਲ : ਸੁਰਿੰਦਰ ਗੀਤ, ਅਨੁਵਾਦ : ਸੁਭਾਸ਼ ਨੀਰਵ, ਸਫ਼ੇ: 179, ਮੁੱਲ : 450ਰੁਪਏ,ਵਾਣੀ ਪ੍ਰਕਾਸ਼ਨ, 4695, 21-ਏ, ਦਰਿਆ ਗੰਜ, ਨਵੀਂ ਦਿੱਲੀ, ਸੰਪਰਕ 91-11-23273167,23275710

## ਰੂਹ ਪੰਜਾਬੀ: ਅਕਤੂਬਰ-ਦਸੰਬਰ, 2025

'ਰੂਹ ਪੰਜਾਬੀ' ਪੰਜਾਬ ਕਲਾ ਮੰਚ ਦਾ ਤ੍ਰੈ-ਮਾਸਿਕ ਰਸਾਲਾ ਹੈ। ਹੱਥਲੇ ਅੰਕ ਵਿੱਚ ਕੁਲਵੰਤ ਔਜਲਾ, ਸੁਖਮਿੰਦਰ ਸੇਖੋਂ, ਡਾ. ਸਰਦੂਲ ਔਜਲਾ, ਸੁਰਿੰਦਰ ਮਕਸੂਦਪੁਰੀ, ਗੁਰਭਜਨ ਲਾਸਾਨੀ, ਸਤਵਿੰਦਰ ਬੇਗੋਵਾਲੀਆ, ਗੁਰਭਜਨ ਗਿੱਲ, ਪ੍ਰਤਾਪ ਪਾਰਸ, ਬਲਵਿੰਦਰ ਪਨੂੰ, ਪਾਲ ਗੁਰਦਾਸਪੁਰੀ, ਭੁਪਿੰਦਰ ਸੰਧੂ, ਰਾਜੇਸ਼ ਬੱਬੀ, ਦਲਬੀਰ ਸਿੰਘ ਸਰੋਆ, ਅਮਿਤ ਕਾਦੀਆਂ, ਸੁਭਾਸ਼ ਦੀਵਾਨਾ ਦੀਆਂ ਕਵਿਤਾਵਾਂ ਤੇ ਗ਼ਜ਼ਲਾਂ ਪ੍ਰਕਾਸ਼ਤ ਕੀਤੀਆਂ ਹਨ। ਕੁਝ ਲੇਖ ਹਨ। ਤਰਸੇਮ ਸਿੰਘ ਭੰਗੂ ਤੇ ਰਾਜਦੇਵ ਕੌਰ ਸਿੱਧੂ ਦੀਆਂ ਕਹਾਣੀਆਂ ਤੇ ਪੰਜਾਬੀ ਕੇਸਰੀ ਲਾਲਾ ਲਾਜਪਤ ਰਾਏ (ਬਲਕਰਨ ਸਿੰਘ ਭਾਗਸਰੀਆ) ਦਾ ਨਾਟਕ ਹੈ। ਸੰਪਾਦਕ : ਪ੍ਰੋ. ਸਤਵਿੰਦਰ ਬੇਗੋਵਾਲੀਆ (98154-65620), ਸਫ਼ੇ : 56, ਮੁੱਲ : 40 ਰੁਪਏ।





ਚਰਨਜੀਤ ਸਮਾਲਸਰ ਨਸਰੀ ਕਾਵਿ ਵੀ ਲਿਖਦਾ ਹੈ, ਤੁਕਬੰਦ ਵੀ। ਜਦੋਂ ਉਹ ਗੱਲ ਕਰਦਾ ਹੈ। ਲੱਗਦਾ ਹੈ, ਜਿਵੇਂ ਆਪਣੀ ਕੋਈ ਕਵਿਤਾ ਸੁਣਾ ਰਿਹਾ ਹੋਵੇ। ਏਨੀ ਰਮ ਚੁੱਕੀ ਹੈ ਕਵਿਤਾ ਉਸ ਦੀ ਅੰਤਰ ਆਤਮਾ ਵਿਚ।ਉਹ ਕਵਿਤਾ ਤੱਕ ਆਪ ਨਹੀਂ ਗਿਆ, ਜੀਵਨ ਦੀ ਕਰੂਰਤਾ ਉਹਦੇ ਸਨਮੁੱਖ ਹੋਈ ਤੇ ਕਵਿਤਾ ਉਸ ਵਿੱਚੋਂ ਝਰਨੇ ਵਾਂਗ ਫੁੱਟ ਕੇ ਕਿਸੇ ਮਿੱਤਰ-ਸਨੇਹੀ ਵਾਂਗ ਦੁੱਖ ਵੰਡਾਉਣ ਲੱਗੀ ਤੇ ਉਹਨੂੰ ਪਤਾ ਹੀ ਨਾ ਲੱਗਿਆ ਉਹ ਕਦੋਂ ਕਵੀ ਬਣ ਗਿਆ।ਬਹੁਤ ਫ਼ਰਕ ਹੁੰਦਾ ਹੈ, ਖ਼ੁਦ ਬਣੇ ਕਵੀ ਵਿਚ ਤੇ ਖ਼ੁਦ ਹੋਏ ਕਵੀ ਵਿਚ । ਉਹ ਮੈਨੂੰ ਜਦ ਵੀ ਮਿਲਿਆ ਹੈ, ਕੰਜਕਾਂ ਵਰਗੀ ਸ਼ਰਮ ਉਸ ਦੀਆਂ ਅੱਖਾਂ ਵਿਚ ਹੁੰਦੀ ਹੈ। ਭਰਿਆ ਭੁਕੰਨਿਆ ਉਹਦਾ ਕਵੀਤਵ ਹਮੇਸ਼ਾ ਅੱਧ ਕੁ ਦਾ ਹੋ ਕੇ ਮਿਲਦਾ ਹੈ। ਉਸ ਦੇ ਇਸੇ ਲਹਿਜੇ ਕਾਰਨ ਮੈਨੂੰ ਦੁਨੀਆਂਦਾਰੀ ਵਿਚ ਵਿਚਰਦਿਆਂ ਤੇ ਸੁੱਕੇ ਪੱਤਿਆਂ ਦੀ ਸਰਸਰਾਹਟ ਸੁਣਦਿਆਂ ਅਕਸਰ ਹੀ ਉਹਦਾ ਚੇਤਾ ਆ ਜਾਂਦਾ ਹੈ।ਉਸ ਦੀ ਕਵਿਤਾ ਵਿਚਲੇ ਰੰਗਾਂ ਵਿਚ ਇਕ ਰੰਗ ਉਸ ਦੀ ਮਾਂ ਦਾ ਵੀ ਹੈ , ਫਿੱਟਿਆ ਜਿਹਾ ਤੇ ਘਸਮੈਲਾ ਜਿਹਾ ਰੰਗ, ਜਿਸ ਵਿਚੋਂ ਅਨੇਕਾਂ ਸਦੀਆਂ ਦੀ ਬਦਨੀਤੀ ਤੇ ਸੁੱਖ ਰਹਿਤ ਜੀਵਨ ਜਿਉਣ ਲਈ ਮਜਬੂਰ ਕਰਦੇ ਵਿਤਕਰੇ ਦੀ ਭਾਹ ਮਾਰਦੀ ਹੈ। ਉਸ ਦੀ ਕਵਿਤਾ ਪੜ੍ਹਦਿਆਂ ਉਸ ਦੀ ਕਵਿਤਾ ਵਿਚਲੀ ਮਾਂ ਪਿੰਡ ਦੇ ਛਿਪਦੇ ਪਾਸੇ ਦੁਖਾਂਤਿਕ ਜੀਵਨ ਭੋਗਦੀਆਂ ਮਾਵਾਂ ਦੇ ਸਮੂਹ ਦਾ ਪ੍ਰਤੀਕ ਬਣ ਜਾਂਦੀ ਹੈ। ਉਸ ਦੀ ਕਵਿਤਾ ਦੇ ਰੰਗ ਦਿਨੋ-ਦਿਨ ਸ਼ੋਖ਼ ਹੋ ਰਹੇ ਹਨ। ਸਮਾਜਿਕ ਚੇਤਨਾ ਉਸ ਦਾ ਕਾਵਿ ਸਫ਼ਰ ਰੁਸ਼ਨਾ ਰਹੀ ਹੈ।ਉਸ ਦੇ ਚੰਗੇਰੇ ਭਵਿੱਖ ਦੀ ਕਾਮਨਾ ਕਰਦਾ ਹੋਇਆ...

**— ਬੂਟਾ ਸਿੰਘ ਚੌਹਾਨ**

# ਚਰਨਜੀਤ ਸਮਾਲਸਰ ਦੀਆਂ ਕਵਿਤਾਵਾਂ

## ਉਹ ਕੌਣ ਹਨ... ?

ਉਹ ਕੌਣ ਹਨ
ਜਿਨ੍ਹਾਂ ਦੀ ਪਿੱਠ ਤੋਂ
ਸਾਰਾ ਦਿਨ
ਦਗਦਾ ਹੋਇਆ ਸੂਰਜ
ਤਿਲਕ ਕੇ
ਆਥਣ ਵੇਲੇ
ਧਸ ਜਾਂਦਾ ਹੈ
ਉਨ੍ਹਾਂ ਦੇ ਹੀ ਸੀਨੇ ਵਿੱਚ...
ਤੇ ਸ਼ਾਮਾਂ ਤੋਂ ਬਾਅਦ
ਠੰਢੀਆਂ ਯਖ਼ ਰਾਤਾਂ
ਉਨ੍ਹਾਂ ਦੇ
ਦਿਮਾਗਾਂ 'ਚ ਲਹਿ ਕੇ
ਕਰ ਦਿੰਦੀਆਂ ਨੇ ਸੁੰਨ
ਉਨ੍ਹਾਂ ਦੀ ਹੋਣੀ ਨੂੰ...
ਕਿ ਜਦੋਂ ਉਨ੍ਹਾਂ ਦੀ ਕਿਰਤ ਦੇ ਖਿਲਾਫ਼
ਗੁਰੂ ਘਰਾਂ ਵਿੱਚੋਂ
ਕਿਰਤ ਦੀ ਲੁੱਟ ਦੀਆਂ
ਹੁੰਦੀਆਂ ਨੇ ਅਨਾਊਂਸਮੈਂਟਾਂ...
ਤੇ ਹੱਕਾਂ ਲਈ
ਬੋਲਣ ਵਾਲੇ ਦੀਆਂ
ਤੋੜ ਦਿੱਤੀਆਂ ਜਾਂਦੀਆਂ ਨੇ
ਲੱਤਾਂ ਅਤੇ ਬਾਹਾਂ
ਤੇ ਗੱਲ੍ਹਾਂ 'ਤੇ ਪਏ ਚਪੇੜਿਆਂ ਦੇ ਨਿਸ਼ਾਨ
ਸਿਰਫ਼ ਦਰਦ ਹੀ ਨਹੀਂ ਕਰਦੇ
ਸਗੋਂ ਭਾਰਤ ਮਹਾਨ ਦੀ
ਗਵਾਹੀ ਵੀ ਭਰਦੇ ਹਨ...

ਕਿ ਏਹੋ ਜਿਹੇ
ਹੱਕ ਮਾਰਨ ਵਾਲੇ ਲੋਕ
ਜਦੋਂ ਐੱਮ.ਐੱਸ.ਪੀ. ਦੇ ਰੇੜਕੇ ਨੂੰ ਲੈ ਕੇ
ਜਾਂ ਫਿਰ ਹੋਰ ਮਸਲਿਆਂ ਨੂੰ ਲੈ ਕੇ
ਕਰਦੇ ਨੇ ਬਾਜ਼ਾਰ ਬੰਦ
ਰੋਕਦੇ ਨੇ
ਰੇਲਾਂ, ਬੱਸਾਂ ਤੇ ਗੱਡੀਆਂ
ਚੌਂਕਾਂ ਸੜਕਾਂ 'ਤੇ
ਵਿਛਾਉਂਦੇ ਨੇ ਦਰੀਆਂ...
ਤਾਂ ਫਿਰ
ਕਿਰਤੀਆਂ ਦੇ ਸੀਨੇ ਵਿੱਚ
ਧਸਿਆ ਹੋਇਆ
ਦਗਦਾ ਸੂਰਜ
ਅੰਗਿਆਰ ਬਣ ਕੇ
ਬਾਹਰ ਕਾਹਤੋਂ ਨਈਂ ਨਿਕਲਦਾ...
ਤੇ ਠੰਢੀਆਂ ਯਖ਼ ਰਾਤਾਂ 'ਚ
ਸੁੰਨ ਹੋਇਆ ਦਿਮਾਗ
ਸੂਰਜ ਦੇ ਗੋਲੇ ਨਾਲ਼ ਵੀ
ਪਿਘਲਦਾ ਕਿਉਂ ਨਹੀਂ...

ਤੇ ਕੌਣ ਹਨ ਏਹ ਲੋਕ
ਜਿਨ੍ਹਾਂ ਦੀਆਂ ਪਿੱਠਾਂ 'ਤੇ
ਦਗਦੇ ਹੋਏ ਸੂਰਜ
ਤੇ ਠੰਢੀਆਂ ਯਖ਼ ਰਾਤਾਂ ਦੇ
ਨਿਸ਼ਾਨ ਅਜੇ ਵੀ ਬਾਕੀ ਹਨ...

## ਰੂਹ ਦਾ ਖੱਬਲ

ਲੈ!
ਫੁੱਟ ਆਈ ਤਿੜ੍ਹ
ਬਿਰਹਾ ਮਾਰੀ
ਬੰਜਰ ਧਰਤੀ 'ਚੋਂ...

ਵੇਖ ਲੈ!
ਏਹ ਤੇਰੀ
ਮੁਹੱਬਤ ਦੀ
ਸੁੱਚੀ ਛੋਹ ਦਾ ਹੀ ਅਸਰ ਹੈ
ਕਿ ਰੂਹ ਦੇ ਖੱਬਲ ਨੂੰ
ਫੁੱਲ ਪੈਣ ਲੱਗੇ ਨੇ...

## ਮਿਲਦੈ ਬੜਾ ਸਕੂਨ...

ਅੱਖੀਆਂ ਥਾਣੀਂ
ਹੰਝੂ ਬਣ ਕੇ
ਮੁੱਖ 'ਤੇ ਆ ਜਾਂਦੈ
ਦਿਲ ਮੇਰੇ ਦਾ ਖ਼ੂਨ
ਕਦੇ-ਕਦੇ
ਆਪਣੀ ਰਚਨਾ
ਆਪੇ ਪੜ੍ਹ ਕੇ
ਮਿਲਦੈ ਬੜਾ ਸਕੂਨ।

## ਤੇਰੀ ਤਲਾਸ਼ ਵਿੱਚ...

ਜਨਮਾਂ ਜਨਮਾਂ ਦੀ
ਔੜ ਤੋਂ ਬਾਅਦ
ਉਮਰਾਂ ਦਾ
ਮਾਰੂਥਲ ਟੱਪ ਕੇ
ਬੇ-ਆਸ ਹੋ ਕੇ
ਡਿੱਗਣ ਲਗਦਾ ਹਾਂ
ਤਾਂ ਤੇਰੀ ਮੁਸਕਰਾਹਟ ਦਾ
ਉਨਾਭੀ ਪੱਤਾ
ਮੇਰੇ ਸਾਹਵੇਂ
ਝੂਲਦਾ ਹੈ
ਤੇ ਮੈਂ
ਤੁਰ ਪੈਂਦਾ ਹਾਂ
ਤੇਰੀ ਤਲਾਸ਼ ਵਿੱਚ...

## ਜੇ ਤੂੰ ਮਿਲ ਜਾਂਦੀ ਮੈਨੂੰ...

ਐ ਮੁਹੱਬਤ!
ਜੇ ਤੂੰ ਮਿਲ ਜਾਂਦੀ ਮੈਨੂੰ
ਤਾਂ ਮੇਰੇ ਲਫ਼ਜ਼
ਚੁਰਾਹੇ ਖੜ੍ਹ
ਕਲਮ ਦੀ ਨੋਕ 'ਤੇ
ਤੜਫਦੇ ਨਾ...
ਤੇ ਮੇਰੀ ਕਲਮ
ਦਿਨ ਰਾਤ
ਬਿਰਹਾ ਦੀ ਅੱਗ 'ਚ
ਸੜਦੀ ਨਾ ...

ਮੇਰੀਆਂ ਕਵਿਤਾਵਾਂ
ਤੇਰੀ ਯਾਦ ਦੀ
ਧੂਣੀ ਦੁਆਲੇ
ਬਹਿੰਦੀਆਂ ਨਾ...

ਐ ਮੁਹੱਬਤ!
ਜੇ ਤੂੰ ਮਿਲ ਜਾਂਦੀ ਮੈਨੂੰ...

## ਅਭਾਗਾ ਬਿਰਖ

ਦੁਨੀਆ ਦੇ
ਜੰਗਲ ਵਿੱਚ
ਤੂੰ ਕਿੰਨੇ ਬਿਰਖ ਟੋਹੇ ਨੇ
ਤੇਰੀ ਧੁੱਪ ਮਾਨਣ ਪਿੱਛੋਂ
ਕਿੰਨੇ ਤੇਰੇ ਹੋਏ ਨੇ
ਆਖਿਰ
ਆਪਣੇ ਪੱਤੇ ਡੇਗ ਕੇ
ਤੀਲਾ-ਤੀਲਾ ਕੇਰ ਕੇ
ਦੇਹੀ ਦੇ ਸੱਕ ਨਿਚੋੜ ਕੇ
ਜੋ ਤੇਰੇ ਲਈ
ਬਣਿਆ ਹੈ ਆਲ੍ਹਣਾ
ਮੈਂ ਓਹੀ
ਅਭਾਗਾ ਬਿਰਖ ਹਾਂ।

## ਕਿੱਥੇ ਮੇਰੇ ਪੁਰਖੇ ?

ਇੱਕ ਦਿਨ
ਚਰਨਜੀਤ ਨੇ ਕਿਹਾ ਸਮਾਲਸਰ ਨੂੰ
ਕਿੱਥੇ ਮੇਰੇ ਪੁਰਖੇ
ਜੋ ਜ਼ਮੀਨਾਂ ਨੂੰ ਸਿੰਜ
ਰਾਹਾਂ ਰੁਸ਼ਨਾਅ ਗਏ
ਫਿਰ ਵੀ ਤੇਰੇ ਹਨੇਰੇ
ਮੇਰੇ ਪੁਰਖਿਆਂ ਨੂੰ ਖਾ ਗਏ।
ਕਿੱਥੇ ਮੇਰੇ ਪੁਰਖੇ?
ਹਾਂ, ਕਿੱਥੇ ਮੇਰੇ ਪੁਰਖੇ ??

ਜੋ ਸੋਕਿਆਂ 'ਚ ਸੜੇ
ਤੇ ਬਾਰਿਸ਼ਾਂ 'ਚ ਡੁੱਬੇ
ਸਿਸਟਮ ਦੀ ਮਾੜੀ
ਦਲਦਲ ਵਿੱਚ ਖੁੱਭੇ
ਵੱਡਿਆਂ ਨੂੰ ਵੇਖ
ਪੈਰ ਜਿਨ੍ਹਾਂ ਦੇ ਪਥਰਾਅ ਗਏ
ਕਿੱਥੇ ਮੇਰੇ ਪਰਖੇ?
ਹਾਂ, ਕਿੱਥੇ ਮੇਰੇ ਪੁਰਖੇ ??

ਸੱਪਾਂ ਦੀਆਂ ਜੀਭਾਂ ਵਾਲੇ
ਲੋਕ ਰਹੇ ਡੰਗ ਦੇ
ਪੋਤੜੇ ਵੀ ਜੁੜੇ ਨਾ
ਜਿਨ੍ਹਾਂ ਨੂੰ ਕਦੇ ਢੰਗ ਦੇ
ਜਿਨ੍ਹਾਂ ਦੀਆਂ ਜੀਭਾਂ ਤਾਈਂ
ਚੁੱਪ ਦੇ ਠੂਹੇਂ ਖਾ ਗਏ
ਕਿੱਥੇ ਮੇਰੇ ਪੁਰਖੇ?
ਹਾਂ, ਕਿੱਥੇ ਮੇਰੇ ਪੁਰਖੇ ??

ਗੁਰਦੁਆਰੇ, ਮੰਦਰ
ਜਿਨ੍ਹਾਂ ਮਸਜਿਦਾਂ ਉਸਾਰੀਆਂ
ਨੀਂਹ ਪੱਥਰਾਂ ਵਾਲੇ ਨਾਵਾਂ ਨਾਲ਼
ਨਾ ਪਈਆਂ ਜਿਨ੍ਹਾਂ ਦੀਆਂ ਯਾਰੀਆਂ
ਨਿਸ਼ਾਨ ਸਾਹਿਬ ਦੀ ਛਾਵੇਂ
ਜੋ ਖੜ੍ਹੇ ਕੁਮਲਾਅ ਗਏ
ਕਿੱਥੇ ਮੇਰੇ ਪੁਰਖੇ?
ਹਾਂ, ਕਿੱਥੇ ਮੇਰੇ ਪੁਰਖੇ ??

ਦੱਬੇ ਹੋਏ ਤਣੇ ਵਾਂਗ
ਜੋ ਟਾਹਣੀ ਹੋਣਾ ਲੋਚਦੇ
ਸਾਡਾ ਵੀ ਕੁਈ ਬਿਰਖ ਹੋਵੇ
ਰਹਿੰਦੇ ਸਦਾ ਸੋਚਦੇ
ਕਿੰਨੇ ਹੀ ਸਾਉਣ ਓਹ
ਉਡੀਕਾਂ 'ਚ ਲੰਘਾ ਗਏ
ਕਿੱਥੇ ਮੇਰੇ ਪੁਰਖੇ?
ਹਾਂ, ਕਿੱਥੇ ਮੇਰੇ ਪੁਰਖੇ ??

ਵੱਖ-ਵੱਖ ਨਾਵਾਂ ਨਾਲ
ਜਿਨ੍ਹਾਂ ਨੂੰ ਪੁਕਾਰਿਆ
ਡੁੱਬਦੇ ਹੋਏ ਦੇਸ਼ ਦਾ
ਜਿਨ੍ਹਾਂ ਨੇ ਬੇੜਾ ਤਾਰਿਆ
ਮੁੱਖ ਧਾਰਾ ਦੇ ਓਹ ਬੰਦੇ
ਕਿਵੇਂ ਹਾਸ਼ੀਏ 'ਤੇ ਆ ਗਏ
ਕਿੱਥੇ ਮੇਰੇ ਪੁਰਖੇ?
ਹਾਂ, ਕਿੱਥੇ ਮੇਰੇ ਪੁਰਖੇ ??

**ਸੰਪਰਕ-98144-00878**

ਸਫ਼ਾ 3 ਦੀ ਬਾਕੀ

## ਦਲਿਤ ਵੇਦਨਾ ਦਾ ਨਾਟ-ਦ੍ਰਿਸ਼ ...

(9)

ਦਲਿਤ ਜ਼ਿੰਦਗੀ ਦੀ ਪੜਚੋਲ ਕਰਦਿਆਂ ਦਰਸ਼ਨ, ਇਤਿਹਾਸ- ਮਿਥਿਹਾਸ ਨੂੰ ਰੂਪਾਂਤਰਤ ਕੀਤਾ ਜਾਂਦਾ ਹੈ।ਮੁੜ ਵਾਚਨ ਪ੍ਰਕਿਰਿਆ ਵਿਚ ਉਨ੍ਹਾਂ ਦੀ ਬੇਚੈਨੀ, ਪ੍ਰਤੀਰੋਧ, ਪਛਾਣ ਦੀ ਤਲਾਸ਼ ਨਾਲ ਜੂਝਦੇ ਸਰੋਕਾਰ ਆਪ ਮੁਹਾਰੇ ਰੂਪਮਾਨ ਹੋਣ ਲੱਗਦੇ ਨੇ। ਰਮਾਇਣ, ਮਹਾਂਭਾਰਤ, ਜਾਤਕ ਕਥਾਵਾਂ, ਕਰਣ, ਏਕਲਵਯ, ਸੰਭੂਕ, ਸੀਤਾ ਆਦਿ ਪਾਤਰ ਵਿਸ਼ਿਆਂ ਨੂੰ ਘੁੰਮਾਉਂਦੇ ਹਨ।'ਲੱਛੂ ਕਬਾੜੀਆ' ਨਾਟਕ ਵਿਚ ਗੁਰੂ ਨਾਨਕ ਸਾਹਿਬ, ਗੁਰੂ ਰਵਿਦਾਸ ਮਹਾਰਾਜ ਅਤੇ ਪੰਜ ਪਿਆਰਿਆਂ ਦੇ ਯੋਗਦਾਨ ਨੂੰ ਸਮਕਾਲੀ ਪ੍ਰਸਥਿਤੀਆਂ ਨਾਲ਼ ਅੰਤਰ ਸੰਬੰਧਤ ਕਰਦੇ ਹੋਏ 'ਮਾਫੀਨਾਮਾ' ਪ੍ਰਗਟਾਇਆ ਗਿਆ ਹੈ। ਬਾਬੇ ਵੱਲੋਂ ਸੰਗਰਾਂਦ ਵਾਲੇ ਦਿਨ ਲੱਛੂ ਦੀ ਬੀਬੀ ਨੂੰ ਪਰਸਾਦ ਦੇਣ ਵੇਲੇ ਕੀਤਾ ਜਾਣ ਵਾਲਾ ਵਿਤਕਰਾ ਸਿਰ ਚਕਰਾਉਣ ਲਾਉਂਦਾ ਹੈ।

(10)

ਇਹ ਨਾਟਕ ਪੜ੍ਹਦਿਆਂ ਗੁਰਸ਼ਰਨ ਸਿੰਘ ਯਾਦ ਆਉਂਦੈ, ਜਿਸ ਨੇ 'ਕੰਮੀਆਂ ਦੇ ਵਿਹੜੇ' ਨੂੰ ਜਾਗ੍ਰਿਤ ਕੀਤਾ।ਰਾਜਸੀ ਨੇਤਾਵਾਂ ਨੂੰ ਸਿੱਧੇ ਨਾਂਅ ਨਾਲ ਮੰਚ ਦਾ ਅੰਗ ਬਣਾਉਂਦੇ ਹੋਏ ਤਤਕਾਲੀ, ਸਮਕਾਲੀ ਮਸਲੇ ਉਠਾਏ।ਨੁੱਕੜ ਨਾਟਕ, ਪੇਂਡੂ ਰੰਗਮੰਚ ਨੂੰ ਵਿਕਸਤ ਕੀਤਾ।ਡਾ. ਸਾਹਿਬ ਸਿੰਘ ਵੀ ਗੁਰਸ਼ਰਨ ਸਿੰਘ ਦੀ ਮੰਚ-ਟੋਲੀ ਦਾ ਅਦਾਕਾਰ ਹੈ।ਅਸਰ ਤਾਂ ਹੋਣਾ ਹੀ ਹੋਇਆ। ਪੰਜਾਬੀ ਨਾਟਕ ਨੂੰ ਪਿੰਡ ਤੋਂ ਵਿਦੇਸ਼ਾਂ ਤੱਕ ਲਿਜਾ ਰਿਹਾ ਹੈ। ਨਾਟਕਕਾਰ, ਨਿਰਦੇਸ਼ਕ ਅਤੇ ਅਦਾਕਾਰ ਬਣ। ਇਸ ਨਾਟਕ ਵਿਚਲੀ 'ਕੁਰਸੀ' ਅਤੇ 'ਬਾਊ' ਦੀ 'ਪੁਜ਼ੀਸ਼ਨ' ਨੂੰ ਹਿਲਾਉਣ ਵਾਲੀ ਗੱਲ ਵੀ : ਗੁਰਸ਼ਰਨ ਭਾਅ ਤੋਂ ਪ੍ਰਭਾਵਿਤ ਜਾਪਦੀ ਹੈ।

(11)

'ਲੱਛੂ ਕਬਾੜੀਆ' ਇਕ ਪਾਤਰੀ ਨਾਟਕ ਨਾਲੋਂ ਬਹੁ-ਪਾਤਰੀ ਕਿਰਦਾਰਾਂ ਦਾ ਇਕ-ਪੁਰਖਾ ਅਦਾਕਾਰ ਵਾਲਾ ਨਾਟਕ ਹੈ। ਲੱਛੂ, ਬਾਪੂ, ਬੀਬੀ, ਪੁੱਤ, ਉਸ ਦੀ ਮਹਿਬੂਬ ਅਤੇ ਲੋਟੂ ਟੋਲੇ ਨੂੰ 'ਸਾਹਿਬ ਸਿੰਘ', ਸਾਧਾਰਨ ਪਹਿਰਾਵੇ 'ਚ ਪੇਸ਼ ਕਰ ਜਾਂਦਾ ਹੈ। ਕਬਾੜੀਏ ਦੇ ਤੌਰ 'ਤੇ ।ਬੋਰੀ-ਵਸਤਾਂ ਸਣੇ।ਸਾਧੂ ਸਿੰਘ ਅਦਾਕਾਰੀ-ਤਾਰੀਫ਼ 'ਚ ਲਿਖਦਾ ਹੈ: 'ਆਪਣੇ ਚਿਹਰੇ ਦੇ ਪਲ ਪਲ ਬਦਲਦੇ ਰੰਗਾਂ, ਤੇਜ਼ ਗਤੀ ਨਾਲ ਬਦਲਦੀਆਂ ਹੱਥਾਂ ਦੀਆਂ ਮੁਦ੍ਰਾਵਾਂ, ਤਰਲਤਾ ਨਾਲ਼ ਤਬਦੀਲ ਹੁੰਦੇ ਨਜ਼ਰ ਦੇ ਹਾਵ-ਭਾਵ, ਆਵਾਜ਼ ਦੇ ਉਤਰਾਅ-ਚੜ੍ਹਾਅ, ਵੰਨ-ਸੁਵੰਨੀਆਂ ਹਰਕਤਾਂ ਦੇ ਤਾਲ-ਮੇਲ ਨਾਲ਼ ਵੱਖ-ਵੱਖ ਪਾਤਰਾਂ ਦੀਆਂ ਸਥਿਤੀਆਂ ਤੇ ਮਾਨਸਿਕ ਰੌਆਂ ਨੂੰ ਸਜਿੰਦ ਸਚਿੱਤਰਤਾ ਪ੍ਰਦਾਨ ਕਰਕੇ ਹਥੇਲੀ 'ਤੇ ਸਰ੍ਹੋਂ ਜਮਾਉਣ ਵਾਲੇ ਵਾਹੋ-ਦਾਹੀ ਨਾਲ਼ ਚਮਤਕਾਰ ਕਰਦਾ ਚਲਿਆ ਜਾਂਦਾ ਹੈ। ਪਾਤਰ ਸਮੂਹ ਦੇ ਸਭਨਾਂ ਅਮਲਾਂ ਨੂੰ ਇੱਕੋ ਅਭਿਨੇਤਾ ਅਵਿਰਲ ਨਿਰੰਤਰਤਾ, ਸਹਿਜ ਤੇ ਤਰਲ ਗਤੀ ਵਾਲੀ ਇਕਾਗਰਤਾ ਨਾਲ ਨਿਭਾਅ ਜਾਵੇ-ਇਹਨੂੰ ਕਿਸੇ ਮੰਝੇ ਹੋਏ ਸਿੱਧ-ਹਸਤ ਕਲਾਕਾਰ ਦਾ ਕ੍ਰਿਸ਼ਮਈ ਹੱਦਾਂ ਨੂੰ ਛੂਹਣ ਵਾਲਾ ਕਰਮ ਨਾ ਕਹੀਏ ਤਾਂ ਹੋਰ ਕੀ ਕਿਹਾ ਜਾ ਸਕਦਾ ਹੈ।' (ਸਫ਼ਾ/08) ਵਿਚਾਰਕ ਦਾ ਇਹ ਵੀ ਮੰਨਣਾ ਹੈ ਕਿ ਕੈਨੇਡਾ ਵਰਗੇ ਮੁਲਕ ਵਿਚ ਇਸ ਨੂੰ ਯਥਾਰਥਕ ਢੰਗ ਨਾਲ ਪੇਸ਼ ਕਰਦੇ ਹੋਏ ਅਦਾਕਾਰਾਂ ਦੀ ਭਾਲ, ਸਹਿਯੋਗ, ਮੰਚ-ਸਮੱਗਰੀ ਆਦਿ ਦੀ ਸੰਗਠਨਕਾਰੀ ਦੁਰਗਮ ਕਾਰਜ ਹੋਣਾ ਸੀ। ਉਹ ਹਰ ਮੰਚ ਮੁਸ਼ਕਿਲ ਨੂੰ ਸਰ ਕਰਦਾ ਹੈ।

(12)

ਨਾਟ-ਵਿਧਾ, ਹੋਰ ਵਿਧਾਵਾਂ ਤੋਂ ਭਿੰਨ ਹੈ। ਭਿੰਨਤਾ ਦਾ ਵੱਡਾ ਕਾਰਣ : ਲਿਖ਼ਤ ਅਤੇ ਮੰਚ ਦੀ ਗਹਿਰੀ ਸਾਂਝ, ਪਰ ਬੀਤੇ ਵਰ੍ਹਿਆਂ ਤੋਂ 'ਮੰਚਮੁੱਖ' ਪੱਖ ਨੇ ਚੋਖੀ ਥਾਂ ਲੈਣੀ ਸ਼ੁਰੂ ਕਰ ਦਿੱਤੀ ਹੈ।'ਮੰਚ-ਪ੍ਰਭਾਵ' ਲਈ 'ਇਕਲੌਤੇ ਅਭਿਨੇਤਾ' ਨਜ਼ਰ ਆਉਣ ਲੱਗੇ ਨੇ।ਡਾ. ਸਾਹਿਬ ਸਿੰਘ, ਡਾ. ਸੋਮਪਾਲ ਹੀਰਾ, ਰਾਣਾ ਰਣਬੀਰ, ਅਨੀਤਾ ਸ਼ਬਦੀਸ਼ ਆਦਿ ਚੰਗਾ ਨਾਮਣਾ ਖੱਟ ਰਹੇ ਹਨ। ਸੋਮਪਾਲ ਹੀਰਾ ਨੇ ਤਾਂ ਕੁਲਦੀਪ ਦੀਪ ਦੇ ਨਾਟਕ 'ਛੱਲਾ' ਨੂੰ ਦੁਬਾਰਾ 'ਇਕ ਅਦਾਕਾਰ' ਵਿਚ ਬਦਲਣ ਦਾ ਅਭਿਆਸ ਕੀਤਾ ਹੈ । ਹਵਾਲੇ ਹੋਰ ਵੀ ਹੋ ਸਕਦੇ ਨੇ। ਅਦਾਕਾਰ ਦਾ 'ਅਦਾ-ਹੁਨਰ'; ਲਿਖ਼ਤ ਨਾਲ 'ਰਚ-ਮਿਚ' ਵੀ ਜਾਂਦਾ ਹੈ ਅਤੇ 'ਨਿੱਜਤਾ' ਭਾਰੂ ਹੋਣ ਦੀ ਸੰਭਾਵਨਾ ਵੀ ਬਣੀ ਰਹਿੰਦੀ ਹੈ। ਦੂਸਰੇ ਪਾਸੇ ਰੰਗਮੰਚੀ ਸੰਸਥਾਵਾਂ, ਨਾਟ-ਗਰੁੱਪ ਅਤੇ ਅਦਾਕਾਰਾਂ ਦੀ ਸਮੂਹਿਕ ਮੰਚ-ਯੋਗਤਾ ਨੂੰ ਚੁਣੌਤੀ ਬਣਨ ਲੱਗੀ ਹੈ। ਵਸੀਲਿਆਂ ਦੀ ਘਾਟ 'ਅਦਾਕਾਰ ਅਤੇ ਪ੍ਰਯੋਜਕਾਂ' ਨੂੰ ਤਾਂ ਸੰਤੁਸ਼ਟ ਕਰ ਸਕਦੀ ਹੈ, ਪਰ 'ਹੁਨਰਮੰਦ ਅਦਾਕਾਰਾਂ' ਦੇ ਮੰਚ ਤੋਂ ਵਾਂਝੇ ਰਹਿਣ ਦੀ ਸੰਭਾਵਨਾ ਤੋਂ ਮੁਨਕਰ ਹੋਣਾ ਔਖੈ। ਨਵੇਂ ਸਮਿਆਂ ਨੇ ਨਵੀਨ-ਸਮੀਕਰਣ ਬਣਾਉਣੇ ਹੁੰਦੇ ਨੇ; 'ਲੱਛੂ ਕਬਾੜੀਆ' ਦੇ ਨਾਟਕੀ-ਪਾਠ 'ਚ ਗੁੰਜਾਇਸ਼ ਹੈ, ਜਿਸ ਤਹਿਤ ਇਕ ਤੋਂ ਵਧੀਕ ਅਦਾਕਾਰਾਂ ਨੂੰ ਮੰਚ 'ਤੇ ਲਿਆਂਦਾ ਜਾ ਸਕਦਾ ਹੈ।

(13)

ਦਲਿਤ ਸਾਹਿਤ ਦੇ ਸੁਹਜ-ਸ਼ਾਸਤਰੀ ਨਿਯਮ 'ਲੇਖਕ-ਲਿਖਤਾਂ' ਨੂੰ ਜਾਤੀਗਤ ਪੀੜ, ਦਰਦ, ਅਨੁਭਵ, ਤਜਰਬਿਆਂ ਨਾਲ ਜੋੜਨ ਦੀ ਤਰਜੀਹ ਦਿੰਦੇ ਨੇ। 'ਸਵੈ-ਜੀਵਨੀ' ਵਿਧਾ ਨੂੰ ਪ੍ਰੋਤਸ਼ਾਹਿਤ ਕਰਦੇ ਨੇ।ਅੱਡਰਾ ਕਾਵਿਕ-ਮੁਹਾਵਰਾ ਸਿਰਜਦੇ ਨੇ। ਨਿਯਮਾਂਵਲੀ ਦੇ ਕਈ ਸੂਤਰ ਨੇ।ਇਹ ਨਾਟਕ ਸੂਤਰਾਂ ਨੂੰ 'ਫਰੋਲਣ' ਦੀ ਵਕਾਲਤ ਕਰਦਾ ਹੈ। ਸ਼ਾਇਦ ਇਸ ਕਰਕੇ ਹੀ ਡਾ. ਹਰਪ੍ਰੀਤ ਸਿੰਘ ਵੱਲੋਂ ਓਮ ਪ੍ਰਕਾਸ਼ ਵਾਲਮੀਕੀ ਦੀ ਲਿਖ਼ਤ ਦੇ ਪੰਜਾਬੀ ਰੂਪ 'ਦਲਿਤ ਸਾਹਿਤ ਦਾ ਸੁਹਜ- ਸ਼ਾਸਤਰ' ਨੂੰ ਘੋਖਣ ਦਾ ਮੌਕਾ ਮਿਲਿਆ। ਹਰਪ੍ਰੀਤ ਪ੍ਰਪੱਕ ਅਨੁਵਾਦਕ ਹੈ, ਜੋ ਚੁਨਿੰਦਾ ਰਚਨਾਵਾਂ ਦੀ ਭਾਲ ਕਰਕੇ ਸੰਵਾਦ ਤੋਰਦਾ ਹੈ।ਅਨੁਵਾਦਤ ਕਿਤਾਬ ਦੇ ਸੂਤਰਾਂ ਨੂੰ 'ਲੱਛੂ ਕਬਾੜੀਆ' ਨਾਟਕ ਨਾਲ ਮੇਲ ਕੇ ਨਵੀਂ ਦਿਸ਼ਾ ਦਿੱਤੀ ਜਾ ਸਕਦੀ ਹੈ।ਨਾਟਕ ਦੇ ਅੰਤ 'ਤੇ ਲਛਮਣ ਸਿੰਘ ਦੀ ਡਰਿਬਲਿੰਗ, ਬਖ਼ਤਾਵਰ ਸਿੰਘ ਦਾ ਸਾਥ, ਸੰਮਾਂ ਵਾਲੀ ਡਾਂਗ ਆਦਿ ਦੀ ਜੁਗਤ ਵਿਚ 'ਸੰਵਾਦ ਦੀਆਂ ਪਰਤਾਂ' ਪਈਆਂ ਨੇ। ਲੱਛੂ ਦਾ ਬਖ਼ਤਾਵਰ ਵੱਲ ਝੁਕਾਅ, ਸਾਥ ਜਾਂ ਫਿਰ ਵਿਦਰੋਹ ਹੋਣਾ ਚਾਹੀਦਾ ਹੈ! ਅਜਿਹੇ ਸਵਾਲ-ਸੰਵਾਦ ਖੋਲ੍ਹਣ ਲਈ 'ਖੁੱਲ੍ਹੇ ਦਿਮਾਗ' ਹੋਣੇ ਲਾਜ਼ਮੀ ਹਨ।

ਨਾਟਕ ਉਨ੍ਹਾਂ ਗ਼ਲਤ ਸਥਾਪਨਾਵਾਂ ਦੀ ਢੁਕਵੀਂ ਵਿਆਖਿਆ ਕਰਨ ਵੱਲ ਰੁਚਿਤ ਹੈ, ਜੋ ਮਨੁੱਖ-ਵਿਰੋਧੀ ਹਨ।ਸਮਾਜ ਦੀ ਬਿਹਤਰੀ ਲਈ 'ਫ਼ਿਕਰਮੰਦੀ' ਸਾਂਝੀ ਹੈ; 'ਸੰਘਰਸ਼' ਸਾਂਝਾ ਹੈ; ਅਤੇ ਨਾਟਕ ਵਿਚਲੇ ਲਛਮਣ ਸਿੰਘ ਉਰਫ਼ 'ਲੱਛੂ ਕਬਾੜੀਆ' ਦਾ ਸੰਘਰਸ਼ ਜਾਰੀ ਹੈ। ਸੰਘਰਸ਼ ਜ਼ਿੰਦਗੀ ਨੂੰ ਨਿਖਾਰਦਾ ਹੈ, ਸੰਵਾਰਦਾ ਹੈ।ਡਾ. ਸਾਹਿਬ ਸਿੰਘ ਵੀ ਨਾਟ-ਕਲਾ ਨਾਲ਼ ਸਮਾਜ-ਸੰਵਾਰਨ ਦੀ ਉਮੀਦ ਰੱਖਦਾ ਹੈ। ਮੁਬਾਰਕਬਾਦ ਕਲਮ! ਅਤੇ ਰੰਗਕਰਮੀ ਨੂੰ।

**ਮੋਬਾ. 85281-00088**

ਸਫ਼ਾ 1 ਦੀ ਬਾਕੀ

## ਭਾਈ ਬਾਲਾ ਤੇ ਬਾਲੇ ਵਾਲੀ ਜਨਮ...

ਅਤੇ ਮਰਦਾਨੇ ਦਾ ਮੁਹਾਂਦਰਾ ਤੇ ਚਿੱਤਰਾਂ ਦਾ ਸੰਯੋਜਨ ਪੰਜ ਬੀ-੪੦ ਦੇ ਆਲਮ ਚੰਦ ਦੇ ਚਿੱਤਰਾਂ ਨਾਲ ਮੇਲ ਖਾਂਦਾ ਹੈ। ਚਿੱਤਰਾਂ ਵਿੱਚ ਪਾਤਰ ਵੀ ਕੋਈ ਜ਼ਿਆਦਾ ਨਹੀਂ। ਇਕ ਹੋਰ ਗੱਲ, ਬਾਲੇ ਦੀ ਜਨਮ ਸਾਖੀ ਦੇ ਲੋਕਪ੍ਰਿਯ ਹੋਣ ਦਾ ਕਾਰਨ ਖਰਚਿਆ ਗਿਆ ਢੇਰ ਸਾਰਾ ਸਰਮਾਇਆ ਸੀ, ਜੋ ਹੰਦਾਲੀ ਭਰਾਵਾਂ ਕੋਲ ਕਾਫੀ ਸੀ। ਇਸ ਸਰਮਾਏ ਨਾਲ ਉਨ੍ਹਾਂ ਨੇ ਜਨਮ ਸਾਖੀਆਂ ਦੇ ਸਚਿੱਤਰ ਉਤਾਰੇ ਕਰਵਾ ਕੇ ਮਹੱਤਵਪੂਰਨ ਡੇਰਿਆਂ, ਗੁਰਦੁਆਰਾ ਸਾਹਿਬਾਨ ਅਤੇ ਪ੍ਰਮੁੱਖ ਸਿੱਖ ਸ਼ਖ਼ਸੀਅਤਾਂ ਨੂੰ ਭੇਟਾ ਰਹਿਤ ਭੇਜੇ। ਸੈਂਕੜੇ ਉਤਾਰੇ ਮੁਫਤ ਵੰਡੇ ਜਾਣ ਕਰਕੇ ਪੂਰੇ ਸਿੱਖ ਜਗਤ ਵਿੱਚ ਬਾਲੇ ਵਾਲੀ ਜਨਮ ਸਾਖੀ ਦਾ ਹੀ ਬੋਲਬਾਲਾ ਹੋ ਗਿਆ ਕਿਉਂਕਿ ਮੀਣੇ, ਸੀਹਾਂ, ਸੈਦੋ, ਪਾਂਧਾ ਬੂਲਾ ਇਨ੍ਹਾਂ ਵਾਂਗ ਬੇਇੰਤਹਾ ਪੈਸਾ ਖਰਚ ਕਰਕੇ ਜਨਮ ਸਾਖੀ ਦੇ ਸਚਿੱਤਰ ਉਤਾਰੇ ਵੱਡੀ ਗਿਣਤੀ ਵਿੱਚ ਮੁਫਤ ਨਹੀਂ ਵੰਡ ਸਕੇ ਸਨ। ਇਹੋ ਮੁੱਖ ਕਾਰਨ ਹੈ ਕਿ ਦੂਜੀਆਂ ਜਨਮ ਸਾਖੀਆਂ ਦੀ ਪੁੱਛ-ਪੜਤਾਲ ਘਟ ਗਈ ਤੇ ਕਈ ਵਰ੍ਹੇ ਬਾਲੇ ਵਾਲੀ ਜਨਮ ਸਾਖੀ ਦੀ ਹੀ ਕਥਾ ਗੁਰਦੁਆਰਿਆਂ ਵਿੱਚ ਹੁੰਦੀ ਰਹੀ। ਜਗ੍ਹਾ-ਜਗ੍ਹਾ ਕਥਾ ਹੋਣ ਕਰਕੇ ਬਾਲਾ ਲੋਕ ਮਨਾਂ ਵਿੱਚ ਘਰ ਕਰ ਗਿਆ ਤੇ ਰੂੜ੍ਹ ਹੋ ਗਿਆ। ਸ਼ਰਧਾਵਾਨ ਸਿੱਖ ਇਸ ਸਾਖੀ ਨੂੰ ਸੱਚ ਮੰਨ ਲੈਣ, ਇਸ ਕਰਕੇ ਗੋਰਖ ਦਾਸ ਨੇ ਗੁਰ ਅੰਗਦ ਦੇਵ ਜੀ ਦੀ ਹਜ਼ੂਰੀ ਦਰਸਾ ਦਿੱਤੀ। ਗੁਰੂ ਦੀ ਹਜ਼ੂਰੀ ਨੂੰ ਜਨ ਸਧਾਰਨ/ਆਮ ਸ਼ਰਧਾਲੂ ਨੇ ਸਿਰ ਮੱਥੇ ਮੰਨਦਿਆਂ ਸਭ ਸੱਚ ਪ੍ਰਵਾਨ ਕਰ ਲਿਆ। ਮੁਖਾਸਤਿ ਹੋ ਕੇ ਪੈੜੇ ਨੂੰ ਜਨਮ ਸਾਖੀ ਲਿਖਵਾਉਣਾ ਵੀ ਗੋਰਖ ਦਾਸ ਦੀ ਚਤੁਰਾਈ ਸੀ ਕਿਉਂਕਿ ਇਸ ਤੋਂ ਪਹਿਲੀਆਂ ਸਾਖੀਆਂ ਵਿੱਚ ਕੋਈ ਵੀ ਮੁਖਾਸਤਿ ਹੋ ਕੇ ਲਿਖਾਉਣ ਵਾਲੇ ਦਾ ਨਾਂਅ ਜਾਂ ਹਾਜ਼ਰੀ ਨਹੀਂ ਸੀ। ਇਹੋ ਹੀ ਇਸ ਸਾਖੀ ਦੇ ਮਕਬੂਲ ਹੋਣ ਦੇ ਵੱਡੇ ਕਾਰਨ ਹਨ। ਗੋਰਖ ਦਾਸ ਨੇ ਕਾਤਿਬ ਹੁੰਦਿਆਂ ਇਸ ਧੰਦੇ ਵਿੱਚ ਚੋਖੀ ਕਮਾਈ ਕੀਤੀ ਤੇ ਜਾਗੀਰਾਂ ਪਾਈਆਂ, ਜਿਵੇਂ ਕਿ ਸਾਖੀ ਦੇ ਆਖੀਰ ਵਿੱਚ ਉਸ ਨੇ ਆਪ ਲਿਖਤੀ ਇੰਕਸ਼ਾਫ ਕੀਤਾ ਹੈ। ਪੰਜ ਦਹਾਕੇ ਬਾਅਦ ਆਤਮਾ ਸਿੰਘ ਸੂਦ ਨਾਮੀ ਇਕ ਲਿਖਾਰੀ ਵੱਲੋਂ ਲਈ ਗਈ ਭਾਰੀ ਭਰਕਮ ਭੇਟਾ ਦਾ ਜ਼ਿਕਰ ਲਿਖਾਰੀ ਆਪ ਸਾਖੀ ਦੇ ਅੰਤ ਵਿੱਚ ਇੰਝ ਕਰਦਾ ਹੈ:-

"ਜਨਮ ਪਤ੍ਰੀ ਬਾਬੇ ਨਾਨਕ ਕੀ ਸੰਪੂਰਨ ਹੋਈ॥ ਵੀਰਵਾਰ ਪਹਿਰ ਦਿਨ ਚੜ੍ਹੇ॥

ਸੰਮਤ ੧੭੭੦ ਦੇ ਬੀਤੇ ਹੋਇ ਮੁਕੀ॥ ਲਿਖਵਾਈ ਸੰਗਤ ਸਿੰਘ ਸੂਦ॥

ਲਿਖੀ ਆਤਮਾ ਸਿੰਘ ਸੂਦ॥ ਕੀਰਤਨੀਏ॥ ਵਿਚ ਰੜੇ ਲਾਹੌਰ ਦੇ॥

ਅਗੇ ਲਾਗਤ ਪੋਥੀ ਲਿਖੀ ੩੩੦ ਰੁਪਏ॥"

ਲਿਖਾਰੀ ਦੇ ਨਾਂਅ ਤੋਂ ਪਤਾ ਲੱਗਦਾ ਹੈ ਕਿ ਇਹ ਉਜਰਤ ਮੂਲ ਪੋਥੀ ਲਿਖਣ ਦੀ ਨਹੀਂ ਬਲਕਿ ਉਤਾਰੇ ਦੀ ਹੈ, ਮੂਲ ਪੋਥੀ ਲਿਖੇ ਜਾਣ ਦੀ ਉਜਰਤ ਜ਼ਿਆਦਾ ਹੋਵੇਗੀ ਅਤੇ ਪ੍ਰਤੀ ਚਿੱਤਰ ਬਣਾਏ ਜਾਣ ਦਾ ਚਿੱਤਰਕਾਰ ਦਾ ਖਰਚਾ ਅਲਹਿਦਾ ਹੋਵੇਗਾ। ਇਹ ਖਰਚਾ ਤਾਂ ਕੇਵਲ ਇਕ ਪੋਥੀ ਦਾ ਹੈ। ਇਕ ਅੰਦਾਜ਼ੇ ਮੁਤਾਬਿਕ ਸੌ ਤੋਂ ਵੱਧ ਉਤਾਰੇ ਕਰਵਾਏ ਗਏ ਹੋਣਗੇ। ਇੱਥੋਂ ਪਤਾ ਲੱਗਦਾ ਹੈ ਕਿ ਹੰਦਾਲੀ ਭਰਾਵਾਂ ਨੇ ਆਪਣੇ ਮਨਸੂਬੇ ਦੀ ਸਫਲਤਾ ਲਈ ਕਿੰਨਾ ਖੁੱਲ੍ਹਾ ਖਰਚਾ ਕੀਤਾ ਸੀ। ਸਾਖੀ ਦੀ ਸੰਪੂਰਨਤਾ ਤੋਂ ਬਾਅਦ ਗੋਰਖ ਦਾਸ ਲਿਖਤੀ ਰੂਪ ਵਿੱਚ ਖ਼ੁਦ ਕਬੂਲਦਾ ਹੈ ਕਿ ਉਸ ਨੂੰ ਹੰਦਾਲੀਆਂ ਦੇ ਕੰਮ ਆ ਜਾਣ ਦੀ ਸੂਰਤ ਵਿੱਚ ਚੰਗੀ ਰਕਮ ਨਾਲ ਨਿਵਾਜਿਆ ਵੀ ਗਿਆ:- ਪ੍ਰਾਨ ਪਤੀ ਚਿਤ ਜਾ ਮਨਿ ਦੀਆ ਤੁਰਤ ਬਰਾਤਿ ਲਿਖਾਇ॥

ਭਗਤਿ ਹਲੂਫਾ ਨਾਮ ਖਜਾਨਾ ਖਾਸ ਜਗੀਰੀ ਪਾਈ॥

ਹਾਸਲ ਬਹੁਤ ਖਰਚ ਕਛੁ ਨਾਹੀ ਕਰੇ ਤਗੀਰ ਨ ਕੋਈ॥

ਨਾਨਕ ਐਸੀ ਉਮ ਦੀ ਖਿਜਮਤਿ ਬਿਨਾ ਭਾਗ ਕਿਉ ਹੋਈ॥

ਅਰਥਾਤ ਉਸ ਨੂੰ ਉਸ ਦੇ ਗੁਰੂ (ਬਿਧੀ ਚੰਦ) ਨੇ ਤੁਰੰਤ ਬਰਾਤਿ ਲਿਖ ਕੇ ਉਜਰਤ ਦੇ ਦਿੱਤੀ। ਬਰਾਤਿ (ਯਾਨਿ ਅੱਜ ਦੇ ਬੈਂਕ ਦੇ ਚੈੱਕ ਵਰਗੀ ਲਿਖਤ) ਜਿਸ ਨੂੰ ਸਰਕਾਰੀ ਖਜ਼ਾਨੇ ਵਿੱਚ ਦੇ ਕੇ ਰਕਮ ਮਿਲ ਜਾਂਦੀ ਸੀ। ਗੁਰੂ ਨੇ ਉਸ ਦੇ ਨਾਂਅ 'ਤੇ ਵਜ਼ੀਫਾ ਲਗਾ ਦਿੱਤਾ ਅਤੇ ਖਜ਼ਾਨੇ ਵਿੱਚੋਂ ਮੋਟੀ ਰਕਮ ਤੇ ਖ਼ਾਸ ਜਗੀਰਾਂ ਵੀ ਮਿਲ ਗਈਆਂ। ਉਹ ਲਿਖਦਾ ਹੈ ਕਿ ਉਸ ਦਾ ਖਰਚ ਕੁਝ ਨਹੀਂ ਹੋਇਆ ਪਰ ਹਾਸਿਲ ਬਹੁਤ ਕੁਝ ਹੋ ਗਿਆ ਤੇ ਨਾਲ ਚੰਗੀ ਖਿਦਮਤ ਵੀ ਹੋਈ। 'ਤੁਜ਼ਕ-ਏ-ਜਹਾਂਗੀਰੀ' ਵਿੱਚ ਵੀ ਚਿੱਤਰਕਾਰਾਂ ਨੂੰ ਭਾਰੀ ਭਰਕਮ ਰਕਮਾਂ, ਖਿੱਲਤਾਂ-ਜਾਗੀਰਾਂ ਅਤੇ ਮਨਸਬਦਾਰੀਆਂ ਦਿੱਤੇ ਜਾਣ ਦੇ ਹਵਾਲੇ ਮਿਲਦੇ ਹਨ। ਇੱਥੋਂ ਹੀ ਜਨਮ ਸਾਖੀ ਚਿੱਤਰਕਾਰਾਂ ਵਿੱਚ ਇਕ ਰਵਾਇਤ ਸ਼ੁਰੂ ਹੋ ਗਈ ਕਿ ਗੁਰੂ ਨਾਨਕ ਦੇਵ ਜੀ ਦੇ ਚਿੱਤਰ ਵਿੱਚ ਮਰਦਾਨੇ ਦੇ ਨਾਲ ਬਾਲੇ ਨੂੰ ਵੀ ਉਨ੍ਹਾਂ ਦੇ ਇਕ ਸਾਥੀ ਦੇ ਰੂਪ ਵਿੱਚ ਜ਼ਰੂਰ ਚਿੱਤਰਿਆ ਜਾਵੇਗਾ। ਉਹ ਵੀ ਗੁਰੂ ਸਾਹਿਬ ਦੇ ਪਿੱਛੇ ਸੇਵਕ ਵਾਂਗ ਚਉਰ ਕਰਦਾ ਹੋਇਆ। ਦਰਅਸਲ ਇਹ ਚਉਰ ਪ੍ਰਣਾਲੀ ਮੁਗ਼ਲਾਂ ਦੇ ਵੇਲੇ ਆਮ ਸੀ। ਮੁਗ਼ਲ ਬਾਦਸ਼ਾਹਾਂ ਦੇ ਦਰਬਾਰ ਵਿੱਚ ਉਨ੍ਹਾਂ ਦੇ ਪਿੱਛੇ ਇਕ ਸੇਵਕ/ਟਹਿਲੀਆ ਚਉਰ ਕਰਨ ਲਈ ਖਲੋਤਾ ਹੀ ਹੁੰਦਾ ਸੀ। ਲਿਹਾਜ਼ਾ ਦਰਬਾਰੀ ਚਿੱਤਰਕਾਰਾਂ ਨੇ ਉਨ੍ਹਾਂ ਦੇ ਚਿੱਤਰ ਬਣਾਉਂਦਿਆਂ ਬਾਦਸ਼ਾਹਾਂ ਦੇ ਸ਼ਾਹੀ ਰੁਤਬੇ ਅਤੇ ਪ੍ਰਭੁਸੱਤਾ ਨੂੰ ਦਰਸਾਉਣ ਲਈ ਪਿਛਾਂਹ ਖੜ੍ਹੇ ਸੇਵਕ ਨੂੰ ਚਉਰ ਕਰਦਾ ਚਿੱਤਰਿਆ ਹੈ। ਉਦਾਹਰਣ ਵਜੋਂ ਅੱਜ ਵੀ ਅਨੇਕਾਂ ਮੁਗ਼ਲ ਦਰਬਾਰੀ ਚਿੱਤਰ ਵੇਖੇ ਜਾ ਸਕਦੇ ਹਨ। ਜਨਮ ਸਾਖੀ ਚਿੱਤਰਕਾਰਾਂ ਨੇ ਵੀ ਮੁਗ਼ਲ ਚਿੱਤਰਕਾਰੀ ਦੇ ਪ੍ਰਭਾਵ ਹੇਠ ਅਜਿਹਾ ਕਰਦਿਆਂ ਕਿਸੇ ਇਕ ਸੇਵਕ ਨੂੰ ਚਉਰ ਕਰਦਾ ਚਿੱਤਰਿਆ ਹੈ, ਜਿਸ ਨੂੰ ਬਾਲੇ ਦਾ ਨਾਂਅ ਦੇ ਦਿੱਤਾ ਗਿਆ ਹੈ। ਚਿੱਤਰਕਾਰਾਂ ਦੀ ਇਸੇ ਸੋਚ ਅਧੀਨ ਬਾਲੇ ਦਾ ਚਿੱਤਰਾਂ ਵਿੱਚ ਸਦੈਵੀ ਦਾਖਲਾ ਹੁੰਦਾ ਹੈ। ਚਿੱਤਰਕਾਰਾਂ ਦੀ ਮਿਹਰਬਾਨੀ ਕਰਕੇ ਹਰ ਜਗ੍ਹਾ ਉਸ ਦੀ ਹੋਂਦ ਗੁਰੂ ਸਾਹਿਬ ਦੇ ਹਮਸਫਰ/ਸਾਥੀ ਹੋਣ ਦੀ ਪੁਸ਼ਟੀ ਨੂੰ ਬਲ ਮਿਲ ਜਾਂਦਾ ਹੈ। ਜੇਕਰ ਸਾਰੇ ਚਿੱਤਰਾਂ ਨੂੰ ਵਾਚੀਏ ਤਾਂ ਚਿੱਤਰਕਾਰਾਂ ਦੀ ਸੋਚ ਬਾਲੇ ਨੂੰ ਗੁਰੂ ਸਾਹਿਬ ਦਾ ਸਾਥੀ ਬਣਾ ਕੇ ਉਸ ਕੋਲੋਂ ਗੁਰੂ ਸਾਹਿਬ 'ਤੇ ਚਉਰ ਕਰਾਉਣ ਨਾਲ ਸ਼ੁਰੂ ਹੁੰਦੀ ਹੈ ਅਤੇ ਚਉਰ ਕਰਾਉਣ 'ਤੇ ਹੀ ਖ਼ਤਮ ਹੋ ਜਾਂਦੀ ਹੈ, ਜਿਸ ਵਿੱਚ ਹੰਦਾਲੀਏ ਭਰਾ ਕਾਮਯਾਬ ਰਹੇ ਹਨ। ਚਿੱਤਰਾਂ ਨੂੰ ਗ਼ੌਰ ਨਾਲ ਵੇਖੀਏ ਤਾਂ ਬਾਲੇ ਦੀ ਕਾਰਜ ਸ਼ੈਲੀ ਵਿੱਚ ਵੀ ਵਿਰੋਧਾਭਾਸ ਹੈ। ਚਿੱਤਰਕਾਰ ਤਾਂ ਉਸ ਕੋਲੋਂ ਸਿਰਫ਼ ਗੁਰੂ ਸਾਹਿਬ 'ਤੇ ਚਉਰ ਕਰਵਾਉਣ ਦਾ ਕੰਮ ਲੈਂਦੇ ਹਨ ਪਰ ਇਸ ਦੇ ਉਲਟ ਉਹ ਆਪ ਜਨਮ ਸਾਖੀ ਵਿੱਚ ਕਿਤੇ ਨਹੀਂ ਲਿਖਵਾਉਂਦਾ ਕਿ ਮੈਂ ਕਦੇ ਗੁਰੂ ਸਾਹਿਬ ਦੇ ਪਿੱਛੇ ਚਉਰ ਕਰਦਾ ਰਿਹਾ ਹਾਂ। ਉਹ ਤਾਂ ਸਗੋਂ ਆਪਣੇ ਆਪ ਨੂੰ ਗੁਰੂ ਦੇ ਬਰਾਬਰ ਦਰਜੇ ਦਾ ਦੱਸਦਾ ਹੈ। ਬਾਲੇ ਦੀ ਹਸਤੀ ਦਾ ਸਿੱਖ ਸਮਾਜ ਵਿੱਚ ਰੂੜ੍ਹ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਅੱਜ ਜੋ ਵਿਰਾਸਤੀ ਕੰਧ ਚਿੱਤਰ (ਹੱਥ ਲਿਖਤਾਂ ਦੇ ਚਿੱਤਰ ਨਹੀਂ) ਸਾਡੇ ਸਾਹਮਣੇ ਹਨ, ਉਹ ਜ਼ਿਆਦਾ ਤੋਂ ਜ਼ਿਆਦਾ ੧੫੦ ਤੋਂ ੨੦੦ ਸਾਲ ਪੁਰਾਣੇ ਹਨ, ਜਦਕਿ ਉਸ ਦੀ ਸਾਖੀ ਪਹਿਲਾਂ ਹੀ ਮਕਬੂਲ ਹੋ ਚੁੱਕੀ ਸੀ। ਇਸ ਦੇ ਵਿੱਚ ਉਹ ਜਗ੍ਹਾ-ਜਗ੍ਹਾ ਹੈ, ਭਾਵੇਂ ਉਹ ਕਿਤੇ ਚਉਰ ਨਹੀਂ ਵੀ ਕਰਦਾ। ਚਿੱਤਰਾਂ ਵਿੱਚ ਗੁਰੂ ਸਾਹਿਬ ਦੇ ਉੱਚ ਰੂਹਾਨੀ ਰੁਤਬੇ ਨੂੰ ਦਿਖਾਉਣ ਲਈ ਚਿੱਤਰਕਾਰਾਂ ਨੂੰ ਚਉਰ ਝੁਲਾਉਣ ਵਾਲੇ ਇਕ ਸੇਵਕ ਦੀ ਲੋੜ ਸੀ। ਉਨ੍ਹਾਂ ਨੇ ਇਹ ਪਾਤਰ ਬਾਲੇ ਵਾਲੀ ਸਾਖੀ ਵਿੱਚੋਂ ਕੱਢ ਕੇ ਲੋੜ ਦੀ ਪੂਰਤੀ ਕਰ ਲਈ ਤੇ ਉਸ ਪਾਤਰ ਨੂੰ ਬਾਲੇ ਦਾ ਹੀ ਨਾਂਅ ਦੇ ਦਿੱਤਾ। ਦਿਲਚਸਪ ਗੱਲ ਇਹ ਵੀ ਹੈ ਕਿ ਬਾਕੀ ਗੁਰੂ ਸਾਹਿਬਾਨ ਦੇ ਚਿੱਤਰਾਂ ਵਿੱਚ ਵੀ ਉਨ੍ਹਾਂ ਦੇ ਪਿਛਾਂਹ ਚਿੱਤਰਕਾਰਾਂ ਨੇ ਇਕ ਟਹਿਲੀਏ ਨੂੰ ਚਉਰ ਕਰਦਿਆਂ ਚਿੱਤਰਿਆ ਹੈ। ਉਥੇ ਕਦੀ ਵੀ ਚਿੱਤਰਕਾਰ ਨੇ ਉਸ ਟਹਿਲੀਏ ਜਾਂ ਚਉਰਬਰਦਾਰ ਨੂੰ ਕੋਈ ਵਿਸ਼ੇਸ਼ ਨਾਂਅ ਨਹੀਂ ਦਿੱਤਾ। ਗੱਲ ਸਿਰਫ਼ ਬਾਲੇ ਨੂੰ ਗੁਰੂ ਦੇ ਸਾਥੀ ਵਜੋਂ ਸਥਾਪਤ ਕਰਨ ਦੀ ਸੀ, ਜਿਸ ਵਿੱਚ ਉਹ ਸਫਲ ਵੀ ਰਹੇ। ਬਾਲੇ ਉਰਫ ਬਾਲ ਚੰਦ ਦੇ ਮਰਨ ਤੋਂ ਬਾਅਦ ਵੀ ਇਹ ਕੰਮ ਚਲਦਾ ਰਿਹਾ। ਸ.ਸ. ਪਦਮ ਦਾ ਕਹਿਣਾ ਹੈ ਕਿ ਬਾਲੇ ਵਾਲੀ ਜਨਮ ਸਾਖੀ ਦੇ ਚਿੱਤਰਾਂ ਸਮੇਤ ਉਤਾਰੇ ੧੯੭੦ ਈਸਵੀ ਤੱਕ ਹੁੰਦੇ ਰਹੇ। ਜਿਵੇਂ ਕਿ ਅਸੀਂ ਉੱਪਰ ਕਿਹਾ ਹੈ ਕਿ ਚਿੱਤਰਕਾਰਾਂ ਨੇ ਬਾਲਾ ਪਾਤਰ ਤਾਂ ਘੜ ਲਿਆ ਪਰ ਉਸ ਨਾਲ ਨਿਆਂ ਨਹੀਂ ਕੀਤਾ ਕਿਉਂਕਿ ਬਾਲੇ ਵਾਲੀ ਸਾਖੀ ਵਿੱਚ ਜੋ ਕੁਝ ਉਹ ਕਰਦਾ ਹੈ, ਉਹ ਚਿੱਤਰਕਾਰਾਂ ਨੇ ਆਪਣੇ ਚਿੱਤਰਾਂ ਵਿੱਚ ਬਿਲਕੁੱਲ ਪੇਸ਼ ਨਹੀਂ ਕੀਤਾ। ਜੇ ਕੁਝ ਪਲਾਂ ਲਈ ਬਾਲੇ ਵਾਲੀ ਜਨਮ ਸਾਖੀ ਨੂੰ ਸੱਚ ਵੀ ਮੰਨ ਲਈਏ ਤਾਂ ਨਿਰਸੰਦੇਹ ਚਿੱਤਰਕਾਰਾਂ ਨੇ ਬਾਲੇ ਨਾਲ ਇਨਸਾਫ ਨਹੀਂ ਕੀਤਾ। ਇਹ ਗੱਲ ਬਿਲਕੁੱਲ ਦਰੁੱਸਤ ਹੈ ਕਿ ਹੰਦਾਲੀ ਭਰਾਵਾਂ ਕੋਲੋਂ ਪੈਸੇ ਲੈ ਕੇ ਹੱਥ ਲਿਖਤ ਜਨਮ ਸਾਖੀ ਖਰੜਿਆਂ ਵਿੱਚ ਬਾਲੇ ਨੂੰ ਚਉਰ ਫੜਾ ਕੇ ਚਿੱਤਰਾਂ ਜ਼ਰੀਏ ਸਥਾਪਤ ਤਾਂ ਕਰ ਦਿੱਤਾ ਪਰ ਦੂਜੇ ਪਾਸੇ ਚਿੱਤਰਕਾਰਾਂ ਦੀ ਮਨਸ਼ਾ ਜਨ ਸਧਾਰਣ ਦੇ ਮਨਾਂ ਵਿਚ ਗੁਰੂ ਸਾਹਿਬ ਪ੍ਰਤੀ ਸ਼ਰਧਾ ਨੂੰ ਹੋਰ ਵਧਾਉਣਾ ਸੀ। ਬਾਲੇ ਵਾਲੀ ਜਨਮ ਸਾਖੀ ਦੇ ਸਚਿੱਤਰ ਖਰੜੇ ਨੂੰ ਵੇਖ ਕੇ ਦਇਆ ਰਾਮ ਅਬਰੋਲ ਨੇ 'ਜਨਮ ਸਾਖੀ ਗੁਰੂ ਬਾਬਾ ਨਾਨਕ' (ਬੀ-੪੦) ਲਿਖਦਿਆਂ ਆਪਣੀ ਜਨਮ ਸਾਖੀ ਵਿੱਚ ਵੀ ਚਿੱਤਰ ਬਣਾਏ ਜਾਣ ਦਾ ਮਨ ਬਣਾਇਆ। ਇਸ ਲਈ ਉਸ ਨੇ ਕਸਬੀ ਚਿੱਤਰਕਾਰ ਆਲਮ ਚੰਦ ਰਾਜ ਦੇ ਹੁਨਰ ਦੀ ਮਦਦ ਲਈ। ਬਾਲੇ ਵਾਲੀ ਜਨਮ ਸਾਖੀ ਵਿੱਚ ਬਾਲੇ ਦੀ ਹਰ ਜਗ੍ਹਾ ਸ਼ਮੂਲੀਅਤ ਹੋਣ ਦੇ ਬਾਵਜੂਦ ਅਬਰੋਲ ਨੇ ਆਪਣੀ ਸਾਖੀ ਦੇ ਮੂਲ ਪਾਠ ਅਨੁਸਾਰ ਬਾਲੇ ਨੂੰ ਕਿਸੇ ਚਿੱਤਰ ਵਿੱਚ ਜਗ੍ਹਾ ਨਹੀਂ ਦਿੱਤੀ ਕਿਉਂਕਿ ਉਹ ਜਾਣਦਾ ਸੀ ਕਿ ਬਾਲੇ ਦੇ ਨਾਂਅ 'ਤੇ ਸਭ ਫਰਜ਼ੀਵਾੜਾ ਚੱਲ ਰਿਹਾ ਸੀ। ਹਾਲਾਂਕਿ ਉਸ ਨੇ ੫੭ ਸਾਖੀਆਂ ਨੂੰ ੫੭ ਚਿੱਤਰਾਂ ਨਾਲ ਸ਼ਿੰਗਾਰਿਆ। ਸੋ ਬਾਲੇ ਵਾਲੀ ਜਨਮ ਸਾਖੀ ਵਿੱਚ ਹੀ ਬਾਲੇ ਦੇ ਚਿੱਤਰ ਹਨ, ਜਿਸ ਨੂੰ ਬੜੇ ਹੀ ਵਿਉਂਤਬੱਧ ਤਰੀਕੇ ਨਾਲ ਉਸਾਰਿਆ, ਪਸਾਰਿਆ ਤੇ ਜਗ੍ਹਾ-ਜਗ੍ਹਾ ਪ੍ਰਚਾਰਿਆ ਗਿਆ। ਗੋਰਖ ਦਾਸ ਨੇ ਆਪਣੀ ਸ਼ਬਦਾਵਲੀ ਰਾਹੀਂ ਜਨਮ-ਤਿੱਥ ਦਾ ਰੇੜਕਾ ਤੇ ਅਯੋਗ ਪ੍ਰਸੰਗ ਰਚਣ ਅਤੇ ਉਹਨਾਂ ਨੂੰ ਥਾਂ-ਪੁਰ-ਥਾਂ ਵਾੜਨ ਅਤੇ ਹੋਰਨਾਂ ਸਾਥੀਆਂ/ਸਮਕਾਲੀਆਂ ਰਾਹੀਂ ਇਹਨਾਂ ਪ੍ਰਸੰਗਾਂ ਨੂੰ ਤੂਲ ਦੇਣ ਵਿੱਚ ਮੋਹਰਲੀ ਭੂਮਿਕਾ ਨਿਭਾਈ। ਭਾਵੇਂ ਅੰਤ ਵਿੱਚ ਉਹ ਸੰਗਤ ਕਾ ਜਾਚਕ ਬਣ ਬਹਿੰਦਾ ਹੈ। ਉਹ ਆਪਣੇ ਵੇਲੇ ਦਾ ਸਭ ਤੋਂ ਅਮੀਰ ਤੇ ਸਰਬ ਸ੍ਰੇਸ਼ਟ/ਸਿਖਰਲਾ ਕਾਤਿਬ ਹੋਵੇਗਾ। ਲਾਲਾ ਪੰਨੂ, ਬਿਧੀ ਚੰਦ ਦਾ ਜੋਟੀਦਾਰ ਸੀ, ਜਿਸ ਨੇ ਬਾਲੇ ਵਾਲੀ ਜਨਮ ਸਾਖੀ ਦੇ ਪ੍ਰਚਾਰ-ਪ੍ਰਸਾਰ, ਅਯੋਗ ਪ੍ਰਸੰਗਾਂ ਦੇ ਕਥਾਨਕ ਸਿਰਜਣ ਵਿੱਚ ਵਿਅਕਤੀਗਤ ਤੌਰ 'ਤੇ ਗੋਰਖ ਦਾਸ ਅਤੇ ਹੰਦਾਲੀ ਭਰਾਵਾਂ ਵਾਂਗ ਅਹਿਮ ਭੂਮਿਕਾ ਨਿਭਾਈ ਸੀ। ਇਸ ਨੂੰ ਬਾਲੇ ਦੀ ਜਨਮ ਸਾਖੀ ਨਾ ਕਹਿ ਕੇ ਹੰਦਾਲੀਆਂ ਦੀ ਜਨਮ ਸਾਖੀ ਕਹਿਣਾ ਵਧੇਰੇ ਉਚਿਤ ਹੋਵੇਗਾ। ਇਹ ਵੀ ਸਪੱਸ਼ਟ ਹੈ ਕਿ ਅਗਰ ਕਿਸੇ ਪੋਥੀ ਜਾਂ ਜਨਮ ਸਾਖੀ ਵਿੱਚ ਬਾਲੇ ਦਾ ਜ਼ਿਕਰ ਆਇਆ ਹੈ ਤਾਂ ਉਹ ਬਾਲੇ ਵਾਲੀ ਜਨਮ ਸਾਖੀ ਵਿੱਚੋਂ ਨਕਲ ਦੇ ਆਧਾਰ 'ਤੇ ਹੀ ਆਇਆ ਹੈ। ਪਾਠਕਾਂ ਨੂੰ ਦੱਸਦੇ ਚਲੀਏ ਕਿ ਪੂਰੇ ਲੇਖ ਵਿੱਚ ਜੋ ਟੂਕਾਂ ਦਿੱਤੀਆਂ ਗਈਆਂ ਹਨ, ਉਹ ਪੂਰਨ ਰੂਪ ਵਿੱਚ ਬਾਲੇ ਵਾਲੀ ਜਨਮ ਸਾਖੀ ਦੇ ਮੂਲ ਪਾਠ ਵਿੱਚੋਂ ਲਈਆਂ ਗਈਆਂ ਹਨ ਤਾਂ ਜੋ ਉਸ ਦੀ ਮਲੀਨ ਸੋਚ ਤੇ ਬਿਮਾਰ ਜ਼ਿਹਨੀਅਤ ਨੂੰ ਉਸੇ ਦੀ ਲਿਖਤ ਰਾਹੀਂ ਪਾਠਕਾਂ ਸਾਹਵੇਂ ਪੇਸ਼ ਕਰ ਸਕੀਏ ਕਿ ਅਜਿਹੇ ਕਿਰਦਾਰ ਵਾਲੇ ਸ਼ਖ਼ਸ ਦਾ ਗੁਰੂ ਸਾਹਿਬ ਨਾਲ ਕੋਈ ਲੈਣਾ-ਦੇਣਾ ਨਹੀਂ ਹੋ ਸਕਦਾ। ਰਵਾਇਤੀ ਪਾਠਕਾਂ ਨੂੰ ਥੋੜ੍ਹੀ ਠੇਸ ਜ਼ਰੂਰ ਲੱਗੇਗੀ ਪਰ ਵਿਚਾਰ ਚਰਚਾ ਤੋਂ ਸਪੱਸ਼ਟ ਹੈ ਕਿ ਬਾਲੇ ਨਾਂਅ ਦਾ ਕੋਈ ਵਿਅਕਤੀ ਨਹੀਂ ਹੋਇਆ, ਜੋ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਅੰਗਦ ਦੇਵ ਜੀ ਦਾ ਸਮਕਾਲੀ ਹੋਵੇ ਅਤੇ ਉਹ ਉਨ੍ਹਾਂ ਦੇ ਨਾਲ ਹਮਸਫਰ ਬਣ ਕੇ ਉਦਾਸੀਆਂ 'ਤੇ ਗਿਆ ਹੋਵੇ। ਪਿਛੋਕੜ 'ਚ ਜਾਈਏ ਤਾਂ ਦੇਖਦੇ ਹਾਂ ਕਿ ਜਨਮ ਸਾਖੀਆਂ ਪ੍ਰਤੀ ਵਿਦਵਾਨਾਂ ਦਾ ਰੁਖ਼ ਵੀ ਸ਼ਰਧਾਮਈ ਤੇ ਪ੍ਰਸ਼ੰਸਾਤਮਕ ਜ਼ਿਆਦਾ ਅਤੇ ਵਿਗਿਆਨਕ ਜਾਂ ਤਾਰਕਿਕ ਨਹੀਂ ਰਿਹਾ। ਇਹੋ ਕਾਰਨ ਹੈ ਕਿ ਇਕ ਵਰਗ ਜੋ ਬਾਲੇ ਦੀ ਹੋਂਦ ਨੂੰ ਸੱਚ ਮੰਨੀ ਬੈਠਾ ਹੈ, ਉਹ ਉਸ ਦੇ ਮਿੱਥੇ ਹੋਣ ਬਾਰੇ ਸੋਚ ਨਹੀਂ ਸਕਦਾ ਪਰ ਅਜੋਕਾ ਯੁੱਗ ਡਿਜੀਟਲ ਵਿਗਿਆਨ ਦਾ ਹੈ ਅਤੇ ਬੌਧਿਕਤਾ ਹੀ ਉਸ ਦਾ ਧੁਰਾ ਹੈ। ਜੇ ਕੋਈ ਤੱਥ ਜਾਂ ਗੱਲ ਬੌਧਿਕਤਾ ਅਤੇ ਤਰਕ ਦੇ ਆਧਾਰ ਉੱਤੇ ਪੂਰਵ ਮਿਥਿਤ ਧਾਰਨਾਵਾਂ ਜਾਂ ਪਰੰਪਰਾਵਾਂ ਦਾ ਖੰਡਨ ਕਰਦੀ ਹੈ, ਤਾਂ ਸਾਡੀ ਜਾਚੇ ਉਸ ਨੂੰ ਮੰਨਣ ਅਤੇ ਆਪਣਾ ਮਨ ਬਦਲ ਲੈਣ ਵਿੱਚ ਕੋਈ ਹਰਜ਼ ਨਹੀਂ। ਜੇ ਗੁਰੂ ਸਾਹਿਬ ਦੇ ਕਾਲ ਵੱਲ ਝਾਤੀ ਮਾਰੀਏ ਤਾਂ ਬਹੁਤੀ ਲੋਕਾਈ ਪੁਰਾਤਨਤਾ ਅਤੇ ਅਗਿਆਨਤਾ ਵਿੱਚ ਅੰਨ੍ਹੀ ਹੋਈ, ਉਸ ਦੀ ਅਸਲ ਸੱਚਾਈ ਤੋਂ ਅੱਖਾਂ ਮੀਟਦੀ ਕੁਝ ਵੀ ਸੁਣਨ ਨੂੰ ਤਿਆਰ ਨਹੀਂ ਸੀ। ਉਸ ਵੇਲੇ ਗੁਰੂ ਸਾਹਿਬ ਨੇ ਅਗਿਆਨਤਾ ਤੋਂ ਪਰਦਾ ਚੁੱਕ ਕੇ ਸੱਚ ਦਾ ਹੋਕਾ ਦਿੱਤਾ ਤਾਂ ਵੀ ਲੋਕ ਭੰਡਣ ਵਿੱਚ ਕੋਈ ਕਸਰ ਨਹੀਂ ਸਨ ਛੱਡਦੇ। ਜਨਮ ਸਾਖੀਆਂ ਵਿੱਚ ਜਗ੍ਹਾ-ਜਗ੍ਹਾ ਇਸ ਦੇ ਪ੍ਰਮਾਣ ਸਾਡੇ ਸਾਹਮਣੇ ਹਨ। ਜਿਵੇਂ ਖੇਤ ਚਰ ਜਾਣ ਵਾਲੀ ਸਾਖੀ ਵਿੱਚ ਖੇਤ ਮਾਲਕ ਕਹਿੰਦਾ ਹੈ, "ਏਹ ਦਿਵਾਨਾ ਹੈ, ਤੁਸੀ ਕਾਲੂ ਨੂੰ ਸਦਾਵਾਹੁ", ਅੱਗੋਂ ਰਾਏ ਬੁਲਾਰ ਕਹਿੰਦਾ ਹੈ, "ਦਿਵਾਨਾ ਕਰ ਛੋਡਿਆ ਆਹੀ"। ਇਸੇ ਤਰ੍ਹਾਂ ਇਕ ਹੋਰ ਸਾਖੀ ਵਿੱਚ, "ਜੋ ਏਹੁ ਕਮਲਾ ਹੋਆ ਹੈ"। "ਨਾਨਕ ਤੂ ਅਸਾਥਹੁ ਗਇਆ ਹੈ, ਏਹੁ ਕਮਲਾ ਦਿਵਾਨਾ ਹੋਆ ਹੈ", "ਏਹੁ ਕਉਣ ਹੈ ਜੋ ਪੈਦਾ ਹੋਆ ਹੈ" ਆਦਿ। ਇਹ ਪੰਜ ਸਦੀਆਂ ਪਹਿਲਾਂ ਦਾ ਰੱਦੇਅਮਲ ਹੈ, ਅਜੋਕੀ ਡਿਜੀਟਲ ਪੀੜ੍ਹੀ ਦੇ ਅਗਿਆਨਤਾ 'ਚ ਲਿਪਟੇ ਸ਼ਰਧਾਵਾਨਾਂ ਅੱਗੇ ਮਨਘੜਤ ਪਾਤਰ ਤੋਂ ਉੱਠ ਗਿਆ ਪਰਦਾ ਰਾਸ ਆਉਣ 'ਚ ਥੋੜ੍ਹੀ ਦੇਰ-ਸਵੇਰ ਜ਼ਰੂਰ ਹੋ ਸਕਦੀ ਹੈ, ਅੰਤ ਇਹ ਵਰਗ ਵੀ ਉਸ ਦੀ ਅਸਲ ਹਕੀਕਤ ਨੂੰ ਸਮਝ ਜਾਏਗਾ।

ਬਾਲੇ ਵਾਲੀ ਜਨਮ ਸਾਖੀ ਦੇ ਆਧਾਰ 'ਤੇ ਉਸ ਦੀ ਹੋਂਦ-ਅਣਹੋਂਦ ਦੀ ਨਿਰਖ-ਪਰਖ ਕਰਦਿਆਂ ਅਸੀਂ ਦੇਖਿਆ ਹੈ ਕਿ ਬਾਲਾ ਗੁਰੂ ਸਾਹਿਬ ਨੂੰ ਖੱਤਰੀ ਨਹੀਂ ਮੰਨਦਾ, ਪੂਰਨ ਗੁਰੂ ਵੀ ਨਹੀਂ ਮੰਨਦਾ, ਉਹਨਾਂ ਦੇ ਪਰਵਾਰ ਨੂੰ 'ਕੰਗਾਲ', ਗੁਰੂ ਸਾਹਿਬ ਦੇ ਪਿਤਾ ਨੂੰ 'ਚੰਡਾਲ', ਗੁਰੂ ਸਾਹਿਬ ਨੂੰ ਕਬੀਰ ਤੋਂ ਹੌਲਾ ਦੱਸਦਾ ਹੈ, ਪਰ ਆਪਣੇ ਆਪ ਨੂੰ ਗੁਰੂ ਸਾਹਿਬ ਦੇ ਬਰਾਬਰ ਦੱਸਦਾ ਲਿਖਵਾਉਂਦਾ ਹੈ ਕਿ ਮੇਰੇ ਅਤੇ ਉਹਨਾਂ ਵਿਚਕਾਰ ਕੋਈ ਫਰਕ ਤੇ ਪਰਦਾ ਨਹੀਂ। ਇਹ ਹੀ ਨਹੀਂ ਬਾਲੇ ਵਾਲੀ ਸਾਖੀ ਵਿੱਚ ਉਹ ਨਿਰੰਕਾਰ ਅਤੇ ਕਬੀਰ ਵਿੱਚ ਕੋਈ ਭੇਦ ਨਹੀਂ ਮੰਨਦਾ। ਹੰਦਾਲ ਨੂੰ ਉਹ ਗੁਰੂ ਨਾਨਕ ਅਤੇ ਕਬੀਰ ਦੇ ਬਰਾਬਰ ਦਾ ਮੰਨਦਾ ਹੈ। ਉਹ ਤਾਂ ਮਰਦਾਨੇ ਨੂੰ ਵੀ ਨਹੀਂ ਬਖਸ਼ਦਾ। ਉਸ ਉੱਤੇ ਆਪਣੇ ਮੁੰਡੇ ਨੂੰ ਵਿਗਾੜਨ ਦਾ ਦੋਸ਼ ਲਾਉਂਦਾ ਹੈ। ਹਾਲਾਂਕਿ ਮਰਦਾਨਾ ਗੁਰੂ ਸਾਹਿਬ ਦੇ ਨਾਲ ੨੬ ਸਾਲ ਉਦਾਸੀਆਂ 'ਤੇ ਹੋਣ ਕਰਕੇ ਘਰੋਂ ਬਾਹਰ ਸੀ। ਇਹ ਹੀ ਨਹੀਂ ਗੁਰੂ ਨਾਨਕ ਦੀ ਸੱਸ ਨੂੰ ਝਗੜਾਲੂ ਕਹਿੰਦਾ ਹੈ। ਉਨ੍ਹਾਂ ਦੀ ਪਤਨੀ ਸੁਲੱਖਣੀ ਉਨ੍ਹਾਂ ਨਾਲ ਵਿਆਹ ਕਰਵਾ ਕੇ ਪਛਤਾ ਰਹੀ ਹੈ, ਅਜਿਹੇ ਦੋਸ਼ ਗੁਰੂ ਨਾਨਕ ਦੇਵ ਜੀ ਦੇ ਸਿਰ 'ਤੇ ਮੜ੍ਹਦਾ ਹੈ। ਬਾਣੀ ਵਿੱਚ ਵੀ ਉਹ ਘੋਰ ਛੇੜ-ਛਾੜ ਕਰਦਾ ਹੈ। ਅਜਿਹਾ ਕਪਟੀ ਵਿਅਕਤੀ ਗੁਰੂ ਸਾਹਿਬ ਦਾ ਹਮਸਫਰ ਨਹੀਂ ਹੋ ਸਕਦਾ। ਬਾਲੇ ਦੀ ਅਣਹੋਂਦ ਦੇ ਇੰਨੇ ਸਬੂਤ ਅਸੀਂ ਪਿੱਛੇ ਦੇ ਆਏ ਹਾਂ, ਫਿਰ ਵੀ ਸਿੱਖ ਪਤਾ ਨਹੀਂ ਕਿਉਂ ਉਸ ਦੀ ਹੋਂਦ ਨੂੰ ਸਵੀਕਾਰੀ ਬੈਠੇ ਹਨ ? ਬਾਲੇ ਵਾਲੀ ਜਨਮ ਸਾਖੀ ਦੇ ਸਾਰੇ ਪੱਖਾਂ ਤੋਂ ਸੰਰਚਨਾਤਮਿਕ ਵਿਸ਼ਲੇਸ਼ਣ ਕਰੀਏ ਤਾਂ ਬਾਲੇ ਨਾਂਅ ਦਾ ਪਾਤਰ, ਜੋ ਪੈੜੇ ਮੋਖੇ ਨੂੰ ਜਨਮ ਸਾਖੀ ਲਿਖਵਾ ਰਿਹਾ ਹੈ, ਬੜੀ ਸੋਚੀ ਸਮਝੀ ਡੂੰਘੀ ਸਾਜ਼ਿਸ਼ ਅਤੇ ਹੱਦ ਦਰਜੇ ਦੀ ਚਲਾਕੀ ਨਾਲ ਵਾੜਿਆ ਗਿਆ ਪਾਤਰ ਹੈ, ਜੋ ਚਿੱਤਰਕਾਰਾਂ ਦੀ ਵਜ੍ਹਾ ਕਰਕੇ ਰੂੜ੍ਹ ਹੋ ਕੇ ਜਨ ਸਾਧਾਰਨ ਦੇ ਲੋਕ ਮਨਾਂ ਵਿੱਚ ਅਜਿਹਾ ਘੁਸਿਆ ਹੈ ਕਿ ਉਸ ਦੀ ਅਣਹੋਂਦ ਦਾ ਤਸੱਵੁਰ ਕਰਨਾ ਔਖਾ ਹੋ ਗਿਆ ਹੈ। ਅਗਰ ਜਨ ਸਾਧਾਰਨ ਉਸ ਦੀਆਂ ਲਿਖਵਾਈਆਂ ਸਾਖੀਆਂ ਦੇ ਮਰਮ ਨੂੰ ਪਛਾਣ ਲਵੇ ਤਾਂ ਜਿੱਥੇ-ਜਿੱਥੇ ਚਿੱਤਰ ਲੱਗਾ ਹੈ, ਉਸ 'ਚੋਂ ਉਸ ਨੂੰ ਖ਼ੁਦ ਹੀ ਹਟਾ ਦੇਣ, ਪਰ ਖਰਾ (ਸੱਚਾ) ਸੌਦਾ ਤੇ ਮਲਕ ਭਾਗੋ-ਲਾਲੋ ਵਰਗੀਆਂ ਅਜਿਹੀਆਂ ਸਾਖੀਆਂ ਹਨ, ਜੋ ਸਿੱਖ ਚੇਤਨਾ ਵਿੱਚੋਂ ਕੱਢੀਆਂ ਨਹੀਂ ਜਾ ਸਕਦੀਆਂ। ਪਾਕਿਸਤਾਨ ਵਿੱਚ ਰਹਿ ਗਿਆ ਗੁਰਦੁਆਰਾ ਸੱਚਾ ਸੌਦਾ, ਖਡੂਰ ਸਾਹਿਬ ਵਿੱਚ ਬਾਲੇ ਦੀ ਸਮਾਧ ਅਤੇ ਹਰਿਮੰਦਰ ਸਾਹਿਬ ਦੀ ਦੀਵਾਰ ਉੱਤੇ ਸੋਨ ਪੱਤਰੇ ਵਿੱਚ ਉੱਕਰਿਆ ਬਾਲਾ ਸਿੱਖ ਚੇਤਨਾ ਵਿੱਚੋਂ ਮਨਫੀ ਨਹੀਂ ਹੋਣ ਦੇਵੇਗਾ। ਖ਼ੈਰ! ਇਸ ਲੰਮੇ ਬਹੁਪਾਸਾਰੀ ਅਧਿਐਨ ਤੋਂ ਇਕ ਗੱਲ ਤਾਂ ਸਾਫ ਹੈ ਕਿ ਮੌਜੂਦਾ ੧੬੫੮ ਈ. ਵਾਲੀ ਬਾਲੇ ਦੀ ਜਨਮ ਸਾਖੀ ੧੫੮੨ ਸੰਮਤ ਯਾਨਿ ੧੫੨੫ ਈ. ਵਿੱਚ ਨਹੀਂ ਲਿਖੀ ਗਈ। ਗੁਰੂ ਅੰਗਦ ਦੇਵ ਜੀ ਦੇ ਗੁਰੂ ਕਾਲ ਵੇਲੇ ਵੀ ਨਹੀਂ ਲਿਖੀ ਗਈ ਅਤੇ ਕਿਸੇ ਬਾਲੇ ਨੇ ਵੀ ਨਹੀਂ ਲਿਖਵਾਈ। ਲਿਖੀਆਂ ਗਈਆਂ ਸਾਖੀਆਂ ਵਿੱਚ ਮੀਣਿਆਂ ਨੇ ਵੀ ਰਲਾਅ ਪਾਇਆ, ਜਿਸ ਦੀ ਤਸਦੀਕ ਭਾਈ ਗੁਰਦਾਸ ਦੀਆਂ ਵਾਰਾਂ ਵਿੱਚ ਹੁੰਦੀ ਹੈ। ਜਨਮ ਸਾਖੀ ਵਿੱਚ ਬਾਲੇ ਨੂੰ ਧੜੱਲੇ ਅਤੇ ਚਤੁਰਾਈ ਨਾਲ ਪ੍ਰਚਾਰਿਆ ਗਿਆ ਕਿ ਬਾਲਾ ਵੀ ਗੁਰੂ ਸਾਹਿਬ ਦਾ ਸੰਗੀ ਸਾਥੀ ਹਮਸਫਰ ਸੀ, ਜੋ ਅਨੇਕਾਂ ਵਰ੍ਹੇ ਨਾਲ ਰਿਹਾ। ਪਿੱਛੇ ਅਸੀਂ ਅਨੇਕਾਂ ਤੱਥਾਂ ਦੇ ਆਧਾਰ 'ਤੇ ਇਸ ਕਲਪਿਤ ਪਾਤਰ ਦੀ ਪੋਲ ਖੋਲ੍ਹ ਆਏ ਹਾਂ। ਕਈ ਇਤਿਹਾਸਕਾਰ ਭਾਈ ਲਾਲੋ ਦੀ ਹੋਂਦ ਤੋਂ ਵੀ ਇਨਕਾਰ ਕਰਦੇ ਹੋਏ ਉਸ ਨੂੰ ਕਾਲਪਨਿਕ ਪਾਤਰ ਕਹਿੰਦੇ ਹਨ ਕਿ ਉਹ ਹੰਦਾਲੀ ਭਰਾਵਾਂ ਦੇ ਖੁਰਾਫਾਤੀ ਦਿਮਾਗਾਂ ਦੀ ਉਪਜ ਹੈ। ਬਾਲੇ ਵਾਲੀ ਜਨਮ ਸਾਖੀ ਦੇ ਮਕਬੂਲ ਹੁੰਦਿਆਂ ਚਿੱਤਰਕਾਰਾਂ ਨੇ ਹੰਦਾਲੀਆਂ ਦਾ ਕੰਮ ਹੋਰ ਆਸਾਨ ਕਰ ਦਿੱਤਾ, ਜਦੋਂ ਗੁਰੂ ਸਾਹਿਬ ਦੇ ਪਿੱਛੇ ਉਸ ਨੂੰ ਟਹਿਲੀਆ ਖੜ੍ਹਾ ਕਰ ਚਿੱਤਰ ਦਿੱਤਾ ਅਤੇ ਉਸ ਦਾ ਨਾਂਅ ਜਨਮ ਸਾਖੀ ਨਾਲ ਜੋੜ ਦਿੱਤਾ। ਹੰਦਾਲੀਆਂ ਦੀ ਲਗਾਈ ਅੱਗ ਵਿੱਚ ਚਿੱਤਰਕਾਰਾਂ ਨੇ ਤੇਲ ਪਾਉਣ ਵਾਲਾ ਕੰਮ ਕੀਤਾ। ਚਿੱਤਰਕਾਰਾਂ ਨੇ ਸਾਖੀ ਵਿੱਚੋਂ ਇੱਕ ਪਾਤਰ ਤਾਂ ਲੈ ਲਿਆ ਪਰ ਉਸ ਨੂੰ ਉਹਨਾਂ ਸਿਰਫ ਚਉਰ ਕਰਨ ਤੱਕ ਹੀ ਸੀਮਿਤ ਰੱਖਿਆ, ਜਦਕਿ ਪੂਰੀ ਸਾਖੀ ਵਿੱਚ ਚਉਰ ਕੀਤੇ ਜਾਣ ਦਾ ਕਿਤੇ ਜ਼ਿਕਰ ਹੀ ਨਹੀਂ ਮਿਲਦਾ।

ਬਾਲੇ ਵਾਲੀ ਜਨਮ ਸਾਖੀ ਦੀ ਡੂੰਘਿਆਈ ਨਾਲ ਕੀਤੀ ਸਮੁੱਚੀ ਪੁਣ-ਛਾਣ ਤੋਂ ਅਸੀਂ ਇਹ ਜਾਣਿਆ ਕਿ ਅਗਰ ਬਾਲੇ ਨਾਂਅ ਦਾ ਕੋਈ ਵਿਅਕਤੀ ਹੁੰਦਾ ਵੀ, ਤਾਂ ਵੀ ਗੁਰੂ ਸਾਹਿਬ ਉਸ ਨੂੰ ਹਰਗਿਜ਼ ਨਾਲ ਨਾ ਰੱਖਦੇ। ਅਜਿਹਾ ਚਰਿੱਤਰਹੀਣ ਵਿਅਕਤੀ ਗੁਰੂ ਸਾਹਿਬ ਦਾ ਸਾਥੀ ਕਦਾਚਿੱਤ ਨਹੀਂ ਹੋ ਸਕਦਾ। ਜਿਹੜਾ ਸਾਥੀ ਨਹੀਂ ਬਲਕਿ ਆਪਣੇ ਆਪ ਨੂੰ ਉਨ੍ਹਾਂ ਦੇ ਬਰਾਬਰ ਦਾ ਸਮਝਦਾ ਹੋਵੇ। ਇਸ ਦੀਰਘ ਚਰਚਾ ਤੋਂ ਇਹ ਵੀ ਸਪੱਸ਼ਟ ਹੋਇਆ ਹੈ ਕਿ ਬਾਲੇ ਨਾਂਅ ਦੇ ਕਿਸੇ ਵਿਅਕਤੀ ਨੇ ਗੁਰੂ ਅੰਗਦ ਦੇਵ ਜੀ ਦੇ ਸਾਹਮਣੇ ਕੋਈ ਜਨਮ ਸਾਖੀ ਨਹੀਂ ਲਿਖਵਾਈ। ਭਾਈ ਗੁਰਦਾਸ ਤੋਂ ਇਲਾਵਾ 'ਸਾਖੀ ਮਹਲੁ ਪਹਿਲੇ ਕੀ' ਹੀ ਸੱਚੀ ਸਾਖੀ ਹੋ ਨਿਬੜਦੀ ਹੈ, ਜਿਸ 'ਤੇ ਵਿਸ਼ਵਾਸ ਤੇ ਭਰੋਸਾ ਕਰਨਾ ਬਣਦਾ ਹੈ, ਭਾਵੇਂ ਉਹ ਆਪਣੀ ਹੱਯਾਤੀ ਵਿੱਚ ਸਾਖੀ ਨੂੰ ਸੰਪੂਰਨ ਨਹੀਂ ਕਰ ਸਕਿਆ। ਸਭ ਤੋਂ ਵੱਡੀ ਤੇ ਪ੍ਰਮਾਣਿਕ ਗਵਾਹੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਹਨ, ਜਿੱਥੋਂ ਸਾਰੇ ਉਪਰੋਕਤ ਤੱਥਾਂ ਦਾ ਨਿਸਤਾਰਾ ਹੋ ਜਾਂਦਾ ਹੈ:-

"ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ...."

***ਸੰਪਰਕ : 98106-02915***

**(ਸਮਾਪਤ)**

# ਦੀਵਾਲੀ ਨੂੰ ਸਮਰਪਤ ਚੋਹਲਾ ਸਾਹਿਬ ਵਿਸ਼ੇਸ਼ ਸਪਲੀਮੈਂਟ

**ਧੰਨਵਾਦ**

ਰੋਸ਼ਨੀਆਂ ਦੇ ਸ਼ੁਭ ਮੌਕੇ 'ਤੇ ਚੋਹਲਾ ਸਾਹਿਬ ਵਿਸ਼ੇਸ਼ ਸਪਲੀਮੈਂਟ ਕੱਢਣ ਲਈ ਮੈਨੂੰ ਜਿਨ੍ਹਾਂ ਸਮੂਹ ਸੱਜਣਾਂ-ਮਿੱਤਰਾਂ ਨੇ ਆਪਣਾ ਭਰਪੂਰ ਸਹਿਯੋਗ ਦਿੱਤਾ ਹੈ, ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ।

ਰਮਨ ਚੱਢਾ ਪੱਤਰਕਾਰ
ਚੋਹਲਾ ਸਾਹਿਬ, ਮੋਬਾ. 98722-26721

## ਸੰਦੇਸ਼

ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਜਗਜੀਤ ਸਿੰਘ ਜੱਗੀ, ਪ੍ਰਧਾਨ ਯੂਥ ਅਕਾਲੀ ਦਲ, ਜ਼ਿਲ੍ਹਾ ਤਰਨ ਤਾਰਨ

## ਸੰਦੇਸ਼

ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਮਨਪ੍ਰੀਤ ਸਿੰਘ ਜੱਜ, ਕੈਨੇਡਾ

## ਸੰਦੇਸ਼

ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਬੋਨੀ, ਕੈਨੇਡਾ

## ਸੰਦੇਸ਼

ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਰਛਪਾਲ ਸਿੰਘ, ਬਿਜਲੀ ਬੋਰਡ ਸੀਨੀ. ਲਾਇਨਮੈਨ

## ਸੰਦੇਸ਼

ਅਦਾਰਾ 'ਨਵਾਂ ਜ਼ਮਾਨਾ' ਦੇ ਚੋਹਲਾ ਸਾਹਿਬ ਤੋਂ ਪੱਤਰਕਾਰ ਰਮਨ ਚੱਢਾ ਨੂੰ ਰੌਸ਼ਨੀਆਂ ਦੇ ਤਿਉਹਾਰ 'ਤੇ ਵਿਸ਼ੇਸ਼ ਸਪਲੀਮੈਂਟ ਕੱਢਣ 'ਤੇ ਸ਼ੁਭਇੱਛਾਵਾਂ ਭੇਟ ਕਰਦਾ ਹਾਂ। ਆਸ ਕਰਦਾ ਹਾਂ ਕਿ ਅਦਾਰਾ ਲੋਕਾਂ ਦੇ ਮਸਲੇ ਇਸੇ ਤਰ੍ਹਾਂ ਉਠਾਉਂਦਾ ਰਹੇਗਾ।

ਜਰਨੈਲ ਸਿੰਘ ਸੰਧੂ


ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਜੈ ਸਾਂਵਰੀਆ ਸੇਠ

## ਨਿਊ ਸ੍ਰੀ ਓਮ ਬੀਕਾਨੇਰ ਸਵੀਟ ਐਂਡ ਬੇਕਰੀ

ਇੱਥੇ ਵਿਆਹ ਸ਼ਾਦੀਆਂ 'ਤੇ ਮਿਠਾਈਆਂ ਦੇ ਆਰਡਰ ਬੁੱਕ ਕੀਤੇ ਜਾਂਦੇ ਹਨ। ਇੱਥੇ ਸ਼ੁੱਧ ਦੇਸੀ ਘਿਓ ਦੇ ਨਾਲ ਮਿਠਾਈਆਂ ਤਿਆਰ ਕੀਤੀਆਂ ਜਾਂਦੀਆਂ ਹਨ। ਜਨਮ ਦਿਨ ਮੌਕੇ ਕੇਕ ਆਰਡਰ 'ਤੇ ਤਿਆਰ ਕੀਤਾ ਜਾਂਦਾ ਹੈ।

ਓਮ ਪ੍ਰਕਾਸ਼

ਨੇੜੇ ਬੱਸ ਸਟੈਂਡ, ਬਾਬਾ ਸ਼ਾਹੂ ਸ਼ਾਹ ਦੇ ਨਜ਼ਦੀਕ ਮੇਨ ਬਾਜ਼ਾਰ ਚੋਹਲਾ ਸਾਹਿਬ

ਮੋਬਾ. 78787-51289, 70873-07762

## ਜ਼ਿਮੀਦਾਰਾ ਟਰੇਡਿੰਗ ਕੰਪਨੀ

ZIMIDARA GROUP

ਨੇੜੇ ਘੋੜੇ ਵਾਲਾ ਚੌਕ ਚੋਹਲਾ ਸਾਹਿਬ (ਤਰਨ ਤਾਰਨ)

ਆਪਣੇ ਏਰੀਏ ਦਾ ਸਭ ਤੋਂ ਵੱਡਾ ਸ਼ੋਅ ਰੂਮ ਖੁੱਲ੍ਹ ਗਿਆ ਹੈ, ਜਿਸ ਵਿੱਚ ਸੈਨੇਟਰੀ ਤੇ ਟਾਇਲਾਂ ਦਾ ਸਾਮਾਨ ਬਾਜ਼ਾਰ ਨਾਲੋਂ ਸਸਤੇ ਰੇਟ 'ਤੇ ਬਰੈਂਡਿਡ ਮਿਲੇਗਾ।

ਜੋਬਨਜੀਤ ਸੰਧੂ — ਆਲਮ ਸੰਧੂ

ਔਥੋਰਾਇਟਸ ਡੀਲਰ : Jaquar, Truflo by hindware, Kerovit

ਨੋਟ : ਇੱਥੇ ਪਲੰਬਰਾਂ ਦਾ ਵੀ ਖਾਸ ਪ੍ਰਬੰਧ ਹੈ

www.zimidaragroup.com, zimidaragroup@gmail.com

## J J ਹਵੇਲੀ

ਹਰੀਕੇ ਰੋਡ ਸਰਹਾਲੀ ਕਲਾਂ

ਇੱਥੇ ਵਿਆਹ ਸ਼ਾਦੀਆਂ, ਕਿੱਟੀ ਪਾਰਟੀ, ਚੰਗੇ ਪ੍ਰੋਗਰਾਮ ਬੁੱਕ ਕਰਵਾਉਣ ਲਈ ਦਰਸ਼ਨ ਦਿਓ

Veg and Non Veg

ਜਰਨੈਲ ਸਿੰਘ ਸੰਧੂ

ਜਾਰੀ ਕਰਤਾ : ਜ਼ਿਮੀਦਾਰਾ ਗਰੁੱਪ

## ਸੀ ਪੀ ਆਈ

(ਚੋਹਲਾ ਸਾਹਿਬ)

ਕਾਮਰੇਡ ਬਲਵਿੰਦਰ ਸਿੰਘ ਦਦੇਹਰ ਸਾਹਿਬ, ਬਲਾਕ ਪ੍ਰਧਾਨ — ਕਾਮਰੇਡ ਪਰਮਜੀਤ ਸਿੰਘ, ਸਹਾਇਕ ਮੀਤ ਸਕੱਤਰ (ਚੋਹਲਾ ਸਾਹਿਬ) — ਕਾਮਰੇਡ ਸੁਰਜੀਤ ਸਿੰਘ, ਕੁਲਚੇਵਾਲਾ — ਕਾਮਰੇਡ ਸੂਰਜ ਸਿੰਘ, ਗੋਲਗੱਪੇ ਵਾਲਾ — ਕਾਮਰੇਡ ਹਰਪਾਲ ਸਿੰਘ ਬਾਲਾ — ਸ਼ਿਵਦੀਪ ਮਰਹਾਣਾ — ਕਾਮਰੇਡ ਕੁਲਵੰਤ ਸਿੰਘ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

## ਭਗਤ ਦੀ ਹੱਟੀ

ਇੱਥੇ ਵਿਆਹ ਸ਼ਾਦੀਆਂ ਮੌਕੇ ਸ਼ੁੱਧ ਸੋਨੇ ਦੇ ਗਹਿਣੇ ਤਿਆਰ ਕਰਾਉਣ ਲਈ ਮਿਲੋ

ਰਮਨਧੀਰ — ਰਿਸ਼ਵਧੀਰ

ਮੇਨ ਬਜ਼ਾਰ ਚੋਹਲਾ ਸਾਹਿਬ, ਤਰਨ ਤਾਰਨ

## ਮਾਸਟਰ ਖੇਤੀ ਸਟੋਰ

ਇੱਥੇ ਹਰ ਕਿਸਮ ਦੀਆਂ ਖਾਦਾਂ ਤੇ ਬੀਜ ਲੈਣ ਲਈ ਦਰਸ਼ਨ ਦਿਓ

ਮਾ. ਦਲਬੀਰ ਸਿੰਘ ਚੰਬਾ — ਮਾ. ਗੁਰਨਾਮ ਸਿੰਘ ਧੁੰਨ

## ਨਿਊ ਕਿਸਾਨ ਖੇਤੀ ਸਟੋਰ

ਚੋਹਲਾ ਸਾਹਿਬ

ਇੱਥੇ ਹਰ ਪ੍ਰਕਾਰ ਦੀਆਂ ਖਾਦਾਂ, ਨਦੀਨਨਾਸ਼ਕ, ਕੀੜੇਮਾਰ ਦਵਾਈਆਂ ਅਤੇ ਹਰ ਤਰ੍ਹਾਂ ਦੇ ਬੀਜ ਖਰੀਦਣ ਲਈ ਮਿਲੋ

ਸਰਬਜੀਤ ਸਿੰਘ ਰਾਜਾ — ਬਲਵੰਤ ਸਿੰਘ ਕਰਮੂੰਵਾਲਾ

## ਸੰਧੂ ਟੈਂਟ ਹਾਊਸ ਅਤੇ ਸੰਧੂ ਖੇਤੀ ਸਟੋਰ ਚੋਹਲਾ ਸਾਹਿਬ

ਇੱਥੇ ਹਰ ਖੁਸ਼ੀ ਦੇ ਮੌਕੇ 'ਤੇ ਹਰ ਕਿਸਮ ਦਾ ਟੈਂਟ ਮਿਲਦਾ ਹੈ। ਕੌਫ਼ੀ ਮਸ਼ੀਨ, ਪੱਖੇ, ਜਨਰੇਟਰ ਕਿਰਾਏ 'ਤੇ ਮਿਲਦੇ ਹਨ।

ਲਖਮੀਰ ਸਿੰਘ ਸੰਧੂ (ਸੰਧੂ ਟੈਂਟ ਹਾਊਸ) — ਬਲਜੀਤ ਸਿੰਘ ਸੰਧੂ (ਸੰਧੂ ਖੇਤੀ ਸਟੋਰ)

ਖੇਤੀ ਸਟੋਰ : ਇੱਥੇ ਹਰ ਪ੍ਰਕਾਰ ਦੀਆਂ ਖਾਦਾਂ ਅਤੇ ਕੀੜੇਮਾਰ, ਨਦੀਨ ਨਾਸ਼ਕ ਅਤੇ ਹਰ ਕਿਸਮ ਦੇ ਬੀਜ ਖਰੀਦਣ ਲਈ ਦਰਸ਼ਨ ਦਿਓ

ਨਜ਼ਦੀਕ ਬੱਸ ਸਟੈਂਡ, ਚੋਹਲਾ ਸਾਹਿਬ (ਤਰਨ ਤਾਰਨ)

ਸਮਰੀਨ ਸੰਧੂ — ਸਰਨਿਤ ਤੁੜ — ਸਮਰਿਤ ਸੰਧੂ — ਮਨਤਾਜ ਸੰਧੂ — ਮਨਸੀਰ ਸੰਧੂ, ਸਰਗੁਨ ਤੁੜ

## ਢਿੱਲੋਂ ਇਲੈਕਟ੍ਰੀਕਲਜ਼

ਰੂੜੀਵਾਲਾ ਰੋਡ, ਚੋਹਲਾ ਸਾਹਿਬ

ਇੱਥੇ ਹਰ ਤਰ੍ਹਾਂ ਦਾ ਬਿਜਲੀ ਦਾ ਸਾਮਾਨ, ਸਟਾਟਰ, ਪੱਖੇ, ਪ੍ਰੈਸਾਂ ਅਤੇ ਵਾਈਰਿੰਗ ਦਾ ਸਾਮਾਨ ਬਾਜ਼ਾਰ ਨਾਲੋਂ ਵਧੀਆ ਤੇ ਸਸਤਾ ਖ਼੍ਰੀਦਣ ਲਈ ਦਰਸ਼ਨ ਦਿਓ।

ਸ਼ਰਨ ਸਿੰਘ ਢਿੱਲੋਂ — ਅਮਰਬੀਰ ਸਿੰਘ ਢਿੱਲੋਂ

ਸੁਖਬੀਰ ਸਿੰਘ ਬਾਦਲ, ਪ੍ਰਧਾਨ ਸ਼੍ਰੋਮਣੀ ਅਕਾਲੀ ਦਲ — ਬਿਕਰਮ ਸਿੰਘ ਮਜੀਠੀਆ, ਸਾਬਕਾ ਕੈਬਨਿਟ ਮੰਤਰੀ — ਸਰਬਜੀਤ ਸਿੰਘ ਝਿੰਜਰ, ਯੂਥ ਅਕਾਲੀ ਦਲ ਪ੍ਰਧਾਨ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਜਾਰੀ ਕਰਤਾ : ਯੂਥ ਅਕਾਲੀ ਦਲ ਹਲਕਾ ਖਡੂਰ ਸਾਹਿਬ

ਜਗਜੀਤ ਸਿੰਘ ਜੱਗੀ, ਪ੍ਰਧਾਨ ਯੂਥ ਅਕਾਲੀ ਦਲ, ਤਰਨ ਤਾਰਨ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਸਵ. ਬਖਸ਼ੀਸ਼ ਸਿੰਘ — ਜਰਨੈਲ ਸਿੰਘ — ਕੇਵਲ ਸਿੰਘ — ਜੋਬਨਜੀਤ ਸੰਧੂ — ਆਲਮ ਸੰਧੂ — ਰਿੰਪਾ — ਜੁਵਰਾਜ ਸਿੰਘ — ਧਰਮਵੀਰ ਮੈਨੇਜਰ — ਸ਼ੇਰਾ ਚੋਹਲਾ — ਮਲਕੀਤ ਸਿੰਘ

ਜਾਰੀ ਕਰਤਾ : ਜ਼ਿਮੀਦਾਰਾ ਗਰੁੱਪ

## ਸ਼ੋਮੇ ਸ਼ਾਹ ਦੀ ਪੁਰਾਣੀ ਤੇ ਮਸ਼ਹੂਰ ਹੱਟੀ

ਚੋਹਲਾ ਸਾਹਿਬ 'ਚ ਦੋ ਮੰਜ਼ਿਲਾ ਸ਼ੋ ਰੂਮ

ਇੱਥੇ ਵਿਆਹ-ਸ਼ਾਦੀਆਂ ਮੌਕੇ ਦਾਜ ਤੇ ਵਰੀ ਬਣਾਓ, ਇੱਥੇ ਰੇਡੀਮੇਡ ਪੈਂਟ-ਸ਼ਰਟ, ਕੋਟ ਪੈਂਟ, ਬੱਚਿਆਂ ਦੇ ਹਰ ਪ੍ਰਕਾਰ ਦੇ ਰੈਡੀਮੇਡ ਸੂਟ ਵੀ ਮਿਲਦੇ ਹਨ।

ਤਰਸੇਮ ਨਈਅਰ — ਸੁਰਿੰਦਰ ਨਈਅਰ — ਦਿਸ਼ਾਂਤ ਕੁੰਦਰਾ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਨਿੰਦੇ ਸ਼ਾਹ — ਵਿਨੈ ਨਈਅਰ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐਮ ਐਲ ਏ ਹਲਕਾ ਖਡੂਰ ਸਾਹਿਬ — ਰਾਕੇਸ਼ ਕੁਮਾਰ ਬਿੱਲਾ, ਸੀਨੀ. ਕਾਂਗਰਸੀ ਆਗੂ — ਨਵਦੀਪ ਸੋਨੂੰ, ਪੱਤਰਕਾਰ

## ਸੰਧੂ ਐਂਡ ਕੰਪਨੀ

ਦਾਣਾ ਮੰਡੀ ਚੋਹਲਾ ਸਾਹਿਬ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਸ. ਚੰਨਣ ਸਿੰਘ ਮੈਨੇਜਰ — ਯੁਗਰਾਜ ਸੰਧੂ ਕਰਮੂੰਵਾਲਾ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐਮ ਐਲ ਏ ਹਲਕਾ ਖਡੂਰ ਸਾਹਿਬ — ਖਜ਼ਾਨ ਸਿੰਘ ਚੰਬਾ ਕਲਾਂ, ਸੀਨੀਅਰ ਕਾਂਗਰਸੀ ਆਗੂ

ਗੁਰਨਾਮ ਸਿੰਘ, ਨੰਬਰਦਾਰ — ਕੁਲਵੰਤ ਸਿੰਘ, ਕਾਂਗਰਸੀ ਆਗੂ, ਚੰਬਾ ਕਲਾਂ — ਬਲਬੀਰ ਸਿੰਘ ਚੰਬਾਂ, ਸਾਬਕਾ ਮੈਂਬਰ ਪੰਚਾਇਤ — ਮਨੀ ਚੰਬਾ, ਸੈਕਟਰੀ ਕਿਸਾਨ ਕਾਂਗਰਸ ਸੈਲ, ਜ਼ਿਲ੍ਹਾ ਤਰਨ ਤਾਰਨ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐਮ ਐਲ ਏ ਹਲਕਾ ਖਡੂਰ ਸਾਹਿਬ — ਮਨਦੀਪ ਸਿੰਘ ਮਨੀ, ਸੀਨੀ. ਕਾਂਗਰਸੀ ਆਗੂ

## ਵਰਧਮਾਨ ਉਨ ਦਾ ਸ਼ੋਅ ਰੂਮ

ਜੱਸੇ ਦੀ ਹੱਟੀ, ਚੋਹਲਾ ਸਾਹਿਬ

ਇੱਥੇ ਵਰਧਮਾਨ ਉਨ, ਰੈਡੀਮੇਡ ਸੂਟ, ਸਕੂਲ ਦੀ ਯੂਨੀਫਾਰਮ ਆਦਿ ਖਰੀਦਣ ਲਈ ਮਿਲੋ।

ਜਸਬੀਰ ਸਿੰਘ — ਗੁਰਪ੍ਰੀਤ ਸਾਬੀ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼, ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਰਮਨਜੀਤ ਸਿੰਘ ਸਿੱਕੀ, ਸਾਬਕਾ ਐਮ ਐਲ ਏ ਹਲਕਾ ਖਡੂਰ ਸਾਹਿਬ — ਰਣਜੀਤ ਸਿੰਘ ਪੁਆਰ, ਪੀ ਏ ਰਮਨਜੀਤ ਸਿੰਘ ਸਿੱਕੀ — ਲਖਬੀਰ ਸਿੰਘ ਲੱਖਾ, ਸਾਬਕਾ ਸਰਪੰਚ — ਕੁਲਵੰਤ ਸਿੰਘ ਲਹਿਰ, ਸਾਬਕਾ ਪੰਚ

ਜਾਰੀ ਕਰਤਾ : ਰਮਨਜੀਤ ਸਿੰਘ ਸਿੱਕੀ, ਸਾਬਕਾ ਐਮ ਐਲ ਏ ਹਲਕਾ ਖਡੂਰ ਸਾਹਿਬ

## ਨਾਥੀ ਸ਼ਾਹ ਦੀ ਪੁਰਾਣੀ ਤੇ ਮਸ਼ਹੂਰ ਹੱਟੀ

ਇੱਥੇ ਵਿਆਹ ਸ਼ਾਦੀਆਂ, ਸ੍ਰੀ ਆਖੰਡ ਪਾਠ ਤੇ ਜਗਰਾਤੇ ਮੌਕੇ ਥੋਕ ਦੇ ਰੇਟਾਂ 'ਤੇ ਹਰ ਤਰ੍ਹਾਂ ਦਾ ਕਰਿਆਨੇ ਦਾ ਸਾਮਾਨ ਖਰੀਦਣ ਲਈ ਦਰਸ਼ਨ ਦਿਓ।

ਪ੍ਰਵੀਨ ਕੁਮਾਰ ਕੁੰਦਰਾ, ਸਾਬਕਾ ਪੰਚ — ਸੁਰਿੰਦਰ ਕੁੰਦਰਾ

ਮੇਨ ਬਾਜ਼ਾਰ ਚੋਹਲਾ ਸਾਹਿਬ

## ਜੇ ਐੱਸ ਕੰਪਿਊਟਰਸ ਅਤੇ ਸੀ ਸੀ ਟੀ ਵੀ

ਇੱਥੇ ਕੰਪਿਊਟਰ, ਪ੍ਰਿੰਟਰ ਅਤੇ ਸੀ ਸੀ ਟੀ ਵੀ, ਨਵੇਂ ਖਰੀਦੋ ਅਤੇ ਪੁਰਾਣਿਆਂ ਦੀ ਮੁਰੰਮਤ ਕਰਾਓ

ਨੇੜੇ ਸਹਿਕਾਰੀ ਬੈਂਕ, ਮਾਨ ਪੀ ਸੀ ਓ ਵਾਲੀ ਗਲੀ

ਮੋਬਾ. 90415-90455

## ਜੀ ਐੱਮ ਮੋਬਾਇਲ ਹੱਬ

ਇੱਥੇ ਫੋਨ ਦੇ ਆਈ ਕਲਾਊਡ ਲੌਕ ਖੋਲ੍ਹੇ ਜਾਂਦੇ ਹਨ ਅਤੇ ਫੋਨ ਦੀ 16 ਜੀ ਪੀ ਮੈਮਰੀ ਨੂੰ 128 ਜੀ ਬੀ ਤੱਕ ਵਧਾਇਆ ਜਾਂਦਾ ਹੈ।

ਹਰ ਤਰ੍ਹਾਂ ਦੀ ਮੋਬਾਇਲ ਅਸੈਸਰੀ ਬਜ਼ਾਰ ਨਾਲੋਂ ਸਸਤੀ ਤੇ ਵਧੀਆ ਖਰੀਦਣ ਲਈ ਦਰਸ਼ਨ ਦਿਓ।

ਮੁਹੱਬਤ ਸਿੰਘ

ਮੋਬਾ. 99158-75389

ਨੇੜੇ ਬੱਸ ਸਟੈਂਡ ਚੋਹਲਾ ਸਾਹਿਬ

## ਐੱਮ ਐੱਸ ਐੱਮ ਕਾਨਵੈਂਟ ਸਕੂਲ

MSM

CBSE ਮਾਨਤਾ ਪ੍ਰਾਪਤ

ਧੁੰਨ ਰੋਡ, ਚੋਹਲਾ ਸਾਹਿਬ

ਦਾਖਲਾ ਸ਼ੁਰੂ ਨਰਸਰੀ ਤੋਂ 10+2 ਤੱਕ

ਖੁੱਲ੍ਹੀ ਤੇ ਵਿਸ਼ਾਲ ਹਵਾਦਾਰ ਸੁੰਦਰ ਬਿਲਡਿੰਗ, ਪਿੰਡ-ਪਿੰਡ 'ਚੋਂ ਬੱਚਿਆਂ ਨੂੰ ਸਕੂਲ ਲਿਆਉਣ ਲਈ ਸਕੂਲ ਦੀਆਂ ਨਵੀਆਂ ਬੱਸਾਂ

ਡਾਕਟਰ ਉਪਕਾਰ ਸਿੰਘ ਸੰਧੂ, ਚੇਅਰੈਨ 98156-41238

ਮੋਬਾ. 84371-10009

ਪੜ੍ਹਿਆ-ਲਿਖਿਆ ਤਜਰਬੇਕਾਰ ਸਟਾਫ਼

## ਢਿੱਲੋਂ ਬ੍ਰਦਰਜ਼ ਖੇਤੀ ਸਟੋਰ

ਰੱਤੋਕੇ ਰੋਡ, ਚੋਹਲਾ ਸਾਹਿਬ

ਸਵ. ਬਲਕਾਰ ਸਿੰਘ

ਸਾਡੇ ਕੋਲੋਂ ਤਸੱਲੀਬਖ਼ਸ਼ ਕੀਟਨਾਸ਼ਕ ਦਵਾਈਆਂ ਤੇ ਹਰ ਤਰ੍ਹਾਂ ਦੀਆਂ ਖਾਦਾਂ, ਸਪਰੇਅ ਪੰਪ ਖੇਤੀ ਨਾਲ ਸੰਬੰਧਤ ਸਾਰੇ ਸੁਧਰੇ ਹੋਏ ਬੀਜ਼ ਖਰੀਦਣ ਲਈ ਦਰਸ਼ਨ ਦਿਓ।

## ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ (P.S.E.B.)

- ਇਲਾਕੇ ਦੀ ਨਾਮਵਰ ਇਸਟੀਚਿਊਟ ਵਿੱਖ ਦਾਖਲਾ ਸ਼ੁਰੂ ਨਰਸਰੀ ਤੋਂ +2 ਅਤੇ (ਐਨ ਟੀ ਟੀ)
- ਐਸ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ (ਸੀ ਬੀ ਐਸ ਈ)
- ਐਸ ਹਰਬੰਸ ਸਿੰਘ ਇੰਟਰਨੈਸ਼ਨਲ ਗਰੁੱਪ ਆਫ਼ ਕਾਲਜਿਜ਼ (ਐਨ ਟੀ ਟੀ)

SHIPS LONDON KIDS PLAY PEN SCHOOL

- Loving and Caring Environment
- Dedicated Teachers and Staff
- Individual Education Plans
- Smart Class Room
- Creative Corner
- Big Outdoor Play area

Adimission Open

Transport Facility Available

School Time : 10-00 am to 12-00 p.m.

ਪਿੰਡ ਰਾਣੀਵਲਾਹ, ਚੋਹਲਾ ਸਾਹਿਬ ਤਰਨ ਤਾਰਨ

ਮੋਬਾ. 98148-64435, 98153-29881, 98148-64437

Chambeala recordes ਤੋਂ single track Uno Talk Release ਕੀਤਾ ਗਿਆ ਗਾਇਕ Amrit Sandhu ਦੀ ਆਵਾਜ਼ ਵਿੱਚ ਗੀਤਕਾਰ Prabh Chamba

Contact For Music. 98762-19289

## ਸੁਮੀਤਾ ਫਿਜ਼ੀਓਥਰੈਪੀ ਕਲੀਨਿਕ

M: 73475-46501
M: 78888-68579

ਡਾ. ਸੁਮੀਤਾ ਮੰਡ

Senior Physiotherapist (BPT)
Ex. Fortis Escort (Asr.)
Ex. (HOD) Guru Nanak Dev Superspeciality Hospital, T.T.

Treatments:-
- Back Pain
- Cervical Pain
- Cerebral Palsy
- Spinal Cord Injury
- Knee Pain
- Pre & Post Operative Problem
- Shoulder Pain
- ACL, PCL, MCL, Sports Injuries
- Facial Palsy
- Geriatric & Pediatric Problem
- Gait Training
- Fitness & Weight Management
- Neurological Disorders

ਹੇਠ ਲਿਖੀਆਂ ਦਾ ਇਲਾਜ
- ਕਮਰ ਦਰਦ
- ਗਰਦਨ ਦਰਦ
- ਸੈਰੀਬਰਲ ਪਾਲਸੀ
- ਰੀੜ ਦੀ ਹੱਡੀ ਦਾ ਇਲਾਜ
- ਗੋਡਿਆਂ ਦਾ ਦਰਦ
- ਪ੍ਰੀ ਅਤੇ ਪੋਸਟ ਆਪਰੇਟਿਵ ਫਿਜ਼ੀਓਥੈਰੇਪੀ
- ਮੋਢਿਆਂ ਦਾ ਦਰਦ
- ਏ.ਸੀ.ਐਲ. ਅਤੇ ਸਪੋਰਟ ਸੱਟਾਂ
- ਚਿਹਰੇ ਦਾ ਅਧਰੰਗ
- ਬੱਚਿਆਂ ਅਤੇ ਬਜ਼ੁਰਗਾਂ ਲਈ ਥੈਰੇਪੀ
- ਗੇਟ ਸਿਖਲਾਈ
- ਤੰਦਰੁਸਤ ਅਤੇ ਵਜ਼ਨ ਸਬੰਧਤ
- ਦਿਮਾਗ ਦੇ ਰੋਗ

ਸਮਾਂ ਸਵੇਰੇ: 9:00 ਤੋਂ ਸ਼ਾਮ 6:0 ਵਜੇ ਤੱਕ

ਜੰਡਿਆਲਾ ਬਾਈਪਾਸ ਚੌਕ, ਸਾਹਮਣੇ ਰੰਧਾਵਾ ਹਾਂਡਾ ਇੰਜਸੀ, ਤਰਨ ਤਾਰਨ

## ਸ਼ਹੀਦ ਕਰਨੈਲ ਸਿੰਘ ਗੈਸ ਏਜੰਸੀ

ਗੋਇੰਦਵਾਲ ਰੋਡ ਚੋਹਲਾ ਸਾਹਿਬ

ਇੱਥੇ ਨਵੇਂ ਗੈਸ ਕੁਨੈਕਸ਼ਨ ਦਿੱਤੇ ਜਾਂਦੇ ਹਨ

ਹੋਮ ਡਲਿਵਰੀ ਵੀ ਕੀਤੀ ਜਾਂਦੀ ਹੈ।

ਸ਼ਹੀਦ ਕਰਨੈਲ ਸਿੰਘ ਨਾਇਬ ਸੂਬੇਦਾਰ ਵੀਰ ਚੱਕਰ — ਬੀਬੀ ਰਣਜੀਤ ਕੌਰ

ਫੋਨ : 01859-248439

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

ਗੁਰਮੀਤ ਕੁਮਾਰ ਕਾਕੇ ਸ਼ਾਹ, ਫਾਈਨਾਂਸਰ

ਘਰ ਦੀ ਰੌਣਕ

ਉਦੇਬੀਰ ਤਰਨ ਤਾਰਨ

ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਦੀਆਂ ਦੇਸ਼ ਵਿਦੇਸ਼ ਅਤੇ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈਆਂ

## ਰਾਣਾ ਕਮਿਸ਼ਨ ਏਜੰਟ

ਚੋਹਲਾ ਸਾਹਿਬ

ਸ. ਰਣਜੀਤ ਸਿੰਘ ਰਾਣਾ ਆੜ੍ਹਤੀਆ — ਸਵ. ਸੂਬੇਦਾਰ ਹਰਬੰਸ ਸਿੰਘ ਚੋਹਲਾ ਸਾਹਿਬ

## ਪੰਜਾਬ ਇਲੈਕਟ੍ਰੋਨਿਕਸ

ਇੱਥੇ ਐਲ ਈ ਡੀ, ਕੂਲਰ, ਫਰਿੱਜਾਂ, ਗੀਜਰ, ਡਬਲ ਬੈਡ, ਅਲਮਾਰੀਆਂ, ਗੱਦੇ, ਕੁਰਸੀਆਂ, ਫਰਨੀਚਰ, ਬੈਟਰੇ ਅਤੇ ਹਰ ਪ੍ਰਕਾਰ ਦਾ ਇਲੈਕਟ੍ਰੋਨਿਕਸ ਦਾ ਸਮਾਨ ਖਰੀਦੋ

ਪੰਜਾਬ ਇਲੈਕਟ੍ਰੋਨਿਕਸ (ਪੰਜਾਬ ਮੋਟਰਜ਼)

ਰੂੜੀਵਾਲਾ ਬਜ਼ਾਰ, ਚੋਹਲਾ ਸਾਹਿਬ (ਤਰਨ ਤਾਰਨ)

ਜਥੇ. ਦਸੰਦਾ ਸਿੰਘ — ਮਨਜਿੰਦਰ ਸਿੰਘ ਲਾਟੀ, ਪ੍ਰਧਾਨ ਬੀ ਸੀ ਵਿੰਗ ਅਕਾਲੀ ਦਲ


## ਚੋਹਲਾ ਸਾਹਿਬ ਦੀ ਸ਼ਾਨ

ਸਮੂਹ ਨਗਰ ਨਿਵਾਸੀ ਅਤੇ ਸਮੂਹ ਬਜ਼ਾਰ ਦੇ ਸਹਿਯੋਗ ਨਾਲ ਇਤਿਹਾਸਕ ਕਸਬਾ ਚੋਹਲਾ ਸਾਹਿਬ ਵਿੱਚ 40 ਤੋਂ 50 ਠੰਢੇ ਜਲ ਦੀਆਂ ਕੈਂਡੀਆਂ ਲਵਾਈਆਂ ਗਈਆਂ। ਆਸ-ਪਾਸ ਦੇ ਚੌਂਕਾਂ ਵਿੱਚ ਸੜਕੀ ਹਾਦਸਿਆਂ ਨੂੰ ਰੋਕਣ ਲਈ ਸ਼ੀਸ਼ੇ ਲਵਾਏ। ਸ਼ਮਸ਼ਾਨਘਾਟ, ਬੱਸ ਸਟੈਂਡ ਅਤੇ ਪਾਰਕਾਂ ਵਿੱਚ ਬੈਠਣ ਲਈ ਸੀਮੈਂਟ ਦੀਆਂ ਕੁਰਸੀਆਂ ਲਗਵਾਈਆਂ। ਪਾਰਕਾਂ ਵਿੱਚ ਨਵੇਂ ਸਜਾਵਟੀ ਅਤੇ ਫਲਦਾਰ ਬੂਟੇ ਲਾ ਕੇ ਪਾਰਕਾਂ ਦਾ ਸੁੰਦਰੀਕਰਨ ਕੀਤਾ। ਸਬਮਰਸੀਬਲ ਪੰਪ ਵੀ ਲਗਵਾਇਆ। ਚਾਰ ਹਾੜ ਵਾਲੇ ਦਿਨ ਸਾਰਾ ਦਿਨ ਗੁਰੂ ਕਾ ਲੰਗਰ ਪੂੜੀ ਛੋਲੇ, ਪਨੀਰ ਵਰਤਾਇਆ ਜਾਂਦਾ ਅਤੇ ਬਨਾਨਾ ਸ਼ੇਕ, ਮੈਂਗੋ ਸ਼ੇਕ, ਜੂਸ, ਚੂਰੀ ਦਾ ਪ੍ਰਸ਼ਾਦ ਵਰਤਾਇਆ ਜਾਂਦਾ ਹੈ।

ਚਾਰ ਹਾੜ੍ਹ ਸੇਵਾ ਸੁਸਾਇਟੀ